
ਨਦੀਮ ਪਰਮਾਰ

ਸਪੰਸਰੀਸ਼ਪ



ਸਪੌਂਸਰਸ਼ਿਪ

Sponsorship

NOVEL by

Nadeem Parmar ©
5515, Woodsworth Street
Burnaby-BC -V5G 4M3
Canada.
Ph. 604-298-2920

Published by :
Chetna Parkashan
Punjabi Bhawan, Ludhiana Ph. 0161-2413613, 2404928
Sub Off. : Qila Road, Opp. Bus Stand, Kotkapura. Ph. : 01635-222651
Website : www.chetnaparkashan.com
E-mail : chetnaparkashan@sify.com, chetnaparkashan@gmail.com

ISBN 978-81-7883-545-7

ਪਹਿਲੀ ਵਾਰ : 2009

ਪ੍ਰਕਾਸ਼ਕ : **ਚੇਤਨਾ ਪ੍ਰਕਾਸ਼ਨ**
ਪੰਜਾਬੀ ਭਵਨ, ਲੁਧਿਆਣਾ।(ਫ਼ੋਨ 2413613, 2404928)

ਛਾਪਕ : ਆਰ. ਕੇ. ਆਫ਼ਸੈੱਟ, ਦਿੱਲੀ।

ਮੁੱਲ : **160 ਰੁਪਏ $ 10**

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any from of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise). without the prior written permission of both the copyright owner and the publisher of this book.

ਸਮਰਪਣ

ਆਪਣੇ ਉਨ੍ਹਾਂ ਮੋਢੀ
ਬਜ਼ੁਰਗਾਂ ਦੇ ਨਾਂ
ਜਿੰਨ੍ਹਾਂ ਨੰਗੇ ਪੈਰੀ
ਸਾਡੇ ਲੰਘਣ ਦੇ ਰਾਹ
ਪੱਧਰੇ ਕੀਤੇ

"ਜਿਹੜੇ ਲੋਕਾਂ ਵਿਚ ਇੱਛਿਆਵਾਂ ਪਰਬਲ ਹੁੰਦੀਆਂ ਹਨ ਅਤੇ ਜਨਮ-ਕਰਮ ਨੂੰ ਸਵਰਗ ਪ੍ਰਾਪਤੀ ਦਾ ਕੇਵਲ ਲਕਸ਼ ਮੰਨਦੇ ਹਨ; ਜਿਨ੍ਹਾਂ ਦੇ ਸ਼ਬਦ ਸਿਰਫ਼ ਰੀਤੀਆਂ ਨਾਲ ਹੀ ਭਰਪੂਰ ਹਨ ਅਤੇ ਮਾਇਆ-ਭੋਗ ਤੇ ਖ਼ੁਸ਼ੀਆਂ ਹਾਸਿਲ ਕਰਨ ਲਈ ਖ਼ਾਸ ਮੰਤਰਾਂ ਵਿਚ ਗਰਸਤ ਹਨ, ਉਹ ਲੋਕ ਬੁੱਧੀ-ਹੀਣ ਹਨ।"

ਸ਼੍ਰੀਮਦ ਭਗਵਦ ਗੀਤਾ, ਸ਼ਲੋਕਾਰਥ : ਸ਼ਲੋਕ 2.43

1

ਅੱਜ ਵੀ ਸੁੱਖੀ, ਨਿਸ ਦਿਨ ਵਾਂਗ ਮੂੰਹ ਹਨੇਰੇ ਉੱਠੀ। ਵਾਸ਼ਰੂਮ ਗਈ। ਸ਼ੀਸ਼ੇ ਵਿਚ ਨੀਂਦ ਨਾਲ ਭਰੀਆਂ ਮੋਟੀਆਂ ਮੋਟੀਆਂ ਕਾਲੀਆਂ ਅੱਖਾਂ ਨੂੰ ਅੱਡ ਕੇ ਦੇਖਿਆ। ਬੁੱਲ੍ਹ ਉਟੇਰੇ। ਦੰਦ ਸਾਫ਼ ਕੀਤੇ। ਮੂੰਹ ਹੱਥ ਧੋਤਾ।

ਕਮਰੇ ਵਿਚ ਆਈ। ਨਾਈਟੀ ਉਤਾਰੀ। ਡਰੈਸਰ ਦੇ ਸ਼ੀਸ਼ੇ ਅੱਗੇ ਖੜ੍ਹ ਕੇ ਅੰਗੀ ਪਾਈ ਤੇ ਕੰਮ 'ਤ ਜਾਣ ਵਾਲੇ ਕੱਪੜੇ ਪਾਏ। ਵਾਲ ਸੁੰਵਾਰੇ। ਹਲਕਾ ਜਿਹਾ ਮੇਕਅੱਪ ਕੀਤਾ।

ਕਿਚਨ ਵਿਚ ਆਈ। ਆਪਣੇ ਤੇ ਆਪਣੇ ਪਤੀ ਦੇ ਦੁਪਹਿਰ ਨੂੰ ਖਾਣ ਲਈ ਫਰਿਜ ਵਿੱਚੋਂ ਰਾਤ ਦੀ ਬਣਾਈ ਸਬਜ਼ੀ ਕੱਢ ਕੇ, ਮਾਈਕਰੋਵੇਵ ਵਿਚ ਗਰਮ ਕਰਨ ਲਈ ਰੱਖੀ। ਰਾਤ ਦੇ ਗੁੰਨ੍ਹੇ ਆਟੇ ਦੀਆਂ ਫਟਾ-ਫਟ ਚਾਰ ਰੋਟੀਆਂ ਬਣਾਈਆਂ। ਦੋ ਆਪਣੇ ਲੰਚਕਿਟ ਲਈ ਤੇ ਦੋ ਆਪਣੇ ਪਤੀ ਦੇ ਖਾਣ ਲਈ ਥਰਮੋਸ-ਟਿਫ਼ਨ ਵਿਚ, ਸਬਜ਼ੀ ਸਮੇਤ ਰੱਖ ਦਿੱਤੀਆਂ।

ਨਾਸ਼ਤੇ ਲਈ ਟੋਸਟ ਰੱਖੇ ਤਾਂ ਨਾਲ ਹੀ ਚਾਹ ਧਰ ਦਿੱਤੀ। ਟੋਸਟ ਬਣੇ ਤਾਂ ਮੱਖਣ ਲਾ ਕੇ ਟਰੇਅ ਵਿਚ ਰੱਖ ਦਿੱਤੇ। ਚਾਹ ਬਣਾਈ ਤਾਂ ਦੋ ਕੱਪਾਂ ਵਿਚ ਪਾਈ ਤੇ ਬਚਦੀ ਚਾਹ ਵੱਡੀ ਥਰਮੋਸ ਵਿਚ ਪਾ ਕੇ ਟਿਫਨ ਕੋਲ ਰੱਖ ਲਈ। ਟਰੇਅ ਚੁੱਕੀ ਤੇ ਬੇਸਮੈਂਟ ਦੀਆਂ ਪੌੜੀਆਂ ਉਤਰ ਗਈ ਜਿੱਥੇ ਉਸਦਾ ਅਪਾਹਜ ਪਤੀ ਸੁੱਖਾ, ਜਾਗਦਾ ਸੀ। ਬੇਸਮੈਂਟ ਜ਼ਮੀਨ ਦੇ ਧਰਾਤਲ 'ਤੇ ਹੀ ਸੀ। ਘਰ ਦੀ ਡਿਉੜ੍ਹੀ 'ਤੇ ਸੁੱਖੇ ਵਾਲੇ ਕਮਰੇ ਦਾ ਦਰਵਾਜ਼ਾ ਕੱਢਿਆ ਹੋਇਆ ਸੀ ਤਾਂ ਜੋ ਸੁੱਖੇ ਨੂੰ ਵੀਲ੍ਹ-ਚਿਅਰ ਵਿਚ ਬਾਹਰ ਆਉਣ ਜਾਣ ਤੇ ਕਿਸੇ ਦਾ ਦਰ ਖੜਕਾਉਣ 'ਤੇ ਬਾਹਰਲਾ ਦਰਵਾਜ਼ਾ ਖੋਲ੍ਹਣ ਦੀ ਸੌਖ ਰਹੇ।

ਇਹ ਵੀ ਇਕ ਇਤਫਾਕ ਸੀ ਕਿ ਦੋਹਾਂ ਪਤੀ ਪਤਨੀ ਦੇ ਅਸਲੀ ਨਾਂ ਇੱਕੋ ਹੀ ਸਨ। ਸੁਖਵਿੰਦਰਪਾਲ। ਫ਼ਰਕ ਸੀ ਤਾਂ ਸਿਰਫ਼ ਸਿੰਘ ਤੇ ਕੌਰ ਦਾ। ਪਤੀ ਸੁਖਵਿੰਦਰਪਾਲ ਸਿੰਘ ਤੇ ਪਤਨੀ ਸੁਖਵਿੰਦਰਪਾਲ ਕੌਰ ਲਿਖਦੀ ਸੀ। ਪਰ ਆਮ ਬੋਲ ਚਾਲ ਵਿਚ ਲੋਕ ਪਤੀ ਨੂੰ ਸੁੱਖਾ ਤੇ ਪਤਨੀ ਨੂੰ ਸੁੱਖੀ ਹੀ ਕਹਿ ਕੇ ਬੁਲਾਉਂਦੇ ਸਨ ਕਿਉਂਕਿ ਸੁਖਵਿੰਦਰ ਦੇ ਪੇਕਿਆਂ ਦਾ ਉਪਨਾਮ ਸੁੱਖੀ ਸੀ ਤੇ ਉਹ ਇਸ ਨਾਂ ਨਾਲ ਬੁਲਾਏ ਜਾਣ ਨੂੰ ਤਰਜੀਹ ਦਿੰਦੀ ਸੀ। ਸ਼ਾਇਦ ਇਹ ਨਾਂ ਉਸਦੀ ਸਿਮਰਤੀ ਵਿਚ, ਜਦੋਂ ਦੀ ਉਸਨੇ ਸੁਰਤ ਸੰਭਾਲੀ ਸੀ, ਘਰ ਕਰ ਚੁਕਿਆ ਸੀ ਜਾਂ ਉਸਨੂੰ ਇਸ ਨਾਂ ਤੋਂ ਬਿਨਾਂ ਕੋਈ ਹੋਰ ਨਾਂ ਪਸੰਦ ਹੀ ਨਹੀਂ ਸੀ। ਉਹ ਕੰਮ 'ਤੇ ਵੀ ਸਾਥੀ ਕਾਮਿਆਂ ਨੂੰ ਸੁੱਖੀ ਕਹਿ ਕੇ ਬੁਲਾਉਣ ਨੂੰ ਕਹਿੰਦੀ। ਜੇ ਕੋਈ

ਉਸ ਨੂੰ ਸੁੱਖ, ਸੁੱਖੋ, ਸੋਖੋ ਜਾਂ ਕੋਈ ਹੋਰ ਨਾਂ ਲੈ ਕੇ ਬੁਲਾਉਂਦਾ ਤਾਂ ਉਹ ਹੁੰਗਾਰਾ ਨਾ ਦਿੰਦੀ। ਇਵੇਂ ਹੀ ਸੁੱਖੇ ਦਾ ਸੀ।

ਉਸਨੇ ਟਰੇਅ ਕੌਫ਼ੀ ਟੇਬਲ 'ਤੇ ਰੱਖੀ ਤੇ ਸੁੱਖੇ ਦੇ ਮੰਜੇ ਕੋਲ ਗਈ ਤੇ ਮਸ਼ੀਨੀ ਮੰਜੇ ਦਾ ਸਿਰ ਉੱਚਾ ਕਰਨ ਲਈ ਬਟਨ ਦਬਾਇਆ। ਸਿਰ ਉੱਚਾ ਹੋਇਆ ਤਾਂ ਮੰਜੇ 'ਤੇ ਖਾਣ ਲਈ ਬੈਡ-ਟੇਬਲ ਲਾਇਆ। ਫਿਰ ਟਰੇਅ ਵਿੱਚੋਂ ਕੌਫ਼ੀ ਟੇਬਲ 'ਤੇ ਆਪਣਾ ਨਾਸ਼ਤਾ ਕੱਢ ਕੇ ਰੱਖਿਆ। ਟਰੇਅ ਚੁੱਕੀ ਤੇ ਬਾਕੀ ਦਾ ਨਾਸ਼ਤਾ ਸੁੱਖੇ ਅੱਗੇ ਰੱਖ ਕੇ, "ਲੈ ਸੁੱਖੇ ਖਾ।" ਕਿਹਾ ਤੇ ਆਪ ਜਾ ਕੇ ਸੋਫੇ 'ਤੇ ਬੈਠ ਗਈ। ਕੌਫੀ ਟੇਬਲ ਨੂੰ ਘੜੀਸ ਕੇ ਆਪਣੇ ਨੇੜੇ ਕੀਤਾ। ਰਮੋਟ ਕੰਟਰੋਲ ਲਿਆ, ਪਾਵਰ ਬਟਨ ਦਬਾ ਕੇ ਟੀ.ਵੀ. ਔਨ ਕੀਤਾ। ਸਥਾਨਿਕ ਖ਼ਬਰਾਂ ਆ ਰਹੀਆਂ ਸਨ। ਖ਼ਬਰਾਂ ਵਿਚ ਉਸਦੀ ਕੋਈ ਰੁਚੀ ਨਹੀਂ ਸੀ। ਉਹ ਤਾਂ ਸਿਰਫ਼ ਅੱਜ ਦੇ ਮੌਸਮ ਦਾ ਹਾਲ ਦੇਖਣਾ ਚਾਹੁੰਦੀ ਸੀ। ਕਿਉਂਕਿ ਪਿਛਲੇ ਕਈ ਦਿਨਾਂ ਤੋਂ ਠੰਡ ਵੱਧ ਗਈ ਸੀ। ਬਾਹਰ ਬੱਦਲ ਛਾਏ ਹੋਏ ਸਨ ਤੇ ਬਰਫ਼ ਪੈਣ ਦੀ ਸੰਭਾਵਨਾ ਬਣੀ ਹੋਈ ਸੀ।

ਜਦੋਂ ਮੌਸਮ-ਵਿਗਿਆਨੀ ਨੇ ਇਹ ਦੱਸਿਆ ਕਿ ਅੱਜ ਬਰਫ਼ ਪੈਣ ਦੀ ਕੋਈ ਸੰਭਾਵਨਾ ਨਹੀਂ ਜਾਂ ਘੱਟ ਹੈ ਤਾਂ ਉਸਨੇ ਫਟਾ-ਫਟ ਆਪਣਾ ਨਾਸ਼ਤਾ ਖਾਧਾ। ਚਾਹ, ਫੂਕਾਂ ਨਾਲ ਸੁੜਕੇ ਮਾਰ ਮਾਰ ਕੇ ਪੀਤੀ। ਆਪਣੇ ਬਰਤਨ ਚੁੱਕੇ ਤੇ ਭੱਜ ਕੇ ਪੌੜੀਆਂ ਚੜ੍ਹ ਗਈ। ਫਟਾ-ਫਟ ਡਿਸ਼-ਵਾਸ਼ਰ ਵਿਚ ਭਾਂਡੇ ਟਿਕਾਏ, ਆਪਣੀ ਲੰਚ-ਕਿੱਟ ਤੇ ਸੁੱਖੇ ਦਾ ਟਿਫਨ ਤੇ ਥਰਮੋਸ ਲਈ ਤੇ ਥੱਲੇ ਉਤਰ ਆਈ। ਲੰਚ-ਕਿੱਟ ਪੌੜੀਆਂ ਵਿਚ ਰੱਖੀ। ਸੁੱਖੇ ਦਾ ਟਿਫਨ ਤੇ ਥਰਮੋਸ ਕੌਫੀ ਟੇਬਲ 'ਤੇ ਟਿਕਾ ਦਿੱਤੇ। ਫਿਰ ਸੁੱਖੇ ਦਾ ਬੈਡ-ਟੇਬਲ ਟਰੇਅ ਸਮੇਤ ਚੁੱਕਿਆ ਤੇ ਫਰਸ਼ 'ਤੇ ਰੱਖ ਦਿੱਤਾ।

ਡਿਉੜ੍ਹੀ ਵਿਚ ਗਈ, ਕੋਟ ਕਲੌਜ਼ਿਟ ਖੋਲ੍ਹੀ, ਆਪਣਾ ਪਰਕਾ ਕੱਢਿਆ। ਪਾਇਆ। ਸਿਰ 'ਤੇ ਗਰਮ ਟੋਪੀ ਪਾਈ। ਗਲ਼ ਦੁਆਲੇ ਗਰਮ ਮਫ਼ਲਰ ਲਪੇਟਿਆ। ਪਰਕੇ ਦੀ ਜੇਬ 'ਚੋਂ ਦਸਤਾਨੇ ਕੱਢ ਕੇ ਲੰਚ-ਕਿੱਟ ਕੋਲ ਰੱਖ ਦਿੱਤੇ। ਸ਼ੂ-ਰੈਕ ਤੋਂ ਕੰਮ ਵਾਲੇ ਬੂਟ ਚੁੱਕੇ ਤੇ ਪੌੜੀਆਂ 'ਚ ਬੈਠ ਕੇ ਪਾਏ। ਪਰਸ ਵਿੱਚੋਂ ਲਿਪਸਟਿੱਕ ਕੱਢੀ, ਢੱਕਣ ਉਤਾਰਿਆ, ਯਾਂਤਰਿਕ ਘੁਮਾ ਕੇ ਲਿਪਸਟਿੱਕ ਦਾ ਸਿਰਾ ਉੱਚਾ ਕੀਤੀ ਤੇ ਕਲੌਜ਼ਿਟ ਦੇ ਸ਼ੀਸ਼ੇ ਅੱਗੇ ਖਲੋਅ ਕੇ ਬੁੱਲ੍ਹਾਂ ਉੱਤੇ ਲਾਈ। ਫਿਰ ਉਸਨੂੰ ਇਕ ਸਾਰ ਕਰਨ ਲਈ, 'ਪਟੱਕ' ਦੀ ਆਵਾਜ਼ ਨਾਲ ਆਪਣੇ ਹੀ ਬੁੱਲ੍ਹਾਂ ਦਾ ਚੁੰਮਣ ਲਿਆ। ਲਿਪਸਟਿੱਕ ਪਰਸ ਵਿਚ ਰੱਖੀ ਤੇ ਸ਼ੀਸ਼ੇ ਵਿਚ, ਪਹਿਲਾਂ ਖੱਬੇ ਤੇ ਫਿਰ ਸੱਜੇ ਪਾਸੇ ਨੂੰ ਪੋਜ਼ ਬਣਾ ਕੇ ਆਪਣੇ ਪੁੜੇ ਦੇਖੇ ਤੇ ਹੱਥ ਫੇਰ ਕੇ ਕੋਟ ਦੇ ਵੱਲ ਠੀਕ ਕੀਤੇ।

ਐਨੇ ਨੂੰ ਸੁੱਖੇ ਨੇ ਲੱਤਾਂ ਤੋਂ ਰਜਾਈ ਲਾਹੀ, ਮੰਜੇ ਦੇ ਦੂਜੇ ਪਾਸੇ, ਜਿੱਥੇ ਵੀਲ-ਚੇਅਰ ਰੱਖੀ ਹੋਈ ਸੀ, ਹੱਥਾਂ ਨਾਲ ਵਾਰੀ ਵਾਰੀ, ਪਹਿਲਾਂ ਖੱਬੀ ਫਿਰ ਸੱਜੀ ਲੱਤ ਨੂੰ ਚੁੱਕ ਕੇ ਬਾਹੀ ਤੋਂ ਥੱਲੇ ਲਟਕਾਈਆਂ। ਸਰਾਹਣੇ ਦੀ ਢੋਹ 'ਤੇ ਰੱਖਿਆ

ਹਾਊਸ ਕੋਟ ਲਿਆ, ਪਾਇਆ ਤੇ ਬੈੱਡ ਨਾਲ ਲਾਏ ਪੋਲ ਦਾ ਸਹਾਰਾ ਲਿਆ ਤੇ ਵੀਲ-ਚਿਅਰ ਵਿਚ ਬੈਠ ਗਿਆ।

ਸੁੱਖੀ ਆਈ। ਰਮੋਟ ਚੁੱਕ ਕੇ ਟੀ. ਵੀ. ਬੰਦ ਕੀਤਾ। ਮੰਜੇ ਦੇ ਦੂਜੇ ਪਾਸੇ ਗਈ, ਵੀਲ-ਚੇਅਰ ਨੂੰ ਰੋੜ੍ਹਨ ਲਈ ਮੁਠਾਂ ਨੂੰ ਹੱਥ ਪਾਉਂਦੀ ਨੇ ਪੁੱਛਿਆ, "ਸੁੱਖੇ, ਕੱਪੜੇ ਤਾਂ ਨਈ ਬਦਲਨੇ? ਬਦਲ ਦਿਆਂ?"

"ਨਹੀਂ ਮੈਂ ਬਦਲ ਲਊਂਗਾ।"

ਸੁੱਖੇ ਨੇ ਜਦੋਂ, "ਨਹੀਂ ਮੈਂ ਬਦਲ ਲਊਂਗਾ" ਕਿਹਾ ਤਾਂ ਸੁੱਖੀ ਨੇ ਵੀਲ-ਚੇਅਰ ਘੁਮਾ ਕੇ ਕੌਫੀ ਟੇਬਲ ਵਾਲੇ ਪਾਸੇ ਲਿਆਂਦਾ ਤੇ ਸੋਫੇ ਨਾਲ ਲਾ ਦਿੱਤੀ। ਫਿਰ ਸੁੱਖੇ ਦੇ ਬੁੱਲ੍ਹਾਂ ਨੂੰ ਚੁੰਮਿਆਂ ਤੇ ਕੌਫੀ ਟੇਬਲ ਵੱਲ ਹੱਥ ਕਰਦੀ ਬੋਲੀ, "ਆਹ ਤੇਰਾ ਦੁਪਿਹਰ ਦਾ ਖਾਣਾ, ਮੂੰਹ ਹੱਥ ਧੋ ਕੇ ਸਮੇਂ ਸਿਰ ਖਾ ਲਈਂ।"

ਹਾਲੇ ਉਸਨੇ ਐਨਾ ਕਿਹਾ ਹੀ ਸੀ ਕਿ ਟੈਲੀਫੋਨ ਦੀ ਘੰਟੀ ਵੱਜੀ ਤਾਂ ਸੁੱਖੀ, "ਸੁੱਖੇ ਚੁੱਕ ਲੈ" ਆਖ ਆਪ ਕਾਹਲੇ ਕਦਮੀਂ ਡਿਉੜ੍ਹੀ ਵਿੱਚੋਂ ਗਰਾਜ ਦੇ ਦਰਵਾਜ਼ੇ ਵੱਲ ਵਧੀ। ਦਰ ਖੋਲ੍ਹ ਕੇ ਬੋਲੀ, "ਜੇ ਨੰਜੋ ਦਾ ਹੋਇਆ ਤਾਂ ਆਖੀਂ ਮੈਂ ਚਲੇ ਗਈ ਆਂ। ਲਗਦਾ ਅੱਜ ਮੈਨੂੰ ਦੇਰ ਹੋ ਗਈ ਆ।" ਉਹ ਦਰ ਬੰਦ ਕਰਨ ਤੋਂ ਪਹਿਲਾਂ ਬੋਲੀ।

ਸੁੱਖਾ, ਵੀਲ-ਚੇਅਰ ਰੋੜ੍ਹ ਕੇ ਕੰਧ ਨਾਲ ਰੱਖੇ ਡੈਸਕ ਕੋਲ ਗਿਆ। ਫੋਨ ਦਾ ਰਸੀਵਰ ਚੁੱਕਿਆ ਤੇ 'ਹੈਲੋ' ਕਹੀ।

ਫਤਹਿ ਫਤੂਹੀ ਤੋਂ ਬਾਅਦ ਸ਼ਾਇਦ ਫੋਨ ਕਰਨ ਵਾਲੇ ਨੇ ਉਸਦਾ ਨਾਂ ਪੰਜਾਬੀ ਵਿਚ ਪੁੱਛਿਆ ਸੀ ਜਿਸ ਦੇ ਜਵਾਬ ਵਿਚ ਉਸਨੇ ਕਿਹਾ, "ਹਾਂ ਜੀ, ਮੈਂ ਸੁਖਵਿੰਦਰਪਾਲ ਬੋਲ ਰਿਹਾਂ।" ਫਿਰ ਉਹ ਕੁਝ ਲਮਹੇ ਫੋਨ ਕਰਨ ਵਾਲੇ ਦੀ ਗੱਲ ਸੁਣ ਕੇ ਬੋਲਿਆ, "ਜੀ ਲਗਦਾ ਤੁਹਾਨੂੰ ਕੋਈ ਗ਼ਲਤਫ਼ਹਿਮੀ ਹੈ। ਮੈਂ ਕਿਸੇ ਨਾਲ ਇਸ ਤਰ੍ਹਾਂ ਦਾ ਕੋਈ ਵਾਅਦਾ ਨਈ ਕੀਤਾ।"

"ਫੇਰ ਓਹੀ ਗੱਲ, ਮੈਂ ਕਿਹਾ ਨਾ ...।"

ਸੁੱਖਾ ਫਿਰ ਅਟਕ ਕੇ ਬੋਲਿਆ, "ਜੀ ਮੈਂ ਇਹ ਵੀ ਨਹੀਂ ਕਰ ਸਕਦਾ। ਤੁਸੀ ਕਿਸੇ ਹੋਰ ਨੂੰ ਪੁੱਛ ਕੇ ਦੇਖੋ।"

ਅੱਗੋਂ ਫੋਨ ਕਰਨ ਵਾਲੇ ਨੇ ਪਤਾ ਨਹੀਂ ਕੀ ਕਿਹਾ ਕਿ ਸੁੱਖਾ ਬੋਲਿਆ, "ਫੇਰ ਉਹੀ ਗੱਲ। ਕਿਹਾ ਨਾ ਮੈਂ ਇਹ ਨਹੀਂ ਕਰ ਸਕਦਾ, ਨਾ ਕਰਨਾ। ਸਮਝਿਆ।" ਆਖ ਕੇ ਸੁੱਖੇ ਨੇ ਫੋਨ ਰੱਖ ਦਿੱਤਾ। ਸੁੱਖੇ ਦੇ ਚਿਹਰੇ ਤੋਂ ਇੰਜ ਜਾਪਦਾ ਸੀ ਜਿਵੇਂ ਫੋਨ ਕਰਨ ਵਾਲੇ ਨੇ ਉਸ ਨੂੰ ਕੋਈ ਤਾਹਨਾ, ਮਿਹਣਾ ਜਾਂ ਨਹੋਰਾ ਮਾਰ ਕੇ ਉਕਸਾ ਦਿੱਤਾ ਹੋਵੇ ਤੇ ਫੋਨ ਨਾ ਰੱਖਿਆ ਹੋਵੇ।

ਫੋਨ ਰੱਖਣ ਤੋਂ ਬਾਅਦ ਸੁੱਖਾ, ਦੋਸ਼ੀਆਂ ਵਾਂਗ ਪਰੇਸ਼ਾਨ ਤੇ ਫਿਕਰਮੰਦ ਲੱਗਣ ਲੱਗ ਪਿਆ। ਕਿੰਨੀ ਦੇਰ ਉਹ ਨੀਵੀਂ ਪਾਈ, ਡੈਸਕ ਦੇ ਸਾਹਮਣੇ ਵੀਲ-ਚੇਅਰ ਵਿਚ ਬੈਠਾ ਰਿਹਾ।

ਫਿਰ ਉਸ ਨੇ ਵੀਲ-ਚੇਅਰ ਘੁਮਾਈ ਤੇ ਕਮਰੇ ਨਾਲ ਉਸ ਦੀਆਂ

ਸਹੂਲਤਾ ਨੂੰ ਮੁੱਖ ਰੱਖ ਕੇ ਬਣਾਏ ਖਾਸ ਵਾਸ਼ਰੂਮ ਵਿਚ ਗਿਆ। ਅੱਗੇ ਤਾਂ ਉਹ ਮੂੰਹ ਹੱਥ ਧੋ ਕੇ ਸ਼ੇਵ ਵਗੈਰਾ ਕਰ ਕੇ, ਕੱਪੜੇ ਵੀ ਆਪੇ ਬਦਲ ਲੈਂਦਾ ਸੀ ਪਰ ਅੱਜ, ਉਸ ਨੇ ਕੁਝ ਨਾ ਕੀਤਾ। ਨਾ ਸ਼ੇਵ ਕੀਤੀ ਨਾ ਕੱਪੜੇ ਬਦਲੇ, ਬਸ ਬੇਚੈਨ ਜਿਹਾ ਕਦੀ ਵੀਲ-ਚੇਅਰ ਰੋੜ੍ਹ ਕੇ ਡਿਉੜ੍ਹੀ ਵੱਲ ਲੈ ਜਾਂਦਾ ਤੇ ਕਦੀ ਆਪਣੇ ਬੈਡ ਦੁਆਲੇ ਘੁੰਮਦਾ। ਕੁਝ ਸੋਚਣ ਤੋਂ ਬਾਅਦ ਉਸਨੇ ਕਮਰੇ ਦੀ ਤਾਕੀਆਂ ਦੇ ਪਰਦੇ ਹਟਾਏ। ਬਾਹਰ ਦੇਖਿਆ। ਬੱਦਲਵਾਈ ਸੀ। ਗਲੀ ਦੀਆਂ ਬੱਤੀਆਂ ਹਾਲੇ ਵੀ ਜਗ ਰਹੀਆਂ ਸਨ। ਸਵੇਰ ਦਾ ਚਾਨਣ ਹਾਲੇ ਪੂਰੀ ਤਰ੍ਹਾਂ ਨਹੀਂ ਸੀ ਫੈਲਿਆ। ਇਕ ਕਾਲਾ ਸੁਰਮਈ ਜਿਹਾ ਰੰਗ ਆਕਾਸ਼ ਵਿਚ ਪਸਰਿਆ ਹੋਇਆ ਸੀ। ਵਾਤਾਵਰਨ ਦੇ ਇਸ ਭੂਸਲੇ ਰੰਗ ਨੇ ਉਸਨੂੰ ਹੋਰ ਵੀ ਉਦਾਸ ਕਰ ਦਿੱਤਾ।

ਉਸਨੇ ਪਿੱਛੇ ਨੂੰ ਮੁੜਕੇ ਕੰਧ 'ਤੇ ਲੱਗੀ ਘੜੀ ਵੱਲ ਦੇਖਿਆ। ਸੱਤ ਵੱਜ ਰਹੇ ਸਨ। ਉਸਨੇ ਰਮੋਟ ਕੰਟਰੋਲ ਲਿਆ ਤੇ ਟੀ.ਵੀ. ਚਲਾਇਆ ਤਾਂ ਟੀ.ਵੀ. ਪ੍ਰਸਾਰਕ ਦੇ, "ਗੁੱਡ ਮੌਰਨਿੰਗ" ਦੇ ਬੋਲ ਕੰਨਾਂ ਵਿਚ ਪਏ। ਉਸ ਨੇ ਟੀ. ਵੀ. ਵੱਲ ਧਿਆਨ ਨਾਲ ਦੇਖਿਆ। ਪ੍ਰਸਾਰਕ ਅੰਗਰੇਜ਼ੀ ਵਿਚ, "ਅੱਜ ਸ਼ੁੱਕਰਵਾਰ ਮਹੀਨੇ ਦੀ 13 ਤਾਰੀਖ ਹੈ।" ਕਹਿ ਰਿਹਾ ਸੀ।

"ਇਹ ਸਾਲੇ ਸ਼ੁੱਕਰਵਾਰ ਤੇ 13 ਤਰੀਕ ਨੇ ਮਾਰ ਲਿਆ। ਪਤਾ ਨਈਂ ਦਾਈ ਨੇ ਈ ਮੇਰੇ ਪੋਤੜਿਆਂ 'ਚ ਰੱਖ ਦਿਤਾ ਸੀ।" "ਉਦੋਂ ਸਾਡੇ ਪੋਤੜੇ ਕਿੱਥੇ ਹੋਣੇ?" ਸੁੱਖਾ ਬੁੜ-ਬੜਾਇਆ ਤਾਂ ਉਸਨੂੰ ਉਹ ਦਿਨ ਯਾਦ ਆ ਗਿਆ ਜਦੋਂ ਉਹ ਇੰਗਲੈਂਡ ਕੁਵੈਂਟਰੀ ਵਿਖੇ ਡਨਲੌਪ ਫੈਕਟਰੀ ਵਿਚ ਕੰਮ ਕਰਦਾ ਸੀ ਤੇ ਉੱਥੇ ਇਕ ਟੋਨੀ ਪਰਾਸਕੋ ਨਾਂ ਦਾ ਯੂਕਰੇਨਿਅਨ ਬੰਦਾ ਸਾਥੀ ਕਾਮਾ ਸੀ। ਉਹ ਥੋੜਾ ਬਹੁਤਾ ਜੋਤਿਸ਼ ਜਾਣਦਾ ਸੀ ਤੇ ਸ਼ੁਗਲ ਲਈ ਲੋਕਾਂ ਦੇ ਹੱਥ ਦੇਖਦਾ ਹੁੰਦਾ ਸੀ। ਇਕ ਦਿਨ ਉਸ ਨੇ ਸੁੱਖੇ ਦਾ ਹੱਥ ਦੇਖਿਆ ਤੇ ਬਿਨਾਂ ਕੁਝ ਜਮ੍ਹਾਂ ਤਫ਼ਰੀਕ ਕੀਤਿਆਂ ਬੋਲਿਆ, "ਜਿਸ ਦਿਨ ਤੇਰਾ ਜਨਮ ਹੋਇਆ ਸੀ ਉਸ ਦਿਨ 'ਬਲਿਊ ਮੂਨ, ਸ਼ੁੱਕਰਵਾਰ ਤੇ ਤੇਰਾਂ ਤਾਰੀਖ ਸੀ।"

"ਤੈਨੂੰ ਕਿਵੇਂ ਪਤਾ?" ਸੁੱਖੇ ਨੇ ਪੁੱਛਿਆ।

"ਕਿਉਂਕਿ ਤੇਰੇ ਮੇਰੇ ਜਨਮ ਦੀ ਤਾਰੀਖ ਇੱਕੋ ਹੈ।"

ਇਸੇ ਨਾਲ ਉਸਨੂੰ ਆਪਣੇ ਵਿਆਹ ਦਾ ਖਿਆਲ ਆਇਆ। ਉਸ ਦਿਨ ਵੀ ਤੇਰਾਂ ਤਾਰੀਖ 'ਤੇ ਸ਼ੁੱਕਰਵਾਰ ਸੀ।

ਫਿਰ ਆਪਣੇ ਨਾਲ ਹੋਇਆ ਹਾਦਸਾ ਯਾਦ ਆ ਗਿਆ ਜਦੋਂ ਉਹ ਕੈਨੇਡਾ ਆ ਕੇ ਛੱਤਾਂ ਦਾ ਕੰਮ ਕਰਦਾ ਹੁੰਦਾ ਸੀ ਤੇ ਛੱਤ ਤੋਂ ਸੇਫ਼ਟੀ ਬੈਲਟਾਂ ਉਤਾਰਦਾ, ਤਿਲਕ ਕੇ ਡਿਗ ਪਿਆ ਸੀ ਤੇ ਉਮਰ ਭਰ ਲਈ ਅਪਾਹਜ ਹੋ ਗਿਆ ਸੀ। ਉਸ ਦਿਨ ਵੀ ਸ਼ੁੱਕਰਵਾਰ ਤੇ ਤੇਰਾਂ ਤਾਰੀਖ ਸੀ।

ਫਿਰ ਉਹ ਦਿਨ, ਜਿਸ ਦਿਨ ਸੁੱਖੀ ਦੇ ਵੱਡੇ ਭਰਾ ਦਾ ਇਕ ਪ੍ਰੋਫ਼ੈਸਰ ਦੋਸਤ ਪੰਜਾਬ ਤੋਂ ਆਇਆ, ਉਨ੍ਹਾਂ ਕੋਲ ਦੋ ਕੁ ਰਾਤਾਂ ਠਹਿਰਿਆ ਸੀ।

"ਸੁੱਖੇ, ਤੂੰ ਆਪਣੀ ਜੀਵਨੀ ਕਿਉਂ ਨਈ ਲਿੱਖਦਾ?" "ਮੈਂ ਜੂਨੀਵਸਟੀ

(ਯੂਨੀਵਿਰਸਟੀ) ਵਿਚ ਕਿਸੇ ਕੋਰਸ ਵਿਚ ਲੁਆ ਦੇਊਂਗਾ।" ਸ਼ਰਾਬ ਦੀ ਲੋਰ ਵਿਚ ਝੂੰਮਦੇ ਨੇ ਆਪਣਾ ਖਾਲੀ ਗਲਾਸ ਮੇਜ਼ 'ਤੇ ਰੱਖਦੇ ਨੇ ਕਿਹਾ ਤੇ ਹਿਚਕੀ ਲਈ।

"ਮੈਂ, ਤੇ ਆਪਣੀ ਜੀਵਨੀ!" "ਇਸ ਵਿਚ ਕਿਹੜੀ ਖਾਸ ਗੱਲ ਆ?" ਸੁੱਖੇ ਨੇ ਕਿਹਾ।

"ਤੇਰੀ।" ਉਸ ਨੇ ਹਿਚਕੀ ਲੈਂਦੇ ਨੇ ਕਿਹਾ ਤੇ ਸਿਰ ਨੀਵਾਂ ਕਰ ਕੇ ਇਕ ਹੱਥ ਸੁੱਖੇ ਤੇ ਵੀਲਚੇਅਰ ਵੱਲ ਕੀਤਾ ਜਿਵੇਂ ਉਹ ਉਸਦੇ ਅਪਾਹਜਪੁਨੇ ਦਾ ਸੰਕੇਤ ਕਰ ਰਿਹਾ ਹੋਵੇ।

"ਤੂੰ ਜੀਵਨੀ ਨਾਵਲ ਵਾਂਗ ਲਿਖ।" ਉਸ ਨੇ ਆਪਣੀ ਪੱਗ ਸੰਭਾਲਦੇ ਨੇ ਕਿਹਾ, "ਉੱਥੇ ਇਨ੍ਹਾਂ ਕਿਤਾਬਾਂ ਦੀ ਬੜੀ ਲੋੜ ਆ।" ਉਸਨੇ ਥਿੜਕਦੀ ਜੀਭੇ ਕਿਹਾ।

ਫਿਰ ਉਸਨੇ ਗਲਾਸ ਵਿਚ ਸਕੌਚ ਪਾਈ ਤੇ ਸਕੌਚ ਦਾ ਨੀਟ ਘੁੱਟ ਭਰ ਕੇ ਕਿਹਾ, "ਹੋਰ ਨਈ ਤਾਂ ਕਿਸੇ ਪ੍ਰਕਾਸ਼ਿਕ ਕੋਲੋਂ ਰੌਲਟੀ (ਰੌਇਲਟੀ) ਜਾਂ ਸਰਕਾਰ ਕੋਲੋਂ ਚਾਲ੍ਹੀ ਪੰਜਾਹ ਹਜਾਰ ਦੁਆ ਦੇਊਂਗਾ।"

ਚਾਲ੍ਹੀ ਪੰਜਾਹ ਹਜ਼ਾਰ ਦੁਆਦੇਣ ਦਾ ਯਕੀਨ ਦੁਆ ਕੇ ਉਸਨੇ ਅੱਗੇ ਕਿਹਾ, "ਕਿਸੇ ਸਟਯੂਡੈਂਟ (ਸਟੂਡੈਂਟ) ਤੋਂ ਇਸ 'ਤੇ ਐਮ. ਫਿੱਲ. ਜਾਂ ਪੀ. ਐਚਡੀ. ਕਰਵਾਉਣੀ ਤਾਂ ਆਪਣੇ ਖੱਬੇ ਹੱਥ ਦਾ ਕੰਮ ਆ।" ਉਸਨੇ ਫਿਰ ਹਿਚਕੀ ਲਈ ਤੇ ਬੋਲਿਆ, "ਤੂੰ ਲਿਖ ਤਾਂ ਸਈ। ਬਾਅਦ ਦੀ ਗੱਲ ਬਾਅਦ 'ਚ ਕਰਾਂਗੇ।"

ਉਸ ਦਿਨ ਵੀ 13 ਤਰੀਕ ਸ਼ੁੱਕਰਵਾਰ ਸੀ।

ਹੁਣ ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਆਪਣੀ ਹਾਲਤ 'ਤੇ ਤਰਸ ਖਾਵੇ, ਕਿਸਮਤ ਨੂੰ ਕੋਸੇ ਜਾਂ 13 ਤਾਰੀਖ ਸ਼ੁੱਕਰਵਾਰ ਦਾ ਭਰਮ ਪਾਲੇ? 13, ਈਸਾ ਨਾਲ ਵਿਸ਼ਵਾਸਘਾਤ ਕਰਨ ਵਾਲਾ 13ਵਾਂ ਬੰਦਾ ਜੂਡਸ। ਉਸਦੇ ਸੂਲੀ ਚੜ੍ਹਨ ਦਾ ਦਿਨ ਸ਼ੁੱਕਰਵਾਰ। "ਮੈਂ ਵੀ ਤਾਂ ਸੂਲੀ ਟੰਗਿਆਂ ਹੋਇਆਂ।" ਉਸ ਨੇ ਮਨ ਵਿਚ ਆਖ ਘੜੀ ਵੱਲ ਦੇਖਿਆ, "ਹਾਲੇ ਤਾਂ ਅੱਠ ਵੀ ਨਹੀਂ ਵੱਜੇ। ਸੁੱਖੀ ਤਾਂ ਪੰਜ ਵਜੇ ਤਕ ਘਰ ਨਹੀਂ ਪਰਤਦੀ। ਤਦ ਤਕ ਤਾਂ ਮੈਂ ਪਾਗਲ ਹੋ ਜਾਊਂਗਾ।" ਉਸ ਨੇ ਮਨ ਵਿਚ ਕਿਹਾ। "ਕਰਾਂ ਤਾਂ ਕੀ ਕਰਾਂ? ਇਸ ਪਰੇਸ਼ਾਨੀ ਤੋਂ ਕਿਵੇਂ ਪਿੱਛਾ ਛੁੜਾਵਾਂ?"

ਹੁਣ ਉਸ ਅੱਗੇ, ਟੈਲੀਫੋਨ ਕਾਲ ਨਾਲ ਹੋਈ ਬੇਚੈਨੀ ਨਾਲ ਅਪਾਹਜਪੁਣੇ ਦੀ ਮਜਬੂਰੀ, ਮਾਨਸਿਕ ਪਰੇਸ਼ਾਨੀ ਤੇ ਸਮਾਂ ਬਿਤਾਉਣ ਦੀ ਸਮੱਸਿਆ ਵੀ ਆ ਖੜ੍ਹੀ ਹੋਈ।

"ਬਾਹਰ ਮੌਸਮ ਵੀ ਚੰਗਾ ਨਹੀਂ। ਸਾਫ ਹੁੰਦਾ ਤਾਂ ਬਾਹਰ ਹੀ ਘੁੰਮ ਆਉਂਦਾ।"

ਉਹ ਕਦੀ ਵੀਲ-ਚੇਅਰ ਨੂੰ ਰੋੜ੍ਹ ਕੇ ਬਾਹਰਲੇ ਦਰਵਾਜ਼ੇ ਤਕ ਲੈ ਜਾਂਦਾ ਤੇ ਕਦੀ ਮੰਜੇ ਦੇ ਦੂਜੇ ਪਾਸੇ ਜਿੱਧਰ ਉਸ ਦੇ ਮੰਜੇ 'ਤੇ ਚੜ੍ਹਨ ਦਾ ਪ੍ਰਬੰਧ ਸੀ।

ਪਰ ਉਹ ਮੰਜੇ 'ਤੇ ਨਾ ਚੜ੍ਹਿਆ।

ਉਸਨੇ ਟੀ.ਵੀ. ਬੰਦ ਕੀਤਾ। ਕਮਰੇ ਦੀ ਵੱਡੀ ਤਾਕੀ ਕੋਲ ਗਿਆ ਤੇ ਬਾਹਰ ਦੇਖਣ ਲੱਗ ਪਿਆ। ਘਰ ਅਗਲੀ ਸੜਕ ਦੇ ਅੱਗੇ ਕਲ-ਡੀ-ਸੈਕ ਹੋਣ ਕਾਰਨ ਕੋਈ ਆਵਾ ਜਾਈ ਨਹੀਂ ਸੀ। ਸ਼ਾਹਰਾਹ ਯਾਨੀ ਵੱਡੀ ਸੜਕ ਵੀ ਉੱਥੋਂ ਕੋਈ ਦੁ ਕੁ ਬਲੌਕ ਤੇ ਸੀ ਨਹੀਂ ਤਾਂ ਉਹ, ਆਉਂਦੀਆਂ ਜਾਂਦੀਆਂ ਕਾਰਾਂ, ਟਰੱਕ, ਮੋਟਰਾਂ ਨੂੰ ਦੇਖ ਕੇ ਹੀ ਦਿਲ ਪਰਚਾ ਲੈਂਦਾ। ਹਾਂ ਸਾਹਮਣਲੇ ਘਰ ਦੇ ਪਿੱਛਵਾੜੇ ਵਗਦੇ ਨਾਲੇ ਦੇ ਕੰਢੇ ਇਕ ਸਿੰਬਲ ਦਾ ਵੱਡਾ ਸਾਰਾ ਦਰਖ਼ਤ ਸੀ। ਜਿਸ ਨਾਲ ਉਹ ਕਦੀ ਕਦੀ ਮਨ ਦੀਆਂ ਗੱਲਾਂ ਕਰ ਲੈਂਦਾ ਸੀ ਜਦੋਂ ਉਸ ਦੀਆਂ ਲੱਤਾਂ ਚੱਲਣੋਂ ਰਹਿ ਗਈਆਂ ਸਨ। ਉਹ ਕਹਿੰਦਾ ਹੁੰਦਾ ਸੀ, "ਲੈ ਭਾਈ ਰੁੱਖਾ, ਮੈਂ ਵੀ ਤੇਰੇ ਵਰਗਾ ਹੋ ਗਿਆ। ਆਪਣੇ ਆਪ, ਚੱਲਣ ਫਿਰਨੋਂ ਰਹਿ ਗਿਆਂ।"

ਪਰ ਅੱਜ, ਪਤਝੜ ਕਾਰਨ ਉਸਦੇ ਸਾਰੇ ਪੱਤੇ ਝੜ ਚੁੱਕੇ ਸਨ। ਨੰਗੀਆਂ ਟਹਿਣਾਂ ਚੁੱਪ ਸਨ। ਸੁੱਖੇ ਨੇ ਉਸ ਵੱਲ ਦੇਖਿਆ। ਬਿਨਾਂ ਪੱਤਿਆਂ ਤੋਂ ਐਡਾ ਵੱਡਾ ਦਰਖ਼ਤ ਉਸ ਨੂੰ ਅੱਜ ਬੇਜਾਨ ਜਿਹਾ ਲੱਗਾ। ਸ਼ਾਇਦ ਇਹ ਉਸਦੇ ਆਪਣੀ ਮਨੋਦਸ਼ਾ ਸੀ।

ਉਂਜ ਤਾਂ ਉਸਨੇ ਸਮਾਂ ਬਿਤਾਉਣ ਲਈ ਬਹੁਤ ਸਾਰੇ ਪ੍ਰਬੰਧ ਕੀਤੇ ਹੋਏ ਸਨ। ਕੇਬਲ ਤੇ ਏ.ਟੀ.ਐਨ. ਆਦਿ ਸਾਰੀਆਂ ਚੈਨਲਾਂ ਲਗਵਾਈਆਂ ਹੋਈਆਂ ਸਨ ਪਰ, ਅੱਜ ਸਵੇਰ ਵਾਲੇ ਟੈਲੀਫੋਨ ਨੇ ਪਤਾ ਨਹੀਂ ਉਸਦੇ ਮਨ ਨੂੰ ਕੀ ਕਰ ਦਿੱਤਾ ਸੀ ਕਿ ਉਸਦ ਕੁਝ ਦੇਖਣ ਸੁਣਨ ਨੂੰ ਜੀ ਨਹੀਂ ਸੀ ਕਰਦਾ। ਬਸ ਘੜੀ ਮੁੜੀ ਘੜੀ ਵੱਲ ਦੇਖਦਾ। ਘੜੀ ਵੱਲ ਦੇਖਦੇ ਨੂੰ ਇਕ ਵਾਰ ਤਾਂ ਇੰਜ ਲੱਗਾ ਜਿਵੇਂ ਸਮਾਂ ਖੜ ਗਿਆ ਹੋਵੇ। ਪਰ, ਉਸਨੂੰ ਪੂਰਨ ਵਿਸ਼ਵਾਸ ਸੀ ਕਿ ਸਮਾਂ ਕਦੀ ਨਹੀ ਖੜ੍ਹਦਾ।

ਘੜੀ ਵੱਲ ਦੇਖਦੇ ਦੀ ਅਚਾਨਕ ਨਜ਼ਰ, ਡੈਸਕ ਤੇ ਰੱਖੇ ਕਿਤਾਬਾਂ ਦੇ ਰੈਕ 'ਤੇ ਪਈ ਤੇ ਸਭ ਤੋਂ ਅਗਲੀ ਕਿਤਾਬ 'ਤੇ ਆ ਰੁਕੀ। "ਸਾਰੇ ਫਸਾਦ ਦੀ ਜੜ੍ਹ ਤਾਂ ਸਾਲੀ ਇਹ ਕਿਤਾਬ ਆ।" ਉਸ ਨੇ ਵੀਲ-ਚੇਅਰ ਨੂੰ ਗੁੱਸੇ ਵਿਚ ਰੋੜ੍ਹਦੇ ਨੇ ਮਨ ਵਿਚ ਕਿਹਾ, "ਨਾ ਇਹ ਸਾਲੀ ਹੁੰਦੀ। ਨਾ ਇਹ ਟੈਲੀਫੋਨ ਕਾਲਾਂ ਆਉਂਦੀਆਂ, ਨਾ ਮੈਂ ਐਨਾ ਪਰੇਸ਼ਾਨ ਹੁੰਦਾ।" ਉਸ ਨੇ ਡੈਸਕ ਅੱਗੇ ਵੀਲ-ਚੇਅਰ ਰੋਕਦੇ ਨੇ ਕਿਹਾ, "ਦੇਖਦਾਂ ਸਾਲੀ ਵਿਚ ਕਿਹੜੀ ਗੱਲ ਆ ਜਿਸ ਪਿੱਛੇ ਲੋਕਾਂ ਮੇਰੇ ਜਾਨ ਖਾਧੀ ਪਈ ਆ।" ਉਹਨੇ ਸੱਜੇ ਹੱਥ ਦੀ ਪਹਿਲੀ ਕਿਤਾਬ ਨੂੰ ਉਂਗਲਾਂ ਨਾਲ ਰੈਕ 'ਚੋਂ ਕੱਢਿਆ। ਹੱਥ ਵਿਚ ਫੜ ਕੇ ਸਿੱਧਾ ਕੀਤਾ। ਫਿਰ ਡੈਸਕ 'ਤੇ ਰੱਖ ਕੇ ਘਿਰਨਾ ਨਾਲ ਟਾਈਟਲ ਵੱਲ ਦੇਖਿਆ। ਉਸਨੂੰ ਇੰਜ ਲੱਗਾ ਜਿਵੇਂ ਕਿਤਾਬ ਦਾ ਸਿਰਲੇਖ ਹੀ ਉਸਦੀ ਅੱਜ ਦੀ ਨਹੀਂ, ਸਾਰੀ ਉਮਰ ਦੀ ਪਰੇਸ਼ਾਨੀ ਹੋਵੇ।

2

ਸੁੱਖੇ ਨੇ ਕਿਤਾਬ ਦੇ ਸਿਰਲੇਖ ਨੂੰ ਬੜੇ ਗਹੁ ਨਾਲ ਦੇਖਿਆ ਤੇ ਕਿੰਨੀ ਦੇਰ ਦੇਖਦਾ ਰਿਹਾ। ਕਿੰਨੀ ਦੇਰ ਦੇਖਣ ਤੋਂ ਬਾਅਦ ਉਸ ਨੇ ਥੱਲੇ ਲਿਖੇ ਲੇਖਕ ਦਾ ਨਾਂ ਪੜ੍ਹਿਆ। "ਸੁੱਖਵਿੰਦਰ ਪਾਲ।" ਨਾਂ ਪੜ੍ਹ ਕੇ ਉਹ ਵਿਅੰਗਮਈ ਅੰਦਾਜ਼ ਵਿਚ ਮੁਸਕਰਾਇਆ।

ਉਸਨੇ ਇਹ ਕਿਤਾਬ ਅੱਜ ਤੋਂ ਢਾਈ ਤਿਨ ਸਾਲ ਪਹਿਲਾਂ ਵੀ ਪੜ੍ਹੀ ਸੀ ਜਦੋਂ ਛਪ ਕੇ ਆਈ ਸੀ। ਪਰ ਅੱਜ ਉਸਨੇ, ਇਸ ਨੂੰ ਦੁਬਾਰਾ ਪੜ੍ਹਨ ਦਾ ਮਨ ਬਣਾਇਆ, ਕੁਝ ਸਮਾਂ ਬਿਤਾਉਣ ਲਈ, ਕੁਝ ਸਵੇਰੇ ਆਏ ਟੈਲੀਫੋਨ ਦੀ ਪਿੱਠ ਭੂਮੀ ਖੋਜਣ, ਉਸ ਕਾਰਨ ਵਧੀ ਪਰੇਸ਼ਾਨੀ ਨੂੰ ਦੂਰ ਕਰਨ ਤੇ ਇਹ ਦੇਖਣ ਲਈ ਕਿ ਇਸ ਵਿਚ ਐਸੀ ਕਿਹੜੀ ਗੱਲ ਲਿਖੀ ਹੋਈ ਹੈ ਜੋ ਉਹ ਨਹੀਂ ਜਾਣਦਾ।

ਉਸਨੇ ਜਿਲਦ ਨੂੰ ਪਰਤ ਕੇ ਅੰਦਰ ਦੇਖਿਆ, ਸਾਲੇ ਦੇ ਪ੍ਰੋਫ਼ੈਸਰ ਦੋਸਤ ਦਾ ਲਿਖਿਆ ਮੁੱਖ ਬੰਦ ਸੀ ਜਿਸ ਨੂੰ ਦੇਖ ਕੇ ਸੁੱਖੇ ਨੇ ਇਕ ਮੋਟੀ ਸਾਰੀ ਮਾਂ ਦੀ ਗਾਲ੍ਹ ਨਾਲ, "ਸਾਲੇ ਨੇ ਸਿਫ਼ਤਾਂ ਦੇ ਪੁੱਲ ਬੰਨ੍ਹਿਓਂ ਆ।" ਕਿਹਾ ਤੇ ਸਿੱਧਾ ਕਾਂਡ ਇਕ ਕੱਢ ਕੇ ਪੜ੍ਹਨ ਲੱਗ ਪਿਆ।

ਭਰ ਗਰਮੀ ਦੇ ਦਿਨ।

ਸੁੱਖੀ, ਪਿੰਡ ਤੋਂ ਕੋਈ ਚਾਰ ਕੁ ਕਿੱਲੋਮੀਟਰ ਦੂਰ ਪੈਂਦੇ ਕਸਬੇ ਦੇ, ਜੀ.ਟੀ. ਰੋਡ 'ਤੇ ਸਥਿਤ ਕੁੜੀਆਂ ਦੇ ਕਾਲਜ ਚੋਂ, 'ਬੀ.ਏ. ਪਾਰਟ ਟੂ' ਪਾਸ ਕਰ ਕੇ 'ਬੀ.ਏ. ਪਾਰਟ ਥਰੀ" ਵਿਚ ਦਾਖਲ ਹੋ ਗਈ। ਅੱਜ ਉਸਦਾ ਕਾਲਜ ਵਿਚ ਪਹਿਲਾ ਦਿਨ ਸੀ। ਗਲੀ ਵਿੱਚੋਂ ਆਪਣੇ ਘਰ ਦਾ ਪਰਵੇਸ਼ ਦੁਆਰ ਖੋਲ੍ਹ ਕੇ ਸਾਈਕਲ ਅੰਦਰ ਕੀਤਾ। ਬਰਾਂਡੇ ਵਿਚ ਲਿਆ ਕੇ ਸਟੈਂਡ ਲਾਇਆ। ਕੈਰੀਅਰ ਤੋਂ ਕਿਤਾਬਾਂ ਲਾਹੀਆਂ। ਹੈਂਡਲ ਦੀ ਟੋਕਰੀ ਵਿੱਚੋਂ ਟਿਫ਼ਨ ਲਿਆ ਤੇ ਸਿੱਧੀ ਦਲਾਨ ਵਿਚ ਪਈ ਲੋਹੇ ਦੀ ਪੇਟੀ ਕੋਲ ਗਈ ਜੋ ਉਸਦੀ ਭਰਜਾਈ ਦਾਜ ਵਿਚ ਲਿਆਈ ਸੀ। ਕਿਤਾਬਾਂ ਰੱਖੀਆਂ ਤੇ ਗਲ਼ ਵਿੱਚੋਂ ਚੁੰਨੀ ਲਾਹੀ। ਇਕ ਸਿਰੇ ਨਾਲ ਮੂੰਹ ਪੂੰਝਿਆ ਤੇ ਕਿਤਾਬਾਂ ਉੱਤੇ ਰੱਖ ਦਿੱਤੀ। ਟਿਫਨ ਲਿਆ ਤੇ ਰਸੋਈ ਨੂੰ ਚਲੀ ਗਈ ਜਿੱਥੇ ਉਸਦਾ ਪਿਤਾ ਨੱਥਾ ਸਿਘ ਬੈਠਾ ਦੁਪਹਿਰ ਦੀ ਰੋਟੀ ਖਾ ਰਿਹਾ ਸੀ।

ਰਸੋਈ ਕਾਹਦੀ ਸੀ ਇਕ ਢਾਰਾ ਸੀ ਜਿਸ ਦਾ ਵਿਹੜੇ ਵੱਲ ਨੂੰ ਕੱਚੀ ਕੰਧ ਦਾ ਓਟਾ ਸੀ। ਸਾਹਮਣੀ ਕੰਧ ਨਾਲ ਇਕ ਗੁੱਠ ਵਿਚ ਦੁੱਧ ਵਾਲੀ ਭੜੋਲੀ ਨਾਲ ਭੱਠੀ ਸੀ। ਦੂਜੇ ਖੂੰਜੇ ਵਿਚ ਚੁੱਲ੍ਹਾ ਸੀ ਜਿਸ ਤੇ ਸੁੱਖੀ ਦੀ ਮਾਂ ਰੋਟੀ ਪਕਾ

ਰਹੀ ਸੀ। ਸੁੱਖੀ ਰਸੋਈ ਵਿਚ ਆਈ। ਡੱਬਾ ਓਟੇ 'ਤੇ ਰੱਖਿਆ ਤਾਂ ਨੱਥਾ ਸਿੰਘ ਨੇ ਆਪਣੀ ਧੀ ਦੇ ਸਿਰ 'ਤੇ ਚੁੰਨੀ ਨਾ ਦੇਖਕੇ ਉਸਨੂੰ ਸਿਰ ਤੋਂ ਪੈਰਾਂ ਤਕ ਦੇਖਿਆ। ਇਕ ਨਜ਼ਰ, ਉਸਦੇ ਧੁੱਪ ਨਾਲ ਲਾਲ ਹੋਏ ਮੂੰਹ ਤੇ ਮਾਰੀ ਤਾਂ ਪਤਾ ਨਹੀਂ ਕਿਸ ਤਾਕਤ ਨੇ ਉਸਦੇ ਹੱਥ ਨੂੰ ਫੜ ਲਿਆ। ਧੀ ਦੇ ਲਾਲ ਚਿਹਰੇ ਨੇ ਜਾਂ ਕਿਸੇ ਅਵੱਲੀ ਸੋਚ ਨੇ। ਉਹ ਇਕ ਛਿਣ ਲਈ ਮੂੰਹ ਵਿਚ ਬੁਰਕੀ ਪਾਉਂਦਾ ਪਾਉਂਦਾ ਰੁਕ ਗਿਆ। ਇਹ ਉਸਦਾ ਆਖ਼ਰੀ ਨਵਾਲਾ ਸੀ ਤੇ ਉਹ ਸੋਚ, ਜਿਸ ਨੇ ਉਸਦੀ ਬੁਰਕੀ ਰੋਕ ਲਈ ਸੀ ਸ਼ਾਇਦ, ਉਹੀ ਸੀ ਜੋ ਹਰ ਮੁਟਿਆਰ ਹੋਈ ਧੀ ਨੂੰ ਦੇਖਕੇ ਮਾਪਿਆਂ ਦੇ ਮਨਾਂ ਵਿਚ ਆਉਂਦੀ ਹੈ। ਸੁੱਖੀ ਨੂੰ ਬਿਨਾਂ ਚੁੰਨੀਉਂ ਦੇਖਕੇ ਨੱਥਾ ਸਿੰਘ ਦੀ ਹਾਲਤ ਸੁੱਖੀ ਦੀ ਮਾਂ ਜੁਗਿੰਦਰ ਕੌਰ ਨੇ ਦੇਖ ਲਈ ਤੇ ਉਸਦਾ ਧਿਆਨ ਪਲਟਾਉਣ ਲਈ ਬੋਲੀ, "ਹੋਰ ਫੁਲਕਾ ਰੱਖਾਂ?"

"ਨਹੀਂ ਮੈਂ ਬਸ।" ਆਖ ਬੁਰਕੀ ਮੂੰਹ ਵਿਚ ਪਾ ਲਈ।

ਜੁਗਿੰਦਰ ਕੌਰ ਨੇ ਸੁੱਖੀ ਨੂੰ ਉੱਥੋਂ ਪਰੇ ਭੇਜਣ ਦੇ ਬਹਾਨੇ, ਨੱਥਾ ਸਿੰਘ ਕੋਲ ਪਏ ਕਲਮੰਡਲ ਵੱਲ ਹੱਥ ਕਰ ਕੇ ਕਿਹਾ, "ਸੁੱਖੀ, ਹਾਅ ਪਾਣੀ ਤੱਤਾ ਹੋ ਗਿਆ ਹੋਣਾ। ਜਾ, ਜਾ ਕੇ ਨਲ਼ਕੇ ਤੋਂ ਆਪਣੇ ਭਾਪੇ ਲਈ ਠੰਡਾ ਪਾਣੀ ਕੱਢ ਲਿਆ।" ਤੇ ਆਪ, ਅੱਗ ਮੋਹਰੇ ਬੈਠੀ ਰੋਟੀਆਂ ਪਕਾਉਂਦੀ ਦੇ ਲਾਲ ਤੇ ਪਸੀਨੇ ਨਾਲ ਭਿੱਜੇ ਆਪਣੇ ਮੂੰਹ ਨੂੰ, ਚੁੰਨੀ ਨਾਲ ਪੂੰਝਣ ਲੱਗ ਪਈ। ਜਦੋਂ ਪੂੰਝ ਹਟੀ ਤਾਂ ਉਸਦਾ ਮੂੰਹ, ਸੁੱਖੀ ਦੇ ਮੂੰਹ ਨਾਲੋਂ ਵੀ ਦੂਣਾ ਲਾਲ ਹੋ ਗਿਆ।

ਸੁੱਖੀ ਨੇ ਬਿਨਾਂ ਜਵਾਬ ਦਿੱਤਿਆਂ ਆਪਣੇ ਭਾਪੇ ਦੇ ਮੋਹਰਿਉਂ ਕਲਮੰਡਲ ਚੁਕਿਆ, ਰਸੋਈ ਚੋਂ ਬਾਹਰ ਨਿਕਲੀ, ਕਲਮੰਡਲ ਦਾ ਪਾਣੀ ਵਿਗਾਹ ਕੇ ਤਪਦੇ ਵਿਹੜੇ ਦੀ ਹਿੱਕ 'ਤੇ ਮਾਰਿਆ। ਪਾਣੀ ਦੀ, ਛਿੜਕਾ ਵਾਂਗ "ਛਨਨ" ਦੀ ਆਵਾਜ਼ ਆਈ। ਕੁਝ ਪਾਣੀ, ਕੱਚੇ ਵਿਹੜੇ ਦੀ ਥਿਆਈ ਧਰਤ ਨੇ ਪੀ ਲਿਆ। ਕੁਝ ਭਾਫ਼ ਬਣ ਕੇ ਉੱਡਿਆ। ਪਰ, ਧੁੱਪ ਦੀ ਤਪਸ਼ ਨਾਲ ਖ਼ੁਸ਼ਕ ਹਵਾ ਨੇ ਉਸਨੂੰ ਭੁੱਖੀ ਸਰਾਲ ਵਾਂਗ ਨਿਗਲ ਲਿਆ। ਸੁੱਖੀ ਨਲ਼ਕੇ ਕੋਲ ਗਈ ਤੇ ਠੰਡਾ ਪਾਣੀ ਕੱਢਣ ਲਈ ਨਲ਼ਕਾ ਗੇੜਨ ਲੱਗ ਪਈ।

ਨੱਥਾ ਸਿੰਘ, ਆਪਣੀ ਪਤਨੀ ਦੇ ਇਸ ਕਰਮ ਨੂੰ ਭਾਂਪ ਗਿਆ ਤੇ ਉਸ ਵੱਲ ਦੇਖਣ ਲੱਗਾ। ਜਦੋਂ, ਪਤਨੀ ਦੇ, ਪੂੰਝਣ ਤੋਂ ਬਾਅਦ ਲਾਲ ਹੋਏ ਮੂੰਹ ਨੂੰ ਦੇਖਿਆ ਤਾਂ ਉਸਦੇ ਦਿਮਾਗ਼ ਵਿਚ ਇਕ ਪੁਰਾਣੀ ਬੈਂਤ, "ਰੂਪ ਚੋ ਕੇ ਪਰਾਤ ਵਿਚ ਪੈ ਗਿਆ – ਧੁੱਪ 'ਚ ਪਕਾਈਆਂ ਰੋਟੀਂ" ਉਭਰ ਆਈ। ਉਸਦੀ ਨਜ਼ਰ ਆਪਣੀ ਪਤਨੀ ਦੀ ਨਜ਼ਰ ਨਾਲ ਮਿਲੀ ਤਾਂ ਜੁਗਿੰਦਰ ਕੌਰ ਨੇ, ਇਕ ਛਿਣ ਨਜ਼ਰ ਮਿਲਾਈ ਤੇ, "ਕੀ ਇਹਦੇ ਹੱਥ ਪੀਲ਼ੇ ਕਰਨ ਦੀ ਸੋਚਦੇ ਆਂ?" ਕਿਹਾ 'ਤੇ ਹੱਥ ਵਿਹੜੇ ਵਿਚ ਨਲਕਾ ਗੇੜਦੀ ਸੁੱਖੀ ਵੱਲ ਕਰਨ ਦੀ ਬਜਾਏ, ਚੁੱਲ੍ਹੇ ਦੇ ਸੇਕ ਨੂੰ ਮੱਠਾ ਕਰਨ ਲਈ, ਮੱਘਦੀ ਲਕੜੀ ਦੇ ਸਿਰੇ ਨੂੰ ਠੋਰਿਆ ਤੇ ਬਾਹਰ ਨੂੰ ਕੱਢ ਲਿਆ।

ਜੁਗਿੰਦਰੋ ਨੇ ਹਾਲੇ ਐਨਾ ਹੀ ਕਿਹਾ ਸੀ ਕਿ ਸੁੱਖੀ ਤੋਂ ਛੋਟੀ ਨਰਿੰਦਰ

ਉਰਫ਼ ਨਿੰਦਰ ਆ ਗਈ। ਉਹ ਹਾਇਰ ਸਕੈਂਡਰੀ ਦੇ ਆਖ਼ਰੀ ਸਾਲ ਵਿਚ ਸੀ ਪਰ ਸੁੱਖੀ ਨਾਲੋਂ ਵੱਧ ਮੁਟਿਆਰ ਲਗਦੀ ਸੀ। ਉਸਦੇ ਪਿੱਛੇ ਛੋਟਾ ਭਰਾ ਬਲਬੀਰ, ਲਾਡ ਦਾ ਨਾਂ (ਬੱਲੀ) ਵੀ ਆ ਗਿਆ। ਨੱਥਾ ਸਿੰਘ ਨੇ ਉਨ੍ਹਾਂ ਵੱਲ ਦੇਖਿਆ, ਚੁੱਪ ਚਾਪ ਉੱਠਿਆ, ਗਲਾਸ ਲਿਆ ਤੇ ਰਸੋਈ ਤੋਂ ਬਾਹਰ ਖੋਲ੍ਹੀ ਜੁੱਤੀ ਪਾਉਣ ਲੱਗ ਪਿਆ। ਐਨੇ ਨੂੰ ਸੁੱਖੀ ਪਾਣੀ ਲੈ ਕੇ ਆ ਗਈ। ਸੁੱਖੀ ਕੋਲੋਂ ਗਲਾਸ ਵਿਚ ਪਾਣੀ ਲਿਆ, ਕੁਝ ਪੀਤਾ, ਕੁਝ ਨਾਲ ਕਰੂਲੀ ਕੀਤੀ ਤੇ ਬਾਕੀ ਦਾ ਬਚਿਆ ਵਿਹੜੇ ਵਿਚ ਵਗਾਹ ਕੇ ਮਾਰਿਆ ਤੇ ਖਾਲੀ ਗਲਾਸ ਸੁੱਖੀ ਨੂੰ ਫੜਾਉਣ ਦੀ ਬਜਾਏ ਓਟੇ ਉੱਤੇ ਰੱਖਿਆ ਤਾਂ ਉਹ ਉਲਟ ਕੇ ਖੁਰੇ ਵਿਚ ਡਿੱਗ ਪਿਆ। ਉਸਨੇ ਮੋਢੇ 'ਤੇ ਰੱਖੇ ਸਾਫੇ ਨਾਲ ਮੂੰਹ ਹੱਥ ਪੂੰਝਿਆ ਤੇ ਬਰਾਂਡੇ ਵਿਚ ਡੱਠੇ ਮੰਜੇ 'ਤੇ ਜਾ ਲਿਟਿਆ।

ਰਾਤ ਦੇ ਰੋਟੀ ਟੁੱਕ ਤੋਂ ਬਾਅਦ ਜਦੋਂ ਨਿਆਣੇ ਆਪੋ ਆਪਣੇ ਥਾਹੀਂ ਕੋਠੇ 'ਤ ਜਾ ਸੁੱਤੇ ਤਾਂ ਜੁਗਿੰਦਰ ਕੌਰ ਤੇ ਨੱਥਾ ਸਿੰਘ ਵੀ ਵਿਹੜੇ ਵਿਚ, ਆਪੋ ਆਪਣੇ ਮੰਜਿਆਂ ਉੱਤੇ ਆ ਲਿਟੇ। ਜੁਗਿੰਦਰ ਕੌਰ ਨੇ ਆਪਣੇ ਮੰਜੇ 'ਤੇ ਪਈ ਪਈ ਨੇ ਨੱਥਾ ਸਿੰਘ ਨਾਲ ਦੁਪਹਿਰ ਵਾਲੀ ਗੱਲ ਫਿਰ ਛੇੜੀ ਤਾਂ ਨੱਥਾ ਸਿੰਘ ਬੋਲਿਆ, "ਆਹ ਤੇਰਾ ਲਾਡਲਾ ਕੁਲਤਰਨ, ਜਦੋਂ ਦਾ ਪੁਲਸ ਵਿਚ ਇਨਸਪੈਕਟਰ ਹੋਇਆ, ਇਕ ਲਾਲ ਪੈਸਾ ਘਰ ਨਈ ਭੇਜਿਆ।"

"ਉਹ ਕੀ ਕਰੇ।" ਜੁਗਿੰਦਰੋ ਨੇ ਮੁੰਡੇ ਦਾ ਪੱਖ ਪੂਰਦੀ ਨੇ ਕਿਹਾ, "ਉਹਦੀ ਆਪਣੀ ਕਬੀਲਦਾਰ ਜਿਉਂ ਆ। ਸੁੱਖ ਨਾਲ ਪਵਨੀ ਚੌਥੇ ਸਾਲ 'ਚ ਆ ਤੇ ਮਨੂੰ ਦੂਜੇ 'ਚ।"

"ਉਹਦਾ ਤੇ ਤਾਰੋ ਦਾ ਵਿਆਹ ਤਾਂ ਖੇਤ ਵੇਚ ਕੇ ਕਰ ਦਿੱਤਾ ਸੀ। ਹੁਣ ਸੱਤਾਂ ਖੇਤਾਂ ਦੀ ਆਮਦਨ ਤੇ ਐਡਾ ਟੱਬਰ!" ਨੱਥਾ ਸਿੰਘ ਬੋਲਦਾ ਬੋਲਦਾ ਚੁੱਪ ਹੋ ਗਿਆ ਤੇ ਫਿਰ ਅਟਕ ਕੇ ਬੋਲਿਆ, "ਸੋਚਦਾਂ, ਸੁੱਖੀ ਨੂੰ ਕਿਸੇ ਬਾਹਰੋਂ ਆਏ ਮੁੰਡੇ ਦੇ ਲੜ ਲਾ ਦਿਆਂ। ਇਦ੍ਹੇ ਪਿੱਛੇ ਬਾਕੀ ਟੱਬਰ ਵੀ ਬਾਹਰ ਨਿਕਲ ਜਾਊ। ਘਰ ਦਾ ਨਰਕ ਧੋਤਾ ਜਾਊ।"

"ਕਿਤਉਂ ਦਸ ਪਈ?"

"ਆਹ ਅੱਜ ਕਰਤਾਰਾ ਲੰਬੜ ਆਇਆ ਸੀ। ਕਹਿੰਦਾ ਸੀ ਉਸਦੇ ਮਾਮੇ ਦੇ ਮੁੰਡੇ ਦੇ ਸਾਲੇ ਦਾ ਮੁੰਡਾ ਇਗਲੈਂਡੋਂ ਆਇਆ। ਜਿਸਨੂੰ ਉਸਦੀ ਭੂਆ, ਛੋਟੇ ਹੁੰਦੇ ਨੂੰ ਮੁਤਬੰਨਾ ਬਣਾ ਕੇ ਵਲੈਤ ਲੈ ਗਈ ਸੀ। ਉਸ ਲਈ ਸੁੱਖੀ ਬਾਰੇ ਪੁੱਛਦਾ ਸੀ।"

"ਜੇ ਪੁੱਛਦਾ ਸੀ ਤਾਂ ਗੱਲ ਕਰ ਲੈਣੀ ਸੀ।" ਜੁਗਿੰਦਰੋ ਨੇ ਕਰਤਾਰੇ ਦੀ ਸਾਕਾਚਾਰੀ ਦੀ ਗੁੱਥੀ ਨੂੰ ਬਿਨਾਂ ਸੁਲਝਾਇਆਂ ਕਿਹਾ।

"ਤੈਨੂੰ ਪੁੱਛੇ ਬਿਨਾ!" "ਤੇਨਾ (ਤੇਰੇ ਨਾਲ) ਵੀ ਤਾਂ ਸਲਾਹ ਕਰਨੀ ਸੀ।" ਉਹ ਰੁਕ ਕੇ ਬੋਲਿਆ।

ਜੁਗਿੰਦਰ ਕੌਰ, ਆਪਣੇ ਪਤੀ ਦੇ ਮੂੰਹੋਂ, ਆਪਣੀ ਮਹੱਤਤਾ ਦੇ ਬੋਲ

ਸੁਣ ਕੇ ਮਨ ਹੀ ਮਨ ਇਤਰਾਈ ਤੇ ਉਸ ਵੱਲ ਮੂੰਹ ਕਰਦੀ ਪਿਆਰ ਭਰੇ ਲਹਿਜੇ ਵਿਚ ਬੋਲੀ, "ਮੈਂ ਤਾਂ ਤੇਰੇ ਨਾਲੇ ਈ ਆਂ।"

"ਸੁੱਖੀ ਨੂੰ ਵੀ ਤਾਂ ਪੁੱਛਣਾ।"

"ਉਹਨੂੰ ਮੈਂ ਆਪੇ ਪੁੱਛ ਲਊਂਗੀ ਤੂੰ ਗੱਲ ਕਰ।"

"ਜੇ ਉਹ ਨਾ ਮੰਨੀ ਤਾਂ?"

"ਮੈਂ ਆਪੇ ਮਨਾ ਲਊਂਗੀ।" ਜੁਗਿੰਦਰੋ ਨੇ ਕਿਹਾ, "ਤੂੰ ਕਰਤਾਰੇ ਨਾ ਮੁੰਡੇ ਕੁੜੀ ਨੂੰ ਦੇਖ-ਦਖੌਣ ਦੀ ਗੱਲ ਛੇੜ।"

"ਕਲ੍ਹ ਮੁੰਡੇ ਨੇ ਸ਼ਹਿਰ ਆਉਣਾ। ਸੁੱਖੀ ਨੂੰ ਕਾਲਜ ਔਂਦੀ ਜਾਂਦੀ ਨੂੰ ਉਹ ਦਿਖਾ ਦੇਉਗਾ। ਇੱਦਾਂ ਨਾ ਤਾਂ ਕਿਸੇ ਨੂੰ ਸ਼ੱਕ ਪਊਗਾ ਤੇ ਨਾ ਈ ਪਤਾ ਲੱਗੂਗਾ।"

"ਫੇ ਤਾਂ ਠੀਕ ਆ।"

"ਲੈ ਦੇਖ ਲੈ ਕਿੱਦਾਂ ਦਾ ਸਮਾਂ ਆ ਗਿਆ।" ਨੱਥਾ ਸਿੰਘ ਨੇ ਵੀ ਆਪਣੀ ਪਤਨੀ ਵੱਲ ਨੂੰ ਪਾਸਾ ਲੈਂਦੇ ਨੇ ਕਿਹਾ।

"ਕਾਹਦਾ?"

"ਨਿਆਣਿਆਂ ਨੂੰ ਪੁੱਛਣ ਦਾ। ਦੇਖਣ ਦਖੌਣ ਦਾ।" ਨੱਥਾ ਸਿੰਘ ਬੋਲਿਆ।

"ਸਾਨੂੰ ਤਾਂ ਕਿਸੇ ਨੇ ਇਹ ਵੀ ਨਈ ਸੀ ਪੁੱਛਿਆ, "ਤੂੰ ਵਿਆਹ ਕਰੌਣਾ?""

"ਫੜ ਕੇ ਲਾਮਾਂ 'ਤੇ ਬਠਾਲ ਦਿੱਤਾ।" ਨੱਥਾ ਸਿੰਘ ਨੇ ਉਸਦਾ ਵਾਕ ਪੂਰਾ ਕਰਦੇ ਨੇ ਕਿਹਾ ਤੇ ਉਸਦੀ ਬਾਂਹ ਨੂੰ ਹੱਥ ਲਾਇਆ।

"ਬਲੀ ਦੇ ਬਕਰੇ ਵਾਂਗੂੰ।" ਜੁਗਿੰਦਰੋ ਬੋਲੀ।

"ਪਰ ਕਰਤਾਰਾ ਆਪਣੇ ਨਾਲ ਲਗਦਾ ਖੇਤ ਮੰਗਦਾ।" ਨੱਥਾ ਸਿੰਘ ਨੇ ਆਪਣੀ ਤੀਵੀਂ ਦੇ ਅੱਛੇ ਮੂਡ ਨੂੰ ਤਾੜਦੇ ਨੇ ਕਿਹਾ।

"ਪਹਿਲੋਂ ਕੁੜੀ ਦੀ ਗੱਲ ਪੱਕੀ ਕਰ। ਖੇਤ ਬਾਰੇ ਫੇ ਸੋਚੀਂ।" ਜੁਗਿੰਦਰੋ ਨੇ ਆਪਣੇ ਪਤੀ ਦੇ ਹੱਥ ਥੱਲਿਉਂ ਬਾਂਹ ਕੱਢ ਕੇ ਉਸ ਵੱਲ ਪਿੱਠ ਕਰਦੀ ਨੇ ਕਿਹਾ, "ਹੁਣ ਸੌਣ ਦੇ। ਕਹਿੰਦੇ ਆ ਰਾਤ ਦੀ ਕੀਤੀ ਸਲਾਹ ਮਾੜੀ ਹੁੰਦੀ ਆ।"

ਦੂਜੇ ਦਿਨ ਜਦੋਂ ਸੁੱਖੀ ਕਾਲਜ ਖ਼ਤਮ ਹੋਣੇ 'ਤੇ ਸਾਈਕਲ ਲੈ ਕੇ ਨਿਕਲੀ ਤਾਂ ਗੇਟ ਮੋਹਰੇ ਟਾਲ੍ਹੀ ਥੱਲੇ ਕਰਤਾਰੇ ਲੰਬੜ ਨੂੰ ਇਕ ਗੋਰੇ ਚਿੱਟੇ ਮੁੰਡੇ ਨਾਲ ਖੜ੍ਹਾ ਦੇਖਕੇ ਕੁਝ ਹੈਰਾਨ ਜਿਹੀ ਹੋਈ। ਉਹ ਕਰਤਾਰੇ ਨੂੰ ਬੇਧਿਆਨਾ ਕਰ ਕੇ ਸਾਈਕਲ 'ਤੇ ਚੜ੍ਹਨ ਹੀ ਲੱਗੀ ਸੀ ਕਿ ਕਰਤਾਰੇ ਨੇ ਸੁੱਖੀ ਨੂੰ, "ਕੁੜੇ ਗੁੱਡੋ" ਕਹਿ ਕੇ ਆਵਾਜ਼ ਮਾਰੀ ਤੇ ਪੁੱਛਿਆ, "ਤੂੰ ਨੱਥਾ ਸੂੰਹ ਨੂੰ ਦੇਖਿਆ।"

"ਨਈਂ ਚਾਚਾ।" ਆਖ ਕੇ ਅੱਗੇ ਪੁੱਛਿਆ, "ਕੀ ਭਾਪੇ ਨੇ ਆਉਣਾ ਸੀ?"

"ਆਹੋ ਕਹਿੰਦਾ ਸੀ ਤੇਰੇ ਕਾਲਜ ਕੋਈ ਕੰਮ ਆ। ਫੀਸਾਂ ਫੂਸਾਂ ਜਮ੍ਹਾਂ

ਕਰੌਣ ਦਾ।"

"ਉਹ ਤਾਂ ਮੈਂ ਕੱਲ੍ਹ ਕਰਵਾ ਦਿੱਤੀ ਸੀ।"

"ਅੱਛਾ! ਤਾਂ ਫੇ ਮੈਨੂੰ ਈ ਭੁਲੇਖਾ ਲੱਗਾ ਹੋਣਾ।" "ਚੰਗਾ ਤੂੰ ਚੱਲ, ਧੁੱਪ ਚੜ੍ਹੀ ਜਾਂਦੀ ਆ।"

ਸੁੱਖੀ ਨੂੰ, ਕਰਤਾਰੇ ਲੰਬੜ ਦਾ ਕਿਸੇ ਗ਼ੈਰ ਮਰਦ ਨੂੰ ਲੈ ਕੇ ਉਸ ਨਾਲ ਗੱਲਾਂ ਕਰਨ ਦਾ ਮਕਸਦ, ਦੁਪਹਿਰ ਨੂੰ ਤਾਂ ਸਮਝ ਨਾ ਆਇਆ ਪਰ ਸ਼ਾਮ ਨੂੰ ਮਾਂ ਨਾਲ ਜੰਗਲ ਪਾਣੀ ਗਈ ਤਾਂ ਚੰਗੀ ਤਰ੍ਹਾਂ ਸਮਝ ਪੈ ਗਿਆ ਜਦੋਂ ਮਾਂ ਨੇ ਪੁੱਛਿਆ, "ਤੈਨੂੰ ਮੁੰਡਾ ਕਿੱਦਾਂ ਲੱਗਾ?"

"ਕਿਹੜਾ ਮੁੰਡਾ?"

"ਉਹੀ ਜਿਹੜਾ ਕਰਤਾਰੇ ਨਾਲ ਤੈਨੂੰ ਦੇਖਣ ਗਿਆ ਸੀ।"

"ਤਾਂ ਫੇ ਕਰਤਾਰਾ ਮੈਨੂੰ ਦਖਾਉਣ ਆਇਆ ਸੀ!" ਸੁੱਖੀ ਨੇ ਮਨ ਵਿਚ ਕਿਹਾ। ਸੁੱਖੀ ਨੇ ਇਕ ਛਿਣ ਲਈ ਉਸ ਮੁੰਡੇ ਦਾ ਆਕਾਰ ਮਨ ਦੇ ਪਰਦੇ 'ਤੇ ਉਭਾਰਿਆ। ਉਸਦੇ ਨੈਣ ਨਕਸ਼ ਡੀਲ ਡੌਲ ਦਾ ਪੂਰਨ ਜਾਇਜ਼ਾ ਲਿਆ ਤੇ ਬੋਲੀ, "ਪਤਾ ਨਈਂ। ਮੈਂ ਕਿਹੜਾ ਉਹਨੂੰ ਧਿਆਨ ਨਾਲ ਦੇਖਿਆ।" ਉਹ ਰੁਕ ਕੇ ਬੋਲੀ, "ਨਾਲੇ ਮੈਨੂੰ ਕਿਹੜਾ ਪਤਾ ਸੀ ਉਹ ਮੈਨੂੰ ਦੇਖਣ ਆਇਆ।"

"ਵਲੈਤੋਂ ਆਇਆ। ਜੇ ਤੂੰ ਹਾਂ ਕਰ ਦੇਵੇਂ ਤਾਂ ਘਰ ਦਾ ਨਰਕ ਧੋਤਾ ਜਾਊ।"

"ਮੈਂ ਤਾਂ ਹਾਲੇ ਪੜ੍ਹਨਾ। ਜੇ ਤੁਸੀਂ ਨਈ ਪੜ੍ਹਾ ਸਕਦੇ ਤਾਂ ਮੈਂ ਭਾ ਜੀ ਨੂੰ ਪੁੱਛ ਲੈਂਦੀ ਆਂ।" ਸੁੱਖੀ ਨੇ ਕੁਝ ਸੋਚ ਕੇ ਜਵਾਬ ਦਿੱਤਾ।

"ਉਹਦੇ ਤਾਂ ਸਿਰ 'ਚ ਜੂਆਂ ਵੀ ਨਈ।" ਜੁਗਿੰਦਰੋ ਰੁਕ ਕੇ ਬੋਲੀ, "ਆਪਣਾ ਗੁਜਾਰਾ ਮਸਾਂ ਕਰਦਾ, ਤੈਨੂੰ ਕਿੱਥੋਂ ਪੜ੍ਹਾਊ।"

"ਮੇਰਾ ਕਿਹੜਾ ਐਡਾ ਖਰਚ ਆ।" ਸੁੱਖੀ ਦਾ ਕਹਿਣ ਨੂੰ ਜੀ ਕੀਤਾ, "ਇਕ ਲਾ ਪਾ ਕੇ ਕਾਲਜ ਦੀ ਫ਼ੀਸ ਆ ਤੇ ਕੁਝ ਕਿਤਾਬਾਂ ਦਾ ਖਰਚ। ਰੋਟੀ ਮੈਂ ਘਰੋਂ ਖਾਂਦੀ ਆਂ।" ਪਰ ਉਸਨੇ ਨਾ ਕਿਹਾ।

ਸਵੇਰੇ ਜਦੋਂ ਉਹ ਕਾਲਜ ਪਹੁੰਚੀ ਤਾਂ ਉਹ ਵਲੈਤੀਆ, ਟਾਲ੍ਹੀ ਥੱਲੇ, ਉੱਥੇ ਹੀ ਖੜਾ ਸੀ ਜਿੱਥੇ ਉਹ ਉਸਨੂੰ ਕੱਲ੍ਹ ਛੱਡ ਕੇ ਗਈ ਸੀ। ਸੁੱਖੀ ਨੇ ਹੁਣ ਉਸਨੂੰ ਸਿਰ ਤੋਂ ਪੈਰਾਂ ਤਕ ਦੇਖਿਆ। ਸਿਰ 'ਤੇ 'ਕਾਓ ਬ੍ਰਆਇਆਂ' ਵਾਲਾ 'ਸਟਰਾਅ ਹੈਟ'। ਜਿਸ ਦੀ ਜਾਲੀ ਵਿੱਚੀਂ ਚਾਨਣ ਛਣ ਕੇ ਉਸਦੇ ਚਿਹਰੇ 'ਤੇ ਪੈ ਰਿਹਾ ਸੀ। ਅੱਖਾਂ 'ਤੇ ਧੁੱਪ ਦੀਆਂ ਕਾਲੀਆਂ ਐਨਕਾਂ। ਹੱਥ ਲਾਇਆਂ ਮੈਲਾ ਹੁੰਦਾ ਦੁੱਧ ਚਿੱਟਾ ਰੰਗ। ਇਕਹਿਰਾ ਸਰੀਰ। ਲੰਮ-ਸਲੰਮਾ। ਪਰ ਉਸਦਾ ਪਹਿਲਾ ਪੀਰੀਅਡ ਸ਼ੁਰੂ ਹੋਣ ਵਾਲਾ ਸੀ। ਉਹ ਕਹਾਲੀ ਨਾਲ ਹੋਰਨਾਂ ਕੁੜੀਆਂ ਦੇ ਗਰੋਹ ਵਿਚ ਉਸਦੇ ਕੋਲ ਦੀਂ ਲੰਘ ਗਈ। ਕਾਲਜ ਖ਼ਤਮ ਹੋਇਆ ਤਾਂ ਉਹ ਫਿਰ ਉੱਥੇ ਖੜ੍ਹਾ ਸੀ।

ਇਸ ਤਰ੍ਹਾਂ ਦੋ ਤਿੰਨ ਦਿੰਨ ਲੰਘ ਗਏ। ਉਸੇ ਹਫ਼ਤੇ ਦੇ ਸ਼ਨਿਚਰਵਾਰ

ਤ੍ਰਕਾਲਾਂ ਨੂੰ ਕਰਤਾਰਾ, ਇਕ ਜਨਾਨੀ ਨੂੰ ਲੈ ਕੇ ਸੁੱਖੀ ਹੁਣਾਂ ਦੇ ਘਰ ਆਇਆ। ਉਹ ਕੀਮਤੀ ਦੇਸੀ ਸੂਟ ਤੇ ਸੋਨੇ ਨਾਲ ਲੱਦੀ ਹੋਈ ਸੀ। ਵੀਣੀ ਵਿਚ ਮੋਟੇ ਮੋਟੇ ਸੋਨੇ ਦੇ ਗੋਕੜੂ ਤੇ ਕੂਹਣੀ ਤਕ ਗੰਗਾਂ। ਅੱਖਾਂ 'ਤੇ ਸੋਨੇ ਦੇ ਫ਼ਰੇਮ ਦੀਆਂ ਧੁੱਪ ਦੀਆਂ ਐਨਕਾਂ। ਜਿਨ੍ਹਾਂ ਨੂੰ ਡਿੱਗਣ ਤੋਂ ਬਚਾਉਣ ਲਈ, ਸੋਨੇ ਦੀ ਜ਼ੰਜੀਰੀ ਕੰਨਾਂ ਉੱਪਰਦੀਂ ਲਟਕ ਰਹੀ ਸੀ। ਸਰੀਰ ਦੀ ਭਾਰੀ। ਥਲਕ ਥਲਕ ਕਰ ਕੇ ਤੁਰਦੀ। ਜਦੋਂ ਤੁਰਦੀ ਤਾਂ ਐਦਾਂ ਲਗਦਾ ਜਿਵੇਂ ਧਰਤੀ ਮਸਾਂ ਭਾਰ ਝੱਲਦੀ ਹੋਵੇ। ਚਾਲ ਢਾਲ ਤੇ ਬੋਲ ਚਾਲ ਤੋਂ ਉਹ ਵਲੈਤੋਂ ਆਈ ਲਗਦੀ ਸੀ। ਕਿਉਂਕਿ ਜਦੋਂ ਵੀ ਉਹ ਕੋਈ ਗੱਲ ਕਰਦੀ ਤਾਂ ਵਿਚ ਵਿਚ ਅੰਗੇਰਜ਼ੀ ਦੇ ਪੰਜਾਬੀਕਰਨ ਕੀਤੇ ਸ਼ਬਦ, 'ਚੇਰ, ਟੇਬਲਾ, ਬਿੰਡਾ, ਫ਼ੇਨ ਆਦਿ ਸ਼ਬਦ ਬੋਲਦੀ।

ਚਾਹ ਪਾਣੀ ਤੋਂ ਬਾਅਦ ਉਸਨੇ ਸੁੱਖੀ ਨੂੰ ਬੈਠਕ ਵਿਚ ਬੁਲਵਾਇਆ, ਸੌ ਦਾ ਨੋਟ ਕੱਢਕੇ ਉਸ ਦੇ ਹੱਥ ਤੇ ਰੱਖਦੀ ਬੋਲੀ, "ਲੈ ਧੀਏ ਸਗਨ। ਤੇਰੀ ਵਿੱਸ਼ ਆ ਹਾਂ ਕਰਦੇ ਤੇਰੀ ਵਿੱਸ਼ ਆ ਨਾ ਕਰਦੇ। ਪਰ, ਇਕ ਗੱਲ ਟੈਲ ਦਿਆਂ, ਮੇਰੇ ਸੋਖੇ ਨੇ ਤੇਥੋਂ ਬਿਨਾਂ ਕਿਸੇ ਹੋਰ ਨਾਲ ਮੈਰਿਜ਼ ਨੀ ਕਰੌਣਾ।"

ਫਿਰ ਨੱਥਾ ਸਿੰਘ ਤੇ ਜੁਗਿੰਦਰ ਕੌਰ ਨੂੰ ਸੰਬੋਧਨ ਕਰਕੇ ਬੋਲੀ, "ਦੀਵੇ ਬੱਟ ਦਾ ਵੇਲਾ।" ਉਸਨੇ ਛੁੱਪਦੇ ਸੂਰਜ ਵੱਲ ਹੱਥ ਕਰਦੀ ਨੇ ਕਿਹਾ, "ਸਾਨੂੰ ਦਾਜ ਦਾਨ ਦੀ ਕੋਈ ਲੋੜ ਨਈਂ। ਤਿੰਨਾਂ ਕੱਪੜਿਆਂ ਵਿਚ ਕੁੜੀ ਤੋਰ ਦਿਉ, ਮੈਨੂੰ ਮਨਜ਼ੂਰ ਆ।" ਉਹ ਰੁੱਕ ਕੇ ਬੋਲੀ, "ਜੇ ਕਹੋਂ ਤਾਂ ਸੁਖਵਿੰਦਰ ਦੀ ਜੰਞ ਨੈਕਸਟ ਵੀਕੇ ਲੈ ਆਵਾਂ। ਦੱਸੋ ਕਿੱਦਨ?" ਸੁਖਵਿੰਦਰ ਦੀ ਭੂਆ, ਮਾਇਆ ਦੇਈ, ਜੋ ਹੁਣ ਉਸਦੀ ਧਰਮ ਦੀ ਮਾਂ ਸੀ ਨੇ ਜਦੋਂ ਐਨਾ ਕਿਹਾ ਤਾਂ ਕਰਤਾਰੇ ਨੇ ਨੱਥਾ ਸਿੰਘ ਵੱਲ ਦੇਖਿਆ।

"ਕੁੜੀ ਦੀ ਹਾਂ ਤੋਂ ਬਿਨਾਂ ਕਿਵੇਂ ਹਾਂ ਕਰ ਸਕਦਾਂ।" ਨੱਥਾ ਸਿੰਘ ਬੋਲਿਆ, "ਕੁਝ ਸੋਚਣ ਦਾ ਮੌਕਾ ਤਾਂ ਦਿਉ।" ਉਹ ਰੁਕ ਕੇ ਬੋਲਿਆ, "ਐਨੀ ਛੇਤੀ ਸਾਕ ਸਬੰਧੀਆਂ ਨੂੰ ਸੱਦਣਾ। ਚਲੋਅ ਦਾਜ ਦਾਨ ਤਾਂ ਨਾ ਸਹੀ, ਰੋਟੀ ਪਾਣੀ ਦਾ ਪ੍ਰਬੰਧ ਤਾਂ ਕਰਨਾ!" ਨੱਥਾ ਸਿੰਘ ਰੁਕ ਕੇ ਬੋਲਿਆ, "ਕੁਝ ਔਖਾ ਈ ਲਗਦਾ।"

"ਉਹਦਾ ਤੂੰ ਫਿਕਰ ਨਾ ਕਰ।" ਕਰਤਾਰਾ ਬੋਲਿਆ, "ਆਪਾਂ ਸ਼ਹਿਰੋਂ ਹਲਵਾਈ ਸੱਦ ਲਾਂਗੇ।"

"ਪਰ ਕੁੜੀ ...।"

"ਉਦ੍ਹੇ ਲਈ ਦੋ ਦਿਨ ਲੈ ਲਉ। ਪਰ ਮੈਂ ਨਾਂਹ ਨਈ ਸੁਣੀ।" ਆਖ ਮਾਇਆ ਦੇਈ ਉੱਠੀ ਤੇ ਬੈਠਕ ਦੇ ਦਰ ਵੱਲ ਵੱਧੀ।

"ਹੁਣ ਰੋਟੀ ਟੁਕ ਦਾ ਵੇਲਾ ਭੈਣ ਜੀ। ਖਾ ਕੇ ਜਾਇਉ।" ਜੁਗਿੰਦਰੋ ਨੇ ਮਾਇਆ ਦੇਈ ਨੂੰ ਬਾਂਹ ਤੋਂ ਫੜਦੀ ਨੇ ਕਿਹਾ।

"ਹੁਣ ਤਾਂ ਜੰਞ ਨਾਲ ਈ ਖਾਊਂਗੀ।"

ਸੁੱਖੀ ਨੂੰ ਹੁਣ, ਮੁੰਡੇ ਦੇ ਨਾਂ, ਉਸਦੀ ਤੇ ਉਸਦੀ ਧਰਮ ਦੀ ਮਾਂ "ਭੂਆ"

ਦੀ ਜ਼ਿਦ ਦਾ ਪਤਾ ਲੱਗ ਗਿਆ। ਉਸਨੇ ਸੌ ਦਾ ਨੋਟ ਮਾਂ ਨੂੰ ਫੜਾਇਆ ਤੇ ਆਪ ਚੁੱਪ ਚਾਪ ਬਾਹਰ ਵਿਹੜੇ ਵਿਚ ਚਲੇ ਗਈ।

ਉਹ ਐਤਵਾਰ ਸਾਰਾ ਦਿਨ, ਆਪਣੇ ਪਿਉ ਦੀ ਕਬੀਲਦਾਰੀ ਤੇ ਆਪਣੇ ਭਵਿੱਖ ਬਾਰੇ ਮਾਂ ਦੀਆਂ ਨਸੀਹਤਾਂ ਸੁਣਦੀ ਰਹੀ ਤੇ ਸੋਚਦੀ ਰਹੀ। ਵਿਚ ਵਿਚ ਉਸਨੂੰ ਇੱਦਾਂ ਵੀ ਲੱਗਦਾ ਜਿਵੇਂ ਉਹ ਟੱਬਰ ਦੀ ਬਿਹਤਰੀ ਲਈ ਬਲ਼ੀ ਦਾ ਬੱਕਰਾ ਬਣਾਈ ਜਾ ਰਹੀ ਹੋਵੇ।

ਉਸਨੇ, ਸੁਖਵਿੰਦਰ ਦੀ ਜ਼ਿਦ ਨੂੰ ਲੈ ਕੇ ਆਪਣੇ ਰੂਪ ਬਾਰੇ ਸੋਚਿਆ, ਜਿਸ ਵੱਲ ਉਸਨੇ ਕਦੀ ਧਿਆਨ ਹੀ ਨਹੀਂ ਸੀ ਦਿੱਤਾ। ਦਿੱਤਾ ਤਾਂ ਸੀ ਪਰ ਵਿਆਹ ਪੱਖੋ ਕਦੀ ਨਹੀਂ ਸੀ ਸੋਚਿਆ। ਦਿਨ ਵਿਚ ਕਈ ਵਾਰ ਮਾਂ ਤੋਂ ਚੋਰੀ, ਬੈਠਕ ਵਿਚ ਲੱਗੇ ਵੱਡੇ ਸ਼ੀਸ਼ੇ ਅੱਗੇ ਖੜ੍ਹ ਕੇ ਆਪਣੇ ਆਪ ਨੂੰ ਨਿਹਾਰਿਆ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਉਸ ਕੋਲ ਵੀ ਕੋਈ ਅਨਮੋਲ ਨਿਧਾਨ ਹੈ। ਸੁੱਖਾ ਐਵੇਂ ਹੀ ਨਹੀਂ ਉਸ 'ਤੇ ਲੱਟੂ ਹੋਇਆ ਫਿਰਦਾ।

ਸੋਮਵਾਰ ਜਦੋਂ ਉਹ ਕਾਲਜ ਨੂੰ ਜਾਣ ਲੱਗੀ ਤਾਂ ਮਾਂ ਦੇ, "ਕੀ ਜਵਾਬ ਦੇਈਏ ਸੁੱਖੀ?" ਪੁੱਛਣ 'ਤੇ ਬੋਲੀ, "ਬੀਬੀ, ਮੈਂ ਤੈਨੂੰ ਕਾਲਜੋਂ ਆ ਕੇ ਦੱਸਦੀ ਆਂ।"

"ਕਿਉਂ, ਉੱਥੇ ਕਿਸੇ ਨਾਲ ਸਲਾਹ ਕਰਨੀ ਆਂ।"

"ਆਹੋ।"

ਆਹੋ ਦਾ ਸ਼ਬਦ ਸੁਣ ਕੇ ਜੁਗਿੰਦਰ ਕੌਰ ਦਾ ਮੱਥਾ ਠਣਕਿਆ ਤੇ ਬੋਲੀ, "ਕੀ ਤੇਰੇ ਕਿਸੇ ਨਾਲ ਸੰਬੰਧ ਆ?"

ਸੁੱਖੀ ਨੇ ਮਾਂ ਵੱਲ ਹੈਰਾਨੀ ਨਾਲ ਦੇਖਿਆ ਤੇ ਅਟਕ ਕੇ ਹੱਸ ਕੇ ਬੋਲੀ, "ਜੇ ਹੋਇਆ ਵੀ ਤਾਂ ਤੁਸੀਂ ਕਿਹੜਾ ਉੱਥੇ ਵਿਆਹ ਕਰਨ ਦੇਣਾ।" ਆਖ ਕੇ ਕਾਲਜ ਨੂੰ ਚਲੇ ਗਈ।

ਕਾਲਜ ਪਹੁੰਚੀ ਤਾਂ ਦੇਖਿਆ ਸੁਖਵਿੰਦਰ ਅੱਜ ਵੀ ਚਾਹ ਵਾਲੇ ਖੋਖੇ ਕੋਲ ਟਾਲ੍ਹੀ ਥੱਲੇ ਖੜਾ ਸੀ। ਸੁੱਖੀ ਇਹ ਹੀ ਦੇਖਣਾ ਚਾਹੁੰਦੀ ਸੀ। ਉਸਨੇ ਆਪਣੀ ਗੂੜ੍ਹੀ ਸਹੇਲੀ ਇੰਦੂ ਨਾਲ ਗੱਲ ਕੀਤੀ। ਇੰਦੂ ਚਾਹ ਵਾਲੇ ਖੋਖੇ ਨਾਲ, ਕਿਤਾਬਾਂ ਦੀ ਦੁਕਾਨ ਤੋਂ ਕੁਝ ਲੈਣ ਦੇ ਬਹਾਨੇ ਉਸਨੂੰ ਦੇਖਣ ਗਈ ਤੇ ਦੇਖਕੇ ਆ ਕੇ ਬੋਲੀ, "ਨੀ ਉਹ ਤਾਂ ਪੂਰਾ ਅੰਗਰੇਜ ਲਗਦਾ। ਜੇ ਤੂੰ ਨੀ ਕਰਾਉਣਾ ਤਾਂ ਮੈਂ ਕਰਾ ਲਵਾਂ।"

ਕਾਲਜ ਖ਼ਤਮ ਹੋਇਆ ਤਾਂ ਇੰਦੂ ਸੁੱਖੀ ਨੂੰ ਲੈ ਕੇ ਸੁਖਵਿੰਦਰ ਕੋਲ ਗਈ ਤੇ ਪੁੱਛਿਆ, "ਕੀ ਤੂੰ ਸੁੱਖੀ ਲਈ ਐਥੇ ਖੜ੍ਹਾਂ ਜਾਂ ਐਵੀਂ ਦਿਲ ਸੁੱਟ ਆਸ਼ਿਕ ਬਣੀ ਫਿਰਦਾਂ?" ਇੰਦੂ ਨੇ ਆਪਣੀ ਬੇ-ਬਾਕ ਆਦਤ ਤੋਂ ਮਜਬੂਰ ਹੋ ਕੇ ਪੁੱਛਿਆ।

"ਨਈਂ, ਸੁੱਖੀ ਲਈ।" ਸੁੱਖੇ ਨੇ ਬੜੀ ਨਿਡਰਤਾ ਨਾਲ ਕਿਹਾ।

"ਨਾ ਜੇ ਇਹ ਗੱਲ ਆ ਤਾਂ ਇਹ ਨੂੰ ਸਿੱਧਾ ਕਿਉਂ ਨਈ ਪੁੱਛਦਾ?"

“ਐਨੇਂ ਦਿਨਾਂ ਦਾ ਐਥੇ ਖੜਾਂ ਕਿਤੇ ਸੁੱਕ ਕੇ ਕਾਨਾ ਈ ਨਾ ਹੋ ਜਾਈਂ।” ਇੰਦੂ ਨੇ ਫਿਰ ਬੜੀ ਅਦਾ ਨਾਲ ਕਿਹਾ।

“ਪੁੱਛਾਂ ਤਾਂ ਤਦ ਜੇ ਇਹਨੂੰ ਪਤਾ ਨਾ ਹੋਵੇ।” ਸੁੱਖੀ ਨੇ ਵੀ ਬੇ-ਬਾਕੀ ਤੋਂ ਕੰਮ ਲਿਆ।

“ਪਰ ਮੇਰੀਆਂ ਵੀ ਕੁਝ ਸ਼ਰਤਾਂ।” ਹੁਣ ਸੁੱਖੀ ਨੇ ਵੀ ਆਪਣੇ ਮਨ ਦੀ ਗੱਲ ਕਹਿਣ ਲਈ ਝਿਜਕਦੀ ਝਿਜਕਦੀ ਨੇ ਮੂੰਹ ਖੋਲ੍ਹਿਆ।

“ਤੂੰ ਇਕ ਵਾਰੀ ਹਾਂ ਤਾਂ ਕਰ, ਮੈਂ ਇਕ ਕੀ, ਹਜ਼ਾਰ ਸ਼ਰਤਾਂ ਪੂਰੀਆਂ ਕਰਨ ਨੂੰ ਤਿਆਰ ਆਂ।” ਸੁੱਖਾ ਰੁਕ ਕੇ ਬੋਲਿਆ, “ਫੇ ਕਹੇਂ ਤਾਂ ਸਾਰੀ ਉਮਰ ਤੇਰੀ ਗ਼ੁਲਾਮੀ ਕਰੂੰ।” ਸੁੱਖੇ ਨੇ ਆਪਣਾ ਮਨ ਖੋਲ੍ਹ ਕੇ ਸੁੱਖੀ ਅੱਗੇ ਰੱਖ ਦਿੱਤਾ।”

“ਜੇ ਇਹ ਗੱਲ ਆ ਤਾਂ ਕੱਲ੍ਹ ਤੋਂ ਇੱਥੇ ਨਾ ਆਈਂ।” ਸੁੱਖੀ ਨੇ ਕਿਹਾ।

“ਕਿਉਂ ?”

“ਸਾਡੀ ਵੀ ਕੋਈ ਇੱਜ਼ਤ ਆ।”

“ਫੇ ਕਿੱਥੇ ਜਾਵਾਂ ?”

ਸੁੱਖੀ, ਕਹਿਣ ਲਈ ਕੁਝ ਸੋਚ ਰਹੀ ਸੀ ਕਿ ਐਨਾ ਨੂੰ ਇੰਦੂ, “ਮਾਂ ਦੀ ਕੱਛ ਵਿਚ।” ਆਖਕੇ ਹੱਸ ਪਈ ਤਾਂ ਸੁੱਖੀ ਨੇ ਉਸਦੇ ਦੁਹੱਥੜ ਮਾਰੀ ਤੇ, “ਦੁਰ ਫਿਟੇ ਮੂੰਹ” “ਬੇਸ਼ਰਮ ਕਿਸੇ ਥਾਂ ਦੀ ਨਾ ਹੋਵੇ ਤਾਂ।” ਕਿਹਾ।”

ਹੁਣ ਉੱਥੋਂ ਲੰਘਦੀਆਂ ਕਾਲਜ ਦੀਆਂ ਕੁੜੀਆਂ, ਉਨ੍ਹਾਂ ਨੂੰ ਹੱਸਦੀਆਂ ਤੇ ਸੁੱਖੇ ਨਾਲ ਗੱਲਾਂ ਕਰਦੀਆਂ ਨੂੰ ਦੇਖ, ਖੜ੍ਹਨ ਲੱਗ ਪਈਆਂ। ਦੋ ਚਹੁੰ ਨੇ ਤਾਂ ਰੁਕ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਦੀ ਕੋਸ਼ਿਸ਼ ਵੀ ਕੀਤੀ। ਪਰ, ਇੰਦੂ ਦੇ ਸੁਭਾਅ ਨੂੰ ਜਾਣਦੀਆਂ, ਛਿਣ ਕੁ ਰੁਕਦੀਆਂ ਤੇ ਤੁਰ ਪੈਂਦੀਆਂ।

ਅਗਲੇ ਦਿਨ ਸਾਰੇ ਕਾਲਜ ਵਿਚ ਰੌਲਾ ਪੈ ਗਿਆ ਕਿ, ਟਾਲ੍ਹੀ ਥੱਲਾ ਚਾਹ ਵਾਲੇ ਖੋਖੇ ਕੋਲ ਜਿਹੜਾ ਮੁੰਡਾ ਖੜ੍ਹਾ ਹੁੰਦਾ ਸੀ, ਸੁੱਖੀ ਦਾ ਆਸ਼ਕ ਆ। ਫਿਰ ਇਹ ਗੱਲ ਫੈਲੀ ਕਿ ਸੁੱਖੀ ਦਾ ਵਿਆਹ ਵਲੈਤੋਂ ਆਏ ‘ਦੇਸੀ ਗੋਰੇ’ ਨਾਲ ਹੋ ਰਿਹਾ ਜੋ ਚਾਹ ਵਾਲੇ ਖੋਖੇ ਕੋਲ ਟਾਲ੍ਹੀ ਥੱਲੇ ਖੜ੍ਹਾ ਰਹਿੰਦਾ ਸੀ। ਦੋ ਕੁ ਹਫ਼ਤਿਆਂ ਵਿਚ ਸੁੱਖੀ ਦਾ ਕਾਲਜ ਛੁੱਟ ਗਿਆ। ਜਿਸ ਦਿਨ ਉਸਦਾ ਵਿਆਹ ਹੋਇਆ, ਲਾਵਾਂ ਤੋਂ ਕੋਈ ਅੱਧੇ ਘੰਟੇ ਬਾਅਦ ਸੌਣ ਦਾ ਪਹਿਲਾ ਮੀਂਹ ਪਿਆ। ਜਾਂਜੀਆਂ ਨੇ ਰੋਟੀ ਚੋਂਦੀ ਚਾਨਣੀ ਤੋਂ ਬਚ ਬਚ ਕੇ ਖਾਧੀ। ਖਾਸ ਕਰ ਕੇ ਧਰਮ ਦੀ ਮਾਂ ਭੂਆ ਨੇ ਤਾਂ ਬੈਠਕ ਵਿਚ ਹੀ ਖਾਧੀ।

ਡੋਲੀ ਤੁਰੀ ਤਾਂ ਬਾਰਸ਼ ਬੰਦ ਹੋ ਗਈ। ਸੁੱਖੀ ਸਹੁਰੇ ਪਿੰਡ ਪਹੁੰਚੀ ਤਾਂ ਬੱਸ ਡਰਾਈਵਰ ਨੇ ਰੱਬ ਦਾ ਸ਼ੁਕਰ ਕੀਤਾ। ਅਗਲੇ ਦਿਨ ਜਠੇਰਿਆਂ, ਗੁਰਦੁਆਰੇ, ਸ਼ਿਵਾਲੇ ਆਦਿ ਥਾਵਾਂ ’ਤੇ ਮੱਥਾ ਟੇਕਣ ਵੇਲੇ ਵੀ ਬਾਰਸ਼ ਨਾ ਹੋਈ। ਪਰ ਗਲੀਆਂ ਤੇ ਰਾਹਾਂ ਦੇ ਚਿੱਕੜ ਤੇ ਘੁੰਡ ਨੇ ਸੁੱਖੀ ਦੀ ਸੁਰਤ ਮਾਰ ਛੱਡੀ। ਜਦੋਂ ਘੁੰਡ ਚੁਕਾਈ, ਮੂੰਹ ਦਿਖਾਈ, ਗੁਣੇ ਤੇ ਕੰਗਣ ਖੇਡਣ ਦੀਆਂ ਰਸਮਾਂ ਖ਼ਤਮ ਹੋਈਆਂ

ਤਾਂ ਬਰਸਾਤ ਸ਼ੁਰੂ ਹੋ ਗਈ। ਝੜੀ ਲੱਗ ਗਈ। ਮੀਂਹ ਪੈਣ 'ਤੇ ਪਿੰਡ ਦੇ ਲੋਕਾਂ, ਸੁੱਖੀ ਨੂੰ ਭਾਗਾਂਵਾਲੀ ਕਹਿਣ ਲੱਗ ਪਏ ਤੇ 'ਬੁੱਢ ਸੁਹਾਗਣ' ਦੀਆਂ ਅਸੀਸਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਪਰ ਜਦੋਂ ਉਸਨੂੰ ਸੁਹਾਗ ਰਾਤ, ਮਨ ਵਿਚ ਚਿਤਵੇ ਕਿਸੇ ਪਹਾੜੀ ਮੁਕਾਮ ਦੀ ਥਾਂ ਘਰ ਦੇ ਚੁਬਾਰੇ ਵਿਚ ਹੀ ਮਨਾਉਣੀ ਪਈ ਤੇ ਮੁਕਲਾਵੇ ਦੇ ਦਿਨ, ਸੈਰ ਸਪਾਟੇ ਦੇ ਉਲਟ, ਸਹੁਰੇ ਪਿੰਡ ਭਰ ਬਰਸਾਤ ਵਿਚ ਬਿਤਾਉਣੇ ਪਏ ਤਾਂ ਉਸ ਨੇ ਆਪਣੇ ਆਪ ਨੂੰ ਸਹੁਰੇ ਘਰ ਵਿਚ, 'ਨਵ-ਵਿਆਹੀ ਕੈਦਣ' ਮਹਿਸੂਸ ਕੀਤਾ। ਉਸਨੂੰ ਆਪਣੇ ਮਾੜੇ ਭਵਿਖ ਦਾ ਭੈਅ ਤੇ ਭਰਮ ਵੀ ਹੋ ਗਿਆ।

ਅਸਲ ਵਿਚ ਸੁੱਖੀ, ਸੁੱਖੇ ਦੇ ਜੱਦੀ ਪਿੰਡ ਹੀ ਵਿਆਹੀ ਆਈ ਸੀ ਜੋ ਕੰਢੀ ਦੇ ਇਲਾਕੇ ਵਿਚ ਸੀ। ਜਿੱਥੇ ਬਰਸਾਤਾਂ ਦਾ ਆਪਣਾ ਹੀ ਨਵੇਕਲਾ ਰੰਗ ਹੁੰਦਾ ਹੈ।

ਕਾਲੀਆਂ ਘਟਾਵਾਂ ਚੜ੍ਹ ਚੜ੍ਹ ਆਉਂਦੀਆਂ। ਉਨ੍ਹਾਂ ਦੇ ਅੱਗੇ ਅੱਗੇ ਅਬਾਬੀਲਾਂ ਤੇ ਉਡਦੇ ਬਗਲਿਆਂ ਦੀਆਂ ਡਾਰਾਂ। ਸੌਣੀ ਦੀਆਂ ਚੜ੍ਹੀਆਂ ਫ਼ਸਲਾਂ। ਘਟਾਵਾਂ ਨੂੰ ਦੇਖ, ਪਿੱਪਲਾਂ, ਬੋੜ੍ਹਾਂ, ਰੁੱਖਾਂ ਤੇ ਬਾਗਾਂ ਵਿਚ ਮੋਰ 'ਕੈਂਕੋ, ਕੈਂਕੋ, ਕਰਦੇ। ਕਾਂ, 'ਕਾਂ ਕਾਂ' ਤੇ ਚਿੜੀਆਂ 'ਚੀਂ ਚੀਂ'। ਘੁੱਗੀਆਂ ਗਟਾਰਾਂ ਆਪੋ ਆਪਣੀਆਂ ਆਵਾਜ਼ਾ ਕੱਢਦੀਆਂ। ਅੰਬਾਂ ਦੀ ਰੁੱਤ। ਮੀਂਹ ਵਿਚ ਟਪਕੇ ਦੇ ਅੰਬ। ਕੋਇਲਾਂ ਦੀ 'ਕੂ ਕੂ"। ਹਰ ਪੰਛੀ ਸਾਉਣ ਦੀ ਮਸਤੀ ਵਿਚ ਆਪੋ ਆਪਣੀ ਬੋਲੀ ਬੋਲਦਾ। ਹਰ ਪਾਸੇ ਇਕ ਅਦੁੱਤੀ ਸੰਗੀਤ। ਹਰਿਆਵਲ ਹੀ ਹਰਿਆਵਲ।

ਸੁੱਖੇ ਦੀ ਭੂਆ, ਸੁੱਖੀ ਦਾ ਮੁਕਲਾਵਾ ਵਿਆਹ ਨਾਲ ਹੀ ਲੈ ਆਈ ਸੀ। ਮੁਕਲਾਵੇ ਦੇ ਦਿਨ। ਬਰਸਾਤ ਦਾ ਮੌਸਮ। ਭਰ ਜੋਬਨ ਤੇ ਜੁਆਨੀ ਦੀਆਂ ਰਾਤਾਂ। ਸੁੱਖੀ ਨੂੰ ਹਰ ਚੀਜ਼, ਜੋਬਨ ਤੇ ਜਵਾਨੀ ਦੀ ਮਸਤੀ ਵਿਚ ਰੰਗੀ ਰੰਗੀ ਲਗਦੀ। ਇੱਥੇ ਤਕ ਕਿ ਜਦੋਂ ਸੁੱਖੀ, ਸਵੇਰੇ ਤਕਾਲੀਂ ਪਿੰਡ ਨਾਲ ਵਗਦੇ ਚੋਅ ਨੂੰ ਜੰਗਲ ਪਾਣੀ ਜਾਂਦੀ ਤਾਂ ਪਹੇ ਦੇ ਨਾਲ ਨਾਲ ਵਾੜ ਲਈ ਲਾਈਆਂ, ਛਿੱਤਰ, ਡੰਡਾ ਤੇ ਕੰਡਿਆਲੀਆਂ ਥੋਹਰਾਂ 'ਤੇ ਉਨਾਬੀ, ਪੀਲੇ ਤੇ ਚਿੱਟੇ ਫੁੱਲਾਂ ਨੂੰ ਦੇਖਦੀ ਤਾਂ ਨਸ਼ਿਆ ਜਾਂਦੀ। ਫੁੱਲਾਂ ਨੂੰ ਤੋੜਨ ਲਈ ਹੱਥ ਪਾਉਂਦੀ ਤਾਂ ਕਦੀ ਚੂੜਾ ਆੜੇ ਆ ਜਾਂਦਾ ਤੇ ਕਦੀ ਥੋਹਰਾਂ ਦੇ ਕੰਡੇ ਹੱਥ ਪੱਛ ਦਿੰਦੇ। ਚੋਅ ਦੇ ਕੰਢੇ ਉੱਗੀ ਭੰਗ ਦੇ ਮੋਤੀਆ ਫੁੱਲਾਂ ਦੀ ਮਹਿਕ ਉਸਨੂੰ ਬਹੁਤ ਚੰਗੀ ਲਗਦੀ। ਉਹ ਆਪਣੇ ਤੋਂ ਉੱਚੇ ਬੋਟਿਆਂ ਵੱਲ ਵੱਧਦੀ ਤਾਂ ਸੱਸ ਦੇ ਬੋਲ, "ਬਹੂ ਦੇਖੀਂ, ਭੰਗ ਦੇ ਨੇੜੇ ਨਾ ਜਾਈਂ। ਇਹਦੇ ਥੱਲੇ ਇਹਦੀ ਮਹਿਕ 'ਚ ਮਸਤਿਆ ਕਾਲਾ ਨਾਗ ਵੀ ਸੁੱਤਾ ਹੁੰਦਾ।" ਸੁਣਦੀ ਤਾਂ ਡਰ ਜਾਂਦੀ। ਗਹੁ ਨਾਲ ਭੰਗ ਦੇ ਬੂਟੇ ਥੱਲੇ ਦੇਖਦੀ ਇਕ ਅੱਧੀ ਟਹਿਣੀ ਫਿਰ ਵੀ ਤੋੜ ਲੈਂਦੀ। ਜੰਗਲੀ ਫੁੱਲਾਂ ਨੂੰ ਤੋੜਦੀ, ਗੁਲਦਸਤੇ ਬਣਾਉਂਦੀ ਤੇ ਲਿਆ ਕੇ ਬੈਠਕ ਤੇ ਚੁਬਾਰੇ ਦੀਆਂ ਅੰਗੀਠੀਆਂ 'ਤੇ ਸਜਾ ਦਿੰਦੀ। ਕਦੀ ਕਦੀ, ਢੇਰਾਂ 'ਤੇ ਸੁੱਟੀਆਂ ਅੰਬਾਂ ਦੀਆਂ ਉੱਗੀਆਂ ਗੁਟੀਆਂ ਦੀਆਂ ਪੀਪਣੀਆਂ ਬਣਾ ਕੇ ਵਜਾਉਂਦੀ ਤਾਂ ਉਸਦੀ ਸੱਸ ਕਹਿੰਦੀ, "ਧੀਏ, ਇਹਨੂੰ ਦੇਖ ਕੇ ਮੂੰਹ ਲਾਇਆ ਕਰ। ਕਦੀ ਕਦੀ ਇਨ੍ਹਾਂ ਵਿਚ ਸਪੋਲੀਏ ਵੀ ਹੁੰਦੇ ਆ।"

ਸੁੱਖੀ ਨੂੰ ਧਤੂਰੇ ਦੇ ਫੁੱਲ ਬਹੁਤ ਚੰਗੇ ਲਗਦੇ। ਜੇ ਉਹ ਉਨ੍ਹਾਂ ਨੂੰ ਤੋੜਨ ਲਗਦੀ ਤਾਂ ਨਾਲ ਆਈ ਕੋਈ ਆਂਢਣ ਗੁਆਂਢਣ ਸਿਆਣੀ, "ਇਹ ਜਰੀਲਾ ਹੁੰਦਾ।" ਕਹਿ ਦਿੰਦੀ ਤਾਂ ਉਹ ਸ਼ਸ਼ੋ-ਪੰਜ ਵਿਚ ਪੈ ਜਾਂਦੀ। ਕਦੀ ਤੋੜ ਲੈਂਦੀ ਤੇ ਕਦੀ ਜ਼ਹਿਰ ਤੋਂ ਡਰਦੀ ਨਾ ਤੋੜਦੀ। ਪਰ, ਧਤੂਰੇ ਦੇ ਫੁੱਲ ਨੂੰ ਗਹੁ ਨਾਲ ਦੇਖਦੀ। ਉਸਦਾ ਪੀਪਨੀ ਵਰਗਾ ਆਕਾਰ, ਮੋਤੀਆਂ ਰੰਗ ਤੇ ਅੰਦਰ ਰੇਸ਼ਿਆਂ 'ਤੇ ਕੇਸਰੀ ਬਰ ਜਦ ਉਸਦਾ ਮਨ ਮੋਹ ਲੈਂਦਾ ਤਾਂ ਤੋੜ ਕੇ ਵਾਲਾਂ ਵਿਚ ਟੰਗ ਲੈਂਦੀ।

ਜਦੋਂ ਘਨਘੋਰ ਘਟਾਵਾਂ ਚੜ੍ਹਦੀਆਂ ਤਾਂ ਸੁੱਖੀ ਚੁਬਾਰੇ ਦੀ ਛੱਤ 'ਤੇ ਜਾ ਚੜ੍ਹਦੀ। ਉਮਡ ਉਮਡ ਆਉਂਦੀਆਂ ਘਟਾਵਾਂ ਨੂੰ ਦੇਖਦੀ। ਭਾਂਤ ਭਾਂਤ ਦੇ ਪੰਖੇਰੂਆਂ ਦੇ ਬੋਲ ਸੁਣਦੀ ਤਾਂ ਉਹ ਆਪਣੇ ਆਪ ਨੂੰ ਸੁਰਗ ਵਿਚ ਰਹਿੰਦੀ ਮਹਿਸੂਸ ਕਰਦੀ। ਦਿਨ ਵਿਚ ਕਈ ਵਾਰ ਇਸ ਤਰ੍ਹਾਂ ਦੇ ਸੁਹਾਣੇ ਮੰਜ਼ਰ ਦੇਖਦੀ ਦੇ ਜਵਾਨ ਸਰੀਰ ਨੂੰ ਜਦੋਂ ਸਾਉਣ ਦੀ ਸੀਤ ਹਵਾ ਛੋਂਹਦੀ ਤਾਂ, ਪਿਆਰ ਦੀ ਸਿੱਕ ਜਾਗਦੀ। ਗਰਮ ਜਜ਼ਬਾਤ ਖੌਲਦੇ ਚਸ਼ਮੇ ਵਾਂਗ ਉਬਲ਼ਣ ਲਗਦੇ ਤਾਂ ਉਹ ਸੁੱਖੇ ਨੂੰ ਭਾਲਣ ਲਗਦੀ। ਇਕਲਾਪੇ ਵਿਚ ਮਿਲਦੇ ਤਾਂ ਇਕ ਦੂਜੇ ਨੂੰ ਚਿੰਬੜ ਜਾਂਦੇ। ਕਿੰਨਾ ਕਿੰਨਾ ਚਿਰ ਇਕ ਦੂਜੇ ਵਿਚ ਜਜ਼ਬ ਹੋਏ ਰਹਿੰਦੇ।

ਮੁਕਲਾਵੇ ਵਾਲੀ ਰਾਤ ਤੋਂ ਦੋ ਕੁ ਦਿਨ ਬਾਅਦ ਸੁੱਖੇ ਨੇ ਆਪਣੇ ਘਰ ਦੀ ਮਾਲੀ ਹਾਲਤ ਦੱਸਦੇ ਨੇ ਸੁੱਖੀ ਨੂੰ ਦੱਸਿਆ, "ਸਾਨੂੰ ਝੋਟੇ ਕੁੱਟਾਂ ਦੇ ਆਖਦੇ ਆ। ਸਾਡੇ ਕੋਲ ਆਪਣੀ ਜਮੀਨ ਤਾਂ ਚਾਰ ਖੇਤ ਆ। ਭਾਈਆ ਲੋਕਾਂ ਦੀ ਜਮੀਨ, ਹਾਲ਼ੇ ਤੇ ਅੱਧ 'ਤੇ ਲੈ ਕੇ ਵਾਹੁੰਦਾ ਹੁੰਦਾ ਸੀ। ਹੁਣ ਵੀ ਵਾਹੁੰਦਾ।" ਉਹ ਰੁਕ ਕੇ ਬੋਲਿਆ, "ਜੇ ਭੂਆ ਮੈਨੂੰ ਮੁਤਬੰਨਾ ਤੇ ਕੈਲੇ ਭਾਅ ਨੂੰ ਇਕ ਖੇਤ ਦੇ ਪੈਸੇ ਲੈ ਕੇ ਬਲੈਕ ਵਿਚ ਸਮਗਲ ਨਾ ਕਰਦੀ ਤਾਂ ਬਲਦਾਂ ਦੀ ਜੋੜੀ, ਮੋਹਰਲੀ ਬੈਠਕ, ਆਹ ਚੁਬਾਰਾ ਤੇ ਵਿਹੜੇ ਵਿਚ ਨਲਕਾ ਤੇ ਗੁਸਲਖਾਨਾ ਨਈਂ ਸੀ ਹੋਣੇ।"

ਫਿਰ ਇਕ ਰਾਤ ਉਸਨੇ ਵਲੈਤ ਵਿਚ ਆਪਣੇ ਕੰਮ ਬਾਰੇ ਦੱਸਿਆ। "ਮੈਂ ਰਬੜ ਦੀ ਫੈਕਟਰੀ ਵਿਚ ਲੇਬਰ ਕਰਦਾਂ। ਹਰ ਸੈਟੜੇ (ਸੈਚਰਡੇ) ਓਵਰਟੈਮ ਲਾਉਂਦਾਂ। ਕਦੀ ਕਦੀ ਸੰਡਾ ਵੀ ਲਗ ਜਾਂਦਾ ਤਾਂ ਚਾਰ ਪੈਸੇ ਵੱਧ ਮਿਲ ਜਾਂਦੇ ਆ। ਢਿੱਡ ਨੂੰ ਗੱਠਾਂ ਦੇ ਕੇ ਘਰ ਘੱਲ ਦੇਈਏ ਦੇ ਆ।"

"ਕੀ ਉੱਥੇ ਆਪਣਾ ਘਰ ਆ?" ਸੁੱਖੀ ਨੇ ਪੁੱਛਿਆ।

"ਨਈਂ।" ਸੁੱਖੀ ਨੇ ਕਿਹਾ, "ਹਾਲੇ ਤਾਈਂ ਤਾਂ ਭੂਆ ਦੇ, ਰੋਟੀ ਪਾਣੀ ਤੇ ਕਰਾਏ ਦੇ ਢਾਈ ਪੌਂਡ ਦੇ ਕੇ ਰਹੀ ਜਾਂਦਾ।" ਉਹ ਰੁਕ ਕੇ ਬੋਲਿਆ, "ਹੁਣ ਸੋਚਦਾਂ ਤੇਰੇ ਆਉਣ ਤੋਂ ਪਹਿਲਾਂ ਭਾਅ ਦੇ (ਘਰ) ਸ਼ਿ'ਫਟ ਹੋ ਜਾਵਾਂ। ਨਹੀਂ ਤਾਂ ਤੈਨੂੰ ਵੀ, ਨ੍ਹੌਣ (ਨਹਾਉਣ) ਜਾਣ ਲਈ 'ਪਬਲਕ ਬਾਥਾਂ' 'ਤੇ ਜਾਣਾ ਪਿਆ ਕਰਨਾ।"

"ਕਿਉਂ? ਘਰ ਥਾਂ ਹੈ ਨਈਂ!"

"ਹੈਗਾ ਪਰ, ਕੋਈ ਵਰਤਦਾ ਨਈਂ।" "ਨਾਲੇ ਹਫ਼ਤੇ 'ਚ ਇਕ ਦਿਨ ਤਾਂ ਨੌਣ੍ਹਾ ਹੁੰਦਾ।" ਉਹ ਰੁਕ ਕੇ ਬੋਲਿਆ।

ਸੁੱਖੀ ਨੂੰ, ਹਫ਼ਤੇ 'ਚ ਇਕ ਦਿਨ ਨਹਾਉਣ ਦਾ ਸੁਣ ਕੇ ਬੜੀ ਹੈਰਾਨੀ ਹੋਈ। ਪਰ, ਉਸ ਤੋਂ ਵੱਧ, ਕੰਮ ਕਾਰ ਤੇ ਮਾਲੀ ਹਾਲਤ ਦੀ। ਉਸਨੇ ਸੁੱਖੇ ਦੀਆਂ ਗੱਲਾਂ ਤੋਂ, ਆਪਣੀ ਤੇ ਸੁੱਖੇ ਹੁਣਾ ਦੀ ਆਰਥਿਕ ਸਥਿਤੀ ਦੀ ਤੁਲਨਾ ਕੀਤੀ। ਉਸਨੂੰ ਦੋਹਾਂ ਟੱਬਰਾਂ ਦੀ ਮਾਲੀ ਹਾਲਤ ਵਿਚ ਕੋਈ ਬਹੁਤਾ ਫਰਕ ਨਜ਼ਰ ਨਾ ਆਇਆ। ਇੱਕੋ ਤਰ੍ਹਾਂ ਦੇ ਘਰ। ਉਨ੍ਹਾਂ ਦਾ ਬਿਨਾਂ ਚੁਬਾਰਿਉਂ। ਸ਼ਾਇਦ ਵੱਡੇ ਭਰਾ ਕੁਲਤਰਨ ਦੇ ਘਰ ਨਾ ਰਹਿਣ ਕਾਰਨ ਲੋੜ ਨਹੀਂ ਸੀ ਪਈ। ਇਕ ਦੇ ਦੂਜੇ ਨਾਲੋਂ ਚਾਰ ਸਿਆੜ ਵੱਧ।

ਸੁੱਖੀ ਨੇ ਸੁੱਖੇ ਦੀ ਭੂਆ ਨੂੰ, ਸ਼ਗਨ ਵਾਲੇ ਦਿਨ, ਸੋਨੇ ਵਿਚ ਮੜ੍ਹੀ ਦੇਖ ਕੇ, ਮਨ ਵਿਚ ਜੋ ਸੋਨੇ ਦੀ ਲੰਕਾ ਕਲਪੀ ਸੀ, ਉਹ ਪਿੱਤਲ ਦੀ ਨਿਕਲਦੀ ਦੇਖ ਕੇ ਬਹੁਤ ਦੁੱਖ ਹੋਇਆ। ਉਸਨੇ ਮਨ ਵਿਚ ਕਿਹਾ, "ਮੇਰੇ ਵਿਆਹ ਦਾ ਮੁੱਖ ਮੰਤਵ, ਮਾਪਿਆਂ ਦੀ ਮਾਲੀ ਹਾਲਤ ਸੁਧਾਰਨਾ। ਇਸ ਦੀਆਂ ਗੱਲਾਂ ਤੋਂ ਤਾਂ ਲਗਦਾ, ਮੈਨੂੰ ਆਪਣੇ ਟੀਚੇ 'ਤੇ ਪਹੁੰਚਣ ਲਈ, ਆਪਣੇ ਹੱਡ ਰਗੜਨੇ ਪੈਣਗੇ।"

ਉਸਨੇ ਸੁੱਖੇ ਤੋਂ ਉਸਦੀ ਪੜ੍ਹਾਈ ਬਾਰੇ ਪੁੱਛਣਾ ਚਾਹਿਆ ਪਰ, ਨਾ ਪੁੱਛਿਆ।

ਮੁਕਲਾਵੇ ਦੇ ਦੋ ਕੁ ਹਫਤਿਆਂ ਬਾਅਦ ਇਕ ਰਾਤ ਸੁੱਖੇ ਨੇ ਆਪਣੇ ਵਲੈਤ ਪਰਤਣ ਬਾਰੇ ਸੁੱਖੀ ਨੂੰ ਦਸਦੇ ਨੇ ਕਿਹਾ, "ਡਾਰਲਿੰਗ, ਮੈਂ ਆਉਂਦੇ ਸੰਡੇ ਚਲੇ ਜਾਣਾ।"

"ਕੀ ਤੂੰ ਮੇਰੇ ਪਾਸਪੋਰਟ ਬਣਨ ਤਕ ਰੁਕ ਨਈ ਸਕਦਾ?"

"ਨਈਂ।" ਉਹ ਰੁਕ ਕੇ ਬੋਲਿਆ, "ਜੇ ਮੈਂ ਟੈਮ ਸਿਰ ਨਾ ਗਿਆ ਤਾਂ ਮੇਰਾ ਕੰਮ ਟੁੱਟ ਜਾਣਾ। ਮੈਨੂੰ, ਤੇਰੀ ਰਾਹਦਾਰੀ ਭਰਨੀ ਔਖੀ ਹੋ ਜਾਣੀ।"

"ਕੀ ਮੈਂ ਰਾਹਦਾਰੀ ਬਿਨਾਂ ਨਈਂ ਜਾ ਸਕਦੀ?"

"ਨਈਂ।"

"ਕਿਉਂ?"

"ਮਲਕਾ ਦਾ ਕਨੂੰਨ ਆ।"

"ਮਲਕਾ ਦਾ ਕਿ ਮੁਲਕ ਦਾ?" ਸੁੱਖੀ ਨੇ ਪੁੱਛਣਾ ਚਾਹਿਆ ਪਰ, ਸੁੱਖੇ ਦੇ ਚਲੇ ਜਾਣ ਤੇ ਪਾਸਪੋਰਟ ਬਣਨ ਤਕ ਨਾ ਰੁਕਣ ਦੀ ਨਿਰਾਸ਼ਾ, ਸੁੱਖੀ ਲਈ ਭਾਰੀ ਨਿਕਲੀ। ਉਹਨੇ ਪਾਸਾ ਲਿਆ ਤੇ ਦੂਜੇ ਬੰਨੇ ਨੂੰ ਮੂੰਹ ਕਰ ਲਿਆ। ਸੁੱਖਾ ਉੱਠਿਆ, ਉੱਠ ਕੇ ਉਸਦੀ ਪਿੱਠ ਨਾਲ ਜਾ ਲਿਟਿਆ। ਉਸਦਾ ਮੂੰਹ ਆਪਣੇ ਵੱਲ ਕੀਤਾ ਤੇ ਬੋਲਿਆ, "ਇਹਦੇ ਵਿਚ ਉਦਾਸ ਹੋਣ ਦੀ ਕੀ ਗੱਲ ਆ।" ਆਖਕੇ ਸੁੱਖੀ ਦੇ ਮੂੰਹ 'ਤੇ ਪਿਆਰ ਨਾਲ ਹੱਥ ਫੇਰਿਆ। ਮੂੰਹ 'ਤੇ ਖਿਲਰੇ ਵਾਲਾਂ ਨੂੰ ਹਟਾਇਆ ਤੇ ਬੁੱਲ੍ਹਾਂ 'ਤੇ ਉਂਗਲ ਫੇਰਦੇ ਨੇ ਪੁੱਛਿਆ, "ਦੱਸ, ਉਸ ਦਿਨ

ਆਪਾਂ ਮੀਂਹ ਪੈਂਦੇ 'ਚ ਤੇਰਾ ਪਾਸਪੋਰਟ ਬਣਨਾ ਦੇਣ ਗਏ ਸੀ ਕਿ ਨਈਂ?"

ਸੁੱਖੀ ਨੇ ਹਾਂ ਵਿਚ ਮਾੜਾ ਜਿਹਾ ਸਿਰ ਹਲਾਇਆ ਤਾਂ ਸੁੱਖੇ ਨੇ ਉਸਦਾ ਹਲਕਾ ਜਿਹਾ ਚੁੰਮਣ ਲਿਆ।

"ਤੇਰੇ ਸਾਹਮਣੇ, ਥੱਬਾ ਨੋਟਾਂ ਦਾ ਅਜੰਟ ਨੂੰ ਦਿੱਤਾ।"

ਸੁੱਖੀ ਨੇ ਫਿਰ ਸਿਰ ਹਿਲਾਇਆ ਤਾਂ ਉਸਨੇ ਉਸਨੂੰ ਫਿਰ ਚੁੰਮਿਆ।

"ਹਣ ਸਮਝ ਲੈ ਤੇਰਾ ਪਾਸਪੋਰਟ ਬਣਿਆ ਕਿ ਬਣਿਆ।" .. "ਤੇਰੀ ਰਾਹਦਾਰੀ ਮੈਂ ਜਾਂਦੇ ਭੇਜ ਦੇਣੀ।" "ਤੂੰ ਵਲੈਤ ਆਈ ਕਿ ਆਈ।" ਉਸਨੇ ਹਰ ਵਾਕ ਦੇ ਵਕਫੇ ਵਿਚ ਉਸ ਦਾ ਚੁੰਮਣ ਲਿਆ। ਫਿਰ ਇਕ ਹੋਰ ਚੁੰਮਣ ਲਿਆ 'ਤੇ ਬੋਲਿਆ, "ਦੇਖ ਲਈਂ ਤੂੰ ਬੇਗੇ ਨਾਲੋਂ ਪਹਿਲਾਂ ਪਹੁੰਚ ਜਾਣਾ।"

ਬੇਗਾ ਯਾਣੀ ਸੁਬੇਗ ਸਿੰਘ, ਸੁੱਖੇ ਦਾ ਛੋਟਾ ਭਰਾ। ਜੋ ਸਾਇੰਸ ਤੇ ਹਿਸਾਬ ਦੇ ਮਜ਼ਮੂਨਾਂ ਨਾਲ ਬੀ.ਏ. ਪਾਰਟ ਥਰੀ ਵਿਚ ਪੜ੍ਹਦਾ ਸੀ। ਸਾਈਕਲ 'ਤੇ ਰੋਜ਼ ਪਿੰਡੋਂ ਸ਼ਹਿਰ ਦੇ ਕਾਲਜ ਪੜ੍ਹਨ ਜਾਂਦਾ। ਸਾਰੇ ਕਹਿੰਦੇ ਉਹ ਪੜ੍ਹਨ ਨੂੰ ਬਹੁਤ ਹੁਸ਼ਿਆਰ ਹੈ। ਦੇਖਣ ਪਰਖਣ ਨੂੰ ਸੁੱਖੇ ਦੀ ਨਕਲ ਤੇ ਜੁੜਵਾਂ ਲਗਦਾ ਸੀ। ਪਰ, ਕੱਦ ਵਿਚ ਕੁਝ ਉੱਚਾ। ਉਸਦੀ, ਟੱਬਰ ਦੇ ਕਿਸੇ ਜੀਅ ਜਾਂ ਘਰ ਦੇ ਕਿਸੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਸੀ। ਜਦੋਂ ਦੇਖੋ ਹੱਥ ਵਿਚ ਕਿਤਾਬ। ਨਿਰਾ ਕਿਤਾਬੀ ਕੀੜਾ।

"ਨਾ ਐਨਾ ਚਿਰ ਮੈਂ 'ਕੱਲੀ।" ਸੁੱਖੀ ਨੇ ਸੋਖੇ ਦੀ ਗਲਵੱਕੜੀ ਦੀ ਘੁੱਟ ਤੇ ਚੁੰਮਣਾਂ ਦੀ ਬੁਛਾੜ ਵਿਚ ਰੁਕ ਰੁਕ ਕੇ ਸਾਹ ਲੈਂਦੀ ਨੇ ਪੁੱਛਿਆ। ਹੁਣ ਸੁੱਖੀ ਦੇ ਚੁੰਮਣਾ ਦੀ ਰਫ਼ਤਾਰ ਐਨੀ ਵੱਧ ਗਈ ਸੀ ਕਿ ਸੁੱਖੀ ਆਪਣਾ ਵਾਕ ਵੀ ਪੂਰਾ ਨਾ ਕਰ ਸਕੀ।

"ਤੂੰ ਮੈਨੂੰ ਚਿੱਠੀ ਪਾ ਦੇਈਂ।" ਸੁੱਖੇ ਨੇ ਸੁੱਖੀ ਦੇ ਬੁਲ੍ਹਾਂ ਨੂੰ, ਚੂਸਦੇ ਨੇ ਵਿਚ ਵਿਚ ਸਾਹ ਲੈ ਕੇ ਕਿਹਾ।

"ਕਾਹਦੇ ਵਿਚ?" ਸੁੱਖੀ ਨੇ ਗਲਵੱਕੜੀ ਦੀ ਘੁੱਟ ਵਿਚ ਚੜ੍ਹੇ ਸਾਹ ਨਾਲ ਪੁੱਛਿਆ।

"ਜਿਸ 'ਚ ਤੇਰਾ ਜੀ ਕਰਦਾ।" ਆਖ ਕੇ ਸੁੱਖੇ ਨੇ ਟੇਬਲ ਲੈਂਪ ਬੁਝਾ ਦਿੱਤਾ।

ਐਤਵਾਰ ਆਇਆ। ਹਲਕਾ ਹਲਕਾ ਮੀਂਹ ਪੈ ਰਿਹਾ ਸੀ। ਸੁੱਖੇ ਦੀ ਭੂਆ, ਜਾਣ ਤੋਂ ਇਕ ਦੋ ਦਿਨ ਪਹਿਲਾਂ ਆ ਗਈ ਸੀ। ਟੱਬਰ ਦੇ ਸਾਰੇ ਜੀਅ, ਛੱਤਰੀਆਂ ਤੇ ਚਾਦਰਾਂ ਦੇ ਝੁੰਬ ਮਾਰ ਕੇ ਪਿੰਡੋਂ ਕੋਈ ਅੱਧਾ ਕੁ ਕਿਲੋਮੀਟਰ ਦੂਰ, ਸ਼ਹਿਰ ਨੂੰ ਜਾਂਦੀ ਸੜਕ 'ਤੇ ਬਸ ਚੜ੍ਹਾਉਣ ਗਏ। ਬੇਗਾ ਤੇ ਸੁੱਖੀ, ਦਿੱਲੀ ਨੂੰ ਨਾਲ ਗਏ।

ਵਾਪਸ ਆਉਂਦਿਆ ਬੇਗਾ, ਗੱਡੀ ਵਿਚ ਬੈਠਾ ਕਿਤਾਬ ਪੜ੍ਹ ਰਿਹਾ ਸੀ। ਸੁੱਖੀ ਉਸ ਨਾਲ ਗੱਲਾਂ ਕਰਨੀਆਂ ਚਾਹੁੰਦੀ ਸੀ। ਉਸਦਾ ਧਿਆਨ ਆਪਣੇ ਵੱਲ ਕਰਨ ਲਈ, ਉਹ ਵਾਰ ਵਾਰ ਉਸ ਵੱਲ ਦੇਖਦੀ ਪਰ ਬੇਗਾ ਸੀ ਕਿ ਕਿਤਾਬ

ਵਿਚ ਹੀ ਖੁੱਭਿਆ ਪਿਆ ਸੀ। ਉਸਦੇ, ਗੱਭੇ ਚੀਰ ਕੱਢ ਕੇ ਵਾਹੇ ਵਾਲਾਂ ਨੂੰ ਦੇਖ ਕੇ ਉਹ ਬੋਲੀ, "ਬੇਗੇ, ਆਹ ਚੀਰ ਕੱਢਣਾ ਕਿਹਤੋਂ ਸਿਖਿਆ?"

"ਸ਼ਹਿਰ ਦੇ ਨਾਈ ਤੋਂ।" ਆਖ ਕੇ ਫਿਰ ਕਿਤਾਬ ਵਿਚ ਵੜ ਗਿਆ।

ਸੁੱਖੀ ਦੇ ਨਾਲ ਬੈਠੀ ਅੱਧ ਖੜ੍ਹ ਉਮਰ ਦੀ ਜਨਾਨਾ ਸਵਾਰੀ ਨੇ, ਸੁੱਖੀ ਨੂੰ ਵਾਰ ਵਾਰ ਬੇਗੇ ਵੱਲ ਤੱਕਦੀ ਨੂੰ ਦੇਖਿਆ, ਸੁੱਖੀ ਦੇ ਲਾਲ ਚੂੜਾ ਤੇ ਉਨ੍ਹਾ ਨੂੰ ਨਾਲ ਨਾਲ ਬੈਠੇ ਦੇਖਕੇ ਪੁੱਛਿਆ, "ਇਹ ਤੇਰਾ ਘਰ ਵਾਲਾ?"

"ਨਈਂ, ਦਿਉਰ ਆ।"

"ਫੇ ਤਾਂ ਤੂੰ ਨਸੀਬਾਂ ਵਾਲੀ ਏਂ।"

"ਨਸੀਬਾਂ ਵਾਲੀ!" ਸੁੱਖੀ ਨੇ ਹੈਰਾਨੀ ਨਾਲ ਪੁੱਛਿਆ।

"ਫੈ ਤਾਂ ਤੇਰਾ ਉਹ (ਪਰੌਹੁਣਾ) ਇਹ ਤੋਂ ਵੀ ਵੱਧ ਸੁਨੱਖਾ ਹੋਣਾ।" ਜ਼ਨਾਨੀ ਨੇ ਕਿਹਾ ਤਾਂ ਸੁੱਖੀ ਉਸਦੇ ਕੰਨ ਕੋਲ ਮੂੰਹ ਕਰ ਕੇ ਹੌਲੇ ਜਿਹੇ ਬੋਲੀ, "ਨਈਂ ਇਹੀਉ ਸੁਹਣਾ।"

"ਤਾਂ ਵੀ।"

ਸੁੱਖੇ ਦੇ ਜਾਣ ਮਗਰੋਂ ਸੁੱਖੀ ਦਾ ਸਹੁਰੇ ਪਿੰਡ ਦਿਲ ਨਾ ਲੱਗਦਾ। ਦੋ ਕੁ ਦਿਨ ਤਾਂ ਉਸਨੇ ਬੇਗੇ ਨੂੰ ਆਨੇ ਬਹਾਨੇ ਆਪਣੇ ਵੱਲ ਅਕਰਸ਼ਤ ਕਰਨ ਦਾ ਯਤਨ ਕੀਤਾ ਪਰ ਬੇਗਾ ਸੀ ਕਿ ਕਿਤਾਬਾਂ ਵਿੱਚੋਂ ਹੀ ਨਾ ਨਿਕਲਦਾ।

ਇਕ ਸ਼ਾਮ ਉਸਨੇ ਬੇਗੇ ਨੂੰ ਵਿਹੜੇ ਵਿਚ ਮੰਜੇ 'ਤੇ ਬੈਠਾ ਪੜ੍ਹਦਾ ਦੇਖਿਆ। ਗੱਲਾਂ ਕਰਨ ਦੇ ਬਹਾਨੇ ਕੋਲ ਗਈ ਤੇ ਪੁੱਛਿਆ, "ਬੇਗੇ, ਚੱਲ ਮੰਨਿਆਂ ਤੇਰੇ ਭਰਾ ਨੇ ਤਾਂ ਵਲੈਤ ਜਾ ਕੇ ਵਾਲ ਕਟਵਾ ਦਿੱਤੇ। ਤੂੰ ਐਥੇ ਈ! ਕੀ ਗੱਲ?"

"ਭਾਬੀ ਕੀ ਦੱਸਾਂ, ਦਸਦੇ ਨੂੰ ਵੀ ਸੰਗ ਲਗਦੀ ਆ।"

"ਨਾ ਇਹਦੇ 'ਚ ਸੰਗਣ ਵਾਲੀ ਕੀ ਗੱਲ ਆ।"

"ਉਹ ਭਾਬੀ ਕੀ ਦੱਸਾਂ, ਜਦੋਂ ਮੈਂ ਪੰਜਵੀਂ ਪੜ੍ਹਦਾ ਸੀ ਨਾ ਤਾਂ ਮੇਰੇ ਜੂਆਂ ਪੈ ਗਈਆਂ ਸੀ। ਭਾਈਆ ਸਾਧੂ ਨਾਈ ਦੇ ਲੈ ਗਿਆ ਤੇ ਟਿੰਡ ਕਰਵਾ ਲਿਆਇਆ। ਤਾਂ ਬੀਬੀ ਨੇ, ਵਾਲ ਨਲਾਹੁਣ ਤੋਂ ਖਹਿੜਾ ਛੁਡਾਉਣ ਦੀ ਮਾਰੀ ਨੇ ਮੁੜਕੇ (ਵਾਲ) ਰੱਖਣ ਨਾ ਦਿੱਤੇ।" ਬੇਗੇ ਨੇ ਜਵਾਬ ਦਿੱਤਾ ਤੇ ਫਿਰ ਕਿਤਾਬਾਂ ਵਿਚ ਜਾ ਵੜਿਆ। ਸੁੱਖੀ ਫਿਰ ਦੇਖਦੀ ਰਹਿ ਗਈ।

ਤੰਗ ਆ ਕੇ ਤੀਜੇ ਕੁ ਦਿਨ ਉਸਨੇ ਆਪਣੀ ਸੱਸ ਨੂੰ ਪੇਕੀਂ ਜਾਣ ਲਈ ਬੇਗੇ ਨੂੰ ਛੱਡ ਆਉਣ ਲਈ ਪੁੱਛਿਆ।

ਬੇਗਾ ਵੀ ਚਾਹੁੰਦਾ ਸੀ ਕਿ ਸੁੱਖੀ, ਛੇਤੀਂ ਤੋਂ ਛੇਤੀਂ ਪੇਕੀਂ ਚਲੀ ਜਾਵੇ ਤੇ ਉਹ ਮੁੜ ਚੁਬਾਰੇ ਵਿਚ ਆਪਣਾ ਡੇਰਾ ਜਮਾ ਲਵੇ ਤਾਂ ਜੋ ਪੜ੍ਹਾਈ ਲਈ ਇਕਾਂਤ ਮਿਲ ਸਕੇ।

ਛੱਲੀਆਂ ਦੀ ਕਢਵਾਈ ਚੱਲ ਰਹੀ ਸੀ। ਸੱਸ ਨੇ, ਛੱਲੀਆਂ ਦੀ ਕਢਵਾਈ ਖ਼ਤਮ ਹੋਣ ਤਕ ਰੁਕਣ ਲਈ ਕਿਹਾ ਤੇ ਬੋਲੀ, "ਹਾਲੇ ਤਾਂ ਮੈਂ ਤੈਨੂੰ ਪਰੋਹਤਣੀ ਨੂੰ ਸੱਦ ਕੇ ਚੌਕੇ ਚਾੜ੍ਹਨਾ।"

ਚੌਕੇ ਚੜ੍ਹਨ ਦਾ ਸੁਣ ਕੇ ਸੁੱਖੀ ਨੂੰ ਉਹ ਦਿਨ ਯਾਦ ਆ ਗਿਆ ਜਿਸ ਦਿਨ ਉਸ ਦੀ ਭਰਜਾਈ ਨੇ ਇਹ ਰਸਮ ਕੀਤੀ ਸੀ। ਬਹੂ ਦਾ ਆਪਣੀ ਵੱਲੋਂ, ਚੰਗੀ ਤੋਂ ਚੰਗੀ ਸੁਆਦਲੀ ਰੋਟੀ ਬਣਾਉਣੀ। ਘਰ ਦੇ ਵਡੇਰੇ ਨੂੰ ਪਰੋਸਣੀ। ਖਵਾਉਣੀ। ਵਡੇਰੇ ਦਾ ਸ਼ਗਨ ਵਜੋਂ ਬਹੂ ਨੂੰ ਕੁਝ ਦੇਣਾ। ਸ਼ਾਇਦ ਉਸੇ ਦਿਨ ਤੋਂ, ਇਹ ਪੁਰਾਣੀ ਰਸਮ ਕਰਨ ਦਾ ਚਾਅ ਸੁੱਖੀ ਦੇ ਮਨ ਦੀ ਕਿਸੇ ਨੁਕਰ ਵਿਚ ਲਕਿਆ ਬੈਠਾ ਸੀ। ਜਾਗ ਪਿਆ। ਉਹ ਰੁਕ ਗਈ।

ਘਰ ਦਾ ਗੁਸਲਖਾਨਾ, ਬਾਹਰਲੇ ਦਰਵਾਜ਼ੇ ਦੇ ਐਨ ਨਾਲ ਸੀ। ਉਸਦਾ ਦਰ, ਅਣਘੜਤ ਜਹੀਆਂ ਫੱਟੀਆਂ ਦਾ ਬਣਿਆ ਹੋਇਆ ਇਕ ਖਿੜਕ ਜਿਹਾ ਸੀ ਜਿਸ ਦੀਆਂ ਵਿੱਥਾਂ ਥਾਣੀ, ਜੇ ਉਸ 'ਤੇ ਕੋਈ ਕੱਪੜਾ ਨਾ ਪਾਇਆ ਹੋਵੇ ਤਾਂ ਅੰਦਰ ਨਹਾਉਂਦਾ ਬੰਦਾ ਅੱਧਾ ਪਚੱਧਾ ਕੀ ਸਾਰਾ ਹੀ ਦਿਸ ਪੈਂਦਾ ਸੀ।

ਘਰ ਕੋਈ ਨਹੀਂ ਸੀ। ਬੇਗਾ ਕਾਲਜੋਂ ਨਹੀਂ ਸੀ ਆਇਆ। ਸੁੱਖੀ ਨੇ ਦੁਪਿਹਰੋਂ ਬਾਅਦ, ਬਾਹਰਲਾ ਦਰ ਬੰਦ ਨਾ ਕੀਤਾ ਤੇ ਨਹਾਉਣ ਲੱਗ ਪਈ। ਜਦੋਂ ਉਹ ਪਿੰਡਾ ਪੂੰਝਣ ਲਈ ਖੜੀ ਹੋਈ ਤੇ ਤੌਲਿਆ ਚੁੱਕਿਆ ਤਾਂ ਉਸਦੀ ਨਜ਼ਰ ਬੈਠਕ ਦੀ ਤਾਕੀ ਤੇ ਪਈ ਤਾਂ ਦੇਖਿਆ, ਬੇਗਾ ਉਸਨੂੰ ਨਿਹਾਰ ਰਿਹਾ ਸੀ। ਉਸਨੇ ਫਟਾ ਫੱਟ ਪਿੰਡਾ ਪੂੰਝਿਆ, ਕੱਪੜੇ ਪਾਏ, ਬੈਠਕ ਵਿਚ ਆਈ ਤੇ ਬੇਗੇ ਨੂੰ ਪੁੱਛਿਆ, "ਬੇਗੇ, ਕੀ ਤੂੰ ਮੈਨੂੰ ਦੇਖਦਾ ਸੀ?"

"ਨਈ ਭਾਬੀ।"

"ਤੇ ਐਥੇ।" ਸੁੱਖੀ ਨੇ ਖਿੜਕੀ ਵੱਲ ਹੱਥ ਕੀਤਾ।

"ਮੈਂ ਦੇਖਦਾ ਸੀ ਕਿ ਕਦੋਂ ਤੁਸੀਂ ਨਹਾ ਕੇ ਨਿਕਲੋਂ ਤੇ ਕਦੋਂ ਮੈਨੂੰ ਰੋਟੀ।"

"ਰੋਟੀ ਕਿ ਵਹੁਟੀ?" ਸੁੱਖੀ ਨੇ ਉਸਦੀ ਗੱਲ ਟੋਕਦੀ ਨੇ ਪੁੱਛਿਆ।

ਬੇਗਾ ਚੁੱਪ ਰਿਹਾ।

"ਕੀ ਤੇਰਾ ਵਿਆਹ ਕਰਵਾਉਣ ਨੂੰ ਜੀ ਕਰਦਾ?"

ਬੇਗੇ ਨੇ ਕੋਈ ਜਵਾਬ ਨਾ ਦਿੱਤਾ ਤੇ ਸ਼ਰਮਿੰਦਗੀ ਵਜੋਂ ਨੀਵੀਂ ਪਾ ਲਈ।

"ਮੇਰੀ ਛੋਟੀ ਭੈਣ ਆ, ਮੇਰੇ ਨਾਲੋਂ ਵੀ ਸੁਨੱਖੀ। ਤੂੰ ਦੇਖੀ ਹੋਣੀਆਂ ਵਿਆਹ ਵਿਚ। ਕਹੇਂ ਤਾਂ।"

"ਭਾਬੀ" ਬੇਗੇ ਨੇ ਭਾਬੀ ਕੁਝ ਇਸ ਤਰ੍ਹਾਂ ਕਿਹਾ ਜਿਵੇਂ ਸੁੱਖੀ ਨੇ ਉਸਦੇ ਮਨ ਦੀ ਗੱਲ ਬੁੱਝ ਲਈ ਹੋਵੇ ਤੇ ਉਸ ਨੇ ਕਹਿਣਾ ਚਾਹਿਆ ਹੋਵੇ, "ਮੈਨੂੰ ਤਾਂ ਤੂੰ ਹੀ ਪਿਆਰੀ ਲਗਦੀ ਆਂ"।

"ਪਰ, ਉਸਦੀ ਇਕ ਸ਼ਰਤ ਆ।"

ਬੇਗੇ ਨੇ ਸਵਾਲੀਆ ਨਜ਼ਰਾਂ ਨਾਲ ਸੁੱਖੀ ਵੱਲ ਦੇਖਿਆ ਜਿਵੇਂ ਪੁੱਛਿਆ ਹੋਵੇ, "ਕੀ?"

"ਉਹ ਕਿਸੇ ਕੈਨੇਡਾ ਅਮਰੀਕਾ ਤੋਂ ਆਏ ਮੁੰਡੇ ਨਾਲ ਵਿਆਹ ਕਰਵਾਉਣਾ ਚਹੁੰਦੀ ਆ।"

"ਇੰਗਲੈਂਡ ਤਾਂ ਮੈਂ ਚਲੇ ਹੀ ਜਾਣਾ। ਪੜ੍ਹਾਈ ਤੋਂ ਬਾਅਦ।" ਉਹ ਰੁਕ ਕੇ ਬੋਲਿਆ, "ਉੱਥੋਂ ਮੌਕਾ ਲੱਗਾ ਤਾਂ ਕੈਨੇਡਾ ਚਲਿਆ ਜਾਉਂਗਾ।"

ਹੁਣ ਬੇਗਾ ਭਾਬੀ ਦੇ ਅੱਗੇ ਪਿੱਛੇ ਫਿਰਦਾ ਰਹਿੰਦਾ। ਘਰ ਕੀ ਬਾਹਰ, ਖੇਤਾਂ ਬੰਨੇ, ਜਿੱਥੇ ਸੁੱਖੀ, ਉੱਥੇ ਬੇਗਾ। ਸੁੱਖੀ ਦੀ ਸੱਸ ਨੇ, ਦੇਰ ਭਰਜਾਈ ਦਾ, ਘਿਉ ਖਿਚੜੀ ਹੋਣ ਵੱਲ ਬਹੁਤਾ ਧਿਆਨ ਨਾ ਦਿਤਾ ਤੇ ਅੱਖਾਂ ਉਹਲੇ ਕਰ ਦਿੱਤਾ।

ਕਈ ਵਾਰ ਤਾਂ ਗੋਹਾ ਕੂੜਾ ਕਰਨ ਗਈ ਸੁੱਖੀ ਦੀ ਸੱਸ ਨੂੰ ਦੋ ਚੌਂਹ ਆਢਣਾਂ ਗੁਆਂਢਣਾਂ ਨੇ ਵੀ ਸੁੱਖੀ ਤੇ ਬੇਗੇ ਬਾਰੇ ਕਿਹਾ। ਹਰ ਵਾਰ ਉਸਨੇ ਇਹ ਕਹਿ ਕੇ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਕੀਤਾ, "ਨੀ ਦਿਉਰ ਭਰਜਾਈ ਆ। ਪੜ੍ਹੇ ਲਿਖੇ ਹਾਣੀ ਆਂ। ਇਹੀ ਚਾਰ ਦਿਨ ਤਾਂ ਕੁੜੀ ਦੇ ਹੱਸਣ ਖੇਡਣ ਦੇ ਆ, ਖੇਡ ਲਵੇ। ਫੇ ਤਾਂ ਸਾਰੀ ਉਮਰ ਆਹੀ ਰੰਡੀ ਰੋਣਾ ਈ ਰੋਣਾ।" ਉਹ ਸਿਰ 'ਤੇ ਚੁੱਕਿਉ ਕੂੜੇ ਦੇ ਭਰੇ ਟੋਕਰੇ ਵੱਲ ਹੱਥ ਕਰ ਦਿੰਦੀ।

ਸੁੱਖੇ ਦੇ ਜਾਣ ਤੋਂ ਕੋਈ ਦੋ ਢਾਈ ਹਫ਼ਤੇ ਬਾਅਦ, ਇਕ ਦਿਨ ਸਵੇਰ ਨੂੰ ਜਦੋਂ ਸੁੱਖੀ ਜਾਗੀ ਤਾਂ ਦੇਖਿਆ, ਬੇਗਾ ਚਾਹ ਲਈ ਖੜ੍ਹਾ ਸੀ। ਉਹ ਉੱਠਣ ਲੱਗੀ ਤਾਂ ਉਸਨੂੰ ਬੜੇ ਜ਼ੋਰ ਦਾ ਚੱਕਰ ਆਇਆ। ਨਾਲ ਸੁੱਕੇ ਅਵੱਤ ਵੀ ਆਉਣ ਲੱਗ ਪਏ। ਦਿਲ ਪੱਟ ਹੋਣ ਲੱਗ ਪਿਆ। ਉਸਦਾ ਸਾਰਾ ਸਰੀਰ ਪਸੀਨੇ ਨਾਲ ਨੁਚੜ ਗਿਆ। ਬੇਗਾ ਘਬਰਾ ਗਿਆ। ਭੱਜ ਕੇ ਮਾਂ ਨੂੰ ਸੱਦ ਲਿਆਇਆ। ਸੱਸ ਨੇ ਨੂੰਹ ਦੀ ਹਾਲਤ ਦੇਖੀ ਤਾਂ ਸਮਝ ਗਈ ਕਿ ਇਸ ਨੂੰ ਕਿਉਂ ਘਮੇਟਣੀਆਂ ਆਉਂਦੀਆਂ। ਪਰ ਫੇਰ ਵੀ, ਬੇਗੇ ਦੇ ਇਸਰਾਰ 'ਤੇ ਸ਼ਹਿਰ ਲੇਡੀ ਡਾਕਟਰ ਨੂੰ ਦਿਖਾਉਣ ਲਈ ਬੇਗੇ ਨਾਲ ਭੇਜ ਦਿੱਤਾ। ਮੁਆਇਨੇ ਤੋਂ ਬਾਅਦ ਪਤਾ ਲੱਗਿਆ ਕਿ ਉਹ ਆਸ ਤੋਂ ਹੈ।

'ਆਸ ਤੋਂ ਹੋਣਾ' ਸੁੱਖੀ ਲਈ ਪੇਕੀਂ ਜਾਣ ਦਾ, ਸਭ ਤੋਂ ਖ਼ੂਬਸੂਰਤ ਤੇ ਵੱਡਾ ਬਹਾਨਾ ਸੀ, ਚਲੇ ਗਈ। ਉਸਦਾ ਪੇਕੀਂ ਜਾਣਾ ਬੇਗੇ ਲਈ ਅਜ਼ਾਬ ਬਣ ਗਿਆ। ਅਜ਼ਾਬ! ਕਿਹੜਾ ਅਜ਼ਾਬ? ਬੱਸ, ਪੁੱਛੋ ਨਾ।

4

ਪੇਕੀਂ ਆ ਕੇ ਸੁੱਖੀ, ਇਕ ਦਿਨ, ਆਪਣੀਆਂ ਸ਼ਹਿਰਨ ਸਹੇਲੀਆਂ, ਇੰਦੂ, ਮਧੂ ਤੇ ਸੋਨੂੰ ਨੂੰ ਮਿਲਣ ਕਾਲਜ ਗਈ। ਮੁਕਲਾਵੇ ਦੀ ਪਹਿਲੀ ਰਾਤ ਤੋਂ ਲੈ ਕੇ ਸੁੱਖੇ ਨਾਲ ਬਤਾਈ ਆਖ਼ਰੀ ਰਾਤ ਤਕ, ਕੀ ਹੋਇਆ ਕੀ ਨਾ ਹੋਇਆ ਦੀਆਂ ਗੱਲਾਂ ਹੋਈਆਂ ਤਾਂ ਇੰਦੂ ਨੇ ਬੇ-ਸਬਰੀ ਨਾਲ ਪੁੱਛਿਆ, "ਕੁਛ ਹੋਇਆ ਵੀ ਕਿ ਸੁੱਕਾ ਈ ਵਾਜਾ ਵਜਵਾਉਂਦੀ ਰਹੀ?"

"ਇਹਨੇ ਕੀ ਦੱਸਣਾ।" ਮਧੂ ਨੇ ਕਿਹਾ ਤਾਂ ਸੋਨੂੰ ਨੇ ਵਿੱਚੇ ਟੋਣਾ ਲਾਇਆ, "ਹੁਣ ਤਾਂ ਲੱਗਿਆ ਲਾਊਡ-ਸਪੀਕਰ ਬੋਲੂ।" ਆਖ ਕੇ ਉਸਦੇ ਢਿੱਡ ਨੂੰ ਉਂਗਲ ਲਾਈ।

ਸੁੱਖੀ, ਉਂਗਲ ਦੀ ਚੋਭ ਤੋਂ ਬਚਣ ਲਈ ਥੋੜ੍ਹਾ ਕੁ ਅੱਗੇ ਨੂੰ ਝੁਕੀ, ਢਿੱਡ ਨੂੰ ਅੰਦਰ ਨੂੰ ਖਿੱਚ ਕੇ ਦੋਹਾਂ ਹੱਥਾਂ ਨਾਲ ਫੜ ਲਿਆ। ਸੰਗ ਨਾਲ ਮੂੰਹ ਲਾਲ ਹੋ ਗਿਆ ਤਾਂ ਸਭ ਨੇ ਗੀਗੇ ਦੀ ਪਾਰਟੀ ਮੰਗੀ।

"ਨਾ ਜੇ ਗੀਗੀ ਹੋਈ?" ਸੁੱਖੀ ਨੇ ਟਾਲਣ ਲਈ ਕਿਹਾ।

"ਸਾਡੀ ਵਲੋਂ ਚਾਹੇ ਲੈਚੀ ਕਿਉਂ ਨਾ ਹੋਵੇ।" ਲਾਗਲੇ ਪਿੰਡ ਮਜਾਰੇ ਦੀ ਰਾਹ ਦੀ ਸਾਥਣ ਤੇ ਸਹੇਲੀ ਸ਼ਰਨਜੀਤ ਨੇ ਕਿਹਾ, "ਅਸੀਂ ਤਾਂ ਪਾਰਟੀ ਲੈਣੀ ਆਂ।"

ਲੈਚੀ, ਸ਼ਹਿਰ ਦਾ ਪ੍ਰਸਿੱਧ ਖੁਸਰਾ ਸੀ ਜੋ ਸ਼ਹਿਰ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਮਸ਼ਹੂਰ ਸੀ। ਦੇਖਣ ਨੂੰ ਉਹ ਇਸਤਰੀ ਲਗਦਾ। ਭਰਵੀਂ ਛਾਤੀ। ਬਿਨਾਂ ਦਾੜ੍ਹੀ ਮੁੱਛ ਤੋਂ ਸਾਫ਼ ਮੂੰਹ। ਪਰ ਦੱਸਣ ਵਾਲੇ ਲੋਕ ਦੱਸਦੇ ਸਨ ਕਿ ਉਸਦੇ ਭਗ ਦੀ ਥਾਂ, ਨਾ ਮਾਤਰ ਲਿੰਗ ਸੀ।

ਉਹ ਖਾਣ ਪੀਣ ਲਈ ਕਾਲਜ ਕੈਨਟੀਨ ਨੂੰ ਜਾਣ ਲੱਗੀਆਂ ਤਾਂ ਮਿਸਿਜ਼ ਨਾਥ ਆ ਗਈ। ਮਿਸਿਜ਼ ਨਾਥ, ਕਾਲਜ ਮੈਗਜ਼ੀਨ ਦੀ ਇੰਚਾਰਜ ਤੇ ਵਾਈਸ ਪ੍ਰਿੰਸੀਪਲ ਵੀ ਸੀ। ਸੁੱਖੀ ਨੇ ਉਸਨੂੰ ਦੇਖਕੇ ਪ੍ਰਣਾਮ ਕੀਤਾ ਤਾਂ ਉਹ ਪ੍ਰਣਾਮ ਦਾ ਜਵਾਬ ਦੇ ਕੇ ਬੋਲੀ, "ਮੈਨੂੰ ਤੇਰੀ ਕਹਾਣੀ ਬਹੁਤ ਪਸੰਦ ਆਈ। ਲਿਖਣਾ ਬੰਦ ਨਾ ਕਰੀਂ।"

ਸੁੱਖੀ ਨੇ, 'ਧੰਨਵਾਦ' ਕਰਦੀ ਨੇ ਕਿਹਾ, "ਮੈਡਮ, ਹੁਣ ਤਾਂ ਹੱਥਕੜੀਆਂ ਪੈ ਗਈਆਂ।" ਤੇ ਆਪਣੀਆਂ ਚੂੜੇ ਵਾਲੀਆਂ ਬਾਹਾਂ ਮੈਡਮ ਵੱਲ ਵਧਾਈਆਂ, "ਲਿਖਣ ਦਾ ਤਾਂ ਅੱਲਾ ਬੇਲੀ।"

ਮਿਸਿਜ਼ ਨਾਥ ਨੇ ਇਕ ਝਾਤ ਉਸਦੇ ਚੂੜੇ ਤੇ ਮਾਰੀ ਤੇ, "ਕੋਸ਼ਿਸ਼

ਕਰੀਂ।" ਆਖ ਕੇ ਆਪਣਾ ਪੀਰੀਅਡ ਲਾਉਣ ਚਲੇ ਗਈ।

ਪਾਰਟੀ ਤੋਂ ਬਾਅਦ, ਜਦੋਂ ਪਿੰਡ ਨੂੰ ਜਾਣ ਲਈ ਸੁੱਖੀ ਬਾਹਰ ਨਿਕਲੀ ਤਾਂ ਉਸਨੂੰ ਚਾਹ ਵਾਲੇ ਖੋਖੇ ਕੋਲੋਂ, ਬੇਗੇ ਵਰਗਾ ਇਕ ਮੁੰਡਾ ਸਾਈਕਲ 'ਤੇ ਜਾਂਦਾ ਦਿਸਿਆ। ਸੁੱਖੀ ਦੀ ਨਜ਼ਰ ਨੇ ਦੂਰ ਤਕ ਉਸਦਾ ਪਿੱਛਾ ਕੀਤਾ ਪਰ ਉਸ ਨੇ ਪਿੱਛੇ ਮੁੜ ਕੇ ਨਾ ਦੇਖਿਆ ਤਾਂ ਉਸਨੇ ਮਨ ਵਿਚ ਕਿਹਾ, "ਬੇਗਾ! ਇੱਥੇ ? ਕਿਤੇ ?"

ਘਰ ਆਈ ਤਾਂ ਮਾਂ ਨੂੰ ਬੇਗੇ ਬਾਰੇ ਪੱਛਿਆ। ਮਾਂ ਦਾ ਨਾਂਹ ਵਿਚ ਜਵਾਬ ਸੁਣ ਕੇ ਉਹ ਸਵੇਰ ਦਾ ਵਾਕਿਆ ਭੁੱਲ ਗਈ।

ਲੌਂਢੇ ਵੇਲੇ, ਇੰਗਲੈਂਡ ਤੋਂ ਸੁੱਖੇ ਦੀ ਚਿੱਠੀ, ਉਸਦੀ ਚਿੱਠੀ ਦੇ ਜਵਾਬ ਵਿਚ ਆਈ। ਚਿੱਠੀ ਗੁਰਮੁਖੀ ਵਿਚ ਸੀ। ਲਿਖਾਈ ਬੇਹੱਦ ਖੁਸ਼ਖ਼ਤ ਪਰ ਸ਼ਬਦਾਂ ਦੇ ਹੇਜੇ, ਰੱਬ ਲੇਖੇ ਸਨ। ਇਹ 'ਲਿਖੇ ਈਸਾ ਪੜ੍ਹੇ ਮੂਸਾ' ਵਾਲੀ ਗੱਲ ਵੀ ਨਹੀਂ ਸੀ। ਖੈਰ, ਉਸਨੇ ਜੋੜ ਜਾੜ ਕੇ ਪੜ੍ਹੀ ਤਾਂ ਪਤਾ ਲੱਗਿਆ ਕਿ ਉਸਨੂੰ ਆਪਣੇ ਬਾਪ ਬਣਨ ਦੀ ਖ਼ਬਰ ਸੁਣ ਕੇ ਬਹੁਤ ਖੁਸ਼ੀ ਹੋਈ ਹੈ। ਉਸਨੇ ਉਸਦੀ ਰਾਹਦਾਰੀ, ਚਿੱਠੀ ਮਿਲਣ ਤੋਂ ਪਹਿਲਾਂ ਹੀ, ਟਰੈਵਲ ਏਜੰਟ ਦੀ ਬਜਾਏ, ਆਪਣੇ ਪਿੰਡ ਭੇਜ ਦਿੱਤੀ ਹੈ, ਇਹ ਸੋਚ ਕੇ ਕਿ ਉਹ ਹਾਲੇ ਉੱਥੇ ਹੀ ਹੋਵੇਂਗੀ। ਨਾਲ ਤਾਕੀਦ ਕੀਤੀ ਸੀ ਕਿ ਉਹ ਉੱਥੋਂ, ਬੇਗੇ ਨੂੰ ਨਾਲ ਲੈ ਕੇ ਏਜੰਟ ਨੂੰ ਦੇ ਆਵੇ ਤੇ ਆਪਣੇ ਪਾਸਪੋਰਟ ਬਾਰੇ ਪਤਾ ਕਰ ਕੇ ਲਿਖੇ।

ਅੱਸੂ ਦਾ ਮਹੀਨਾ। ਨਾ ਛੋਟੇ ਨਾ ਲੰਬੇ ਦਿਨ। ਤਿੱਖੀ ਸੁਨਹਿਰੀ ਧੁੱਪ। ਗੂੜ੍ਹੇ ਗੂੜ੍ਹੇ ਪਰਛਾਵੇਂ। ਸ਼ਾਮ ਦੇ ਰੋਟੀ ਟੁੱਕ ਦਾ ਵੇਲਾ। ਸੁੱਖੀ, ਗਵਾਂਢੀ ਘਰ ਦੇ ਚੁਬਾਰੇ ਦੇ ਪਰਛਾਵੇਂ ਹੇਠ ਵਿਹੜੇ ਵਿਚ ਮੰਜੇ 'ਤੇ ਬੈਠੀ, ਰਾਤ ਦੀ ਰੋਟੀ ਦਾ ਆਹਰ ਪਾਹਰ ਕਰ ਰਹੀ ਸੀ। ਲਾਗਲੇ ਮੰਜੇ ਤੇ ਨਿੰਦਰ ਤੇ ਬੱਲੀ ਬੈਠੇ, ਸਕੂਲ ਦਾ ਕੰਮ ਕਰ ਰਹੇ ਸਨ ਕਿ ਬਰਾਂਡੇ ਦੇ ਬਨੇਰੇ 'ਤੇ ਕਾਂ ਆ ਕੇ ਕੁਰਲੀਆਂ ਕਰਨ ਲੱਗ ਪਿਆ।

"ਨਿੰਦਰ, ਮਾਰ ਇਸ ਦਾਦਣੇ ਨੂੰ, ਕਿਹੜੇ ਵੇਲੇ ਆ ਕੇ ਕੁਰਲੀ ਕਰਨ ਲੱਗ ਪਿਆ।" ਸੁੱਖੀ ਨੇ ਕਿਹਾ ਤਾਂ ਨਿੰਦਰ ਉੱਠੀ, ਬਾਹਰਲੇ ਚੌਕੇ 'ਚ ਪਏ ਬਾਲ਼ਣ 'ਚੋਂ ਤੂਤ ਦੀ ਲੰਬੀ ਸਾਰੀ ਛਿਟੀ ਚੁੱਕੀ ਤੇ ਕਾਂ ਵੱਲ ਨੂੰ ਹੋਈ। ਕਾਂ ਤੂਤ ਦੀ ਛਿਟੀ ਦੇਖ ਕੇ ਈ ਉਡ ਗਿਆ।

ਹਾਲੇ ਨਿੰਦਰ ਨੇ ਛਿਟੀ ਬਾਲ਼ਣ 'ਤੇ ਸੁੱਟੀ ਹੀ ਸੀ ਕਿ ਬਾਹਰਲਾ ਦਰ ਖੜਕਿਆ। ਸੁੱਖੀ ਨੇ ਨਿੰਦਰ ਨੂੰ ਜਾ ਕੇ ਦੇਖਣ ਲਈ ਕਿਹਾ। ਨਿੰਦਰ ਗਈ ਤੇ ਦਰ ਖੋਲ੍ਹ ਕੇ ਦੇਖਿਆ, ਸਾਹਮਣੇ ਬੇਗਾ ਖੜ੍ਹਾ ਸੀ। ਬੇਗੇ ਨੇ ਨਿੰਦਰ ਨੂੰ ਗਹੁ ਨਾਲ ਦੇਖਿਆ। ਸੱਤ ਸਿਰੀ ਅਕਾਲ ਬੁਲਾਈ ਤੇ ਪੁੱਛਿਆ, "ਭਾਬੀ ਜੀ ਹੈਗੇ ?"

ਸੁੱਖੀ, ਬੇਗੇ ਦੇ ਮੂੰਹੋਂ 'ਭਾਬੀ ਜੀ ਹੈਗੇ' ਸੁਣ ਕੇ ਕੁਝ ਹੈਰਾਨ ਹੋਈ ਕਿਉਂਕਿ ਉਹ ਤਾਂ ਉਸਨੂੰ ਇਕੱਲਾ "ਭਾਬੀ" ਹੀ ਕਹਿ ਕੇ ਬੁਲਾਉਂਦਾ ਹੁੰਦਾ ਸੀ। "ਸ਼ਾਇਦ ਬੇਗਾ ਨਿੰਦਰ 'ਤੇ ਆਪਣੇ ਸੱਭਿਆ ਤੇ ਪੜ੍ਹੇ ਲਿਖੇ ਹੋਣ ਦਾ ਪ੍ਰਭਾਵ

ਪਾ ਰਿਹਾ ਸੀ। ਸੁੱਖੀ ਨੇ ਮਨ ਵਿਚ ਕਿਹਾ ਤੇ ਬੋਲੀ, "ਬੇਗੇ, ਆ ਲੰਘ ਆ।"

ਪਾਣੀ ਧਾਣੀ ਦੌਰਾਨ, ਸੁੱਖੀ ਨੇ ਪੁੱਛਿਆ, "ਬੇਗੇ ਕਿਵੇਂ ਆਇਆਂ?"

"ਭਾਬੀ ਜੀ, ਪਿੰਡ ਤੁਹਾਡੇ ਨਾਂ ਦੀ, ਇੰਗਲੈਂਡੋਂ ਰਜਿਸਟਰੀ ਆਈਓ ਆ।" ਬੇਗੇ ਨੇ ਕਿਹਾ, "ਮਾਸਟਰ ਆਤਮਾ ਰਾਮ ਕਹਿੰਦਾ, ਉਹ ਤੁਹਾਡੇ ਦਸਤਖਾਂ ਤੇ ਲੰਬੜ ਦੀ ਗਵਾਹੀ ਬਿਨਾਂ ਨਹੀਂ ਦੇ ਸਕਦਾ।"

"ਤਾਂ ਫੇ ਤੂੰ ਮੈਨੂੰ ਲੈਣ ਆਇਆਂ?

"ਨਈਂ" "ਆਹੋ।" ਉਹ ਫੱਟ ਦੇਣੀ ਪੈਂਤੜਾਂ ਬਦਲ ਕੇ ਬੋਲਿਆ, "ਨਾਲੇ ਕੱਲ੍ਹ ਟਰੈਵਲ ਏਜੰਟ ਮਿਲਿਆ ਸੀ ਦੱਸਦਾ ਸੀ ਕਿ ਹੋਰ ਹਫ਼ਤੇ ਤਕ ਤੁਹਾਡਾ ਪਾਸਪੋਰਟ ਆਉਣ ਵਾਲਾ। ਕਰਾਇਆ ਜਮ੍ਹਾਂ ਕਰਾ ਜਾਓ।"

"ਉਹ ਤਾਂ ਤੇਰਾ ਭਰਾ ਭੇਜੂ ਤਾਂ ਦੇ ਹੋਊ।" ਸੁੱਖੀ ਨੇ ਕਿਹਾ।

ਉਂਝ ਤਾਂ ਸੁੱਖੀ ਦੇ ਪੇਕਿਆਂ ਤੋਂ ਸਹੁਰਾ ਪਿੰਡ, ਪਿੰਡਾਂ ਵਿੱਚੀਂ ਕੋਈ ਪੰਦਰਾਂ ਕੁ ਕਿੱਲੋਮੀਟਰ ਸੀ। ਪਿੰਡਾਂ ਦੀਆਂ ਪੱਕੀਆਂ ਫਿਰਨੀਆਂ ਵੀ ਸਨ ਪਰ ਕੱਚੀਆਂ ਨਾਲੋਂ ਵੱਧ ਮਾੜੀਆਂ। ਥਾਂ ਥਾਂ ਤੋਂ ਟੁੱਟੀਆਂ। ਗੋਡੇ ਗੋਡੇ ਸਾਨ ਡੂੰਘੇ ਟੋਏ। ਨਾਲੇ ਬੇਗਾ ਸਾਈਕਲ 'ਤੇ ਨਹੀਂ ਸੀ ਆਇਆ।

ਦੂਜੇ ਦਿਨ ਸਵੇਰੇ ਉਨ੍ਹਾਂ ਨੇ ਸੁੱਖੀ ਹੁਣਾ ਦੇ ਲਾਗਲੇ ਕਸਬੇ ਤੋਂ ਬੱਸ ਫੜੀ ਤੇ ਉਸ ਸ਼ਹਿਰ ਨੂੰ ਚਲੇ ਗਏ ਜਿੱਥੇ ਉਨ੍ਹਾਂ ਦਾ ਟਰੈਵਲ ਏਜੰਟ ਸੀ। ਉੱਥੋਂ ਉਨ੍ਹਾਂ ਨੇ, ਬਿਨਾਂ ਏਜੰਟ ਨੂੰ ਮਿਲਿਆਂ ਆਪਣੇ ਥਾਣੇ ਦੇ ਕਸਬੇ ਨੂੰ ਜਾਂਦੀ ਬੱਸ ਫੜੀ ਜਿੱਥੋਂ ਕੋਈ ਛੇ ਕੁ ਕਿੱਲੋਮੀਟਰ ਉਰੇ ਉਨ੍ਹਾਂ ਦਾ ਪਿੰਡ ਪੈਂਦਾ ਸੀ।

ਜਦੋਂ ਬਸ ਬੇਗੇ ਦੇ ਕਾਲਜ ਕੋਲਦੀਂ ਲੰਘੀ ਤਾਂ ਸੁੱਖੀ ਨੂੰ, ਕੱਲ੍ਹ ਵਾਲਾ ਵਾਕਿਆ ਯਾਦ ਆ ਗਿਆ। ਉਸਨੇ ਬੇਗੇ ਦੀ ਕਮੀਜ਼ ਵੱਲ ਦੇਖਿਆ। ਉਹੀ ਕਮੀਜ਼ ਤਾਂ ਉਸ ਨੇ ਬੇਗੇ ਨੂੰ ਪੁੱਛਿਆ, "ਬੇਗੇ, ਤੂੰ ਕੱਲ੍ਹ ਕਿੱਥੇ ਸੀ?"

"ਕੀ ਗੱਲ ਭਾਬੀ ਜੀ!"

"ਤੇਰਾ ਸੈਕਲ ਕਿੱਥੇ ਆ?"

"ਐਥੇ।" ਉਸਨੇ ਕਾਲਜ ਵੱਲ ਹੱਥ ਕਰਦੇ ਨੇ ਕਿਹਾ।

"ਕੱਲ੍ਹ ਤੂੰ ਸਾਡੇ ਸ਼ਹਿਰ ਕੁੜੀਆਂ ਦੇ ਕਾਲਜ ਸਾਈਕਲ 'ਤੇ ਕੀ ਕਰਦਾ ਸੀ?"

ਬੇਗੇ ਦਾ ਮੂੰਹ ਇਕ ਦਮ ਪੀਲਾ ਪੈ ਗਿਆ ਜਿਵੇਂ ਚੋਰੀ ਫੜੀ ਗਈ ਹੋਵੇ। ਉਸਨੇ ਨੀਵੀਂ ਪਾ ਲਈ ਤਾਂ ਸੁੱਖੀ ਬੋਲੀ, "ਮੈਨੂੰ ਦੇਖਣ ਗਿਆ ਸੀ?"

ਬੇਗੇ ਨੇ ਹਾਂ ਵਿਚ ਸਿਰ ਹਲਾਇਆ ਤੇ ਬੋਲਿਆ, "ਮੇਰਾ ਤੁਹਾਥੋਂ ਬਿਨਾਂ ਜੀ ਨਈਂ ਲਗਦਾ।"

"ਇਹ ਗੱਲ ਆ ਤਾਂ ਮੈਂ ਆ ਜਾਂਦੀ ਆਂ। ਪਰ ਇਕ ਸ਼ਰਤ ਆ।"

ਬੇਗੇ ਨੇ ਸੁੱਖੀ ਵੱਲ ਐਦਾਂ ਦੇਖਿਆ ਜਿਵੇਂ ਸ਼ਰਤ ਪੁੱਛਦਾ ਹੋਵੇ। ਤਾਂ ਸੁੱਖੀ ਬੋਲੀ, "ਕਾਲਜ ਨੇਮ ਨਾਲ ਜਾਣਾ ਹੋਊ।"

"ਮੇਰਾ ਤਾਂ" "ਪੜ੍ਹਨ ਨੂੰ ਜੀ ਨਈਂ ਕਰਦਾ।" ਸੁੱਖੀ ਨੇ ਵਿੱਚੇ ਟੋਕ ਕੇ ਉਸਦਾ ਵਾਕ ਪੂਰਾ ਕੀਤਾ ਤੇ ਪੁੱਛਿਆ, "ਹੈ ਨਾ?"

ਫਿਰ ਰੁਕ ਕੇ ਕਿਹਾ, "ਤਾਂ ਬਣਾ ਪਾਸਪੋਰਟ, ਲਿਖ ਆਪਣੇ ਭਾਅ ਨੂੰ, ਬੁਲਾ ਲਵੇ।"

"ਪਰ ਉਹ ਵਿਆਹ ...।"

"ਉਹ ਉਹਦੀ ਸ਼ਰਤ 'ਤੇ। ਚੇਤੇ ਆ ਨਾ?"

ਬੇਗੇ ਨੇ ਹਾਂ ਵਿਚ ਸਿਰ ਹਲਾਇਆ।

ਸੁੱਖੀ ਨੇ, ਆਪਣੇ ਮਾਪਿਆਂ ਨਾਲ ਗੱਲ ਕੀਤੀ। ਸੱਸ ਤੇ ਸਹੁਰੇ ਨਾਲ ਪੱਕੀ ਠੱਕੀ ਕਰ ਕੇ ਬੇਗੇ ਨੂੰ ਰੋਕ ਲਿਆ। ਬੇਗੇ ਤੇ ਨਿੰਦਰ ਬਾਰੇ ਆਪਣੇ ਮਾਂ ਪਿਉ ਨੂੰ ਚੰਗੀ ਤਰ੍ਹਾਂ ਸਮਝਾਅ ਦਿੱਤਾ ਤੇ ਆਪ ਇੰਗਲੈਂਡ ਦੀ ਤਿਆਰੀ ਕੱਸ ਲਈ।

ਸੁੱਖੀ ਦੇ ਮਾਂ ਪਿਉ ਤੇ ਸੱਸ ਸਹੁਰਾ ਚਾਹੁੰਦੇ ਸਨ ਕਿ ਉਸਦਾ ਪਹਿਲਾ ਨਿਆਣਾ ਇੱਥੇ ਹੋਵੇ ਪਰ, ਸੁੱਖੀ ਦੀ ਦਲੀਲ ਸੀ ਕਿ ਉਹ ਇੰਗਲੈਂਡ ਵਿਚ ਹੋਵੇ ਤਾਂ ਜੋ ਉਹ ਜਨਮ ਤੋਂ ਹੀ ਇੰਗਲੈਂਡ ਦਾ ਸ਼ਹਿਰੀ ਬਣ ਜਾਏ।

5

ਸੁੱਖੀ, ਏਅਰ ਫ਼ਰਾਂਸ ਦੀ ਉਸ ਉਡ਼ਾਣ ਵਿਚ ਬੈਠੀ ਸੀ ਜੋ ਬਰਾਸਤਾ ਪੈਰਿਸ ਲੰਡਨ ਜਾ ਰਹੀ ਸੀ।

ਉਹ ਗਰਭ ਦੇ ਛੇਵੇਂ ਮਹੀਨੇ ਵਿਚ ਸੀ। ਭਾਵੇਂ ਉਸਨੇ, ਕਾਲਜ ਵਿਚ ਦੋ ਸਾਲ ਲਾਏ ਸਨ, ਯੌਰਪੀਨ ਟੌਇਲਟਾਂ ਬਾਰੇ ਸੁਣ ਰੱਖਿਆ ਸੀ ਪਰ, ਉਨ੍ਹਾਂ ਦੀ ਵਰਤੋਂ ਤੋਂ ਨਾਵਾਕਿਫ਼ ਸੀ, ਖਾਸ ਕਰ ਕੇ ਜਹਾਜ਼ ਦੀਆਂ ਤੋਂ।

ਬੋਇੰਗ 707 ਦੇ ਜਹਾਜ਼ ਨੂੰ ਉਡ਼ਾਣ ਭਰੇ ਕੁਝ ਹੀ ਘੰਟੇ ਹੋਏ ਸਨ ਕਿ ਸੁੱਖੀ ਨੇ ਵਾਸ਼ਰੂਮ ਜਾਣ ਦੀ ਹਾਜਤ ਮਹਿਸੂਸ ਕੀਤੀ। ਉਹ ਉੱਠੀ ਤੇ ਉੱਠ ਕੇ ਟੌਇਲਟ ਨੂੰ ਗਈ। ਟੌਇਲਟ ਦਾ ਦਰ ਖੋਲ੍ਹ ਕੇ ਅੰਦਰ ਵਡ਼ੀ ਤਾਂ ਦਰ ਉਸਦੇ ਪਿੱਛੇ ਆਪਣੇ ਆਪ ਭਿਡ਼ ਗਿਆ। ਉਹ ਤ੍ਰਭਕੀ। ਆਪਣੇ ਆਪ ਨੂੰ ਛੋਟੇ ਜਿਹੇ ਕਮਰੇ, ਜਿਸ ਵਿਚ ਉਹ ਮਸਾਂ ਥਾਂ ਦੀ ਥਾਂ ਹੀ ਘੁੰਮ ਸਕਦੀ ਸੀ, ਬੰਦ ਦੇਖ ਕੇ ਘਬਰਾਈ। ਸਾਹ ਘੁੱਟ ਹੁੰਦਾ ਮਹਿਸੂਸ ਹੋਇਆ। ਪਰ, ਸਾਹਮਣੀ ਕੰਧ 'ਤੇ ਲੱਗੇ ਸ਼ੀਸ਼ੇ ਵਿਚ ਆਪਣਾ ਅਕਸ ਦੇਖ ਕੇ, ਉਸਨੂੰ ਕੁਝ ਸ਼ਾਂਤੀ ਹੋਈ। ਉਸਨੇ ਐਧਰ ਉੱਧਰ ਦੇਖਣਾ ਸ਼ੁਰੂ ਕੀਤਾ। ਸ਼ੀਸ਼ੇ ਥੱਲੇ ਸਿੰਕ, ਸਿੰਕ 'ਤੇ ਸਾਬਣ ਤੇ ਇਤਰ ਫਲੇਲ ਦੀਆਂ ਛੋਟੀਆਂ ਛੋਟੀਆਂ ਸ਼ੀਸ਼ੀਆਂ। ਉਸ ਨਾਲ ਬੈਠਣ ਨੂੰ ਇਕ ਨੀਵਾਂ ਜਿਹਾ ਸਟੂਲ। ਉਹ ਇਹ ਚੀਜ਼ਾਂ ਦੇਖ ਕੇ ਉਨ੍ਹੀ ਪੈਰੀਂ ਵਾਪਸ ਮੁਡ਼ ਆਈ।

ਕੁਝ ਚਿਰ ਬਾਅਦ ਉਹ ਫਿਰ ਉੱਠੀ ਤੇ ਉੱਠ ਕੇ ਦੂਜੇ ਪਾਸੇ ਦੀ ਟੌਇਲਟ ਨੂੰ ਗਈ, ਇਸ ਖਿਆਲ ਨਾਲ ਕਿ ਸ਼ਾਇਦ ਉੱਥੇ ਕੋਈ ਵੱਖਰਾ ਪ੍ਰਬੰਧ ਹੋਵੇਗਾ। ਜਦੋਂ ਉਸਨੇ ਉੱਥੇ ਵੀ ਉਹੀ ਚੀਜ਼ਾਂ ਦੇਖੀਆਂ ਤਾਂ ਮੁਡ਼ ਆਈ।

ਜਦੋਂ ਮਸਾਨੇ ਦਾ ਦਬਾ ਉਸਦੀ ਰੋਕਣ ਸ਼ਕਤੀ ਤੋਂ ਬਾਹਰ ਹੋਣ ਲੱਗਾ ਤਾਂ ਉਹ ਉੱਠਕੇ ਫਿਰ ਟੌਇਲਟ ਨੂੰ ਗਈ। ਹਾਲੇ ਉਹ ਟੌਇਲਟ ਕੋਲ ਗਈ ਹੀ ਸੀ ਇਕ ਹੋਸਟੈਸ, ਜੋ ਉਸਨੂੰ ਬਾਰ ਬਾਰ ਟੌਇਲਟ ਨੂੰ ਆਉਂਦੀ ਤੇ ਆ ਕੇ ਮੁਡ਼ ਜਾਂਦੀ ਨੂੰ ਦੇਖ ਰਹੀ ਸੀ, ਇਹ ਸੋਚ ਕੇ ਉਸਦੇ ਕੋਲ ਆਈ ਕਿ ਸ਼ਾਇਦ ਇਸ ਨੂੰ ਗਰਭ ਕਾਰਨ ਕੋਈ ਤਕਲੀਫ਼ ਹੈ ਤਾਂ ਫਰੇਂਚ ਵਿਚ ਪੁੱਛਿਆ, "ਫੈਤੇ ਵ੍ਹੂ, ਆਂ ਬੈਸਿਉਂ, ਦੇ-ਐਦੇ ਮੈਮ।"- ਕੀ ਮੈਡਮ ਤੈਨੂੰ ਮਦਦ ਚਾਹੀਦੀ ਹੈ?

ਸੁੱਖੀ ਨੂੰ ਫਰੇਂਚ ਤਾਂ ਸਮਝ ਨਾ ਆਈ ਤੇ ਨਾ ਹੀ ਇਹ ਪਤਾ ਲੱਗਿਆ ਕਿ ਉਸਨੇ ਕੀ ਪੁੱਛਿਆ ਪਰ, ਟੌਇਲਟ ਦਾ ਦਰ ਖੋਲ੍ਹਿਆ। ਆਪਣੇ ਢਿੱਡ ਨੂੰ ਹੱਥ ਲਾਇਆ ਤੇ ਉਸੇ ਹੱਥ ਨਾਲ "ਕਿੱਥੇ" ਦਾ ਇਸ਼ਾਰਾ ਕੀਤਾ। ਹੋਸਟੈਸ ਉਸਦਾ ਸੰਕੇਤ ਸਮਝ ਗਈ। ਟੌਇਲਟ ਦੇ ਅੰਦਰ ਗਈ, ਟੌਇਲਟ ਦਾ ਢੱਕਣ

ਚੁਕਿਆ, ਲੱਕ ਤੇ ਪੁੜੇ ਘੁੰਮਾ ਕੇ ਸ'ਕਰਟ ਉਤਾਰਨ ਦਾ ਪਖੰਡ ਕੀਤਾ ਤੇ ਟੌਇਲਟ 'ਤੇ ਬੈਠ ਕੇ ਮੂੰਹ ਨਾਲ "ਸ਼ੂੰ ਸ਼ੂੰ" ਕੀਤਾ। ਉੱਠੀ। ਸ'ਕਰਟ ਪਾਉਣ ਦੀ ਸਾਂਗ ਲਾਈ, ਫ਼ਲੱਸ਼ ਦਾ ਬਟਣ ਦਬਾਇਆ, "ਸੈ ਟੂ"- ਬੱਸ ਐਨੀ ਗੱਲ ਕਿਹਾ ਤੇ ਹੱਸ ਕੇ ਬਾਹਰ ਨਿਕਲ ਆਈ।

ਸੁੱਖੀ ਨੇ "ਥੈਂਕ ਯੂ" ਕਿਹਾ ਤਾਂ ਹੋਸਟੈਸ, "ਮੈਰ'ਸੀ" ਕਹਿ ਕੇ ਚਲੇ ਗਈ। ਸੁੱਖੀ, ਉਸਦੇ ਮੂੰਹੋਂ "ਮੈਰ'ਸੀ" ਦਾ ਸ਼ਬਦ ਸੁਣ ਕੇ ਬੜੀ ਹੈਰਾਨੀ ਹੋਈ ਤੇ ਉਸਦੀ ਪਿੱਠ ਵੱਲ ਦੇਖਦੀ ਬੁੜਬੜਾਈ, "ਹੈ ਨਖਸਮੀ ਝਾਂਗਣ, ਮੈਂ ਤਾਂ ਇਹਨੂੰ, 'ਥੈਂਕ ਯੂ' ਕਿਹਾ, ਇਹ ਮੈਨੂੰ ਉਲਟਾ 'ਮਰਸੀਂ' ਕਹਿ ਕੇ ਭੱਜ ਗਈ।"

ਹੀਥਰੋ 'ਤੇ ਇੰਮੀਗ੍ਰੇਸ਼ਨ ਤੇ ਕਸਟਮ 'ਚੋਂ ਬਾਹਰ ਨਿਕਲੀ ਤਾਂ ਅੱਗੇ ਸੁੱਖਾ ਓਵਰ ਕੋਟ ਲਈ ਖੜ੍ਹਾ ਸੀ। ਉਨ੍ਹਾਂ ਸਾਰਿਆਂ ਨੇ ਓਵਰ ਕੋਟ ਪਾਏ ਹੋਏ ਸਨ। ਸੁੱਖੇ ਨੇ ਸੁੱਖੀ ਦੀ, ਵੱਡੇ ਭਰਾ ਕਰਨੈਲ ਤੇ ਇਕ ਪੱਕੇ ਰੰਗ ਦੇ ਬੰਦੇ, ਨੱਟੂ ਭਾਈ ਨਾਲ ਜਾਣ-ਪਛਾਣ ਕਰਵਾਈ ਤੇ ਉਸ ਵੱਲ ਓਵਰ ਕੋਟ ਵਧਾ ਕੇ ਬੋਲਿਆ, "ਲੈ ਆਹ ਪਾ ਲੈ, ਬਾਹਰ ਬਹੁਤ ਠੰਡ ਆ।"

ਸੱਖੀ ਨੇ ਕੋਟ ਲਿਆ 'ਤੇ ਬਿਨਾਂ ਪਾਇਆਂ ਬੋਲੀ, "ਸ਼ੌਲ ਹੈਗਾ। ਨਾਲੇ ਕਿਹੜੀ ਐਡੀ ਠੰਡ ਆ।" ਉਸਨੇ ਨਾਲ ਹੀ ਕਿਹਾ।

"ਬਾਹਰ ਨਿਕਲੇਂਗੀ ਤਾਂ ਪਤਾ ਲੱਗੂ।" ਸੁੱਖੇ ਨੇ ਕਿਹਾ ਤਾਂ ਕੈਲੇ ਨੇ ਬੱਘੀ ਵਿੱਚੋਂ ਉਸਦਾ ਸੂਟਕੇਸ ਚੁੱਕ ਲਿਆ। ਉਹ ਚਾਰੇ ਕਾਰ ਪਾਰਕ ਨੂੰ ਤੁਰ ਪਏ। ਹਾਲੇ ਉਹ ਕਾਰ ਪਾਰਕ ਕੋਲ ਵੀ ਨਹੀਂ ਸੀ ਗਏ ਕਿ ਸੁੱਖੀ ਠੰਡ ਨਾਲ ਸੁੰਗੜਨ ਲੱਗ ਪਈ। ਇਕ ਦੋ ਝੁਣਝੁਣੀਆਂ ਵੀ ਲੱਈਆਂ। ਸੁੱਖਾ, ਜੋ ਉਸ ਦੀਆਂ ਤਸਵੀਰਾਂ ਖਿੱਚ ਰਿਹਾ ਸੀ ਉਸਨੂੰ ਕੰਬਦੀ ਦੇਖ ਕੇ ਬੋਲਿਆ, "ਕਿਉਂ, ਲੱਗਾ ਪਤਾ ?"

"ਲਗਤਾ ਆਜ ਸਨੋ ਗਿਰੇ ਗਾ।" ਨੱਟੂ ਭਾਈ ਬੋਲਿਆ।

ਸੁੱਖੀ ਨੂੰ ਨੱਟੂ ਦੇ ਬੋਲਣ ਦੀ ਐਨੀ ਹੈਰਾਨੀ ਨਾ ਹੋਈ ਜਿੰਨੀ ਸ਼ਬਦ 'ਸਨੋ' ਸੁਣ ਕੇ ਉਕਸੁਕਤਾ ਹੋਈ।

ਦਿਨ ਛੋਟੇ ਹੋਣ ਕਾਰਨ ਹਨੇਰਾ ਛੇਤੀ ਹੀ ਪਸਰ ਗਿਆ ਸੀ। ਹਰ ਪਾਸੇ ਬੱਤੀਆਂ ਜੱਗ ਰਹੀਆਂ ਸਨ। ਥਾਂ ਥਾਂ ਨੀਔਨ ਦੇ ਰੰਗ-ਬਰੰਗੇ, ਸਾਈਨ ਜੱਗ ਬੁਝ ਰਹੇ ਸਨ। ਸੁੱਖੀ ਸਮਝ ਰਹੀ ਸੀ ਕਿ ਉਹ ਲੰਡਨ ਦੇਖ ਰਹੀ ਹੈ ਪਰ, ਉਸਨੂੰ ਕੀ ਪਤਾ ਸੀ ਕਿ ਉਹ ਲੰਡਨ, ਜੋ ਉਸਨੇ ਕਿਤਾਬਾਂ, ਰਸਾਲਿਆਂ ਜਾਂ ਅਖਬਾਰਾਂ ਵਿਚ ਦੇਖਿਆ ਤੇ ਪੜ੍ਹਿਆ ਹੈ, ਇੱਥੋਂ ਕੋਹਾਂ ਦੂਰ ਹੈ।

ਹਾਲੇ ਉਹ ਹੀਥਰੋ ਤੋਂ ਮਿੱਡਲੈਂਡ ਦੇ ਸ਼ਹਿਰ ਕਵੈਂਟਰੀ ਦੇ, ਜਿੱਥੇ ਉਹ ਰਹਿੰਦੇ ਸਨ, ਅੱਧ ਵਿਚ ਹੀ ਪਹੁੰਚੇ ਸਨ ਕਿ ਮਾੜੀ ਮਾੜੀ ਸਲੀਟ ਪੈਣ ਲੱਗ ਪਈ। ਫਿਰ ਹਲਕੀ ਹਲਕੀ ਬਰਫ਼। ਤਾਂ ਨੱਟੂ ਕਾਰ ਦੇ ਵਾਈਪਰ ਚਲਾਉਂਦਾ ਬੋਲਿਆ, "ਮੈਂ ਨੇ ਬੋਲਾ ਥਾ ਨਾ, ਆਜ ਸਨੋ ਗਿਰੇਗਾ। ਲੌਅ ਹੋ ਗਯਾ ਸ਼ੁਰੂ।"

"ਲੈ ਤੂੰ ਆਉਂਦੀ ਨੇ ਈ ਸਨੋ ਦੇਖ ਲਈ।" ਸੁੱਖੇ ਨੇ ਨੱਟੂ ਦੀ ਗੱਲ

ਦਾ ਜਵਾਬ ਦੇਣ ਦੀ ਬਜਾਏ ਸੁੱਖੀ ਨੂੰ ਕਿਹਾ ਤਾਂ ਸੁੱਖੀ, ਜੋ ਚਲਦੇ ਵਾਈਪਰਾਂ ਨੂੰ ਦੇਖ ਰਹੀ ਸੀ ਆਪਣੇ ਪਾਸੇ ਵਾਲੀ ਤਾਕੀ ਥਾਣੀ ਬਾਹਰ ਦੇਖਣ ਲੱਗ ਪਈ।

"ਕੀ ਇਹ ਕਾਰ ਆਪਣੀ ਹੈ ਜਾਂ ਕੈਲੇ ਭਾਅ ਦੀ? ਨੱਟੂ ਆਪਣਾ ਡਰਾਈਵਰ ਹੈ ਜਾਂ ਕੈਲੇ ਭਾਅ ਦਾ?" ਸੁੱਖੀ ਦਾ ਕਈ ਵਾਰ ਸੁੱਖੇ ਨੂੰ ਪੁੱਛਣ ਨੂੰ ਜੀ ਕੀਤਾ ਪਰ ਹੌਸਲਾ ਨਾ ਪਿਆ। ਇਸ ਦਾ ਜਵਾਬ ਉਸਨੂੰ, ਬਿਨਾਂ ਪੁੱਛਿਆਂ ਉਦੋਂ ਮਿਲਿਆ ਜਦੋਂ ਘਰ ਪਹੁੰਚ ਕੇ ਰੋਟੀ ਖਾਣ ਤੋਂ ਬਾਅਦ ਸੁੱਖੇ ਨੇ ਨੱਟੂ ਨੂੰ ਕੁਝ ਪੌਂਡ ਦਿੱਤੇ ਤੇ ਧੰਨਵਾਦ ਕੀਤਾ ਤੇ ਨੱਟੂ ਪੌਂਡ ਲੈ ਪੈਂਟ ਦੀ ਜੇਬ 'ਚੋਂ ਬਟੂਆ ਕੱਢਦਾ ਬੋਲਿਆ ਸੀ, "ਕਾਰ ਲੈ ਜਾਣੇ ਕਾ ਇਤਨਾ ਪੈਸਾ, ਮੈਂ ਤੁਮ ਸੇ ਹੀ ਲੇਤਾ, ਇਸ ਰੀਜ਼ਨ ਕਿ 'ਕੇਲਾ ਭਾਈ' ਮੇਰੇ ਸੰਗੀ ਕਾਮਾ।" ਤੇ ਬਟੂਏ ਵਾਲਾ ਹੱਥ ਕੈਲੇ ਵੱਲ ਕੀਤਾ, "ਕਿਸੀ ਔਰ ਕੋ ਮਤ ਬੋਲਨਾ।" ਆਖ ਪੌਂਡ ਬਟੂਏ ਵਿਚ ਪਾ ਕੇ ਬਟੂਆ ਜੇਬ ਵਿਚ ਪਾ ਲਿਆ।

ਬਾਹਰ, ਦੂਰ ਦੂਰ ਤਕ ਹਨੇਰਾ ਫੈਲਿਆ ਹੋਇਆ ਸੀ। ਸਿੱਕੇ ਰੰਗਾ ਆਸਮਾਨ ਤੇ ਕਾਰਾਂ ਦੀ ਲੋਅ ਵਿਚ ਹਲਕੀ ਹਲਕੀ ਪੈਂਦੀ ਸਨੋ। ਮੋਟਰਵੇ ਵੰਨ. ਨਾਲ, ਜਿੱਥੋਂ ਕਿਤੇ ਸੜਕ ਕਿਸੇ ਹੋਰ ਸ਼ਹਿਰ ਨੂੰ ਨਿਕਲਦੀ, ਸੰਗਤਰੀ ਰੰਗ ਦੀਆਂ ਜਗਦੀਆਂ ਬੱਤੀਆਂ ਦੀ ਲੋਅ ਵਿਚ ਬਰੀਕ ਬਰੀਕ ਬਰਫ਼ ਪੈਂਦੀ ਦੇਖਕੇ ਹੈਰਾਨ ਹੁੰਦੀ ਤੇ ਮਨ ਵਿਚ ਕਹਿੰਦੀ, "ਇਹ ਸੜਕ ਕਿਹੜੇ ਸ਼ਹਿਰ ਨੂੰ ਗਈ?" ਪਰ, ਗਰਭ ਦੀ ਹਾਲਤ, ਜਹਾਜ਼ ਦੀ ਬੇ-ਆਰਾਮੀ, ਥਕਾਵਟ ਤੇ ਜੈੱਟ ਲੈਗ ਨੇ ਨੀਂਦ ਦੀ ਦੇਵੀ ਨੂੰ ਬੁਲਾਵਾ ਭੇਜਿਆ। ਉਹ ਆ ਗਈ। ਨੀਂਦ ਦੀ ਦੇਵੀ ਨੇ ਸੁੱਖੀ ਦਾ ਸਿਰ ਆਪਣੀ ਹਿੱਕ ਨਾਲ ਲਾਇਆ, ਥਪਕਿਆ ਤੇ ਉਹ ਤਾਕੀ ਦੇ ਸ਼ੀਸੇ ਨਾਲ ਜਾ ਲੱਗਾ।

ਜਦੋਂ ਉਸਦੀ ਅੱਖ ਖੁੱਲ੍ਹੀ ਤਾਂ ਉਸਨੇ ਦੇਖਿਆ, ਉਹ ਕਾਰ ਵਿਚ ਬੈਠੀ ਹੈ। ਇਕ ਔਰਤ ਉਸਨੂੰ ਜਗਾ ਰਹੀ ਹੈ। ਇਹ ਸ਼ਕਲ, ਉਸਦੀ ਜਾਣੀ ਪਛਾਣੀ ਹੈ। ਉਹਨੇ ਉਸਨੂੰ ਕਿਤੇ ਦੇਖਿਆ ਹੋਇਆ ਹੈ ਪਰ ਯਾਦ ਨਹੀਂ ਆ ਰਿਹਾ ਕਿੱਥੇ ਤੇ ਇਹ ਕੌਣ ਹੈ? ਉਸਨੂੰ ਤਾਂ ਇਹ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਆਪ ਕਿੱਥੇ ਹੈ?

ਡੌਰੀ ਭੌਰੀ ਹੋਈ ਨੇ ਬਾਹਰ ਦੇਖਿਆ। ਕਾਰ ਇਕ ਘਰ ਦੇ ਅੱਗੇ ਖੜ੍ਹੀ ਸੀ ਜਿਸਦਾ ਲਾਲ ਦਰਵਾਜ਼ਾ ਐਨ ਸੜਕ ਦੇ ਫੁੱਟਪਾਥ 'ਤੇ ਸੀ। ਫੁੱਟਪਾਥ 'ਤੇ ਮਾੜੀ ਮਾੜੀ ਸਨੋ ਸੀ। ਦਰਵਾਜ਼ੇ 'ਤੇ ਦੋ ਤੇ ਇਕ ਨੰਬਰ ਦੇ ਦੋ ਹਿੰਦਸੇ ਲੱਗੇ ਹੋਏ ਹਨ। ਉਸਨੇ ਆਪਣੇ ਆਪ ਨੂੰ ਸਵਾਲ ਕੀਤਾ, "ਮੈਂ ਕਿੱਥੇ ਹਾਂ?" ਇਹ ਇੱਕੀ ਨੰਬਰ?"

ਛਿਣ ਭਰ ਬਾਅਦ ਜਦੋਂ ਸੁਰਤ ਫੜੀ ਤਾਂ ਉਸਨੂੰ ਯਾਦ ਆਇਆ ਕਿ ਉਹ ਇੰਗਲੈਂਡ ਵਿਚ ਹੈ। 'ਇੱਕੀ ਆਸਟਨ ਕੋਰਟ' ਉਸਦੇ ਜੇਠ ਦਾ ਘਰ, ਇਸੇ ਪਤੇ 'ਤੇ ਉਹ ਸੁੱਖੇ ਨੂੰ ਖ਼ਤ ਲਿਖਦੀ ਹੁੰਦੀ ਸੀ। ਇਹ ਔਰਤ, ਜੋ ਅੱਜ ਵੀ ਗਹਿਣਿਆਂ ਨਾਲ ਲੱਧੀ ਹੋਈ ਹੈ ਸੁੱਖੇ ਦੀ ਭੂਆ ਹੈ। ਭੂਆ ਨੂੰ ਦੇਖ ਕੇ ਸੁੱਖੀ

ਨੂੰ ਆਪਣੀ ਸੋਨੇ ਦੀ ਲੰਕਾ ਯਾਦ ਆ ਗਈ।

ਸੁਚੇਤ ਹੋਈ ਤੇ ਉੱਠਣ ਲਈ ਹੰਭਲਾ ਮਾਰਿਆ। ਕਾਰ ਦੇ ਦਰਵਾਜ਼ੇ ਚੋਂ ਪੈਰ ਬਾਹਰ ਕੱਢੇ ਤਾਂ ਕਿਸੇ ਨੇ, "ਕੇਅਰਫ਼ੁਲ, ਸਨੋ'ਜ਼ ਸਲਿੱਪਰੀ।" ਕਿਹਾ" ਸੁੱਖੀ ਨੇ ਉਸ ਵੱਲ ਦੇਖਿਆ। ਇਹ ਭੂਆ ਦੀ ਧੀ ਸ਼ੀਲਾ ਸੀ ਜੋ ਉਸਦੇ ਪਿੱਛੇ ਖੜ੍ਹੀ ਸੀ। ਜਿਸ ਲਈ ਭੂਆ, ਸੁੱਖੇ ਦਾ ਵਿਆਹ ਕਰਨ ਗਈ ਵਰ ਦੇਖ ਆਈ ਸੀ। ਚੋਰੀ ਚੋਰੀ ਲੈਣ ਦੇਣ ਕਰ ਕੇ ਵਿਆਹ ਦੀ ਪੱਕੀ ਠੱਕੀ ਵੀ ਕਰ ਲਈ ਸੀ। ਸ਼ੀਲਾ ਦੇ ਪਰਾਹੁਣੇ ਨੇ ਵੀ ਸੁੱਖੀ ਦੇ ਨਾਲ ਆਉਣਾ ਸੀ ਪਰ,ਬਾਅਦ ਵਿਚ ਪਤਾ ਲੱਗਿਆ ਸੀ ਕਿ ਪੰਜਾਹ ਹਜ਼ਾਰ ਦੀ ਟੁੱਕੀ ਰਕਮ ਦਾ ਸਮੇਂ ਸਿਰ ਪੂਰਾ ਭੁਗਤਾਨ ਨਾ ਹੋਣ ਕਾਰਨ, ਭੂਆ ਨੇ ਰਾਹਦਾਰੀ ਨਹੀਂ ਸੀ ਭੇਜੀ।

ਉਹ ਦੋਵੇਂ, ਸੁੱਖੀ ਨੂੰ ਬਾਹਾਂ ਤੋਂ ਫੜ ਅੰਦਰ ਲੈ ਜਾਣ ਲੱਗੀਆਂ ਤਾਂ ਕਿਸੇ ਨੇ, "ਰੁਕੀਂ" ਕਿਹਾ। ਇਹ ਉਸਦੀ ਜਠਾਣੀ ਸੀ ਰੱਤੋ, ਜਿਸ ਨੇ ਸਰਦਲ ਦੇ ਦੋਹੀਂ ਪਾਸੀਂ ਤੇਲ ਚੋਇਆ।

ਉਹ ਅੰਦਰ ਵੜੀ। ਫੁੱਫੜ ਨੂੰ ਸਤਿ ਸਿਰੀ ਅਕਾਲ ਬੁਲਾਈ ਤੇ ਦੇਖਿਆ, ਫੁੱਫੜ, ਫੁੱਫੜ ਦੇ ਦੋ ਮੁੰਡੇ, ਸ਼ੀਲਾ ਨਾਲੋਂ ਉਮਰ ਵਿਚ ਕਿਤੇ ਛੋਟੇ। ਜੇਠ ਜਠਾਣੀ ਦੇ ਤਿੰਨ ਨਿਆਣੇ। ਵੱਡੀ ਕੁੜੀ ਤੇ ਦੋ ਛੋਟੇ ਮੁੰਡੇ। ਛੋਟਾ ਜਿਹਾ ਕਮਰਾ। ਦੋ ਸੋਫੇ, ਜਿਨ੍ਹਾਂ 'ਤੇ ਨਿਆਣੇ ਬੈਠੇ ਹੋਏ ਸਨ, ਖਾਖੀ ਡੱਬੀਆਂਦਾਰ ਖੇਸੀਆਂ ਨਾਲ ਢੱਕੇ ਹੋਏ ਸੀ। ਵਿਚਕਾਰ ਇਕ ਕੌਫ਼ੀ ਦਾ ਮੇਜ਼। ਜਿਸ ਦੇ ਦੁਆਲੇ ਦੀ ਮਸਾਂ ਹੀ ਲੰਘ ਹੁੰਦਾ ਸੀ। ਕਮਰੇ 'ਚ ਬਣੀ ਅੰਗੀਠੀ ਵਿਚ ਪੱਥਰ ਦੇ ਕੋਲੇ ਮੱਘ ਰਹੇ ਸਨ, ਪਰ ਸੁੱਖੀ ਨੂੰ ਫਿਰ ਵੀ ਠੰਡ ਲੱਗ ਰਹੀ ਸੀ। ਐਨੇ ਸਾਰੇ ਜੀਆਂ ਦਾ ਘੜਮੱਸ ਦੇਖ ਕੇ ਉਹ ਹੈਰਾਨ ਹੋਈ। ਉਸਦਾ ਮਨ ਅੰਗੀਠੀ ਕੋਲ ਜਾਣ ਨੂੰ ਕੀਤਾ।

"ਮੈਂ ਐਥੇ ਕਿੱਥੇ ਬੈਠੂੰਗੀ?" ਸੁੱਖੀ ਨੇ ਸੋਚਿਆ ਹੀ ਸੀ ਕਿ ਨਿਆਣੇ ਸੋਫਿਆਂ ਤੋਂ ਉੱਠ ਕੇ ਚਲੇ ਗਏ। ਨਿਆਣੇ ਚਲੇ ਗਏ ਤਾਂ ਸੁੱਖੀ ਨੇ ਅੰਗੀਠੀ ਕੋਲ ਜਾਣ ਲਈ ਹਾਲੇ ਪੈਰ ਪੁੱਟਿਆ ਹੀ ਸੀ ਕਿ, "ਐਧਰ ਬੰਦਿਆਂ ਸਿੱਟ ਕਰਨਾ, ਆਪਾਂ ਫਿਮਲੀ ਰੂਮੇ ਚਲਦੀਆਂ।" ਭੂਆ ਦੇ ਬੋਲ ਉਸਦੇ ਕੰਨੀਂ ਪਏ ਤੇ ਹੱਥ ਲਾ ਕੇ ਰੁਕਣ ਤੇ ਅਗਲੇ ਕਮਰੇ ਵੱਲ ਤੁਰਨ ਦਾ ਇਸ਼ਾਰਾ ਵੀ ਕੀਤਾ।

ਉਹ ਛੋਟੇ ਜਿਹੇ ਡਾਟ ਥਾਣੀ ਲੰਘਣ ਲੱਗੀ ਤਾਂ ਉਸਦਾ ਧਿਆਨ ਉੱਪਰ ਨੂੰ ਚੜ੍ਹਦੀਆਂ ਪੌੜੀਆਂ 'ਤੇ ਪਿਆ ਜਿਨ੍ਹਾਂ ਵਿੱਚੀਂ ਬੰਦਾ ਮਸਾਂ ਹੀ ਲੰਘ ਸਕਦਾ ਸੀ। ਫੈਮਲੀ ਰੂਮ ਵਿਚ ਵੀ ਅੰਗੀਠੀ ਮੱਘ ਰਹੀ ਸੀ। ਉਸਦੇ ਖੱਬੇ ਖੂੰਜੇ ਵਿਚ ਛੋਟਾ ਜਿਹਾ "ਬਲੈਕ ਐਂਡ ਵਾਈਟ" ਟੀ.ਵੀ. ਚੱਲ ਰਿਹਾ ਸੀ ਤੇ ਨਿਆਣੇ ਦੇਖ ਰਹੇ ਸੀ। ਉਸ ਨਾਲ ਚਾਰ ਕੁਰਸੀਆਂ ਵਾਲਾ ਖਾਣੇ ਦਾ ਮੇਜ਼ ਤੇ ਸੱਜੇ ਪਾਸੇ ਵਾਲੀ ਕੰਧ ਨਾਲ ਇਕ ਸੈਟੀ ਜਿਸ 'ਤੇ, ਵੱਧ ਤੋਂ ਵੱਧ ਤਿੰਨ ਬੰਦੇ ਹੀ ਬੈਠ ਸਕਦੇ ਸਨ ਪੰਜ ਨਿਆਣੇ ਬੈਠੇ ਸਨ। ਭੂਆ ਨੇ ਉਨ੍ਹਾਂ ਨੂੰ ਛੱਛਕੇਰਿਆ। ਉਹ ਉੱਠ ਕੇ ਕੁਰਸੀਆਂ 'ਤੇ ਜਾ ਬੈਠੇ।

ਸੁੱਖੀ ਨੇ ਬੈਠਣ ਤੋਂ ਪਹਿਲਾਂ ਰੱਤੋ ਦੇ ਕੰਨ ਵਿਚ ਕੁਝ ਕਿਹਾ। ਉਹ

ਉਸਨੂੰ ਕਿਚਨ ਵਿਚ ਲੈ ਗਈ। ਕਿਚਨ ਦੇ ਬਾਹਰ ਦਾ ਦਰ ਖੋਲ੍ਹ ਕੇ ਕੰਧ ਨੂੰ ਹੱਥ ਲਾਉਂਦੀ ਬੋਲੀ, "ਆਹ ਕੰਧ ਦੇ ਖੂੰਜੇ ਨਾਲ ਟਾਲਿਟ ਦਾ ਬੂਹਾ, ਹੋ ਆ। ਦਰ ਦੇ ਨਾਲ 'ਲੈਟ' ਆ। ਆਹਾਂ 'ਔਨ' ਕਰ ਲਈਂ ਤੇ ਔਂਦੀ, ਆਫ਼।"

ਸੁੱਖੀ, ਬਿਨਾਂ ਜਵਾਬ ਦਿੱਤਿਆਂ ਬਾਹਰ ਨਿਕਲੀ। ਸਨੋ 'ਤੇ ਤਿਲਕ ਕੇ ਡਿਗਣ ਤੋਂ ਡਰਦੀ ਨੇ ਕੰਧ ਦਾ ਸਹਾਰਾ ਲਿਆ ਤੇ ਹੌਲ਼ੀ ਹੌਲੀ ਤੁਰਦੀ ਟੌਇਲਟ ਤਕ ਪਹੁੰਚ ਗਈ। ਦਰ ਖੋਲ੍ਹ ਕੇ ਬੱਤੀ ਜਗਾਉਣ ਲਈ ਕੰਧ 'ਤੇ ਹੱਥ ਮਾਰਿਆ। ਇਕ ਰੱਸੀ ਹੱਥ ਲੱਗੀ ਜੋ ਉਸ ਤੋਂ ਅਚਣਚੇਤ ਹੀ ਖਿੱਚ ਹੋ ਗਈ। ਇਕ ਤੀਲੀ ਦੇ ਬਲਨ ਜਿੰਨੀ ਲੋਅ ਹੋਈ ਤਾਂ ਉਸ ਨੇ ਛੱਤ ਵੱਲ ਦੇਖਿਆ। ਇਕ ਛੋਟੇ ਜਿਹੇ ਬਲਬ ਨੂੰ ਦੇਖਕੇ ਉਸਦੀ ਨਜ਼ਰ, ਕੰਧ ਤੇ ਲੱਗੀ ਲੋਹੇ ਦੀ ਟੰਨਚੀ 'ਤੇ ਪਈ। ਟੰਨਚੀ ਦੇ ਸੱਜੇ ਪਾਸੇ ਲੋਹੇ ਦੀ ਜ਼ੰਜੀਰ ਲਟਕ ਰਹੀ ਸੀ ਜਿਸ ਦੇ ਸਿਰੇ 'ਤੇ ਲੱਕੜੀ ਦੀ ਹੱਥੀ ਲੱਗੀ ਹੋਈ ਸੀ। ਉਸ ਨੇ ਓਵਰ ਕੋਟ ਸਣੇ, ਔਖੀ ਸੌਖੀ ਹੋ ਕੇ ਟੌਇਲਟ ਵਰਤੀ। ਵਰਤਣ ਤੋਂ ਬਾਅਦ ਜਹਾਜ਼ ਦੀ ਹੋਸਟੈਸ ਦੇ ਦੱਸਣ ਮੁਤਾਬਿਕ, ਫਲੱਸ਼ ਕਰਨ ਲਈ ਟੌਇਲਟ ਦੇ ਢੱਕਣ ਦੇ ਪਿੱਛੇ ਦੇਖਿਆ। ਕੋਈ ਬਟਨ ਨਜ਼ਰ ਨਾ ਆਇਆ ਪਰ, ਇਕ ਲੋਹੇ ਦੀ ਨਾਲ਼ ਉੱਪਰ ਲੱਗੀ ਟੰਨਚੀ ਨੂੰ ਜਾਂਦੀ ਦੇਖੀ। ਉਸਨੇ ਹੱਥੀ ਨੂੰ ਫੜ ਕੇ ਪੋਲੇ ਜਿਹੇ ਜ਼ੰਜੀਰ ਨੂੰ ਖਿੱਚਿਆ। ਲੋਹੇ ਸੰਗ ਲੋਹਾ ਰਗੜਨ ਦੀ ਆਵਾਜ਼ ਨਾਲ ਇਕ 'ਗਰੜ ਗਰੜ' ਹੋਈ। ਥੋਹੜਾ ਜਿਹਾ ਪਾਣੀ ਟੌਇਲਟ ਦੇ ਭਾਂਡੇ ਵਿਚ ਆਇਆ। ਉਸਨੇ ਜ਼ੰਜੀਰ ਨੂੰ ਫਿਰ ਖਿੱਚਿਆ। ਫਿਰ ਉਵੇਂ ਹੀ ਹੋਇਆ। ਤਾਂ ਉਸ ਨੇ ਜ਼ੰਜੀਰ ਨੂੰ ਇਕ ਦੱਮ ਥੱਲੇ ਨੂੰ ਖਿੱਚਿਆ, 'ਗਰੜ ਗਰੜ' ਦੀ ਆਵਾਜ਼ ਨਾਲ 'ਛਰਲ ਛਰਲ' ਕਰਦਾ ਪਾਣੀ, ਟੌਇਲਟ ਵਿਚ ਆ ਗਿਆ। ਉਸਨੇ ਬੱਤੀ ਬੁਝਾਈ ਤੇ ਆ ਗਈ। ਪਰ, ਆਉਣ ਲੱਗੀ ਇਕ ਚਿੰਤਾ ਲੈ ਆਈ, "ਜੇ ਮੈਨੂੰ ਰਾਤ ਨੂੰ ਉੱਠਣਾ ਪਿਆ ਤਾਂ?"

ਰੋਟੀ ਖਾਣ ਤੋਂ ਬਾਅਦ ਜਦੋਂ ਨੱਟੂ ਭਾਈ ਦੇ ਨਾਲ ਭੂਆ ਦਾ ਟੱਬਰ ਵੀ ਚਲਾ ਗਿਆ ਤਾਂ ਸੁੱਖੀ ਨੇ ਸੌਣ ਬਾਰੇ ਮਨ ਵਿਚ ਸੋਚਿਆ, "ਸੌਣ ਦੇ ਦੋ ਕਮਰੇ ਤੇ ਘਰ ਵਿਚ ਸੌਣ ਵਾਲੇ ਸੱਤ ਜੀਅ। ਕਿੱਥੇ ਤੇ ਕਿੱਦਾਂ ਸੌਣਗੇ?"

ਹਾਲੇ ਉਸਨੇ ਐਨਾ ਸੋਚਿਆ ਹੀ ਸੀ ਕਿ ਕੈਲਾ ਨਾਈਟ ਸੂਟ ਪਾ ਕੇ ਥੱਲੇ ਆ ਗਿਆ। ਸੈਟੀ ਖੋਲ੍ਹਦਾ ਛੋਟੇ ਮੁੰਡੇ ਨੂੰ ਬੋਲਿਆ, "ਉਏ ਸੈਮੀ ਤੂੰ ਅੱਜ ਤੋਂ ਜੈਸੀ ਨਾਲ ਸੌਈਂ।" ਸੈਟੀ ਵਿੱਚੋਂ ਰਜਾਈ ਕੱਢੀ ਤੇ ਕੁੜੀ ਨੂੰ ਕਿਹਾ, "ਜੈਨੀ, ਤੂੰ ਮਾਂ ਨਾ'।"

ਫਿਰ ਬੈਠ ਕੇ ਰਜਾਈ ਦੀ ਤੈਹ ਖੋਲ੍ਹੀ, ਉੱਪਰ ਲਈ ਤੇ ਲਿਟ ਗਿਆ। ਰੱਤੋ ਨੇ, ਤਿੰਨੇ ਨਿਆਣੇ ਲਏ ਤੇ ਸੜਕ ਵੱਲ ਦੇ ਕਮਰੇ 'ਚ ਜਾ ਚੜ੍ਹੀ। ਸੁੱਖਾ ਤੇ ਸੁੱਖੀ ਦੂਜੇ ਕਮਰੇ ਵਿਚ ਚਲੇ ਗਏ।

ਸੁੱਖੀ, ਬਹੁਤ ਥੱਕੀ ਹੋਈ ਸੀ। ਬਿਨਾਂ ਕੱਪੜੇ ਬਦਲੇ ਉਹ ਬਿਸਤਰੇ ਵਿਚ ਜਾ ਲਿਟੀ। ਕੱਪੜੇ ਬਦਲਨੇ ਵੀ ਕਿੱਥੇ ਸਨ, ਉੱਥੇ ਈ ਤਾਂ ਸੁੱਖਾ ਵੀ ਸੀ।

ਬਿਸਤਰਾ ਗਰਮ ਸੀ। ਸੁੱਖਾ ਪਹਿਲੋਂ ਹੀ ਗਰਮ ਪਾਣੀ ਦੀ ਬੋਤਲ ਸੁੱਖੀ

ਵਾਲੇ ਪਾਸੇ ਰੱਖ ਗਿਆ ਸੀ। ਉਹ ਲਿਟੀ ਤਾਂ ਲਿਟਦੀ ਦੀ ਅੱਖ ਲੱਗ ਗਈ। ਪਰ ਥੋੜ੍ਹੇ ਚਿਰ ਬਾਅਦ ਜਾਗ ਆ ਗਈ। ਉਹ ਕਿੰਨੀ ਦੇਰ ਜਾਗਦੀ ਰਹੀ। ਸੁੱਖੇ ਦੇ ਜਾਗਣ ਤੋਂ ਡਰਦੀ ਪਾਸਾ ਵੀ ਨਾ ਲੈਂਦੀ। ਤੜਕ ਸਾਰ ਜਦੋਂ ਜਾ ਕੇ ਅੱਖ ਲੱਗੀ ਤਾਂ ਸੁੱਤੀ ਨੂੰ ਇਹ ਵੀ ਸੁਰਤ ਨਾ ਰਹੀ ਕਿ ਉਹ ਕਿੱਥੇ ਹੈ। ਸੁੱਖਾ, ਜੋ ਉਸਦੇ ਨਾਲ ਸੁੱਤਾ ਸੀ, ਕਦੋਂ ਉੱਠ ਕੇ ਸਵੇਰੇ ਕੰਮ ਨੂੰ ਚਲਾ ਗਿਆ।

ਉਹ ਉੱਠੀ ਤੇ ਉੱਠ ਕੇ ਹੌਲੀ ਹੌਲੀ ਥੱਲੇ ਆਈ। ਵਾਸ਼ ਰੂਮ ਗਈ। ਘਰ ਦਾ ਜਾਇਜ਼ਾ ਲਿਆ। "ਚਾਰ ਕਮਰਿਆਂ ਦਾ ਛੋਟਾ ਜਿਹਾ ਮਕਾਨ, ਘਰ। ਦੋ ਸੌਣ ਲਈ। ਦੋ ਉੱਠਣ ਬੈਠਣ ਲਈ। ਇਕ ਛੋਟਾ ਜਿਹਾ ਕਿਚਨ। ਨਾ ਨਹਾਉਣ ਲਈ ਗ਼ੁਸਲ ਖਾਨਾ। ਨਾ ਮੂੰਹ ਹੱਥ ਧੋਣ ਲਈ ਵਾਸ਼-ਬੇਸਨ। ਟੌਇਲਟ ਘਰ ਦੇ ਬਾਹਰ। ਕੰਬਦੇ ਕੰਬਦੇ ਜਾਓ ਤਾਂ ਠੁਰ ਠੁਰ ਕਰਦੇ ਆਓ। ਮੂੰਹ ਹੱਥ ਧੋਣਾ ਜਾਂ ਬਰੱਸ਼ ਕਰਨਾ ਹੋਵੇ ਤਾਂ ਉਹ ਵੀ ਕਿਚਨ ਦੇ ਸਿੰਕ ਵਿਚ ਚਿਰਮਚੀ ਰੱਖ ਕੇ।" ਜਿਵੇਂ ਸੁੱਖੇ ਨੇ ਰਾਤੀਂ, ਸੌਣ ਤੋਂ ਪਹਿਲਾਂ ਸਟੋਵ ਬਾਲਣਾ ਤੇ ਹੋਰ ਕਈ ਗੱਲਾਂ ਸਮਝਾਈਆਂ ਸੀ।

"ਕੀ ਇਹੋ ਵਲੈਤ ਹੈ? ਜਾਂ ਕੁਝ ਹੋਰ?" ਉਸ ਨੇ ਉੱਚੀ ਦੇਣੀ ਮਨ ਵਿਚ ਕਿਹਾ, "ਕਿਸ ਖਾਤਰ ਅਸੀਂ ਇੱਥੇ ਨੱਠੇ ਆਉਂਦੇ ਆਂ? ਨਾ ਬਾਹਰ ਦੀ ਹਵਾ, ਨਾ ਖੁੱਲ੍ਹਾ ਵਾਤਾਵਰਨ, ਬਸ ਅੰਦਰ ਹੀ ਅੰਦਰ, ਅੰਦਰ ਦੀ ਹਵਾੜ। ਪਸੂਆਂ ਵਾਂਗੂੰ ਤਿੰਨ ਤਿੰਨ ਚਾਰ ਚਾਰ ਜਣੇ ਛੋਟੀਆਂ ਛੋਟੀਆਂ ਕੋਠੜੀਆਂ 'ਚ ਬੰਦ। ਤੂੜੇ ਹੋਏ! ਕੁੱਕੜਾਂ ਵਾਂਗੂੰ ਖੁੱਡਿਆਂ 'ਚ ਡੱਕੇ।"

ਕਦੀ ਪਰੇਸ਼ਾਨ ਹੁੰਦੀ, ਕਦੀ ਨਿਰਾਸ਼ ਤੇ ਕਦੀ ਉਦਾਸ ਤਾਂ ਪਿੰਡ ਯਾਦ ਆ ਜਾਂਦਾ। ਮਨ ਭਰਦਾ। ਅੱਖਾਂ ਛਲਕਦੀਆਂ ਤਾਂ ਉਸਨੂੰ ਉਹ ਦਿਨ ਯਾਦ ਆ ਜਾਂਦਾ ਜਿਸ ਦਿਨ ਉਸਨੇ ਸੁੱਖੇ ਦੀ ਭੂਆ ਕੋਲੋਂ ਸੌ ਦਾ ਨੋਟ ਫੜਿਆ ਸੀ। ਮਨ ਵਿਚ 'ਸੋਨੇ ਦੀ ਲੰਕਾ' ਉਸਾਰੀ ਸੀ। ਉਹ ਉਸ ਦਿਨ ਨੂੰ ਕੋਸਦੀ। ਮਨ, ਸੁਪਨਿਆਂ ਦੀ ਲੰਕਾ ਨੂੰ ਫੂਕਣ ਨੂੰ ਕਰਦਾ ਪਰ, ਆਪਣੀ ਪੂਛ ਨੂੰ ਅੱਗ ਲਾ ਕੇ, ਪਵਨ ਸੁੱਤ ਹਨੂੰਮਾਨ ਨਾ ਬਣ ਸਕੀ। ਕਿਉਂਕਿ ਪਰ ਕੱਟੇ ਜਾਣ ਨਾਲ, ਉਡਣ ਸ਼ਕਤੀ ਵੀ ਜਾਂਦੀ ਰਹੀ ਸੀ।

ਉਸਨੇ ਪਿੱਛੇ ਮੁੜਨ ਦਾ ਸੋਚਿਆ ਤਾਂ ਦੇਖਿਆ, ਉਹ ਬਹੁਤ ਦੂਰ ਆ ਚੁੱਕੀ ਸੀ। ਸੱਤ ਸਮੁੰਦਰ ਪਾਰ। ਹੁਣ ਤਾਂ ਪਿੱਛੇ ਮੁੜਨਾ ਔਖਾ ਹੀ ਨਹੀਂ ਅਸੰਭਵ ਵੀ ਹੋ ਗਿਆ ਸੀ।

ਇਸ ਤਰ੍ਹਾਂ ਸੋਚਦੀ ਤਾਂ ਪੇਟ ਵਿਚ ਦਰਦ ਉੱਠਦਾ। ਕੋਈ, ਉੱਸਲਵੱਟੇ ਲੈ, ਆਪਣੀ ਹੋਂਦ ਦਾ ਅਹਿਸਾਸ ਦਵਾਉਂਦਾ ਤਾਂ ਉਹ ਆਪਣੇ ਆਪ ਨੂੰ ਸਮਝਾਉਂਦੀ ਮਨ ਵਿਚ ਕਹਿੰਦੀ, "ਹੱਥੀਂ ਪੈਰੀਂ ਸੋਨੇ ਦੀਆਂ ਜ਼ੰਜੀਰਾਂ ਹੋਈਆਂ ਤਾਂ ਕੀ ਹੋਇਆ। ਰੱਬ ਸੁੱਖ ਰੱਖੇ। ਫ਼ਿਲਹਾਲ ਗਰਭ, ਪਿੱਤਲ ਦੀ ਲੰਕਾ ਦੇ ਨੀਂਹ ਪੱਥਰ ਲਈ ਕਾਫ਼ੀ ਹੈ।"

ਸੁੱਖੀ, ਇਹੋ ਜਿਹੀਆਂ ਕਈ ਗੱਲਾਂ ਸਵੇਰ ਦੇ ਨਾਸ਼ਤੇ ਤੋਂ ਲੈ ਕੇ

ਨਿਆਣਿਆਂ ਦੇ ਸਕੂਲੋਂ ਆਉਣ ਤਕ ਇਕੱਲੀ ਬੈਠੀ ਸੋਚਦੀ ਰਹੀ।

ਦੁਪਿਹਰੋਂ ਬਾਅਦ ਨਿਆਣੇ ਆਏ ਤਾਂ ਸੁੱਖੀ ਨੇ ਉਨ੍ਹਾਂ ਨੂੰ ਘਰ ਵਿਚ ਨੱਸਦੇ ਟੱਪਦੇ ਖਰੂਦ ਤੇ ਖੌਰੂ ਪਾਉਂਦੇ ਦੇਖਿਆ ਤਾਂ ਮਨ ਵਿਚ ਕਿਹਾ, "ਇਹ ਤਿੰਨੇ, ਐਨਾ ਖੌਰੂ ਪਾਉਂਦੇ ਆ ਤਾਂ ਸੱਤ ਜੀਅ ਇਕੱਠੇ ਹੋਏ ਤਾਂ ਕੀ ਹੋਊ? ਲੰਘਦੇ ਵੜਦੇ ਇਕ ਦੂਜੇ ਵਿਚ ਨਾ ਵੱਜਣਗੇ। ਜਦੋਂ ਅੱਠਵਾਂ ਜੀਅ ਆਇਆ ਤਾਂ ਉਹਦਾ ਕੀ ਹੋਵੇਗਾ? ਕਿਤੇ ਇਨ੍ਹਾਂ ਦੇ ਪੈਰਾਂ ਥੱਲੇ ਦਰੜਿਆ ਤਾਂ ਨਾ ਜਾਵੇਗਾ!" ਉਸਦੇ ਮਨ ਵਿਚ ਤੌਖਲਾ ਉੱਠਿਆ। ਸ਼ਾਮ ਨੂੰ ਕੰਮ ਤੋਂ ਆਏ ਸੁੱਖੇ ਨੂੰ ਦੱਸਣ ਦਾ ਸੋਚਿਆ ਪਰ, ਨਾ ਦੱਸਿਆ।

ਅਗਲੇ ਦਿਨ ਸ਼ਾਮ ਦੀ ਰੋਟੀ ਭੂਆ ਦੇ ਘਰ ਸੀ। ਘਰ ਦੇ ਸਾਰੇ ਜੀਅ, ਭੂਆ ਦੇ ਘਰ ਜਾਣ ਲਈ ਤਿਆਰ ਹੋ ਕੇ 'ਇੰਨਰ ਸਰਕਲ' ਦੀ ਬਸ ਨੰਬਰ 14 ਫੜਨ ਨਿਕਲੇ। ਇਹ ਬੱਸ, ਕੈਸ਼ਿਜ਼ ਲੇਨ ਥਾਣੀ ਹੁੰਦੀ ਹੋਈ ਵਡਿੰਗਡਨ ਰੋਡ 'ਤੇ ਜਾ ਰਹਿੰਦੀ ਸੀ। ਇਸ ਦੇ ਪਹਿਲੇ ਸਟੌਪ ਦੇ ਬਿਲਕੁਲ ਸਾਹਮਣੇ, ਭੂਆ ਦੇ ਘਰ ਨੂੰ ਜਾਂਦੀ ਸੜਕ ਸੀ ਜਿਸ ਦੀ ਨੁੱਕਰ 'ਤੇ ਜਨਰਲ ਸਟੋਰ ਸੀ। ਜਿਸ ਨੂੰ ਅਣਖੀ ਨਾਂ ਦੇ ਆਪਣੇ ਬੰਦੇ ਨੇ ਖਰੀਦ ਲਿਆ ਸੀ। ਉਸਦਾ ਪਿੰਡ ਵੀ ਸੁੱਖੀ ਦੇ ਪਿੰਡ ਲਾਗੇ ਸੀ।

ਫੁੱਟ ਪਾਥ 'ਤੇ ਮਾੜੀ ਮਾੜੀ ਬਰਫ਼ ਜੰਮੀ ਹੋਈ ਸੀ। ਠੰਡ, ਗਰਭ ਦੀ ਹਾਲਤ, ਭਾਰਾ ਓਵਰ ਕੋਟ ਤੇ ਤਿਲਕਣ ਦੇ ਡਰ ਨਾਲ ਸੁੱਖੀ ਕੋਲੋਂ ਤੇਜ਼ ਨਾ ਤੁਰ ਹੋਣ ਕਾਰਨ, ਸੁੱਖੀ ਤੇ ਸੁੱਖਾ, ਕੈਲੇ ਦੇ ਟੱਬਰ ਨਾਲੋਂ ਪਿੱਛੇ ਰਹਿ ਗਏ। ਸੁੱਖਾ ਉਸਨੂੰ ਡਾਕਟਰ ਨੂੰ ਕਿੱਥੇ ਦਿਖਾਉਣਾ, ਸੋਸ਼ਲ ਅਸਿੱਸਟੈਂਸ ਕਿਵੇਂ ਲੈਣਾ, ਹਸਪਤਾਲ ਜਾਣ ਲਈ ਕੀ ਕਰਨਾ ਆਦਿ ਗੱਲਾਂ ਦਸਦੇ ਦਸਦੇ ਨੇ ਕਿਹਾ, "ਤੂੰ ਆਪਣਾ ਨਵਾਂ ਘਰ ਦੇਖਣਾ?"

"ਹੈਂ! ਨਵਾਂ ਘਰ!" ਸੁੱਖੀ ਨੇ ਹੈਰਾਨੀ ਭਰੀ ਖੁਸ਼ੀ ਨਾਲ ਕਿਹਾ।

"ਆਹੋ, ਨਵਾਂ ਘਰ।" ਸੁੱਖੇ ਨੇ ਖੁਸ਼ ਹੋ ਕੇ ਕਿਹਾ।

"ਤੇ ਆਹ?" ਸੁੱਖੀ ਨੇ ਘਰ ਵੱਲ ਹੱਥ ਕੀਤਾ।

"ਇਹ 'ਸਲੱਮ ਏਰੀਆ'।" ਸੁੱਖੇ ਨੇ ਘਰਾਂ ਵੱਲ ਹੱਥ ਕਰਦੇ ਨੇ ਕਿਹਾ, "ਸੌ ਸੌ ਸਾਲ ਪੁਰਾਣੇ ਆਂ ਇਹ। ਹੁਣ ਕੌਂਸਲ ਨੇ ਖਰੀਦ ਲਏ ਆ।"

"ਤੇ ਆਪਣਾ?"

'ਕੋਈ ਚਾਲ੍ਹੀ ਕੁ ਸਾਲ ਪੁਰਾਣਾ ਪਰ, ਰੈਡਫੋਰਡ ਦਾ ਏਰੀਆ ਨਵਾਂ।" ਉਹ ਰੁਕ ਕੇ ਬੋਲਿਆ, "ਅਸੀਂ ਦੋਹਾਂ (ਭਰਾਵਾਂ) ਨੇ ਰਲ ਕੇ ਭੂਆ ਦੇ ਘਰ ਵਰਗਾ ਘਰ, ਉਸ ਤੋਂ ਅਗਲੀ ਰੋਡ 'ਤੇ ਲਿਆ। ਭੂਆ ਦੇ ਗਰਾਜ ਆ ਦੋ ਕਾਰਾਂ ਖੜ੍ਹਦੀਆਂ।"

"ਅੱਛਾ! ਤੇ ਆਪਣੇ?"

"ਜੇ ਆਪਣੀ ਹੋਵੇ ਤਾਂ ਪਿੱਛੇ ਖੜ੍ਹੀ ਕਰ ਸਕਦੇ ਆਂ।"

"ਭੂਆ ਦੇ ਦੋ ਕਾਰਾਂ। ਆਪਣੀ ਹੋਵੇ ਤਾਂ ਪਿੱਛੇ ਖੜ੍ਹੀ ਕਰ ਸਕਦੇ

ਆਂ।" ਸੁੱਖੇ ਦੇ ਇਹ ਬੋਲ, ਸੁੱਖੀ ਦੀ ਸੋਨੇ ਦੀ ਲੰਕਾ ਨੂੰ ਕਦੇ ਉਸਾਰਦੇ ਤੇ ਕਦੀ ਮਿਸਮਾਰ ਕਰਦੇ।

"ਆਪਾਂ ਅਗਲੀ ਵੀਕੇ ਸ਼ਿਫਟ ਹੋਣਾ।" ਸੁੱਖਾ ਸੁੱਖੀ ਨੂੰ ਚੁੱਪ ਦੇਖ ਕੇ ਬੋਲਿਆ।

"ਅੱਛਾ!" ਸੁੱਖੀ ਨੇ ਹੈਰਾਨੀ ਤੇ ਨਿਰਾਸ਼ਾ ਦੇ ਰਲਵੇਂ ਮਿਲਵੇਂ ਬੋਲ ਵਿਚ ਕਿਹਾ।

ਫਿਰ ਦੋ ਕੁ ਪੈਰ ਚੁੱਪ ਚਾਪ ਪੁੱਟੇ ਤੇ, "ਮੇਰਾ ਤਾਂ ਇੱਥੇ ਜੀ ਨਈ ਲਗਦਾ।" ਆਖ, ਫਿੱਸ ਪਈ।

"ਐਥੇ, ਕਿ ਘਰ 'ਚ?" ਸੁੱਖੇ ਨੇ ਸੁੱਖੀ ਵੱਲ ਦੇਖਦੇ ਨੇ ਪੁੱਛਿਆ। ਪਰ ਉਸਨੂੰ, ਗਲੂਬੰਦ ਵਿਚ ਸੁੱਖੀ ਦਾ ਲਪੇਟਿਆ ਮੂੰਹ ਨਾ ਦਿੱਸਿਆ।

"ਦੋਹੀਂ ਥਾਹੀਂ।" ਸੁੱਖੀ ਨੇ ਘੁੱਟਵੇਂ ਜਿਹੇ ਬੋਲ ਵਿਚ ਕਿਹਾ।

ਸੁੱਖੇ ਨੇ ਸੁੱਖੀ ਦੇ ਬੋਲ ਸੁਣੇ ਪਰ ਉਨ੍ਹਾਂ ਵੱਲ ਬਹੁਤਾ ਧਿਆਨ ਨਾ ਦਿੱਤਾ। ਕਿਉਂਕਿ ਉਹ ਤਾਂ ਨਵੇਂ ਘਰ ਦੇ ਇਲਾਕੇ ਨਾਲ ਉਸਦੀ ਵਾਕਫ਼ੀਅਤ ਕਰਵਾਉਣ ਦੀ ਰੌ ਵਿਚ ਸੀ ਤਾਂ ਜੋ ਸੁੱਖੀ ਉਥੇ ਜਾ ਕੇ ਓਪਰਾ ਮਹਿਸੁਸ ਨਾ ਕਰੇ। ਬੋਲਿਆ, "ਘਰ ਦੇ ਐਨ ਨਾਲ ਖੂੰਜੇ 'ਤੇ ਪੱਬ ਆ 'ਮੋਟਰ ਹੋਟਲ'। ਉੱਥੋਂ ਸਮਰਸੈੱਟ ਰੋਡ ਨਿਕਲਦੀ ਆ ਜਿਸ ਵਿਚ ਸਾਡੀ ਸੜਕ ਘੁੰਮ ਕੇ ਜਾ ਮਿਲਦੀ ਆ। ਉੱਥੇ ਇਕ ਬੁੱਚੜ ਦੀ ਦੁਕਾਨ ਆ।" ਆਖ ਸੁੱਖੀ ਵੱਲ ਦੇਖਿਆ ਤੇ ਅੱਗੇ ਬੋਲਿਆ, "ਜਿਸ ਖੂੰਜੇ 'ਤੇ ਭੂਆ ਵਾਲੀ ਸੜਕ ਸਾਡੀ ਸੜਕ 'ਚ ਮਿਲਦੀ ਆ ਨਾ, ਉੱਥੇ ਖੂੰਜੇ 'ਤੇ, ਰੰਜੇ ਮੋਹਨ ਦੀ ਦੁਕਾਨ ਆ। ਉਹ ਵੀ ਤੇਰੇ ਪਿੰਡ ਕੋਲ ਦਾ।" "ਹੈ ਨਾ ਆਪਣੀਆਂ ਚੀਜਾਂ ਲੈਣ ਦੀ ਮੌਜ।"

ਸੁੱਖੇ ਨੇ ਕਿਹਾ ਤੇ ਸੁੱਖੀ ਨੇ ਉਸ ਵੱਲ ਦੇਖਿਆ ਤਾਂ ਉਸਦਾ ਪੈਰ ਮਾੜਾ ਕੁ ਜਿਹਾ ਤਿਲਕਿਆ। ਸੁੱਖੇ ਨੇ ਉਸਨੂੰ ਫੱਟ ਦੇਣੀ ਬਾਂਹ ਤੋਂ ਫੜ ਲਿਆ। ਡਿਗਣ ਤੋਂ ਬਚਾ ਕੇ ਸਹਾਰਾ ਦਿੰਦਾ ਬੋਲਿਆ, "ਵਡਿੰਗਡਨ ਰੋਡ ਦੇ ਸਿਰੇ 'ਤੇ, ਸੈਂਡੀ ਲੇਨ ਬੱਸਾਂ ਦਾ ਅੱਡਾ ਆ। ਉਹ ਦੇ ਸਾਹਮਣੇ ਫ਼ਿਸ਼ ਚਿਪਸ, ਹੇਅਰ ਡਰੇਸਰ, ਔਫ਼ ਲਾਈਸੰਸ, ਡਾਕਖਾਨਾ ਤੇ ਕਈ ਹੋਰ ਸਟੋਰ ਆ।" ਫਿਰ ਉਹ ਸਾਹ ਲੈ ਕੇ ਚਾਅ ਨਾਲ ਬੋਲਿਆ, "ਸੈਂਡੀ ਲੇਨ ਦੇ ਉੱਪਰਲੇ ਪਾਸੇ, ਜਿੱਥੇ ਲਿੱਡਗੇਟ ਪਾਰਕ ਦੇ ਮੱਥੇ, ਮਿਡਲਮਾਰਚ ਰੋਡ ਦਾ ਚੌਕ ਆ, ਉੱਥੇ ਮੇਰੀ ਫੈਕਟਰੀ ਆ ਜਿੱਥੇ ਮੈਂ ਹੁਣ ਕੰਮ ਕਰਦਾਂ। ਉੱਥੇ 'ਡੈਮਲਰ ਤੇ ਜਾਗਰ' ਕਾਰਾਂ ਬਣਦੀਆਂ।" ਸੁੱਖੇ ਨੇ ਆਪਣੇ ਲੋਕਾਂ ਵਾਂਗ, ਜੈਗੁਆਰ ਨੂੰ 'ਜਾਗਰ' ਉਚਾਰਦੇ ਨੇ ਕਿਹਾ।

ਹੁਣ ਉਹ ਛੱਤੇ ਹੋਏ ਬੱਸ ਸਟੌਪ 'ਤੇ ਪਹੁੰਚ ਗਏ ਸਨ। ਸੁੱਖੀ ਨੇ ਸੁੱਖੇ ਦੀ ਗੱਲ ਦਾ ਹੁੰਗਾਰਾ ਦੇਣ ਦੀ ਬਜਾਏ ਇਕ ਝੁਣਝੁਣੀ ਲਈ ਤੇ ਸੁੱਖੇ ਨੇ, ਬੂਟਾਂ ਨੂੰ ਲੱਗੀ ਸਨੋਅ ਨੂੰ ਝਾੜਨ ਲਈ ਫਰਸ਼ 'ਤੇ ਇਕ ਦੋ ਵਾਰ ਪੈਰ ਮਾਰਦੇ ਨੇ ਕਿਹਾ, "ਸੈਂਡੀ ਲੇਨ ਤੋਂ ਨੰਬਰ ਟੂ ਬੱਸ, ਸਿੱਧੀ ਸਿਟੀ ਸੈਂਟਰ ਜਾਂਦੀ ਆ। ਹੈ ਨਾ ਹਰ ਪਾਸੇ ਨੂੰ ਜਾਣ ਆਉਣ ਦੀ ਮੌਜ।" "ਮੈਂ ਘਰ ਰੋਟੀ ਖਾਣ ਵੀ ਆ ਸਕਦਾਂ।"

ਹਾਲੇ ਸੁੱਖੇ ਨੇ ਰੁਕ ਕੇ ਐਨਾ ਕਿਹਾ ਹੀ ਸੀ ਕਿ ਡਬਲ ਡੈਕਰ 14 ਨੰਬਰ ਬੱਸ ਆ ਗਈ। ਬੱਸ ਕੰਡਕਟਰ ਆਪਣਾ ਸੀ। ਜਦੋਂ ਸੁੱਖੀ ਬਸ ਚੜ੍ਹੀ ਤਾਂ ਉਸਨੇ ਉਸਦੇ ਵੱਧੇ ਢਿੱਡ ਵੱਲ ਦੇਖਿਆ ਤੇ 'ਔਲ ਅਬੋਡ' ਕਿਹਾ। ਬੱਸ ਤੁਰ ਪਈ।

ਸੁੱਖੀ ਸਮਝੀ ਕਿ ਸ਼ਾਇਦ ਕੰਡਕਟਰ ਨੇ ਉਸਦਾ ਪੇਟ ਦੇਖ ਕੇ ਅੰਗਰੇਜ਼ੀ ਵਿਚ ਕੋਈ ਮਖੌਲ ਕੀਤਾ ਜਿਵੇਂ ਦੇਸ ਬੱਸਾਂ ਦੇ ਕੰਡਕਟਰ ਕਰਦੇ ਆ। ਉਸਨੇ ਕੰਡਕਟਰ ਨੂੰ ਦੇਖ ਕੇ ਘੂਰੀ ਵੱਟੀ ਤੇ ਕੁਝ ਕਹਿਣ ਹੀ ਲੱਗੀ ਸੀ ਕਿ ਸੁੱਖੇ ਨੇ ਉਸ ਨੂੰ ਉੱਪਰਲੇ ਡੈੱਕ 'ਤੇ ਚੜ੍ਹਨ ਲਈ ਕਿਹਾ ਤੇ ਕੰਡਕਟਰ ਨੂੰ ਟਿਕਟ ਦੇ ਪੈਸੇ ਦਿੱਤੇ। ਟਿਕਟ ਲੈ ਉਹ ਉੱਪਰਲੀ ਮੰਜ਼ਲ 'ਤੇ ਜਾ ਬੈਠੇ। ਸੁੱਖੇ ਨੇ ਉਸ ਨੂੰ, "ਔਲ ਅਬੋਡ' ਦਾ ਮਤਲਬ ਸਮਝਾਇਆ ਤਾਂ ਸੁੱਖੀ ਬਾਹਰ ਦਾ ਨਜ਼ਾਰਾ ਦੇਖਣ ਲੱਗ ਪਈ।

ਨਵਾਂ ਘਰ, 39 ਡੌਰਸੈਟ ਰੋਡ, ਨਵੀਂ ਤਰਜ਼ ਦਾ ਸੀ। ਘਰ ਅੰਦਰ ਪ੍ਰਵੇਸ਼ ਕਰਨ ਲਈ ਜੁਦਾ ਹਾਲ ਵੇ। ਅਗਲਾ ਕਮਰਾ- ਲਿਵਿੰਗ ਰੂਮ, ਪਿਛਲਾ- ਫੈਮਲੀ ਰੂਮ। ਦੋਹਾਂ ਦੇ ਅੱਡੋ ਅੱਡ ਦਰਵਾਜ਼ੇ। ਖੁੱਲ੍ਹਾ ਡੁੱਲ੍ਹਾ ਕਿਚਨ। ਤਿੰਨ ਸੌਣ ਵਾਲੇ ਕਮਰਿਆਂ ਨਾਲ ਬਾਥ-ਰੂਮ, ਵਿੱਚੇ ਟੌਇਲਟ ਤੇ ਮੂੰਹ ਹੱਥ ਧੋਣ ਲਈ ਵਾਸ਼ ਬੇਸਨ। ਇਕ ਟੌਇਲਟ ਕਿਚਨ ਦੇ ਬਾਹਰ। ਸੁੱਖੀ ਨੂੰ ਨਵਾਂ ਘਰ ਬਹੁਤ ਪਸੰਦ ਆਇਆ। ਪਰ ਜਦੋਂ ਨਿਆਣੇ ਸਕੂਲ, ਰੱਤੋ ਤੇ ਬੰਦੇ ਕੰਮਾਂ ਨੂੰ ਚਲੇ ਜਾਂਦੇ ਤਾਂ ਘਰ 'ਚ ਇਕੱਲੀ ਬੈਠੀ, ਠੁਰ ਠੁਰ ਕਰਦੀ ਨੂੰ ਪਿੰਡ ਤੇ ਸਹੇਲੀਆਂ ਦੇ ਪਰਛਾਵੇਂ ਆ ਘੇਰਦੇ। ਮਨ ਭਰਦਾ। ਇਕੱਲੀ ਭੁੱਬਾਂ ਤੇ ਚੀਕਾਂ ਮਾਰ ਮਾਰ ਰੋਂਦੀ। ਮਨ ਹਲਕਾ ਕਰ ਲੈਂਦੀ ਪਰ, ਕੰਧਾਂ ਸਾਥ ਨਾ ਦਿੰਦੀਆਂ।

ਦਿਨ ਵਿਚ ਇਕ ਅੱਧੀ ਵਾਰ ਭੂਆ ਗੇੜਾ ਮਾਰ ਜਾਂਦੀ। ਸੁੱਜੀਆਂ ਅੱਖਾਂ ਦੇਖ ਵਰਜਦੀ ਕਹਿੰਦੀ, "ਕੁੜੀਏ, ਰੋਈ ਦਾ ਨਈਂ, ਰੋਣ ਦਾ ਨਿਆਣੇ ਤੇ ਅਸਰ ਪੈਂਦਾ।" ਤਾਂ ਉਹ ਆਪਣੇ ਆਪ 'ਤੇ ਕਾਬੂ ਪਾਉਣ ਦਾ ਯਤਨ ਕਰਦੀ ਪਰ, ਕਿੱਥੇ। ਮਿੱਟੀ ਦਾ ਮੋਹ ਰੁਕਣ ਨਾ ਦਿੰਦਾ। ਕਹਿੰਦੇ ਹਨ, ਜਿੱਥੇ ਜੰਮੀਏ ਪਲੀਏ, ਬੜੇ ਹੋਵੀਏ, ਚਾਹੇ ਉਹ ਪਹਾੜ ਦੀ ਖੁੰਦਰ ਹੋਵੇ ਜਾਂ ਮਾਰੂ ਥਲ, ਯਾਦ ਆਉਂਦਾ ਰਹਿੰਦਾ।

ਭੂਆ ਆਪਣੀਆਂ ਗੱਲਾਂ ਸੁਣਾਉਂਦੀ ਕਹਿੰਦੀ, "ਨੀ ਤੂੰ ਤਾਂ ਲੱਕੀ ਆਂ, ਤੇਰੇ ਐਥੇ ਸਾਰੇ ਆਪਣੇ ਹੈਗੇ। ਜਦੋਂ ਅਸੀਂ ਆਈਆਂ, 'ਨੌ ਵਨ' ਅਪਣਾ। ਗੋਰਿਆਂ ਦੇ ਹਾਉਸੀਂ ਕਰਾਏ 'ਤੇ ਰੂਮਾਂ 'ਚ ਰਹਿਣਾ। ਦੋ ਦੋ ਤਿੰਨ ਤਿੰਨ ਰਲ ਕੇ ਬਾਥੀਂ ਬਾਥ ਕਰਨ ਜਾਣਾ। ਫਿਰ ਦੋ ਦੋ ਟੱਬਰਾਂ ਨੇ ਮਿਲ ਕੇ ਘਰ ਲਏ। ਸਲੱਮਾਂ ਵਿਚ। ਤਾਂ ਜਾ ਕੇ ਕਿਤੇ ਪੈਰ ਲੱਗੇ। ਸੁੱਖ ਦਾ ਸਾਹ ਆਇਆ।"

"ਆਹ ਕਿਤੇ 'ਸੀਟੀ ਸੈਂਟਰ' ਥੋੜ੍ਹੇ ਜਾ ਹੁੰਦਾ ਸੀ। ਜੇ ਕਿਤੇ ਜਾਣਾ ਤਾਂ ਗੋਰੇ ਗੋਰੀਆਂ ਨੇ ਸਾਡੀ ਵੱਲ ਦੇਖ ਹਿੜ ਹਿੜ ਕਰਨੀ ਤੇ 'ਗਰੇਜੀ' ਵਿਚ ਕੁਸ਼ ਕਹਿਣਾ। ਜਿਹਦੀ ਸਾਨੂੰ ਸਮਝ ਨਾ ਪੈਣੀ।"

"ਫੇਰ ਜਦੋਂ ਤੇਰੇ ਫੁੱਫੜ ਨੇ ਆਹ ਘਰ ਲੈਣ ਤੋਂ ਪਹਿਲਾਂ, ਲਮਿੰਗਟਨ

ਸਪਾ ਫੋਰਡ 'ਚ ਕੰਮ ਜਾਣ ਲਈ 'ਬਕਸਾ' ਕਾਰ ਕੈਸ਼ ਲਈ।" (ਭੂਆ ਨੇ, 'ਵੌਕਸ਼ਾਲ" ਨੂੰ 'ਬਕਸਾ' ਉਚਾਰਦੀ ਨੇ ਕਿਹਾ।) "ਤੇ ਫਿਰ ਘਰ ਲੈਣ ਤੋਂ ਬਾਅਦ ਆਉਣ ਜਾਣ ਲਈ "ਬੰਤਲੇ" (ਹੁਣ ਭੂਆ ਨੇ "ਬਿੰਟਲੇ" ਨੂੰ ਬੰਤਲੇ ਕਿਹਾ) "ਤਾਂ ਗੌਰਾ ਮਨੇਜਰ ਤੇਰੇ ਫੱਫੜ ਦੇ ਮੂੰਹ ਵੱਲ ਦੇਖਦਾ ਰਹਿ ਗਿਆ।"

ਭੂਆ ਦੀਆਂ ਗੱਲਾਂ ਸੁਣ ਸੁੱਖੀ ਦਾ ਸਮਾਂ ਲੰਘ ਜਾਂਦਾ। ਉਸਦੇ ਜਾਣ ਤੋਂ ਬਾਅਦ, ਭੂਆ ਦੀ ਸੌਨੇ ਦੀ ਲੰਕਾ ਬਾਰੇ ਸੋਚਦੀ ਤਾਂ ਉਸਨੂੰ ਆਪਣੀ ਲੰਕਾ ਯਾਦ ਆ ਜਾਂਦੀ ਤੇ ਦਿਲ ਕਰੜਾ ਕਰ ਲੈਂਦੀ।

ਕਈ ਵਾਰ ਭੂਆ ਉਸਨੂੰ, ਡਾਕਟਰ ਦੇ ਜਾਣ ਤੋਂ ਬਾਅਦ ਦਵਾਈ ਲੈਣ ਲਈ ਸਿਟੀ ਸੈਂਟਰ ਲੈ ਜਾਂਦੀ ਤੇ ਸਿਟੀ ਦਿਖਾ ਲਿਆਉਂਦੀ। ਲੇਡੀ ਗੌਡਾਈਵਾਅ ਦਾ ਬੁੱਤ। ਉਸ ਦੁਆਲੇ ਚੌਰਸ ਚੌਂਕ ਵਿਚ, ਸ਼ਹਿਰ ਦੀਆਂ ਚੌਹਾਂ ਕੂਟਾਂ ਨੂੰ ਜਾਂਦੀਆਂ ਬੱਸਾਂ। ਫੀਊਨਿਕਸ ਦਾ ਖੋਦਿਆ ਖੰਡਰ। ਲੇਡੀ ਗੁਡਾਈਵਾ ਦਾ ਮਹੱਲ। ਕੌਵੈਂਟਰੀ ਦੇ ਨਾਂ ਦੀ ਕਹਾਣੀ। ਪੀਪਿੰਗ ਟੌਮ। ਅਰਲ ਸਟਰੀਟ 'ਤੇ ਵੱਡੇ ਵੱਡੇ ਬੈਂਕ। ਸਿਟੀ ਹਾਲ। ਦੁਨੀਆਂ ਦੀ ਦੂਜੀ ਲੜਾਈ ਵਿਚ ਜਰਮਨੀ ਦੀ ਤਬਾਹ-ਕਾਰੀ। ਖੰਡਰ ਹੋਇਆ ਪੁਰਾਣਾ ਕਥੀਡਰਲ। ਨਵਾਂ ਕਥੀਡਰਲ। ਸਿਟੀ ਸੈਂਟਰ ਵਿਚ ਥਾਂ ਥਾਂ ਸੁੱਟੇ ਬੰਬਾਂ ਦੇ ਨਿਸ਼ਾਨ। ਇੱਥੇ ਤਕ ਕਿ ਰਾਹ ਵਿਚ ਆਉਂਦੇ ਤਬਾਹ ਹੋਏ ਘਰ। ਭੂਆ ਦੇ ਦੱਸਣ ਮੁਤਾਬਕ, ਜਦੋਂ ਉਹ ਆਈ ਸੀ ਤਾਂ, ਇਨ੍ਹਾਂ ਘਰਾਂ ਦੇ ਦਰਾਂ ਵਿਚ ਲੋਕਾਂ ਦੇ ਪਿੰਜਰ ਖੜ੍ਹੇ ਹੁੰਦੇ ਸਨ।

ਸੁੱਖੀ ਇਹ ਸਭ ਕੁਝ ਦੇਖ ਕੇ ਹੈਰਾਨ ਹੁੰਦੀ। ਪਰ ਸਭ ਤੋਂ ਵੱਧ ਹੈਰਾਨੀ ਉਸਨੂੰ ਕੌਵੈਂਟਰੀ ਦੇ ਨਾਂ ਤੇ ਲੇਡੀ ਗੁਡਾਈਵਾ ਦੀ ਦਾਸਤਾਨ ਸੁਣ ਕੇ ਹੋਈ। ਕਿਵੇਂ ਸੈਕਸਨ ਸ਼ਬਦ, 'ਕੌਫਾ' (ਇੱਥੇ ਦੀ ਰਿਆਸਤ ਦੇ ਮਾਲਕ ਦਾ ਨਾਂ) ਤੇ 'ਟਰੀਉ' (ਬਹੁਤ ਵੱਡੇ ਆਕਾਰ ਦਾ ਰੁੱਖ) ਸਮੇਂ ਦੇ ਚਾਟੀ ਵਿਚ ਰਿੜਕ ਹੁੰਦੇ, 'ਕੌਫੋ ਟਰੀ' ਤੋਂ ਇਕ ਸ਼ਬਦ 'ਕੌਵੈਂਟਰੀ' ਬਣ ਗਏ। ਲੇਡੀ ਗੌਡਾਈਵਾ, ਜਿਸ ਨੇ 7 ਸਤੰਬਰ 1867 ਨੂੰ ਇਸ ਜਹਾਨ ਤੋਂ ਅੱਖਾਂ ਮੀਟੀਆਂ। ਆਪਣੀ ਰਈਅਤ ਨੂੰ ਰਾਜੇ ਦੇ ਕਹਿਰ ਤੋਂ ਬਚਾਉਣ ਤੇ ਅਵਾਮ ਦਾ ਲਗਾਨ ਮੁਆਫ਼ ਕਰਵਾਉਣ ਲਈ, ਅਲਫ਼ ਨੰਗੀ ਹੋ ਘੋੜੇ 'ਤੇ ਚੜ੍ਹ ਕੇ, ਸ਼ਹਿਰ ਵਿਚ ਘੁੰਮਣਾ ਕਬੂਲ ਕੀਤਾ ਸੀ ਤੇ ਲਗਾਨ ਮੁਆਫ਼ ਕਰਵਾ ਦਿੱਤਾ ਸੀ ਕਿਉਂਕਿ, ਉਹ ਆਪ ਵੀ ਆਮ ਜਨਤਾ ਵਿੱਚੋਂ ਸੀ।

"ਐਡੀ ਵੱਡੀ ਕੁਰਬਾਨੀ!" ਸੁੱਖੀ ਸੋਚਦੀ, "ਕਿਸ ਲਈ?" "ਆਪਣੇ ਲੋਕਾਂ ਲਈ ਜਾਂ ਦਿਲ ਵਿਚ ਠਾਣੀ ਗੱਲ ਨੂੰ ਪੂਰਾ ਕਰਨ ਲਈ?"

"ਕੀ ਪੀਪਿੰਗ ਟੌਮ ਸੱਚ ਮੁੱਚ ਹੀ ਉਸਨੂੰ ਅਲਫ਼ ਨੰਗੀ ਦੇਖ ਕੇ ਅੰਨ੍ਹਾਂ ਹੋ ਗਿਆ ਸੀ?"

ਜਦੋਂ ਉਸਨੂੰ ਆਪਣੇ ਹਰ ਸਵਾਲ ਦਾ ਜਵਾਬ ਹਾਂ ਵਿਚ ਮਿਲਦਾ ਤਾਂ ਉਹ ਆਪਣਾ ਮਨ ਕਰੜਾ ਕਰ ਕੇ ਆਪਣੀ ਲੰਕਾ ਬਾਰੇ ਸੋਚਣ ਲੱਗ ਪੈਂਦੀ।

ਸਮੇਂ ਨੇ ਮੋੜ ਕੱਟਿਆ। ਮੌਸਮ ਬਦਲਿਆ। ਜਿੱਥੇ ਮੇਦਨੀ ਜਾਗੀ।

ਬਨਸਪਤੀ ਮੌਲੀ। ਨਵੀਆਂ ਕਰੂੰਬਲਾਂ ਫੁੱਟੀਆਂ। ਉੱਥੇ, ਸੁੱਖੀ ਦੇ ਤਨ ਨੇ ਵੀ 'ਕ'ਕੂਨ' ਵਾਂਗ ਰੂਪ ਬਦਲਿਆ। ਸੁੱਖੀ ਦੇ ਸਰੀਰ ਨੇ ਇਸਤਰੀ ਦੇ ਨਵੇਂ ਰੂਪ, 'ਜਨਣੀ' ਵਿਚ ਪਰਵੇਸ਼ ਕੀਤਾ। ਪੁਰਾਣੀਆਂ ਮੋਹ ਦੀਆਂ ਤੰਦਾਂ ਨੂੰ ਤੋੜਨ ਲਈ ਮਾਂ ਦੀ ਅਦੁੱਤੀ ਮਮਤਾ ਉਪਜੀ। ਮਾਂ ਦੀ ਮੋਹ ਭਰੀ ਮਮਤਾ ਨੇ ਉਸਨੂੰ ਆਪਣੇ ਵਿੱਚੋਂ, ਕਰੂੰਬਲ ਬਣ ਕੇ ਫੁੱਟੀ ਆਂਦਰ ਨੂੰ ਮੰਨਤਿਸ਼ਵਰ ਦਾ ਨਾਂ ਦਿੱਤਾ।

ਮੰਨਤਿਸ਼ਵਰ- ਇਸ਼ਵਰ ਦੀ ਸੁਖਣਾ। ਪਤਾ ਨਹੀ ਉਸਨੇ ਇਹ ਨਾਂ ਆਪਣੇ ਮੁੰਡੇ ਨੂੰ ਕਿਉਂ ਦਿੱਤਾ। ਸ਼ਾਇਦ, ਆਪਣੀ ਸਹੇਲੀ ਇੰਦੂ ਦੇ ਭੇਜੇ ਨਾਵਾਂ ਦੀ ਸੂਚੀ ਵਿੱਚੋਂ ਇਕ ਨਾਂ ਜਾਂ ਸੱਚ ਮੁੱਚ ਦੀ ਸੁੱਖਣਾ!

"ਨੀ ਤੂੰ ਤਾਂ ਪਹਿਲੀ ਸੱਟੇ ਮੱਲ ਮਾਰ ਲਈ।" ਪਹਿਲੇ ਦਿਨ ਹਸਪਤਾਲ ਵਿਚ ਦੇਖਣ ਆਈ ਭੂਆ ਨੇ, ਸੁੱਖੀ ਦੇ ਕਮਰੇ ਵਿਚ ਵੜਦੀ ਨੇ ਕਿਹਾ, "ਲਾ'ਤੀ ਜਠਾਣੀ ਦੀ ਪਿੱਠ।"

ਜਣੇਪੀ ਦੀਆਂ ਦਰਦਾਂ ਦੀ ਭੱਨੀ ਤੇ ਨਢਾਲ ਹੋਈ ਅਰਧ ਸੁੱਤੀ ਸੁੱਖੀ ਨੇ ਭੂਆ ਦੇ ਬੋਲ ਸੁਣੇ ਤਾਂ ਦਰਵਾਜ਼ੇ ਵੱਲ ਸਿਰ ਘੁੰਮਾ ਕੇ ਦੇਖਿਆ। ਭੂਆ, ਥਲਕ ਥਲਕ ਕਰਦੀ ਉਸ ਵੱਲ ਤੁਰੀ ਆ ਰਹੀ ਸੀ।

"ਮੈਂ ਤਾਂ ਤੇਰੀ ਵੀ ਪਿੱਠ ਲਾ'ਤੀ।" ਸੁੱਖੀ ਦਾ ਕਹਿਣ ਨੂੰ ਜੀ ਕੀਤਾ ਕਿਉਂਕਿ ਰੱਤੋ ਵਾਂਗ, ਭੂਆ ਦੇ ਵੀ ਪਹਿਲੀ ਕੁੜੀ ਹੀ ਹੋਈ ਸੀ ਤੇ ਆਪ ਵੀ ਆਪਣੇ ਮਾਪਿਆਂ ਦੇ ਘਰ ਪਹਿਲੀ ਕੁੜੀ ਸੀ। ਪਰ, ਉਸਨੇ ਨਾ ਕਿਹਾ।

ਸੁੱਖੀ, ਸੂਤਕ ਕਾਰਨ ਅੱਧਮੋਈ ਜਿਹੀ ਹੋਈਓ ਨੇ, ਭੂਆ ਦੇ ਪੈਰੀ ਹੱਥ ਲਾਉਣ ਲਈ ਉੱਠਣ ਦਾ ਯਤਨ ਕੀਤਾ ਪਰ, ਭੂਆ ਨੇ, "ਨਾ ਨਾ, ਟਿਕੀ ਰਹਿ।" ਆਖ ਹੱਥ ਨਾਲ, ਨਾ ਉੱਠਣ ਦਾ ਸੰਕੇਤ ਕੀਤਾ। ਫਿਰ ਵੀ ਜਦੋਂ ਭੂਆ ਮੰਜੇ ਕੋਲ ਆ ਗਈ ਤਾਂ ਸੁੱਖੀ ਨੇ ਭੂਆ ਵੱਲ ਪਾਸਾ ਲਿਆ, ਝੁਕੀ ਤੇ ਉਸਦੇ ਗੋਡੀਂ ਹੱਥ ਲਾਇਆ। ਭੂਆ ਨੇ ਸਿਰ ਪਲੋਸਿਆ ਤੇ, "ਬੁੱਢ ਸੁਹਾਗਣ ਹੋਵੇਂ। ਪੁੱਤੀਂ ਪੋਤੀਂ ਫਲੇਂ। ਦੁੱਧੀਂ ਨਹਾਵੇਂ।" ਦੀ ਅਸੀਸ ਦਿੱਤੀ ਤੇ ਨਾਲ ਹੀ ਪੁੱਛਿਆ, "ਨੀ ਇਹ ਕਰਾਮਾਤ ਕਿਵੇਂ ਹੋਈ! ਸਾਡੇ ਤਾਂ ਪਹਿਲੀ ਕੁੜੀਆਂ ਹੁੰਦੀਆਂ?" "ਕਿਤੇ ਕੋਈ ਧਾਗਾ ਤਬੀਤ ਤਾਂ ਨਈਂ ਕਰਵਾਕੇ ਕੇ ਆਈ?" ਭੂਆ ਰੁਕ ਕੇ ਬੋਲੀ।

ਭੂਆ ਨੇ ਜਦੋਂ "ਕਿਤੇ ਕੋਈ ਧਾਗਾ ਤਬੀਤ ਤਾਂ ਨਈਂ ਕਰਵਾਕੇ ਕੇ ਆਈ?" ਪੁੱਛਿਆ ਤਾਂ ਸੁੱਖੀ ਨੂੰ ਆਪਣੀ ਬੀਜੀ ਯਾਦ ਆ ਗਏ। ਨਾਲ ਹੀ ਉਹ ਦਿਨ ਜਿਸ ਦਿਨ ਉਹ ਉਸਨੂੰ, ਇੰਗਲੈਂਡ ਆਉਣ ਤੋਂ ਕੁਝ ਦਿਨ ਪਹਿਲਾਂ, ਲਾਗਲੇ ਪਿੰਡ ਦੇ ਪੀਰ ਦੇ ਰੌਜ਼ੇ 'ਤੇ ਲੈ ਕੇ ਗਈ ਸੀ ਤੇ ਮਿੰਨਤ ਮੰਗਦੀ ਨੇ ਕਿਹਾ ਸੀ, "ਹੈ ਪੀਰ ਚਸਤੀ, ਮੁਰੀਦਾਂ ਦੇ ਮਨਾਂ ਦੀ ਜਾਨਣ ਵਾਲਿਆ, ਜੇ ਤੂੰ ਸੱਚਾ ਤਾਂ ਮੇਰੀ ਪਰਦੇਸਣ ਧੀ ਦੀ ਪਰਦੇਸਾਂ 'ਚ ਲਾਜ ਰੱਖੀਂ। ਇਹਦੀ ਕੁੱਖ ਨੂੰ ਸ਼ੋਭਾ ਦੇ ਜੀਅ ਨਾਲ ਭਾਗ ਲਾਈਂ।"

ਇਕ ਦਿਨ ਉਸਦੇ ਬੀਜੀ ਉਸ ਨੂੰ ਸ਼ਹਿਰ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਵੀ ਲੈ ਗਈ ਸੀ। ਉੱਥੇ ਵੀ ਉਸਨੇ, ਨੱਕ ਰਗੜ ਹੱਥ ਜੋੜ ਇਸੇ ਤਰ੍ਹਾਂ ਦੀ ਅਰਦਾਸ ਬੇਨਤੀ ਕੀਤੀ ਸੀ ਤੇ ਸੁੱਖਣਾ ਸੁੱਖੀ ਸੀ।

"ਕਾਹਨੂੰ ਭੂਆ ਜੀ।" ਸੁੱਖੀ ਨੇ ਸਿੱਧੀ ਹੋ ਕੇ ਬੈਠਦੀ ਨੇ ਕਿਹਾ।

ਐਨੇ ਵਿਚ ਭੂਆ ਮੁੰਡੇ ਦੀ ਕਰਿਬ ਕੋਲ ਗਈ। ਉਸ ਦੇ ਬੁੱਲ੍ਹਾਂ ਨੂੰ ਉਂਗਲ ਲਾਈ ਤੇ ਮੂੰਹ ਵੱਲ ਦੇਖਿਆ ਤੇ ਬੋਲੀ, "ਨੀ ਇਹ ਤਾਂ ਨਿਰਾ ਮੇਰਾ ਸੁੱਖਾ ਆ। ਕੋਈ ਨਾਂ ਸੋਚਿਆ?" ਭੂਆ ਨੇ ਮੁੰਡੇ ਦੀ ਨੀਲੀ ਟੋਪੀ ਪਿੱਛੇ ਨੂੰ ਹਟਾਈ ਤੇ ਮੱਥੇ 'ਤੇ ਹੱਥ ਫੇਰਦੀ ਨੇ ਕਿਹਾ।

"ਮੰਨਤਿਸ਼ਵਰ।" ਉਹ ਰੁਕ ਕੇ ਬੋਲੀ, "ਬੀਬੀ ਨੇ ਪਹਿਲਾਂ ਈ ਭੇਜਿਆ ਹੋਇਆ।"

"ਨਾ ਜੇ ਕੁੜੀ ਹੁੰਦੀ ਤਾਂ?"

"ਤਾਂ ਵੀ।"

"ਤਾਂ ਭਾਈ ਰੱਖ ਲੈ।" ਭੂਆ ਨੇ ਮੁੰਡੇ ਨੂੰ ਪਿਆਰ ਦਿੰਦੀ ਨੇ ਕਿਹਾ, "ਉੱਦਾਂ ਵੀ ਪਹਿਲੇ ਨਿਆਣੇ 'ਤੇ ਹੱਕ, ਨਾਨਕਿਆਂ ਦਾ ਈ ਹੁੰਦਾ।"

ਜਿਸ ਦਿਨ ਉਹ ਵਾਲਜ਼ਗਰੇਵ ਹਸਪਤਾਲ ਦੇ ਜ਼ੱਚਾ-ਖਾਨੇ 'ਚੋਂ, ਨੱਟੂ ਭਾਈ ਦੀ ਕਾਰ ਵਿਚ ਘਰ ਆਈ ਤਾਂ ਘਰ ਵਿਚ ਬਹੁਤ ਰੌਣਕ ਲੱਗੀ। ਭੂਆ ਛਾਹਵੇਲੇ ਹੀ ਆ ਗਈ। ਐਤਵਾਰ ਛੁੱਟੀ ਦਾ ਦਿਨ, ਲੋਕ ਵਿਹਲੇ, ਘਰ ਦੇ ਨਾਲ ਪੱਬ ਹੋਣ ਕਰਕੇ, ਇਕ ਆਉਂਦਾ ਦੋ ਚਲੇ ਜਾਂਦੇ। ਦੋ ਜਾਂਦੇ ਤਿੰਨ ਆ ਜਾਂਦੇ। ਸੁੱਖਾ, ਹਰ ਆਏ ਨੂੰ ਖੁਸ਼ ਹੋ ਕੇ ਪੁੱਛਦਾ, "ਕੀ ਪਾਵਾਂ? ਬਰਾਂਡੀ, ਜਮੇਕਨ (ਰੱਮ) ਜਾਂ ਪੱਕੀ (ਸਕੌਚ)?" ਅਗਲਾ ਜੋ ਮੰਗਦਾ ਸੁੱਖਾ ਉਸਦਾ ਸ਼ੌਟ ਪੇਸ਼ ਕਰਦਾ। ਉਹ ਜਾਣ ਲੱਗੇ, ਪੌਂਡ ਦੋ ਪੌਂਡ ਮੁੰਡੇ ਦੇ ਹੱਥ ਸ਼ਗਨ ਦੇ ਧਰ ਜਾਂਦੇ ਤੇ ਕੋਲ਼ ਬੈਠੀ ਭੂਆ ਨੂੰ ਸਿਆਣੇ, ਮਾਲਣੇ" ਤੇ ਛੋਟੇ "ਮਾਲਣ ਭੂਆ ਵਧਾਈਆਂ" ਆਖ ਤੁਰ ਜਾਂਦੇ।

ਹਰ ਸਿਆਣੇ ਦਾ ਭੂਆ ਨੂੰ 'ਮਾਲਣ' ਤੇ 'ਛੋਟਿਆਂ ਦਾ 'ਮਾਲਣ ਭੂਆ' ਆਖਣਾ, ਸੁੱਖੀ ਲਈ ਇਕ ਬੁਝਾਰਤ ਬਣ ਗਿਆ। ਉਹ ਸੋਚਦੀ, "ਰੱਤੋ ਤੋਂ ਰਨੈਟਾ, ਕੈਲੇ ਤੋਂ ਕੈਵਨ ਤਾਂ ਚਲੋਅ ਮਨ ਲਿਆ ਕੰਮ 'ਤੇ ਗੋਰੇ ਗੋਰੀਆਂ ਨੇ ਰੱਖ ਲਏ। ਸਕੂਲ ਵਿਚ ਨਿਆਣਿਆਂ ਨੇ ਗੁਰਦਿਆਲ ਦਾ ਗੋਰਡੀ, ਭੁਪਿੰਦਰ ਦਾ ਪੈਂਡਰ ਕਿਉਂਕਿ ਉਨ੍ਹਾਂ ਕੋਲੋਂ ਸਾਡੇ ਨਾਂ ਉਚਾਰ ਨਹੀਂ ਹੁੰਦੇ ਪਰ, ਆਹ ਭੂਆ ਦਾ ਨਾਂ ਮਾਇਆ ਤੋਂ ਮਾਲਣ ਕਿਵੇਂ ਬਣ ਗਿਆ? ਨਾ ਇਹ ਕੰਮ ਕਰਦੀ ਨਾ ਸਕੂਲ ਜਾਂਦੀ ਨਾ ਕਿਤੇ ਆਉਂਦੀ ਨਾ ਜਾਂਦੀ? ਵੱਧ ਤੋਂ ਵੱਧ ਸਿਟੀ ਸੈਂਟਰ ਤੇ ਕਵੈਂਟਰੀ ਮਾਰਕਿਟ ਦਾ ਗੇੜਾ ਮਾਰ ਆਉਂਦੀ ਆ, ਉਹ ਵੀ ਹਫ਼ਤੇ 'ਚ ਇਕ ਜਾਂ ਦੋ ਵਾਰ। ਉੱਥੇ ਵੀ ਇਸ ਨਾਲ ਕੋਈ ਗੱਲ ਨਹੀਂ ਕਰਦਾ ਤੇ ਨਾ ਹੀ ਕੋਈ ਨਾਂ ਲੈਂਦਾ! ਨਾਲੇ ਮਾਲਣ ਤਾਂ ਹੈ ਵੀ ਦੇਸੀ ਨਾਂ। ਇਹਦੇ ਪਿੱਛੇ ਕੀ ਭੇਦ ਹੋਇਆ!" ਉਸਨੇ ਭੂਆ ਨੂੰ ਪੁੱਛਣਾ ਚਾਹਿਆ ਪਰ, ਕੋਈ ਚੰਗਾ ਤੇ ਢੁੱਕਵਾਂ ਮੌਕਾ ਨਾ ਮਿਲਣ ਕਾਰਨ, ਪੁੱਛ ਨਾ ਸਕੀ।

ਸ਼ਾਮ ਨੂੰ ਕੈਲਾ ਤੇ ਸੁੱਖਾ ਫੁੱਫੜ ਨੂੰ ਲੈ ਕੇ ਪੱਬ ਚਲੇ ਗਏ, ਭੂਆ ਆਪਣੇ

ਘਰ ਨੂੰ। ਸੁੱਖੀ ਨੇ ਰਾਤ ਨੂੰ ਪੌਂਡ ਗਿਣੇ ਤੇ ਬੋਲੀ, "ਇਹ ਤਾਂ ਵਣਜ ਈ ਬੜਾ ਸੁਹਣਾ, ਮੁੰਡੇ ਜੰਮੋ, ਸ਼ਗਨ ਪੁਆਉ ਤੇ ਪੌਂਡ ਕਮਾਉ।"

"ਕਿਸੇ ਭੁਲੇਖੇ 'ਚ ਨਾ ਰਹੀਂ।" ਰੱਤੋ ਨੇ ਪੌਂਡਾਂ ਵੱਲ ਦੇਖ ਹੱਥ ਕਰਦੀ ਨੇ ਕਿਹਾ, "ਸਾਡੇ ਦਿੱਤਿਉ ਈ ਆਉਂਦੇ ਆ।"

ਸੁੱਖੀ ਨੂੰ ਰੱਤੋ ਦੇ ਮੂੰਹੋਂ "ਸਾਡੇ ਦਿੱਤਿਉ ਈ ਆਉਂਦੇ ਆ।" ਦਾ ਵਾਕ ਸੁਣ ਕੇ ਬੜੀ ਤਕਲੀਫ਼ ਹੋਈ। ਉਸਨੂੰ ਤਾਂ ਆਸ ਸੀ ਕਿ ਉਸਦੀ ਜਿਠਾਣੀ ਅੱਗੋਂ ਕੋਈ ਮਖੌਲ ਵਿਚ, "ਵਿਹਲੀ ਆਂ, ਜਣੀ ਜਾ।" ਜਾਂ "ਨਾ ਭਾਈ, ਸਾਥੋਂ ਤਾਂ ਨਈਂ ਹੱਡ ਤੁੜਾ ਹੁੰਦੇ। ਤੂੰ ਜਵਾਨ ਆਂ, ਤੁੜਾਈ ਜਾ।" ਵਰਗਾ ਕੋਈ ਮਜ਼ਾਕ ਕਰਦੀ ਜਾਂ ਕੁਝ ਹੋਰ ਕਹੇਗੀ ਪਰ, ਆਹ ਕੀ? "ਸਾਡੇ ਦਿੱਤਿਉ ਈ ਆਉਂਦੇ ਆ।" ਸੁੱਖੀ ਨੇ ਇਕ ਨਜ਼ਰ ਰੱਤੋ ਨੂੰ ਦੇਖਿਆ। ਉਸਦੀ ਨਜ਼ਰ ਪੌਂਡਾ 'ਤੇ ਟਿਕੀ ਹੋਈ ਸੀ। ਸੁੱਖੀ ਨੇ ਪੌਂਡਾਂ ਦੀ ਦੱਥੀ ਰੱਤੋ ਵੱਲ ਵਧਾਈ ਤੇ ਬੋਲੀ, "ਲਓ ਜੀ ਆਪਣੀ ਅਮਾਨਤ, ਸਾਂਭੋ।"

ਰੱਤੋ ਨੇ ਪੌਂਡ ਫੜੇ, ਬਿਨਾਂ ਗਿਣਿਆਂ ਦਰ ਖੋਲ੍ਹ ਉੱਪਰ ਨੂੰ ਜਾਣ ਲੱਗੀ ਤਾਂ ਸੁੱਖੀ ਨੇ ਕਿਹਾ, "ਗਿਣ ਲਓ, ਪੂਰੇ ਪੰਜਾਹ ਆ।

ਮੇਰੇ ਗਿਣਿਉਂ ਆ।" ਉਹ ਬੋਲੀ, "ਮੈਂ ਸਵੇਰ ਦੀ, ਇਹੋ ਕੁੱਛ ਕਰੀ ਜਾਂਦੀ ਆਂ।" ਉਹ ਰੁਕ ਕੇ ਬੋਲੀ, "ਦੇਖੀ ਜਾਂਦੀ ਆਂ, ਕਿਹੜਾ ਕੀ ਦੇ ਗਿਆ।" ਕਿਹਾ ਤੇ ਸੁੱਖੀ ਵੱਲ ਕੁਝ ਐਸੀਆਂ ਨਜ਼ਰਾਂ ਨਾਲ ਦੇਖਿਆ ਜੋ ਕਹਿ ਰਹੀਆਂ ਹੋਣ, "ਬਹੁਤੀ ਪੜ੍ਹੀ ਲਿਖੀ ਨਾ ਬਣ ਕੇ ਦਿਖਾ। ਮੈਨੂੰ ਵੀ ਗਿਣਨਾ ਆਉਂਦਾ। ਐਵੇਂ ਅਣਪੜ੍ਹ ਨਾ ਸਮਝੀਂ। ਮੈਂ ਤਾਂ ਤੇਰੇ ਵਰਗੀਆਂ ਕਈਆਂ ਨੂੰ ਚਾਰ ਆਵਾਂ।"

"ਜਿਠਾਣੀ ਤਾਂ ਘਰ ਦੀ ਵੱਡੀ ਬਣਦੀ ਲਗਦੀ ਆ।" ਸੁੱਖੀ ਨੇ ਮਨ ਵਿਚ ਸੋਚਿਆ। "ਤੇ ਹੈ ਵੀ, ਇਸ ਵਿਚ ਕੋਈ ਸ਼ੱਕ ਵੀ ਨਈਂ।" ਪਰ, ਰਾਤ ਨੂੰ ਜਦੋਂ ਸੁੱਖੀ ਨੇ ਸੁੱਖੇ ਨੂੰ ਸ਼ਗਨਾਂ ਦੇ ਪੈਸਿਆਂ ਦੀ ਗੱਲ ਦੱਸੀ ਤਾਂ ਉਹ ਸੁੱਖੇ ਦੇ ਮੂੰਹੋਂ, "ਮੈਂ ਤਾਂ ਪੰਜ ਪੌਂਡ ਰੱਖ ਕੇ ਆਪਣਾ ਪੇ-ਪੈਕਟ ਵੀ ਭਾਅ ਨੂੰ ਫੜਾ ਦਿੰਦਾ।" ਸੁਣ ਕੇ ਹੈਰਾਨ ਰਹਿ ਗਈ।

"ਤੇ ਖਰਚ?"

"ਫੇ ਜਿੰਨੇ ਲੋੜ ਹੁੰਦੀ ਆ, ਮੰਗ ਲੈਂਦਾਂ।"

"ਕੀ ਗੱਲ, ਅਸੀਂ ਉਨ੍ਹਾਂ ਦਾ.....?"

"ਤੇਰਾ ਕਰਾਇਆ, ਵਿਆਹ ਦਾ ਖਰਚ। ਜੋ ਭੂਆ ਨੇ ਕੀਤਾ ਸੀ। ਭੂਆ ਨੇ ਭਾਅ ਤੋਂ ਲੈ ਲਿਆ ਸੀ।" ਸੁੱਖੇ ਨੇ ਵਿੱਚੇ ਟੋਕਿਆ।

"ਕਿੰਨਾ ਕੁ" ਉਸਨੇ ਪੁੱਛਣਾ ਚਾਹਿਆ ਪਰ ਨਾਲ ਹੀ ਘਰ ਦਾ ਖਿਆਲ ਆ ਗਿਆ ਤਾਂ ਪੁੱਛਿਆ, "ਘਰ ਦਾ ਅੱਧ?"

"ਉਹ ਹੈਗਾ। ਵਕੀਲ ਦੇ ਲਿਖ-ਲਖਾ ਹੋਇਆ ਵਾ।"

ਹੁਣ ਸੁੱਖੀ ਦੀ ਸੋਚ ਆਪਣੀ ਛੋਟੀ ਭੈਣ ਤੇ ਸੁਬੇਗ ਦੇ ਰਿਸ਼ਤੇ ਵੱਲ ਗਈ। "ਕਿਤੇ ਰੱਤੋ ਨੂੰ ਇਸ ਦੀ ਭਿਣਕ ਤਾਂ ਨਹੀਂ ਪੈ ਗਈ ਜਿਸ ਕਰਕੇ ਇਹ

ਇਸ ਤਰ੍ਹਾਂ ਦਾ ਵਰਤਾਉ ਕਰਨ ਲੱਗ ਪਈ ਆ?" "ਸ਼ਾਇਦ!" ਉਸ ਨੇ ਮਨ ਵਿਚ ਕਿਹਾ ਤੇ ਸਾਰੀ ਗੱਲ ਨੂੰ ਗੰਭੀਰਤਾ ਨਾਲ ਲੈ ਕੇ, ਸੋਚਦੀ ਸੋਚਦੀ ਸੌਂ ਗਈ।

ਭੂਆ, ਨੇਮ ਨਾਲ, ਸੁੱਖੀ ਦੇ ਸੂਤਕ ਪਾਤਕ ਦੇ ਦਿਨੀਂ ਸਵਾ ਮਹੀਨਾ ਆਉਂਦੀ ਰਹੀ। ਉਹ ਸਵੇਰੇ ਨੌਂ ਕੁ ਵਜੇ ਆਉਂਦੀ ਤੇ ਸ਼ਾਮ ਨੂੰ, ਨਿਆਣਿਆਂ ਦਾ ਸਕੂਲੋਂ ਤੇ ਰੱਤੋ ਦੇ ਆਉਣ ਤੋਂ ਬਾਅਦ ਚਲੇ ਜਾਂਦੀ। ਭੂਆ ਨੇ ਸੁੱਖੀ ਨੂੰ ਸਵਾ ਮਹੀਨਾ ਰਸੋਈ ਵਿਚ ਨਾ ਜਾਣ ਦਿੱਤਾ। ਖਾਣ ਲਈ ਦਾਬੜਾ ਬਣਾ ਕੇ ਦਿੱਤਾ।

ਸੂਤਕ ਪਾਤਕ ਦੇ ਦਿਨਾਂ ਵਿਚ ਕਿਹੜੀਆਂ ਚੀਜ਼ਾਂ ਖਾਣੀਆਂ ਤੇ ਕਿਹੜੀਆਂ ਤੋਂ ਪਰਹੇਜ਼ ਰੱਖਣਾ ਵੀ ਸੁੱਖੀ ਨੂੰ ਦੱਸੀਆਂ। ਨਿਆਣਾ, ਮਾਂ ਦੀਆਂ ਕਿਹੜੀਆਂ ਚੀਜ਼ਾਂ ਖਾਣ 'ਤੇ ਪੇਟ ਵਿਚ ਹਵਾ ਭਰਨ ਕਾਰਨ ਰੋਂਦਾ ਆਦਿ ਪਰਹੇਜ਼ ਦੀਆਂ ਗੱਲਾਂ ਦੱਸਦੀ ਦੱਸਦੀ ਨੇ, ਆਪਣੇ ਆਦਮੀ ਤੋਂ ਸਵਾ ਮਹੀਨਾ ਕਿਉਂ ਦੂਰ ਰਹਿਣੇ ਬਾਰੇ ਸਮਝਾਉਂਦੀ ਨੇ ਕਿਹਾ, "ਇਕ ਤਾਂ ਸਰੀਰ ਕੱਚਾ ਹੁੰਦਾ। ਜੋੜ ਨਾੜਾਂ ਹਿੱਲੀਆਂ ਹੁੰਦੀਆਂ। ਧਰਨ ਦੀ ਕਠੌਣ ਬੈਠ ਜਾਂਦੀ ਆ। ਦੂਜੇ ਦੁੱਧ ਵਿਚ ਗਰਮੀ ਪੈ ਕੇ ਨਿਆਣੇ ਨੂੰ ਹਰੀਆਂ ਟੱਟੀਆਂ ਲੱਗ ਜਾਂਦੀਆਂ। ਸੋਕੜਾ ਹੋ ਜਾਂਦਾ।" "ਨਾਲੇ ਢਿੱਡ ਹੋਣ ਨਾਲ ਨਿਆਣਾ ਥੱਣ ਟੁੱਟ ਹੋ ਜਾਂਦਾ।" ਉਹ ਰੁਕ ਕੇ ਬੋਲੀ।

ਸਵਾ ਮਹੀਨੇ ਬਾਅਦ ਜਦੋਂ ਸੁੱਖੀ ਨੇ, "ਭੂਆ ਜੀ, ਤੁਸੀਂ ਮੇਰਾ ਧੀਆਂ ਵਰਗਾ ਧਿਆਨ ਰੱਖਿਆ" ਦੇ ਧੰਨਵਾਦੀ ਸ਼ਬਦ ਕਹੇ ਤਾਂ ਭੂਆ ਬੋਲੀ, "ਮੈਂ ਤਾਂ ਤੇਰਾ ਕਰਨਾ ਈ ਸੀ। ਪਰ, ਤੇਰੀ ਜਿਠਾਣੀ ਵੀ ਨਈਂ ਸੀ ਚਾਹੁੰਦੀ ਕਿ ਸੂਤਕ ਪਾਤਕ ਦੇ ਦਿਨੀਂ ਤੂੰ ਉਸਦੀ ਰਸੋਈ ਭ੍ਰਿਸ਼ਟ ਕਰੇਂ।"

"ਅੱਛਾ!" ਆਖ ਕੇ ਉਹ ਛਿਣ ਭਰ ਬਾਅਦ ਬੋਲੀ, "ਪਰ ਮੈਂ ਤਾਂ ਸਮਝੀ ਸੀ ਕਿ ਤੁਸੀਂ ਦੂਜਿਆਂ ਦਾ ਬਹੁਤ ਖਿਆਲ ਰੱਖਦੇ ਆਂ, ਇਸ ਕਰਕੇ ਲੋਕ ਤੁਹਾਨੂੰ ਮਾਲਣ ਕਹਿੰਦੇ ਆ।"

"ਨਈ। ਉਹ ਹੋਰ ਗੱਲ ਆ।"

"ਉਹ ਕਿਹੜੀ?"

"ਉਹ ਢੇ ਕਿਤੇ ਸਈ।"

"ਨਾ ਹੁਣ ਕੀ ਆ?"

"ਡਰ ਆ ਕਿਤੇ ਕੋਈ ਨਾਲਸ਼ ਨਾ ਲਾ ਦੇਵੇ।"

"ਮੈਂ!" ਸੁੱਖੀ ਨੇ ਬਿਨ ਬੋਲਿਆਂ ਛਾਤੀ ਨੂੰ ਹੱਥ ਲਾਇਆ ਤੇ ਪੁੱਛਣ ਵਾਲਾ ਮੂੰਹ ਬਣਾ ਭੂਆ ਵੱਲ ਦੇਖਿਆ। ਭੂਆ, ਸੁੱਖੀ ਦੀਆਂ ਸਵਾਲੀਆ ਅੱਖਾਂ ਦੇਖ, ਆਪਣੀ ਕੁਰਸੀ ਤੋਂ ਉੱਠੀ ਤੇ ਸੁੱਖੀ ਦੇ ਨਾਲ ਸੈਟੀ 'ਤੇ ਜਾ ਬੈਠੀ। ਉਸਦੇ ਕੰਨ ਕੋਲ ਮੂੰਹ ਕਰਕੇ ਬੋਲੀ, "ਆਹ ਸ਼ੋਕਰੇ ਜਿੜ੍ਹੇ ਸ਼ਗਨ ਪਾਉਣ ਆਉਂਦੇ ਸੀ ਨਾ?" ਸੁੱਖੀ ਨੇ ਹੁੰਗਾਰਾ ਦਿੱਤਾ ਤਾਂ ਭੂਆ ਬੋਲੀ, "ਇਹ ਸਾਰੇ ਮੇਰੇ ਈ ਮੁੰਡੇ

ਬਣਾ ਕੇ ਲੰਘਾਇਉ ਆ।"

"ਮੁਫ਼ਤ?" ਸੁੱਖੀ ਦੇ ਮੂੰਹੋ ਐਵੇਂ ਨਿਕਲ ਗਿਆ।

"ਨੀਂ ਕਾਹਨੂੰ, ਦੋ ਦੋ ਢਾਈ ਢਾਈ ਹਜਾਰ ਪੌਂਡ ਲੈ ਕੇ।"

ਜਦੋਂ ਸੁੱਖੀ ਨੇ ਭੂਆ ਦੇ ਮੂੰਹੋਂ, "ਦੋ ਦੋ ਢਾਈ ਢਾਈ ਹਜਾਰ ਪੌਂਡ ਲੈ ਕੇ।" ਦਾ ਵਾਕ ਸੁਣਿਆਂ ਤਾਂ ਉਸਦਾ ਮੂੰਹ ਅੱਡਿਆ ਰਹਿ ਗਿਆ। ਮਨ ਵਿਚ, "ਦੋ ਦੋ ਢਾਈ ਢਾਈ ਹਜਾਰ ਪੌਂਡ" ਦੋਹਰਾਇਆ। ਪੌਂਡਾਂ ਦੇ ਰੁਪਈਏ ਬਣਾਏ ਤੇ ਠਠੰਬਰ ਕੇ ਭੂਆ ਵੱਲ ਦੇਖਿਆ।

ਭਾਵੇਂ ਉਸ ਵੇਲੇ ਘਰ ਵਿਚ, ਉਨ੍ਹਾਂ ਦੋਹਾਂ ਤੇ ਮੰਨਤਿਸ਼ਵਰ ਤੋਂ ਸਿਵਾ ਹੋਰ ਕੋਈ ਨਹੀਂ ਸੀ ਫਿਰ ਵੀ ਭੂਆ ਨੇ ਸਾਵਧਾਨੀ ਵਰਤਦੀ ਨੇ, ਸਹੇ ਵਾਂਗ ਕੰਨ ਚੁੱਕ ਕੇ ਬਿੜਕ ਲਈ ਤੇ ਘੋਖੀ ਅੱਖਾਂ ਨਾਲ, ਪਹਿਲਾਂ ਕਿਚਨ ਤੇ ਫਿਰ ਹਾਲ ਵੇ ਦੇ ਦਰਵਾਜ਼ੇ ਵੱਲ ਦੇਖਿਆ। ਜਦੋਂ ਕੋਈ ਬਿੜਕ ਨਾ ਸੁਣਾਈ ਦਿੱਤੀ ਤਾਂ ਬੋਲੀ, "ਨਾਲੇ ਤੇਰੇ ਸੁੱਖੇ ਦਾ ਅਸਲੀ ਨਾਂ ਸਰਦੂਲ ਆ। ਸੁੱਖਵਿੰਦਰਪਾਲ ੜਾਂ ਅਸੀਂ ਇਸ ਨੂੰ ਲੰਘਾਉਣ ਲਈ ਰੱਖਿਆ ਸੀ।"

ਭੂਆ ਦੇ ਮੂੰਹੋ ਸੁੱਖੇ ਦਾ ਅਸਲੀ ਨਾਂ ਸਰਦੂਲ ਸੁਣ ਕੇ ਉਸਦਾ ਆਪਣਾ ਮੂੰਹ ਅੱਡਿਆ ਰਹਿ ਗਿਆ ਤੇ ਬੋਲੀ, "ਸੁਖਵਿੰਦਰ ਤਾਂ ਇਨ੍ਹਾਂ ਦੇ ਮਸੇਰ...।"

"ਆਹੋ" "ਇਹੋ ਨਈ।" ਭੂਆ ਵਿੱਚੇ ਬੋਲੀ, "ਤੇਰੇ ਫੁੱਫੜ ਨੇ ਤਾਂ ਆਪਣਾ ਭਤੀਜਾ ਵੀ ਟੈਕਸ ਬਚਾਉਣ ਲਈ ਨਿਆਣਿਆਂ ਵਿਚ ਲਿਖਾਇਆ ਹੋਇਆ।"

"ਤੇ ਬੇਗਾ।" ਸੁੱਖੀ ਨੇ ਸਹਿਜ ਸੁਭਾਅ ਪੁੱਛਿਆ।

"ਕੈਲੇ ਨੇ।" ਭੂਆ ਦੇ ਮੂੰਹੋਂ ਐਵੇਂ ਹੀ ਨਿਕਲ ਗਿਆ ਤਾਂ ਉਸਨੇ ਫੱਟ ਦੇਣੀ ਆਪਣਾ ਹੱਥ ਮੂੰਹ 'ਤੇ ਰੱਖ ਲਿਆ।

ਸੁੱਖੀ ਨੂੰ ਹੁਣ, ਭੂਆ ਨੂੰ ਮਾਲਣ ਕਿਉਂ ਕਹਿੰਦੇ ਆ ਬਾਰੇ ਹੋਰ ਪੁੱਛਣ ਤੇ ਜਾਨਣ ਦੀ ਲੋੜ ਨਾ ਰਹੀ। ਹੁਣ ਉਸਨੇ ਇਸ ਗੱਲ ਦਾ ਕਿਆਫਾ ਵੀ ਲਾ ਲਿਆ ਕਿ ਭੂਆ ਨੇ ਆਪਣੀ ਸੋਨੇ ਦੀ ਲੰਕਾ ਕਿਵੇਂ ਬਣਾਈ। ਸੋਨਾ ਕਿਵੇਂ ਇਕੱਠਾ ਕੀਤਾ। ਹੁਣ, 'ਮੈਂ ਆਪਣੀ ਲੰਕਾ ਕਿਵੇਂ ਬਣਾਉਣੀ ਆਂ? ਦਾ ਸਵਾਲ, ਉਸਦੀ ਹਰ ਵੇਲੇ ਦੀ ਸੋਚ ਦਾ ਕੇਂਦਰ ਬਣ ਗਿਆ।

ਗਰਮੀਆਂ ਆਈਆਂ। ਨਿਆਣਿਆਂ ਦੇ ਸਕੂਲ ਬੰਦ ਹੋ ਗਏ। ਉਹ ਸਾਰਾ ਸਾਰਾ ਦਿਨ ਘਰ ਵਿਚ ਨੱਠਦੇ ਭੱਜਦੇ ਰਹਿੰਦੇ। ਮੰਨਤਿਸ਼ਵਰ ਦੀ ਬੱਘੀ ਨੂੰ ਘਰ ਵਿਚ ਧੱਕੀ ਫਿਰਦੇ। ਸੁੱਖੀ ਨੂੰ ਹਮੇਸ਼ਾ ਇਹੋ ਡਰ ਰਹਿੰਦਾ ਕਿ ਕਿਤੇ ਉਹ ਬੱਘੀ ਉਲਟਾਅ ਨਾ ਦੇਣ। ਹੋਰ ਈ ਨਾ ਕਿਤੇ ਉਸ ਦੀ ਲੱਤ ਬਾਂਹ ਤੋੜ ਜਾਂ ਮੂੰਹ ਸਿਰ ਭੰਨ ਦੇਣ। ਉਹ ਉਸਨੂੰ ਲਾਡ ਨਾਲ 'ਮਨੀ, ਮਨੀ' ਕਹਿਣ ਲੱਗ ਪਏ। ਸੁੱਖੀ ਨੂੰ ਵੀ ਇਹ ਨਾਂ ਚੰਗਾ ਲੱਗਾ। ਉਹ ਆਪ ਵੀ ਉਸਨੂੰ ਲਾਡ ਨਾਲ ਮਨੀ ਕਹਿਣ ਲੱਗ ਪਈ।

ਰੱਤੋ ਨੇ ਸਮਝਿਆ ਕਿ ਇਹ ਨਾਂ ਸੁੱਖੀ ਨੇ ਰੱਖਿਆ ਹੈ। ਇਕ ਦਿਨ

ਉਹ ਕੰਮ ਤੋਂ ਘਰ ਦੇ ਪਿੱਛਲੇ ਦਰਵਾਜ਼ੇ ਥਾਣੀ ਆਈ। ਕਿਚਨ ਦਾ ਦਰ ਖੋਲ੍ਹ ਅੰਦਰ ਵੜੀ ਤਾਂ ਦੇਖਿਆ, ਨਿਆਣੇ ਬੈਠੇ ਟੀ.ਵੀ. ਦੇਖ ਰਹੇ ਹਨ। ਮਨੀ ਦੀ ਬੱਘੀ ਕੰਧ ਨਾਲ ਲੱਗੀ ਹੋਈ ਹੈ। ਸੁੱਖੀ ਫੈਮਲੀ ਰੂਮ ਵਿਚ ਨਹੀਂ।

ਰੱਤੋ ਮਨੀ ਦੀ ਬੱਘੀ ਕੋਲ ਗਈ ਉਸ ਵੱਲ ਦੇਖਿਆ ਤੇ ਬੋਲੀ, "ਹੂੰ ਮਨੀ, ਮਾਂ ਫ਼ਕੀਰਨੀ ਤੇ ਪੁੱਤ ਦਾ ਨਾਂ ਦੌਲਤ ਖ਼ਾ।" ਹਾਲੇ ਉਸ ਨੇ 'ਖਾਨ' ਕਹਿਣਾ ਸ਼ੁਰੂ ਹੀ ਕੀਤਾ ਸੀ ਕਿ ਹਾਲ ਵੇਅ ਦਾ ਦਰ ਖੁੱਲ੍ਹਿਆ ਤਾਂ ਖ਼ਾਨ ਦਾ ਨੰਨਾ ਰੱਤੋ ਦੇ ਸੰਘ ਵਿਚ ਹੀ ਘੁੱਟਿਆ ਗਿਆ।। ਉਸ ਨੇ ਦਰਵਾਜ਼ੇ ਵੱਲ ਦੇਖਿਆ। ਸਾਹਮਣੇ ਸੁੱਖੀ ਖੜ੍ਹੀ ਸੀ। ਸੁੱਖੀ ਨੂੰ ਦਰਾਂ ਵਿਚ ਖੜ੍ਹੀ ਦੇਖ ਰੱਤੋ ਝੇਪ ਗਈ ਤੇ ਨੀਵੀਂ ਪਾ ਲਈ।

ਸੁੱਖੀ ਨੇ ਆਪਣੀ ਜਠਾਣੀ ਦੀਆਂ ਨੀਵੀਆਂ ਨਜ਼ਰਾਂ ਦੇਖ ਕੇ ਪੁੱਛਿਆ, "ਭਾਬੀ ਜੀ, ਚਾਹ ਬਣਾਵਾਂ? ਥੱਕਿਓ ਹੋਵੋਂਗੇ।"

"ਨਈਂ, ਕੋਈ ਲੋੜ ਨਈਂ।" ਉਸਨੇ ਸ਼ਰਮਿੰਦਾ ਹੋਈ ਨੇ ਕਿਹਾ ਤੇ ਸੁੱਖੀ ਦੁਆਲੇ ਵਲ਼ ਕੇ ਹਾਲ ਵੇਅ ਵੱਲ ਨੂੰ ਵਧੀ।

"ਪੀ ਲਓ, ਹਾਅ ਬੋਲ ਤਾਂ ਮਸਾਂ ਨਿੱਕਲਦਾ।" ਸੁੱਖੀ ਨੇ ਕਿਹਾ ਪਰ, ਰੱਤੋ ਪਾਸਾ ਬਚਾ ਕੇ ਲੰਘ ਗਈ।

ਹਾਲੇ ਮਨੀ ਤਿੰਨ ਕੁ ਮਹੀਨਿਆਂ ਦਾ ਹੀ ਹੋਇਆ ਸੀ ਕਿ ਇਕ ਦਿਨ ਸੁਬੇਗ ਦੀ ਚਿੱਠੀ ਕੈਲੇ ਦੇ ਨਾਂ ਆਈ। ਸੁੱਖੀ ਨੇ ਖੋਲ੍ਹਣੀ ਚਾਹੀ ਪਰ ਨਾ ਖੋਲ੍ਹੀ। ਪਰ, ਉਸ ਨੂੰ ਪਤਾ ਸੀ ਕਿ ਇਸ ਵਿਚ ਕੀ ਲਿਖਿਆ ਹੋਇਆ। ਆਮ ਤੌਰ 'ਤੇ, ਸੁਬੇਗ ਦਾ ਖ਼ਤ, ਸੁੱਖੀ ਨੂੰ ਹੀ ਆਉਂਦਾ ਸੀ। ਪਿਛਲੇ ਖ਼ਤ ਵਿਚ ਉਸਨੇ ਵਲੈਤ ਆਉਣ ਲਈ ਕਰਾਏ ਦੇ ਪੈਸੇ ਮੰਗੇ ਸਨ। ਸੁੱਖੀ ਨੇ ਉਸਨੂੰ ਆਪਣੇ ਵੱਡੇ ਭਰਾ ਨੂੰ ਚਿੱਠੀ ਲਿਖਣ ਲਈ ਕਿਹਾ ਸੀ ਤੇ ਇਹ ਵੀ ਦੱਸ ਦਿੱਤਾ ਕਿ ਪੈਸੇ ਧੇਲੇ ਦਾ ਹਿਸਾਬ ਕਿਤਾਬ ਕੈਲਾ ਭਾਅ ਰੱਖਦਾ। ਸੁੱਖਾ ਵੀ ਆਪਣੀ ਤਨਖਾਹ ਉਸ ਨੂੰ ਦਿੰਦਾ ਕਿਉਂਕਿ ਸਾਡੇ ਵਿਆਹ 'ਤੇ ਜੋ ਭੂਆ ਨੇ ਖਰਚ ਕੀਤਾ ਸੀ ਉਹ ਭੂਆ ਨੇ ਕੈਲੇ ਭਾਅ ਤੋਂ ਲੈ ਲਿਆ ਸੀ। ਸਾਡੇ ਕੋਲ ਤਾਂ ਸਿਰਫ਼ ਆਪਣਾ ਜੇਬ ਖਰਚ ਹੀ ਹੁੰਦਾ।

ਸ਼ਾਮ ਨੂੰ ਸੁੱਖਾ ਤੇ ਕੈਲਾ ਰੋਟੀ ਖਾ ਰਹੇ ਸਨ। ਸੁੱਖੀ ਰੋਟੀਆਂ ਵਰਤਾਅ ਰਹੀ ਸੀ। ਸੁੱਖੀ ਨੇ ਕੈਲੇ ਦੀ ਪਲੇਟ ਵਿਚ ਰੋਟੀ ਰੱਖਦੀ ਨੇ ਪੁੱਛਿਆ, "ਭਾਅ ਜੀ, ਕੀ ਬੇਗੇ ਨੇ ਆਉਣ ਬਾਰੇ ਕੁਝ ਲਿਖਿਆ?"

ਰੱਤੋ, ਜੋ ਆਟੇ ਦੇ ਪੇੜੇ ਨੂੰ ਚਕਲੇ 'ਤੇ ਵੇਲਣੇ ਨਾਲ ਵੇਲ ਕੇ, ਤਵੇ 'ਤੇ ਪਾਉਣ ਲਈ ਚੁੱਕ ਕੇ ਹੱਥਾਂ ਨਾਲ ਥਪਕਣ ਲੱਗੀਓ ਸੀ ਜਦੋਂ, ਸੁੱਖੀ ਦੇ ਇਹ ਬੋਲ ਸੁਣੇ ਤਾਂ ਉਸਦੇ ਕੰਨ ਵੀ ਖੜ੍ਹੇ ਹੋ ਗਏ। ਉਹ ਰੋਟੀ ਥਪਕਦੀ ਥਪਕਦੀ ਰਸੋਈ ਦੇ ਦਰਵਾਜ਼ੇ ਵਿਚ ਆ ਖੜ੍ਹੀ ਹੋਈ।

"ਆ ਜਾਊ ਜਦੋਂ ਕਰਾਇਆ ਮਿਲੂ।" ਕੈਲੇ ਨੇ ਕਿਹਾ।

"ਕੀ ਕਰਾਏ ਲਈ ਪੈਸੇ ਮੰਗੇ ਆ?"

"ਆਹੋ।"

"ਫੇ ਘੱਲ ਦਿਓ।" ਉਹ ਸੁੱਖੇ ਦੀ ਪਲੇਟ ਵਿਚ ਰੋਟੀ ਰੱਖਦੀ ਬੋਲੀ।

"ਹੂੰਹ, ਘੱਲ ਦਿਉ।" ਰੱਤੋ ਵਿੱਚੇ ਬੋਲੀ। ਸੁੱਖੀ ਨੇ ਉਸ ਵੱਲ ਦੇਖਿਆ ਤੇ ਰੱਤੋ ਬੋਲੀ, "ਮੂੰਹ ਚੁੱਕ ਕੇ ਲਿਖ ਦਿੰਦੇ ਆ ਜਿਵੇਂ ਅਸੀਂ ਐਥੇ ਦਰਖ਼ਤਾਂ ਨਾਲੋਂ ਤੋੜਦੇ ਹੋਈਏ।" ਆਖ ਸੁੱਖੀ ਵੱਲ ਦੇਖਿਆ, "ਸਵੇਰ ਦੇ ਗਏ ਸ਼ਾਮ ਨੂੰ ਆਈ ਦਾ। ਹਫ਼ਤਾ ਭਰ ਕੰਜਰੀਆਂ ਵਾਂਗ ਲੱਕ ਤੁੜਾਈਦਾ ਤਾਂ ਕਿਤੇ ਜਾ, ਕੱਟ ਕਟਾ ਕੇ, ਸੱਤਾਂ ਪੌਂਡਾਂ ਦਾ ਮੂੰਹ ਦੇਖੀਦਾ।" ਉਹ ਰੁਕ ਕੇ ਬੋਲੀ, "ਨਾਲੇ ਜਿਹਦੀ ਉਹਦੇ ਨਾਲ ਗਿਟ ਮਿਟ ਆ, ਭੇਜ ਦੇਵੇ।"

ਹਾਲੇ ਰੱਤੋ ਨੇ ਐਨਾ ਹੀ ਕਿਹਾ ਸੀ ਕਿ ਰਸੋਈ ਵਿੱਚੋਂ ਕੁਝ ਸੜਨ ਦੀ ਗੰਦ ਆਈ। ਰੱਤੋ ਨੇ ਪਿੱਛਾ ਮੁੜ ਕੇ ਦੇਖਿਆ, ਤਵੇ 'ਤੇ ਪਾਈ ਰੋਟੀ ਵਿੱਚੋਂ ਧੂੰਆਂ ਨਿਕਲ ਰਿਹਾ ਸੀ। ਰੋਟੀ ਵਿੱਚੋਂ ਧੂੰਆਂ ਨਿਕਲਦਾ ਦੇਖਕੇ ਰੱਤੋ ਬੋਲੀ, "ਮਾਰ ਲਿਆ ਦਾਦਣੇ ਮੰਗਤਿਆਂ ਨੇ, ਮੇਰੀ ਤਾਂ ਰੋਟੀ ਵੀ ਸੜ ਗਈ।" ਆਖ ਸਟੋਵ ਵੱਲ ਲਪਕੀ। ਰੋਟੀ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਗੈਸ ਬੰਦ ਕਰ ਦਿੱਤੀ।

ਗਰਮੀਆਂ ਦਾ ਮੌਸਮ, ਆਪਣੀ ਚਾਲੇ ਜਿਵੇਂ ਆਇਆ, ਚਲਾ ਗਿਆ। ਭੂਆ ਦੇ ਘਰ ਦੇ ਪਿਛਵਾੜੇ, ਨਨੀਟਨ ਤੋਂ ਆਉਂਦੀ ਗੱਡੀ ਦੀ ਲਾਈਨ ਦੇ ਦੋਹੀਂ ਪਾਸੀਂ ਤੇ ਖੱਬੇ ਹੱਥ "ਨੀਊਫ਼ੀਲਡ ਗਰਲਜ਼ ਹਾਊਸ" ਵਡਿੰਗਨ ਰੋਡ ਤਕ ਜਾਂਦੀ ਗਲ਼ੀ 'ਤੇ ਕੈਨੇਡੀਅਨ ਚਨਾਰਾਂ ਵਿਚ ਉੱਗੇ ਐਲਡਰਾਂ ਤੇ ਐਸ਼ ਦੇ ਪੱਤੇ, ਕੁਝ ਇਸ ਤਰ੍ਹਾਂ ਲਾਲ ਪੀਲੇ ਹੋਏ ਜਿਵੇਂ ਉਨ੍ਹਾਂ ਨੂੰ ਅੱਗ ਲੱਗੀ ਹੋਵੇ। ਫਿਰ ਕੁਝ ਦਿਨਾਂ ਬਾਅਦ, ਉਨ੍ਹਾਂ 'ਚ ਰਹਿੰਦੇ ਜੰਗਲੀ ਕਬੂਤਰਾਂ ਤੇ ਘੁੱਗੀਆਂ ਨੇ ਸਿਆਲ ਕੱਟਣ ਲਈ ਬਣਾਏ ਆਲ੍ਹਣੇ ਵੀ ਦਿੱਸਣ ਲੱਗ ਪਏ। ਤੜਕ ਸਾਰ ਜਦੋਂ ਘੁੱਗੀਆਂ "ਘੁੱਗੂ ਘੂੰ" ਕਰਦੀਆਂ ਤਾਂ ਸੁੱਖੀ ਨੂੰ ਇੰਝ ਜਾਪਦਾ ਜਿਵੇਂ ਕਬੂਤਰ ਬੋਲਦੇ ਹੋਣ। ਕਿਉਂਕਿ ਉਸ ਨੇ ਦਿਨ ਵਿਚ ਕਦੀ ਘੁੱਗੀਆਂ ਨੂੰ ਨਹੀਂ ਸਨ ਦੇਖਿਆਂ ਤੇ ਕਬੂਤਰਾਂ ਨੂੰ ਕਦੀ ਵੀ, "ਗੁਟਕੂੰ ਗੁਟਕੂੰ" ਕਰਦੇ ਨਹੀਂ ਸੀ ਸੁਣਿਆਂ।

ਭਾਵੇਂ ਦਿਨ ਭਰ ਧੁੱਪ ਰਹਿੰਦੀ ਪਰ, ਸਵੇਰ ਤੇ ਸ਼ਾਮ ਕੱਕਰੀ ਹੁੰਦੀ। ਸੁੱਖੀ ਸਾਰਾ ਸਾਰਾ ਦਿਨ, ਮੁੰਡੇ ਨਾਲ ਬੈਠੀ, "ਆਪਣੇ ਪੇਕਿਆਂ ਦਾ ਟੱਬਰ ਕਿਵੇਂ ਮੰਗਵਾਉਣਾ" ਬਾਰੇ ਸੋਚਦੀ ਰਹਿੰਦੀ। ਜਾਂ ਫਿਰ, 'ਆਪਣੇ ਲੋਕ ਐਥੇ ਕਿਵੇਂ ਆਉਂਦੇ ਆ, ਰਹਿਣ ਲਈ ਕੀ ਕੀ ਹੇਰਾ ਫੇਰੀ ਤੇ ਹੱਥਕੰਡੇ ਵਰਤਦੇ ਆ' ਬਾਰੇ ਜਾਨਣ ਲਈ ਆਪਣੀਆਂ ਦੁਕਾਨਾਂ 'ਤੇ ਚਲੀ ਜਾਂਦੀ। ਹੁਣ ਉਸਦੀ ਆਂਢ-ਗੁਆਂਢ ਵਿਚ ਵੀ ਵਾਕਫੀਅਤ ਹੋ ਗਈ ਸੀ। ਕਈ ਸਹੇਲੀਆਂ ਬਣ ਗਈਆਂ ਸਨ। ਖਾਸ ਕਰ ਕੇ ਆਪਣੇ ਦੁਕਾਨ ਮਾਲਕਾਂ ਦੇ ਘਰਾਂ ਵਾਲੀਆਂ ਤੇ ਬੱਸ ਡਰਾਈਵਰਾਂ ਦੀਆਂ ਤੀਵੀਆਂ। ਕਿਉਂਕਿ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਜੇ.ਬੀ.ਟੀ. ਜਾਂ ਬੀ. ਏ. ਸਨ ਤੇ ਐਥੇ ਆ ਕੇ ਕਿਸੇ ਸਲਾਈ ਦੀ ਫੈਕਟਰੀ ਵਿਚ ਸੀਣ ਸਲਾਉਣ, ਧਾਮੇ ਕੱਟਣ ਜਾਂ ਇਸਤਰੀ ਕਰਨ ਦਾ ਕੰਮ ਕਰਦੀਆਂ ਸਨ।

ਜਿਸ ਨਾਲ ਵੀ ਉਹ ਗੱਲ ਕਰਦੀ ਉਹ ਉਸਨੂੰ ਸੁੱਖੀ ਦੀ ਭੂਆ ਤੇ ਫੁੱਫੜ ਬਾਰੇ ਹੀ ਦੱਸ ਪਾਉਂਦੀ। ਜਾਂ ਫਿਰ ਸਿੰਧੀ ਤੇ ਬੜੇ ਪਿੰਡੀਏ ਤਰਸੇਮ ਬਾਰੇ ਦੱਸਦਾ ਜਿਸ ਨੇ ਖੇੜੀਏ ਸਰਵਣ ਨਾਲ ਰਲ ਕੇ ਪਤਾ ਨਈ ਕਿੰਨਿਆਂ ਨੂੰ ਗੈਰਕਨੂੰਨੀ ਤੌਰ 'ਤੇ ਬਰਤਾਨੀਆਂ ਵਿਚ ਲੰਘਵਾਇਆ ਹੋਇਆ ਸੀ ਤੇ ਕਿੰਨਿਆਂ ਕੁ ਲੋਕਾਂ ਦੇ ਪੈਸੇ ਮਾਰੇ ਹੋਏ ਸਨ।

ਭੂਆ, ਘਰ ਨੇੜੇ ਹੋਣ ਕਰਕੇ, ਪਹਿਲਾਂ ਪਹਿਲਾਂ ਤਾਂ ਦਿਨ ਵਿਚ ਇਕ ਦੋ ਚੱਕਰ ਮਾਰ ਜਾਂਦੀ ਸੀ ਪਰ, ਜਦੋਂ ਦੀ ਬੇਰੀ ਤੇ ਸੁੱਖੀ ਦੀ ਭੈਣ ਦੀ ਪੱਕੀ-ਠੱਕੀ ਦੀ ਗੱਲ ਜੱਗ ਜ਼ਾਹਰ ਹੋਈ ਤਾਂ ਆਉਣੋਂ ਹੱਟ ਗਈ।

ਇਕ ਦਿਨ ਸੁੱਖੀ ਨੇ ਹੌਸਲਾ ਕੀਤਾ। ਮੁੰਡੇ ਨੂੰ ਸਟਰੋਲਰ ਵਿਚ ਪਾਇਆ ਤੇ ਭੂਆ ਦੇ ਘਰ ਚਲੀ ਗਈ। ਭੂਆ ਨੇ ਬਹੁਤਾ ਚਾਅ-ਮਲ੍ਹਾਰ ਤਾਂ ਨਾ ਕੀਤਾ ਪਰ ਐਵੇਂ ਰਸਮੀਂ ਜਿਹਾ ਮੁੰਡੇ ਨਾਲ ਲਾਡ ਲਡਾਇਆ ਤੇ ਚਾਹ ਪਾਣੀ ਪੁੱਛਿਆ। ਸੁੱਖੀ ਨੇ ਪੀਣ ਤੋਂ ਇਨਕਾਰ ਕੀਤਾ ਪਰ ਭੂਆ, ਫਿਰ ਵੀ ਚਾਹ ਦੇ ਦੋ ਕੱਪ ਬਣਾ ਲਿਆਈ। ਚਾਹ ਪੀਂਦਿਆਂ, ਸੁੱਖੀ ਨੇ ਐਧਰ ਉੱਧਰ ਦੀਆਂ ਗੱਲਾਂ ਤੋਂ ਬਾਅਦ, ਭੂਆ ਦੇ ਨਾ ਆਉਣ ਦੀ ਗੱਲ ਛੇੜਦੀ ਨੇ ਕਿਹਾ, "ਭੂਆ ਜੀ, ਮੈਨੂੰ ਤਾਂ ਤੁਹਾਡਾ ਮਾਂ ਕੀ ਰੱਬ ਵਰਗਾ ਆਸਰਾ ਸੀ, ਤੁਸੀਂ ਵੀ ਆਉਣੋਂ ਹਟ ਗਏ!"

ਭਾਵੇਂ, ਸੁੱਖੀ ਦੇ ਬੋਲਾਂ ਨੇ ਭੂਆ ਦਾ ਮਨ ਮੋਹ ਲਿਆ ਫਿਰ ਵੀ ਉਹ ਓਪਰਾ ਜਿਹਾ ਮਨ ਕਰੜਾ ਕਰ ਕੇ ਬੋਲੀ, "ਕੀ ਦੱਸਾਂ, ਬੱਸ, ਐਵੇਂ, ਵਿਹਲ 'ਚੋਂ ਵਿਹਲ ਈ ਨੀ ਲੱਗਦਾ।"

ਉਹ ਰੁਕ ਕੇ ਬੋਲੀ, "ਨਾਲੇ ਭਾਈ ਤੇਰੀ ਡਾਢੀ ਜਿਠਾਣੀ ਤੋਂ ਵੀ ਡਰ ਲਗਦਾ। ਬੋਲਣ ਲੱਗੀ ਨਾ ਦੇਖਦੀ ਅੱਗਾ ਨਾ ਪਿੱਛਾ। ਜੋ ਮੂੰਹ ਆਉਂਦਾ ਬਕ'ਤਾ।"

"ਹੁਣ ਕੀ ਹੋਇਆ?"

"ਹੋਣਾ ਕੀ ਆ" ਭੂਆ ਬੋਲਦੀ ਬੋਲਦੀ ਰੁਕ ਗਈ। ਸੁੱਖੀ ਨੇ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਦੇਖਿਆ ਤਾਂ ਭੂਆ ਬੋਲੀ, "ਆਹ ਤੇਰੇ ਤਾਂ ਬੇਰੀ ਬਾਰੇ 'ਬਕਾਵਾਸ' ਕਰਦੀ ਸੀ। ਕਹਿੰਦੀ ਸੀ ਤੇਰਾ ਬੋਈ ਵੀ ਉਦ੍ਹਾ ਈ ਆ।" ਤੇ ਮਨੀ ਵੱਲ ਹੱਥ ਕੀਤਾ, "ਬੇਰੀ ਨੂੰ ਆਪਣੇ ਗਲੋਂ ਲਾਹ ਭੈਣ ਦੇ (ਗਲ਼) ਪਾ ਆਈ ਆ।"

ਭੂਆ ਦੇ ਉਕਤ ਬੋਲ ਸੁਣ, ਸੁੱਖੀ ਨੂੰ ਇਕ ਧੱਕਾ ਜਿਹਾ ਲੱਗਾ। ਚਿਹਰੇ ਦਾ ਰੰਗ ਫੱਕ ਹੋਣ ਨਾਲ, ਮੂੰਹ ਦਾ ਸੁਆਦ ਵੀ ਫਿੱਕਾ ਪੈ ਗਿਆ। ਪਰ ਉਹ, ਦੁਖੀ ਹਿਰਦੇ ਤੇ ਵਸਾਰੀ ਚਿਹਰੇ ਦੇ ਭਾਅ ਵਿਚ ਹੌਸਲਾ ਕਰ ਕੇ ਬੜੀ ਦਰਿੜ੍ਹਤਾ ਨਾਲ ਬੋਲੀ, "ਭੂਆ ਜੀ, ਦੁੱਧ ਧੋਤਾ ਤਾਂ ਇੱਥੇ ਕੋਈ ਹੋਊ। ਨਾਲੇ, ਮੈਂ ਅਗਨੀ ਪਰੀਖਿਆ ਤਾਂ ਦੇਣੋਂ ਰਹੀ।"

ਉਸਨੇ ਮਨੀ ਦੇ ਸਿਰ 'ਤੇ ਹੱਥ ਰੱਖਿਆ। ਫਿਰ ਉਸ ਨੇ ਉਹ ਹੀ ਹੱਥ

ਛੱਤ ਵੱਲ ਕੀਤਾ, "ਮਨੀ ਕਿਸਦਾ? ਇਹ ਤਾਂ ਉਹ ਹੀ ਜਾਣਦਾ।"

ਫਿਰ ਕੁਝ ਦੇਰ ਚੁੱਪ ਰਹਿ ਕੇ ਉਦਾਸੇ ਬੋਲ ਵਿਚ ਪੁੱਛਿਆ। "ਨਾ ਹੋਰ ਕੀ ਕਹਿੰਦੀ ਸੀ।"

ਪਹਿਲਾਂ ਤਾਂ ਭੂਆ ਦੇ ਮਨ ਵਿਚ ਆਇਆ ਕਿ ਉਹ ਸੁੱਖੀ ਨੂੰ ਰੱਤੋ ਦੀਆਂ, ਇਕੱਲੀ ਕਾਲਜ ਜਾਣ ਤੇ ਸ਼ਹਿਰ ਵਿਚ ਆਵਾਰਾ ਫਿਰਨ, ਸਿਨਮੇ ਦੇਖਣ ਤੇ ਕਿਵੇਂ ਸ਼ਹਿਰ ਤੇ ਲਾਗਲੇ ਪਿੰਡਾਂ ਦੇ ਮੁੰਡੇ ਉਸਦਾ ਪਿੱਛਾ ਕਰਦੇ ਉਸਨੂੰ ਜੱਟੀ ਜੱਟੀ ਆਖ ਛੇੜਦੇ ਹੁੰਦੇ ਸੀ, ਬਾਰੇ ਕੀਤੀਆਂ ਗੱਲਾਂ ਤੇ ਲਟਰ ਪਟਰ ਬੋਲਿਆ ਗੰਦ ਮੰਦ ਸਭ ਕੁਛ ਦੱਸ ਦੇਵੇ। ਪਰ, ਭਤੀਜਿਆਂ ਵਿਚ ਪੈਂਦੇ ਵੈਰ ਨੂੰ ਦੇਖ ਕੇ ਬੋਲੀ, "ਛੱਡ ਪਰੇ ਤੂੰ ਕੀ ਲੈਣਾ ਇਨ੍ਹਾਂ ਗੱਲਾਂ 'ਚੋਂ। ਉਹ ਅਣਪੜ੍ਹ, ਤੂੰ ਪੜ੍ਹੀ ਲਿਖੀ।" ਭੂਆ ਨੇ ਉਸਦਾ ਸਿਰ ਪਲੋਸਿਆ ਤੇ ਬੋਲੀ, "ਨਾ ਫੇ ਤੇਰਾ ਉਦ੍ਹਾ 'ਡਿਫਰ' (ਡਿਫਰੈਂਸ) ਕੀ ਹੋਇਆ।" ਫਿਰ ਗੱਲ ਦਾ ਵਿਸ਼ਾ ਬਦਲਦੀ ਬੋਲੀ, "ਕਦੀ ਜੌਬ ਬਾਰੇ ਸੋਚਿਆ?"

"ਹਾਂ ਭੂਆ ਜੀ।" ਉਹ ਕੁਝ ਸੰਭਲ ਕੇ ਬੋਲੀ, "ਅਸਲ ਵਿਚ ਮੈਂ ਇਹੀ ਗੱਲ ਕਰਨ ਆਈ ਸੀ। ਜੇ ਸ਼ੀਲਾ ਮਨੀ ਨੂੰ ਰੱਖ ਲਵੇ ਤਾਂ ਮੈਂ ਕਿਤੇ ਕੰਮ ਦੇਖ ਲਵਾਂ। ਕੁਛ ਤੁਸੀਂ ਮਦਦ ਕਰੋ, ਕੁਛ ਮੈਂ ਹਿਮਤ ਕਰਾਂ, ਆਪਣੇ ਕਿਸੇ ਜੀਅ ਨੂੰ ਮੰਗਵਾ ਲਵਾਂ।"

"ਸ਼ੀਲਾ ਤਾਂ ਹੁਣ ਥੋੜ੍ਹੇ ਦਿਨਾਂ ਦੀ ਗੈਸਟ ਆ।" ਭੂਆ ਅੱਗੋਂ ਬੋਲੀ, "ਐਸੇ ਵੀਕਐਂਡੇ ਉਸਦੇ ਪਰਾਹੁਣੇ ਨੇ ਆਉਣਾ। ਅਗਲੇ ਜਾਂ ਨੈਕਸਟ ਵੀਕਐਂਡੇ ਗੁਰਦੁਆਰੇ ਜਾਂ ਕੋਈ ਹਾਲ ਦੇਖ ਕੇ ਵਿਆਹ ਕਰ ਦੇਣਾ।"

"ਬਿਨਾਂ ਤਿਆਰੀਉਂ!"

"ਘਰ ਜੁਆਈ ਦੀ ਕੀ ਤਿਆਰੀ!" ਭੂਆ ਨੇ ਹੱਸ ਕੇ ਕਿਹਾ।

7

ਸੁੱਖੀ, ਭੂਆ ਦੇ ਘਰੋਂ ਉੱਠੀ ਤੇ ਸਿੱਧੀ ਅਣਖੀ ਦੀ ਦੁਕਾਨ ਨੂੰ ਚਲੀ ਗਈ।

ਗੱਲੇ 'ਤੇ ਅਣਖੀ ਦੀ ਪਤਨੀ ਭਜਨੋ ਖੜ੍ਹੀ ਸੀ। ਜਦੋਂ ਭਜਨੋ ਗੱਲੇ 'ਤੇ ਹੁੰਦੀ ਤਾਂ ਉੱਥੇ ਆਪਣੀਆਂ ਤੀਵੀਆਂ ਦਾ ਮੇਲਾ ਲਗ ਜਾਂਦਾ। ਕਈ ਵਾਰ ਤਾਂ ਐਨੀ ਭੀੜ ਹੋ ਜਾਂਦੀ ਕਿ ਖੜ੍ਹੇ ਹੋਣ ਨੂੰ ਵੀ ਥਾਂ ਨਾ ਮਿਲਦੀ। ਗੋਰੇ ਗਾਹਕ, ਆਪਣੀਆਂ ਤੀਵੀਂਆਂ ਨੂੰ ਦੇਖ ਸੌਦਾ ਲੈਂਦੇ ਤੇ ਤੁਰ ਜਾਂਦੇ। ਜੇ ਭੀੜ ਨਾ ਵੀ ਹੋਵੇ ਤਾਂ ਵੀ ਦੋ ਤਿੰਨ ਤੀਵੀਂਆਂ ਤਾਂ ਉੱਥੇ ਜ਼ਰੂਰ ਖੜ੍ਹੀਆਂ ਹੁੰਦੀਆਂ। ਮਾਲ ਘੱਟ ਵਿਕਦਾ, ਗੱਲਾਂ ਬਹੁਤੀਆਂ ਹੁੰਦੀਆਂ। ਦੇਸ ਤੋਂ ਲੈ ਕੇ ਸਾਰੇ ਸ਼ਹਿਰ ਦੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ। ਘੜੀ ਭਰ ਲਈ ਦੁਕਾਨ, 'ਖ਼ਬਰ ਐਕਸਚੇਂਜ' ਬਣ ਜਾਂਦੀ। ਅੱਜ ਵੀ ਕੁਝ ਇਹੋ ਜਿਹਾ ਹੋ ਰਿਹਾ ਸੀ।

ਜਦੋਂ ਸੁੱਖੀ ਨੇ ਦੁਕਾਨ ਵਿਚ ਪੈਰ ਪਾਇਆ ਤਾਂ ਸਲਾਜੀਤ, ਜਿਸ ਦਾ ਪਤੀ ਪੰਜਾਬ ਵਿਚ ਕਿਸੇ ਹਾਈ ਸਕੂਲ ਦਾ ਹੈੱਡਮਾਸਟਰ ਹੁੰਦਾ ਸੀ ਤੇ ਅੱਜਕੱਲ੍ਹ ਐੱਥੇ, ਬਸ ਡਰਾਈਵਰ ਲੱਗਾ ਹੋਇਆ, ਭਜਨੋ ਤੇ ਦੋ ਕੁ ਹੋਰ ਜਨਾਨੀਆਂ ਨੂੰ ਦੱਸ ਰਹੀ ਸੀ, "ਨੀ ਸੁਣਿਆਂ, ਆਹ ਮੇਰੇ ਆਦਮੀ ਦਾ ਕੰਡਕਟਰ ਤਰਲੋਚਨ, ਕੈਨੇਡਾ ਨੂੰ ਭੱਜ ਗਿਆ।"

"ਨਾ ਉਹ ਨੂੰ ਕੀ ਹੋਇਆ?" ਸਲਾਜੀਤ ਦੀ ਗੁਆਂਢਣ, ਲੰਮ-ਸਲੰਮੀ, ਤਿੱਖੇ ਨੈਣ ਨਕਸ਼ਾਂ ਤੇ ਬਰੀਕ ਬੋਲ ਵਾਲੀ ਤਾਰੋ ਨੇ ਪੁੱਛਿਆ। ਜਿਸ ਦੀ ਲੰਬੀ, ਬਿਨਾਂ ਪਰਾਂਦੀਉਂ ਗੁੱਤ ਦਾ ਪ੍ਰਸ਼ਨ-ਚਿੰਨ ਵਰਗਾ ਫ਼ੁੰਦਾ, ਜਦੋਂ ਉਹ ਤੁਰਦੀ ਤਾਂ ਉਸਦੇ ਤਿੱਕ 'ਤੇ, ਖਰਗੋਸ਼ ਦੀ ਪੂਛ ਵਾਂਗ ਨੱਚਦਾ।

"ਉ'ਹੀ, ਜੋ ਸਾਡੇ ਲੋਕਾਂ ਨਾਲ ਹੁੰਦਾ।" ਸਲਾਜੀਤ ਬੋਲੀ, "ਉਹ ਨੇ ਟੈਕਸ ਦੀਆਂ ਛੋਟਾਂ ਵਿੱਚੋਂ ਬੱਚਿਆਂ ਦਾ ਭੱਤਾ ਲੈਣ ਲਈ ਆਪਣੇ ਛੋਟੇ ਦੋ ਭਰਾ, ਨਿਆਣਿਆਂ ਵਜੋਂ ਲਿਖਵਾਏ ਹੋਈ ਸੀ। ਆਈ. ਆਰ. (ਇਨਟਰਨਲ ਰੈਵੀਨਿਊ) ਵਾਲਿਆਂ ਨੂੰ ਭਿਣਕ ਪੈ ਗਈ। ਉਹ ਉਹਦੇ ਪਿੱਛੇ ਪੈ ਗਏ। ਹਰ ਛੁੱਟੀ ਵਾਲੇ ਦਿਨ ਤਫ਼ਤੀਸ਼ ਕਰਨ ਲਈ ਘਰ ਆ ਜਾਂਦੇ ਖਾਸ ਕਰ ਕੇ ਉੱਦਣ ਜਿੱਦਣ ਉਹ ਰਾਤ ਦੀ ਸ਼ਿਫਟ ਲਾ ਕੇ ਆਇਆ ਹੁੰਦਾ। ਸੌਣ ਵੀ ਨਾ ਦਿੰਦੇ। ਉਹਨੇ ਵੀ ਪੇ ਦੇ ਪੁੱਤ ਨੇ ਉਨ੍ਹਾਂ ਨੂੰ ਕੋਈ ਹੱਥ ਪੱਲਾ ਨਾ ਫੜਾਇਆ। ਆਪਣੀ ਗੱਲ 'ਤੇ ਅੜਿਆ ਰਿਹਾ ਕਿ ਸਾਡੇ ਤਾਂ ਕੋਈ ਬਰਥ ਸਰਟੀਫ਼ਕੇਟ ਈ ਨਈਂ ਹੁੰਦੇ। ਮੈਂ ਕਿੱਥੋਂ ਲਿਆ ਕੇ ਦੇਵਾਂ। ਮੌਕਾ ਬਚਾ ਕੇ ਕੈਨੇਡਾ ਦਾ ਵੀਜ਼ਾ ਲਿਆ। ਹੁਣ ਸੁਣਿਆਂ

ਦੋ ਕੁ ਦਿਨ ਹੋਏ, ਟੱਬਰ ਸਮੇਤ ਭੱਜ ਗਿਆ।"

"ਭਿਣਕ ਪੈ ਗਈ ਕਿ ਕਿਸੇ ਨੇ ਨਾਲਸ਼ ਕਰ'ਤੀ?" ਕੋਲ ਖੜ੍ਹੀ ਪਿਆਰੋ ਨੇ ਪੁੱਛਿਆ ਤੇ ਬਲਾਉਜ਼ ਦੇ ਬਟਨ ਬੰਦ ਕੀਤੇ ਜੋ ਭਾਰੀ ਛਾਤੀ 'ਤੇ ਤੰਗ ਬਲਾਉਜ਼ ਹੋਣ ਕਾਰਨ ਵਾਰ ਵਾਰ ਖੁੱਲ੍ਹ ਜਾਂਦੇ ਸੀ। ਪਿਆਰੋ, ਭਜਨੋ ਦੀ ਗੁਆਂਢਣ, ਦੁਕਾਨ ਤੋਂ ਦਸ ਬਾਰਾਂ ਘਰਾਂ ਦੀ ਵਿੱਥ 'ਤੇ ਰਹਿੰਦੀ ਸੀ। ਕੋਰੀ ਅਨਪੜ੍ਹ। ਪਰ, ਪੂਰੀ ਸ਼ੌਕੀਨ। ਭਜਨੋ ਵਾਂਗੂੰ ਲਾਲ ਗੂੜ੍ਹੀ ਲਿਪਸਟਿਕ ਤੇ ਗੱਲ੍ਹਾਂ 'ਤੇ ਗੁਲਾਬੀ ਰੂਜ਼ ਲਾ ਕੇ ਰੱਖਦੀ। ਭਜਨੋ ਕੱਦ ਦੀ ਮੱਧਰੀ ਤੇ ਭਾਰੀ ਹੋਣ ਕਾਰਨ ਦੇਸੀ ਸੂਟ ਪਾਉਂਦੀ ਪਰ ਪਿਆਰੋ, ਕਾਲੀ ਸਲੈਕ ਨਾਲ ਚਿੱਟਾ ਤੇ ਤੰਗ ਬਲਾਉਜ਼ ਪਾ ਕੇ ਰੱਖਦੀ।

ਸੁੱਖੀ ਨੇ ਪਿਆਰੋ ਵੱਲ ਦੇਖਿਆ। ਉਸ ਨੇ ਹਾਲੇ ਬਟਨ ਲਾ ਕੇ ਹਿੱਕ ਤਾਣੀ ਹੀ ਸੀ ਕਿ ਉਹ ਇਕ ਇਕ ਕਰ ਕੇ ਫਿਰ ਖੁੱਲ੍ਹ ਗਏ।

"ਨਾ ਭੈਣੇ ਪੱਕਾ ਤਾਂ ਪਤਾ ਨਈਂ।" ਸਲਾਜੀਤ ਨੇ ਵੀ ਉਸਦੇ ਖੁੱਲ੍ਹੇ ਬਟਨਾਂ ਕਾਰਨ ਦਿਸ ਰਹੀ ਕਾਲੀ ਜਾਲੀਦਾਰ ਬਰਾ ਵੱਲ ਦੇਖਦੀ ਨੇ ਕਿਹਾ, "ਸਾਰੇ ਕਹਿੰਦੇ ਤਾਂ ਇਹੀਓ ਆ।"

"ਸਰਕਾਰ ਵੀ ਤਾਂ ਇਹੋ ਚਾਹੁੰਦੀ ਆ ਸਾਡੇ ਲੋਕ ਇੱਥੋਂ ਚਲੇ ਜਾਣ।" ਤਾਰੋ ਨੇ ਮੋਢੇ ਮਰੋੜਦੀ ਨੇ ਕਿਹਾ।

"ਨੀ ਆਹ ਗੁੱਗੀ ਦਾ ਭਾਪਾ ਦੱਸਦਾ ਸੀ ਕਿ ਕਈ ਪਾਕਿਸਤਾਨੀਆਂ ਨੇ ਟੈਕਸ ਬਚਾਉਣ ਲਈ ਦੋ ਦੋ ਤਿੰਨ ਤਿੰਨ ਵਿਆਹ ਲਿਖਵਾਇਉ ਆ।" ਭਜਨੋ ਖੱਬੇ ਪਾਸੇ ਵਾਲਾ ਸੋਨੇ ਦਾ ਕਲਿੱਪ ਖੋਲ੍ਹਦੀ ਬੋਲੀ, "ਇਕ ਟੱਬਰ ਐਥੇ, ਦੋ ਪਾਕਿਸਤਾਨ।" ਆਖ, ਆਪਣੇ ਸੱਜੇ ਪਾਸੇ ਦੇ ਵਿੰਗਾ ਚੀਰ ਠੀਕ ਕੀਤਾ ਤੇ ਕਲਿੱਪ ਲਾਇਆ।

"ਨੀ ਪਾਕਿਸਤਾਨ ਦੀ ਗੱਲ ਛੱਡ।" ਪਿਆਰੋ ਬੋਲੀ, "ਦੂਰ ਕੀ ਜਾਣਾ, ਆਹ ਭਾਈਏ ਦੇ ਸਾਹਮਣੇ ਨਜੀਰੇ ਨੂੰ ਲੈ ਲੈ। ਦੋਵੇਂ ਭੈਣਾਂ ਇੱਕੋ ਘਰ। ਨਾਲੇ ਚਾਚੇ ਦਾ ਪੁੱਤ ਭਰਾ, ਨਾਲੇ ਖ਼ਸਮ।" "ਸ਼ਰਮ ਦਾ ਘਾਟਾ।" ਆਖ ਛਾਤੀ ਦੇ ਬਟਨ ਲਾਉਂਦੀ ਬੋਲੀ, "ਇੱਕੋ ਜਿਹੇ ਸੱਤ ਨਿਆਣੇ। ਪਤਾ ਈ ਨੀ ਲਗਦਾ ਕਿਹੜਾ ਕਿਹਦਾ। ਸੁੱਖ ਨਾ' ਗਾਹਾਂ ਫੇਰ, ਦੋਹਾਂ ਨੂੰ ਸੱਤਵਾਂ ਸੱਤਵਾਂ ਮਹੀਨਾ।" ਆਖ ਕੇ ਛਾਤੀ ਤਾਣੀ ਤਾਂ ਬਟਨ ਫਿਰ ਖੁੱਲ੍ਹ ਗਏ।

ਸ਼ਾਇਦ, ਬੱਚਿਆਂ ਦਾ ਵੱਧ ਤੋਂ ਵੱਧ ਭੱਤਾ ਲੈਣ, ਟੈਕਸ ਦੀ ਬੱਚਤ, ਚੋਰੀ ਤੇ ਹੇਰਾ ਫੇਰੀ ਲਈ ਵਰਤ ਹੁੰਦੇ ਹੱਥਕੰਡਿਆਂ ਦੀਆਂ ਗੱਲਾਂ ਹੋਰ ਵੀ ਹੁੰਦੀਆਂ ਕਿ, ਇਕ ਵੈਨ ਦੁਕਾਨ ਦੇ ਸਾਹਮਣੇ ਆ ਕੇ ਰੁਕੀ। ਸਭ ਦਾ ਧਿਆਨ ਉਸ ਵੱਲ ਗਿਆ। ਜਦੋਂ ਉਨ੍ਹਾਂ ਨੇ ਵੈਨ ਵਿੱਚੋਂ ਅਣਖੀ ਨੂੰ ਉਤਰਦਾ ਦੇਖਿਆ ਤਾਂ ਉਹ ਆਪਣਾ ਆਪਣਾ ਸਮਾਨ ਲੈ ਕੇ ਭਿਰਨ ਭਿਰਨ ਦੁਕਾਨ ਚੋਂ ਬਾਹਰ ਨਿਕਲ਼ ਗਈਆਂ।

ਅਣਖੀ ਦੇ ਦੁਕਾਨ ਵਿਚ ਸਾਮਾਨ ਲਿਆਉਣ ਤੋਂ ਪਹਿਲਾਂ ਪਹਿਲਾਂ

ਸੁੱਖੀ ਨੇ ਵੀ ਮੁੰਡੇ ਲਈ ਨੈਪੀਆਂ ਦਾ ਡੱਬਾ ਲਿਆ ਤੇ ਝੱਬੇ ਦੇਣੀ ਘਰ ਨੂੰ ਚਲੇ ਗਈ। ਕਿਉਂਕਿ ਉਸ ਨੂੰ ਪਤਾ ਸੀ ਕਿ ਜੇ ਉਹ ਅਣਖੀ ਦੇ ਆਉਣ ਤਕ ਦੁਕਾਨ ਵਿਚ ਰੁਕੀ ਤਾਂ ਉਸ ਨੇ ਨਾਨਕਿਆਂ ਤੋਂ ਲੈ ਕੇ ਦਾਦਕਿਆਂ ਤੇ ਸਹੁਰੇ ਪਿੰਡ ਦੇ ਹਰ ਜੀ ਦੀ ਰਾਜੀ ਖੁਸ਼ੀ ਪੁੱਛਣੀ ਆਂ। ਫਿਰ ਇੱਧਰ ਉੱਧਰ ਦੀਆਂ ਗੱਲਾਂ ਕਰਦੇ ਨੇ ਉਸਨੂੰ ਤਰਕਾਲਾਂ ਪਾ ਦੇਣੀਆਂ।

ਇਕ ਦਿਨਾਂ ਸੁੱਖੀ ਮੋਹਣ ਦੀ ਦੁਕਾਨ ਤੋਂ ਮੁੰਡੇ ਲਈ ਡੱਬੀ ਦਾ ਖਾਣਾ ਲੈਣ ਗਈ। ਉੱਥੇ ਸਲਾਜੀਤ ਨਾਲ, ਉਨ੍ਹਾਂ ਦੇ ਸਾਹਮਣਲੇ ਗੁਆਂਢੀ ਦੇਸ਼ੂ ਦੀ ਤੀਵੀਂ ਮੋਹਣੀ ਵੀ ਖੜ੍ਹੀ ਸੀ। ਜਦੋਂ ਉਹ ਦੁਕਾਨ ਵਿਚ ਵੜੀ ਤਾਂ ਸਲਾਜੀਤ ਦੱਸ ਰਹੀ ਸੀ, "ਨੀ ਆਹ ਜਦੋਂ ਦੇ ਆਪਣੇ ਮੁੰਡੇ ਕੁੜੀਆਂ "ਰੈਵੀਨਿਊ" ਵਿਚ ਲੱਗੇ ਆ, ਸਾਡੇ ਲੋਕਾਂ ਦੀਆਂ ਤਾਂ ਭਾਅ ਦੀਆਂ ਬਣ ਗਈਆਂ। ਤਫ਼ਤੀਸ਼ਾਂ ਤੇ ਤਫ਼ਤੀਸ਼ਾਂ ਹੋਈ ਜਾਂਦੀਆਂ।"

"ਪਿੱਛੇ ਜਿਹੇ ਸੁਣਿਆ ਤੁਹਾਡੀ ਵੀ ਪੁੱਛ ਗਿੱਛ ਹੋਈ ਸੀ?" ਗੰਦਮੀ ਰੰਗ, ਏਕਮ ਦੇ ਚੰਨ ਵਰਗੇ ਭਰਵੱਟੇ, ਕਾਲਿਆਂ ਕੋਇਆਂ ਵਾਲੀਆਂ ਚਿੱਟੀਆਂ ਮੋਟੀਆਂ ਅੱਖਾਂ ਤੇ ਕਚਨਾਰ ਦੇ ਫੁੱਲ ਰੰਗੇ ਬੁੱਲ੍ਹਾਂ ਵਾਲੀ ਮੋਹਣੀ ਨੇ ਪੁੱਛਿਆ।

"ਹੂੰ, ਹੋਈ ਸੀ।" ਸਲਾਜੀਤ ਬੜੇ ਠਰੰਮ੍ਹੇ ਨਾਲ ਬੋਲੀ, "ਮੇਰੇ ਆਦਮੀ ਨੇ ਤਾਂ ਪਹਿਲੀ ਤੀਵੀਂ ਤੇ ਨਿਆਣਿਆਂ ਦੇ 'ਡੈੱਥ ਸਰਟੀਫਕੇਟ" ਮੰਗਵਾ ਕੇ ਦੇ ਦਿੱਤੇ। ਕੇਸ ਹਾਲੇ ਰਫ਼ਾ ਦਫ਼ਾ ਤਾਂ ਹੋਇਆ ਨਈਂ ਪਰ, ਉਨ੍ਹਾਂ ਬੱਚਿਆਂ ਦੇ ਭੱਤੇ ਦੀਆਂ ਛੋਟਾਂ ਬੰਦ ਕਰ ਦਿੱਤੀਆਂ। ਕਹਿੰਦੇ ਸੀ ਅਸੀਂ ਇੰਡੀਅਨ ਸਰਕਾਰ ਰਾਹੀਂ, ਹਾਦਸੇ ਦੀ ਪੜਤਾਲ ਕਰ ਰਹੇ ਆਂ।"

"ਪਰ ਆਹ ਗੁਲਸ਼ਨ ਰੋਡ ਵਾਲਾ ਆਦਮਪੁਰੀਆ ਤੇ ਨਗਰੀਆ, ਹਜ਼ਾਰ ਹਜ਼ਾਰ ਪੌਂਡ ਦਾ ਜੁਰਮਾਨਾ ਤੇ ਸਾਰਾ ਟੈਕਸ ਵਾਪਸ ਕਰਨ ਨਾਲ, ਸਾਲ ਸਾਲ ਲਈ ਠੁੱਕ ਗਏ।" ਮੋਹਣੀ ਨੇ ਸੌਦੇ ਦੇ ਪੈਸਿਆਂ ਦਾ ਬਕਾਇਆ ਲੈਂਦੀ ਨੇ ਕਿਹਾ। ਫਿਰ ਕਾਉਂਟਰ ਤੋਂ ਆਪਣਾ ਸਾਮਾਨ ਚੁੱਕਿਆ ਤੇ ਦਰਵਾਜੇ ਅੱਗੇ ਖੜ੍ਹ ਕੇ ਕਿਹਾ, "ਉਨ੍ਹਾਂ ਵੀ ਤਾਂ 'ਡੈੱਥ ਸਰਟੀਫਕੇਟ' ਮੰਗਵਾ ਕੇ ਦਿੱਤੇ ਸੀ।" ਮੋਹਣੀ ਦੇ ਚਿਹਰੇ ਦੇ ਪੱਕੇ ਰੰਗ ਵਿਚ ਪਲੱਤਣ ਤੇ ਬੋਲ ਵਿਚ ਕੁਝ ਭੈਅ ਦਾ ਅੰਸ਼ ਸੀ।

"ਹੋ ਸਕਦਾ ਉਨ੍ਹਾਂ ਦੇ ਜਾਹਲੀ ਹੋਣ।" ਸਲਾਜੀਤ ਆਪਣਾ ਸਮਾਨ ਚੁੱਕਦੀ ਤੇ ਦਰ ਵੱਲ ਨੂੰ ਤੁਰਦੀ ਬੋਲੀ, "ਸਾਡੇ ਤਾਂ ਡੀ. ਸੀ. ਦੇ ਬਣੇ ਸੀ।"
"ਪਰਾ ਸੌ ਪੌਂਡ ਲਿਆ ਨਿਖਸਮੇ ਨੇ।" ਆਖ ਕੇ ਮੋਹਣੀ ਨਾਲ ਦੁਕਾਨੋਂ ਬਾਹਰ ਨਿਕਲ਼ ਗਈ।

"ਸੁੱਖੀ, ਹਾਅ ਮੋਹਣੀ ਹੁਣੀ ਵੀ ਫਸਿਓ ਆ।" ਸਲਾਜੀਤ ਦੇ ਜਾਣ ਤੋਂ ਬਾਅਦ ਦਰਵਾਜ਼ੇ ਦੇ ਬੰਦ ਹੋਣ ਦੀ ਘੰਟੀ ਵੱਜਦੀ ਸੁਣ ਕੇ, ਬੌਬ ਕੱਟ ਵਾਲਾਂ ਵਾਲੀ ਮੋਹਣ ਦੀ ਤੀਵੀਂ ਬਿਮਲਾ ਨੇ ਦੱਬੀਂ ਜੀਭੇ ਕਿਹਾ। ਬਿਮਲਾ ਜਿਸ ਦਾ ਪੂਣੀ ਵਰਗਾ ਚਿੱਟਾ ਰੰਗ, ਪਿੱਦਾ ਜਿਹਾ ਕੱਦ, ਚੀਨਿਆਂ ਵਰਗੀਆਂ ਨਿੱਕੀਆਂ

ਨਿੱਕੀਆਂ ਅੱਖਾਂ ਤੇ ਛੋਟਾ ਜਿਹਾ ਮੂੰਹ ਦਾ ਵਾਕ ਸੀ ਦਰ ਵੱਲ ਦੇਖ ਕੇ ਬੋਲੀ, "ਦੇਸੇ ਨੇ ਵੀ ਦੇਸ ਦੋ ਨਿਆਣੇ ਲਿਖਾਇਉ ਆ।"

"ਇੱਥੇ ਕੋਈ ਹੈਗਾ ਜਿਸਨੇ ਟੈਕਸ ਬਚਾਉਣ ਲਈ ਅਣਜੰਮੇ ਨਿਆਣੇ ਨਾ ਲਿਖਵਾਏ ਹੋਣ?" ਸੁੱਖੀ ਨੇ ਹੁੰਗਾਰੇ ਦੇ ਜਵਾਬ ਵਿਚ ਕਿਹਾ।

"ਪੈਸੇ ਦੀ ਭੁੱਖ। ਹੋਰ ਕੀ।" ਬਿਮਲਾ ਬੋਲੀ।

"ਪੈਸੇ ਦੀ ਭੁੱਖ ਕਿ ਰਾਤੋ ਰਾਤ ਅਮੀਰ ਬਣਨ ਦੀ ਲਾਲਸਾ।" ਸੁੱਖੀ ਨੇ ਬਿਮਲਾ ਦੇ ਮੂੰਹੋਂ, "ਪੈਸੇ ਦੀ ਭੁੱਖ, ਹੋਰ ਕੀ।" ਦਾ ਬੋਲ ਸੁਣ ਕੇ ਕਿਹਾ ਤਾਂ ਉਸ ਨੂੰ ਆਪਣੀ ਸੋਨੇ ਦੀ ਲੰਕਾ ਦਾ ਖਿਆਲ ਆਇਆ। "ਮੈਂ ਵੀ ਤਾਂ ਇਸੇ ਬੇੜੀ ਵਿਚ ਸਵਾਰ ਆਂ।" ਉਸਨੇ ਆਪਣੇ ਆਪ ਨੂੰ ਕਿਹਾ। ਫਿਰ ਉਹ ਛਿਣ ਭਰ ਚੁੱਪ ਰਹੀ ਤੇ ਬੋਲੀ, "ਨਾ ਬਿਮਲਾ ਤੈਨੂੰ ਤਾਂ ਪਤਾ ਹੋਣਾ। ਇਹ ਰੈਵੀਨਿਊ ਵਾਲੇ ਤਫ਼ਤੀਸ਼ ਕਿੱਦਾਂ ਕਰਦੇ ਆ?" ਕੀ ਪੁਲੀਸ ਆਉਂਦੀ ਆ?"

"ਨਾ ਪੁਲਸ ਕਾਹਨੂੰ।" ਬਿਮਲਾ ਬੋਲੀ, "ਟੈਕਸ ਦੇ ਦੋ ਕੁ ਅਫ਼ਸਰ ਆਪੇ ਘਰੀਂ ਆ ਵੜਦੇ ਆ ਪੁੱਛ ਗਿੱਛ ਕਰਨ। ਸੱਚ ਬੁਲਾਉਣ ਲਈ ਬੜੇ ਪੁੱਠੇ ਸਿੱਧੇ ਸਵਾਲ ਪੁੱਛਦੇ ਆ। ਜਦੋਂ ਕੋਈ ਫਸ ਜਾਂਦਾ ਉਸ ਨੂੰ ਕਚਿਹਰੀ ਲੈ ਜਾਂਦੇ ਆ। ਜਦੋਂ ਜੱਜ ਜੁਰਮਾਨਾ ਲਾ ਕੇ ਸਜ਼ਾ ਕਰ ਦਿੰਦਾ ਤਾਂ ਪੁਲੀਸ ਉਸ ਨੂੰ ਉੱਥੇ ਈ ਰੋਕ ਕੇ ਜੇਲ੍ਹ ਭੇਜ ਦਿੰਦੀ ਆ।"

"ਨਾ ਜੇ ਕੋਈ ਕਚਹਿਰੀ ਨਾ ਜਾਵੇ ਤਾਂ?"

"ਪੁਲਸ ਉਸ ਨੂੰ ਟੋਲ੍ਹ ਕੇ ਥਾਣੇ ਲੈ ਜਾਂਦੀ ਆ।" ਬਿਮਲਾ ਬੋਲੀ, "ਫੇ ਹੋਰ ਵੀ ਸਖ਼ਤ ਸਜ਼ਾ ਹੁੰਦੀ ਆ।"

"ਨਾ ਤੈਨੂੰ ਹੈਨਾ ਕਿੱਦਾਂ ਪਤਾ?"

"ਸਾਡੇ ਇਹ ਜਿਉਂ ਭੁਗਤ ਚੁੱਕੇ ਆ।"

"ਅੱਛਾ!" ਆਖ ਸੁੱਖੀ ਨੇ ਮੁੰਡੇ ਦੇ ਖਾਣੇ ਦੀਆਂ ਡੱਬੀਆਂ ਲਈਆਂ ਤੇ ਨਿਆਣਿਆਂ ਦੇ ਭੱਤੇ ਦੀ ਛੋਟ ਬਾਰੇ ਸੁੱਖੇ ਨੂੰ ਪੁੱਛਣ ਲਈ ਮਨ ਵਿਚ ਧਾਰ ਕੇ ਘਰ ਨੂੰ ਆ ਗਈ।

ਆਪਣੀਆਂ ਦੁਕਾਨਾਂ 'ਤੇ, ਟੈਕਸ ਦੀ ਹੇਰਾ ਫੇਰੀ ਤੋਂ ਇਲਾਵਾ, ਆਪਣੇ ਲੋਕਾਂ ਦੀਆਂ ਹੋਰ ਗਰਮਾ ਗਰਮ ਖ਼ਬਰਾਂ ਵੀ ਸੁੱਖੀ ਨੂੰ ਸੁਣਨ ਨੂੰ ਮਿਲਦੀਆਂ। ਹੁਣ, ਆਪਣੀਆਂ ਦੁਕਾਨਾਂ 'ਤੇ ਕੋਈ ਚੀਜ਼ ਲੈਣ ਦੇ ਬਹਾਨੇ ਜਾਣਾ ਸੁੱਖੀ ਦੀ ਨਿੱਤ ਦੀ ਆਦਤ ਤੇ ਤਫ਼ਰੀਹ ਦਾ ਸਾਧਣ ਬਣ ਗਿਆ ਸੀ। ਉਹ, ਨਾ ਵੀ ਕੁਝ ਲੈਣਾ ਹੁੰਦਾ ਤਾਂ ਵੀ ਮੁੰਡੇ ਨੂੰ ਘੁਮਾਉਣ ਫਿਰਾਉਣ ਜਾਂ ਕਿਸੇ ਹੋਰ ਬਹਾਨੇ ਦੁਕਾਨਾਂ ਨੂੰ ਚਲੀ ਜਾਂਦੀ।

"ਨੀ ਆਹ ਦਿੱਲੀ ਦੇ ਖ਼ਤਰੀਆਂ ਦਾ ਮੁੰਡਾ, ਮੇਰਾ ਲੌਂਜਰ।" ਪਿਆਰੋ ਇਕ ਦਿਨ ਕਹਿ ਰਹੀ ਸੀ ਜਦੋਂ ਸੁੱਖੀ ਨੇ ਅਣਖੀ ਦੀ ਦੁਕਾਨ ਵਿਚ ਪੈਰ ਪਾਇਆ, "ਨਿੱਤ ਨਵੀਂ ਸ਼ੋਕਰੀ ਲੈ ਕੇ ਆਉਂਦਾ। ਕਦੀ ਗੋਰੀ ਹੁੰਦੀ ਆ, ਕਦੀ ਕਾਲੀ। ਉੱਦਾਂ ਘਰੋਂ ਪੜ੍ਹਨ ਆਇਆ।" ਉਸ ਨੇ ਆਪਣੀ ਆਦਤ ਅਨੁਸਾਰ

ਛਾਤੀ ਦੇ ਬਟਨ ਬੰਦ ਕਰਦੀ ਨੇ ਕਿਹਾ, "ਆਹ ਕੱਲ੍ਹ, ਇਕ ਗੁਜਰਾਤਣ ਨੂੰ ਲਈ ਫਿਰਦਾ ਸੀ।"

"ਛੜਾ ਛਟਾਂਕ, ਕਮਾਉਂਦਾ, ਖਾਂਦਾ, ਐਸ਼ ਕਰਦਾ।" ਭਜਨੋ ਬੋਲੀ, "ਤੇਰਾ ਕੀ ਲੈਂਦਾ। ਤੂੰ ਬੱਚ ਕੇ ਰਹੀਂ।" ਉਹ ਰੁਕ ਕੇ ਬੋਲੀ।

"ਨਾ ਉਹਨੇ ਬੁੱਢੇ ਖੋਲੇ ਨੂੰ ਕੀ ਕਰਨਾ।" ਕੋਲ ਖੜ੍ਹੀ ਗੋਲ ਮਟੋਲ ਗੋਰੀ ਚਿੱਟੀ ਰਾਮ ਜੀ ਦੀ ਤੀਵੀਂ ਸ਼ੱਸ਼ੀ ਨੇ ਪਿਆਰੋ ਵੱਲ ਹੱਥ ਕਰਦੀ ਨੇ ਹੱਸ ਕੇ ਕਿਹਾ, "ਇਹ ਤਿੰਨਾਂ ਨਿਆਣਿਆਂ ਦੀ ਮਾਂ। ਉਹਨੂੰ ਨਿੱਤ ਨਵੀਂ, ਵੰਨ-ਸਵੰਨੀ ਮਿਲਦੀ ਆ।"

"ਤੂੰ ਬਚੀਂ, ਚਿੱਟੀਏ ਕਬੂਤਰੀਏ।" ਪਿਆਰੋ ਨੇ ਕਿਹਾ ਤਾਂ ਸ਼ੱਸ਼ੀ ਬੋਲੀ, "ਨੀ ਸੱਚ, ਤੇਰੇ ਲੌਜਰ ਤੋਂ ਚੇਤੇ ਆਇਆ, ਕੁਛ ਭਾਈਏ ਦੇ ਲੌਜਰ ਬਾਰੇ ਸੁਣਿਆਂ ?"

ਭਾਈਏ ਦਾ ਅਸਲੀ ਨਾਂ ਸੀਤਲ ਸਿੰਘ ਸੀ। ਪੁਰਾਣਾ ਆਇਆ ਹੋਇਆ ਸੀ। ਉਸਦੇ ਸਹੁਰੇ ਪਿੰਡ ਦੇ ਲੋਕ, ਸਤਿਕਾਰ ਵਜੋਂ ਉਸਨੂੰ ਭਾਈਆ ਕਹਿੰਦੇ ਸੀ। ਉਨ੍ਹਾਂ ਦੀ ਰੀਸੀਂ ਹੋਰ ਵੀ ਉਸਨੂੰ ਭਾਈਆ ਕਹਿਣ ਲੱਗ ਪਏ ਤੇ ਪੇਂਡੂਆਂ ਦੀ ਰੀਸੀਂ ਉਸਦੀ ਘਰਵਾਲੀ ਨੂੰ ਭਾਬੀ।

"ਕੌਣ ? ਜਲੰਧਰੀਆ ਸੁਆਮੀ ?" ਭਜਨੋ ਨੇ ਪੁੱਛਿਆ, "ਉਹ ਨੂੰ ਕੀ ਹੋਇਆ ?"

ਭਜਨੋ ਨੇ ਐਨਾ ਕਿਹਾ ਹੀ ਸੀ ਕਿ ਰਾਮ ਜੀ ਦੀ ਗੁਆਂਢਣ ਈਲੇਨ ਦੁਕਾਨ ਵਿਚ ਵੜੀ, ਦੱਸ ਸ਼ਲਿੰਗ ਦਾ ਨੋਟ ਭਜਨੋ ਵੱਲ ਵਧਾ ਕੇ ਬੋਲੀ, "ਵਨ ਬੈਨਸਨ ਹੈਂਜਜ਼ ਪਲੀਜ਼।"

"ਉਹਨੂੰ ਕੀ ਹੋਣਾ।" ਸ਼ੱਸ਼ੀ ਬੋਲੀ, "ਹੋਇਆ ਤਾਂ ਉਸ ਵਿਚਾਰੀ ਜਰਮਨ ਕੁੜੀ ਨੂੰ ਜਿਹਨੂੰ ਉਸ ਨੇ ਪਿਛਲੇ ਤਿੰਨਾਂ ਸਾਲਾਂ ਦਾ ਰੱਖਿਆ ਹੋਇਆ ਸੀ। ਸੁਣਿਆ ਉਹ ਉਹਨੂੰ ਵਿਆਹ ਕਰਵਾਉਣ ਨੂੰ ਕਹਿੰਦੀ ਹੁੰਦੀ ਸੀ ਪਰ ਸਵਾਮੀ ਉਹਨੂੰ ਟਾਲੀ ਜਾਂਦਾ ਸੀ। ਆਹ ਕੱਲ੍ਹ ਭਾਬੀ ਦਸਦੀ ਸੀ ਕਿ ਉਹ ਉਹਨੂੰ ਬਿਨਾਂ ਦੱਸੇ, ਪਿਛਲੇ ਹਫ਼ਤੇ ਪੰਜਾਬ ਨੂੰ ਚਲਾ ਗਿਆ, ਵਿਆਹ ਕਰਵਾਉਣ। ਹੁਣ ਉਹ ਵਿਚਾਰੀ, ਆਪਣਿਆਂ ਤੋਂ ਉਹਦਾ ਅਤਾ ਪਤਾ ਪੁੱਛਦੀ ਫਿਰਦੀ ਆ।"

"ਨਾ ਭਾਈਏ ਨੂੰ ਤਾਂ ਪਤਾ ਹੋਣਾ ?" ਪਿਆਰੋ ਬੋਲੀ।

"ਭਾਈਆ ਵੀ ਕੋਈ ਲੜ ਪੱਲਾ ਨਈ ਫੜਾਉਂਦਾ।" ਸ਼ੱਸ਼ੀ ਬੋਲੀ।

"ਨੀ ਹਾਅ ਤਾਂ ਬਹੁਤ ਮਾੜਾ ਹੋਇਆ ਵਿਚਾਰੀ ਨਾ'।" ਪਿਆਰੋ ਬੋਲੀ, "ਐਨੇ ਚਿਰ ਬਾਅਦ ਛੱਡ,ਤੀ।"

"ਇਹ (ਗੋਰੀਆਂ) ਕਿਹੜੀਆਂ ਘੱਟ ਆ।" ਭਜਨੋ ਈਲੇਨ ਨੂੰ ਸਿਗਰਟਾਂ ਦੀ ਡੱਬੀ ਫੜਾ, ਬਕਾਇਆ ਦੇ ਕੇ, ਗੱਲੇ ਨੂੰ ਬੰਦ ਕਰਦੀ ਬੋਲੀ। "ਇਹ ਕਿਹੜੀਆਂ ਕਿਸੇ ਦੀਆਂ ਸਕੀਆਂ, ਅੱਜ ਇਦ੍ਹੇ, ਕੱਲ੍ਹ ਔਂਦ੍ਹੇ।" ਤੇ ਦੁਕਾਨ 'ਚੋਂ ਬਾਹਰ ਨਿਕਲਦੀ ਈਲੇਨ ਵੱਲ ਅੱਖ ਨਾਲ ਇਸ਼ਾਰਾ ਕੀਤਾ।

ਈਲੇਨ, ਜਿਸ ਨੇ ਪਹਿਲਾਂ ਕਿਸੇ ਆਪਣੇ ਬੰਦੇ ਨੂੰ ਫ਼ੀ ਕਰਵਾਉਣ ਲਈ ਪੈਸੇ ਲੈ ਕੇ ਵਿਆਹ ਕੀਤਾ। ਫਿਰ ਇਕ ਪਾਕਿਸਤਾਨੀ ਤੇ ਕੀਨੀਆ ਦੇ ਆਦਮੀ ਨਾਲ ਤੇ ਹੁਣ, ਪਿਛਲੇ ਦੋ ਸਾਲਾਂ ਦੀ ਇਕ ਜਮੀਕੇ ਨਾਲ ਰਹਿੰਦੀ ਸੀ। ਤਿੰਨਾਂ ਦੇ ਤਿੰਨਾਂ ਰੰਗਾਂ ਦੇ ਤਿੰਨ ਨਿਆਣੇ, ਤਿੰਨੇ ਕੁੜੀਆਂ।

ਇਕ ਦਿਨ ਸੁੱਖੀ ਨੂੰ ਉਸਦੇ ਬੀਜੀ ਦੀ ਚਿੱਠੀ ਆਈ ਜਿਸ ਵਿਚ ਉਨ੍ਹਾਂ ਲਿਖਿਆ ਸੀ, "ਤੇਰਾ ਕੀ ਪਤਾ ਹੁਣ ਤੂੰ ਕਦੋਂ ਆਵੇਂ। ਆਵੇਂ ਵੀ ਕਿ ਨਾ ਆਵੇਂ। ਆਉਂਦੇ ਮਹੀਨੇ, ਬਾਬੇ ਨਾਨਕ ਦਾ ਪੁਰਬ ਆ। ਤੂੰ ਮਨਤੀਸ਼ਵਰ ਨੂੰ ਗੁਰਦੁਆਰੇ ਮੇਰੀ ਵੱਲੋਂ ਮੱਥਾ ਟਿਕਵਾ ਲਿਆਵੀਂ। ਜੇ ਹੋ ਸਕੇ ਤਾਂ ਮੇਰੀ ਵੱਲੋਂ ਲੰਗਰ ਦੀ ਸੇਵਾ ਵੀ ਕਰਵਾ ਦੇਵੀਂ। ਇੱਦਾਂ ਮੇਰੀ, ਮਨਤੀਸ਼ਵਰ ਲਈ ਸੁੱਖੀ ਸੁੱਖਣਾ ਲੱਥ ਜਾਊਗੀ।"

ਪੱਛਮੀ ਮੁਲਕਾਂ ਵਿਚ, ਗੁਰ-ਪੁਰਬ ਜਾਂ ਕੋਈ ਹੋਰ ਜੋੜ ਮੇਲਾ ਐਤਵਾਰ ਨੂੰ ਹੀ ਮਨਾਇਆ ਜਾਂਦਾ। ਫਿਰ ਵੀ ਕੁਝ ਲੋਕ ਉਸੇ ਦਿਨ ਇਕੱਠੇ ਜ਼ਰੂਰ ਹੁੰਦੇ। ਖਾਸ ਕਰਕੇ ਬਜ਼ੁਰਗ ਤੇ ਵਿਹਲੇ। ਭਾਵੇਂ ਉਸ ਦਿਨ ਐਤਵਾਰ ਨਹੀਂ ਸੀ ਫਿਰ ਵੀ ਸੁੱਖੀ ਮਨਤੀਸ਼ਵਰ ਨੂੰ ਲੈ ਕੇ ਗੁਰਦੁਆਰੇ ਗਈ। ਕਾਫ਼ੀ ਲੋਕ ਮੱਥਾ ਟੇਕਣ ਆਏ ਹੋਏ ਸੀ।

ਮੱਥਾ ਟੇਕਣ ਤੋਂ ਬਾਅਦ ਸੁੱਖੀ ਲੰਗਰ ਵਿਚ ਸੇਵਾ ਕਰਨ ਲੱਗ ਪਈ। ਪਹਿਲਾਂ ਚਾਹ ਵਾਲੇ ਭਾਂਡੇ ਧੋਂਦੀ ਰਹੀ। ਫਿਰ ਦਾਲ ਸਬਜ਼ੀਆਂ ਬਣਾਉਣ ਵਿਚ ਹੱਥ ਵੰਡਾਉਣ ਲੱਗ ਪਈ। ਜਦੋਂ ਦਾਲਾਂ ਸਬਜ਼ੀਆਂ ਬਣ ਰਹੀਆਂ ਸੀ ਤਾਂ ਹਰ ਤਰ੍ਹਾਂ ਦੀ ਸ਼ਾਂਤੀ ਸੀ। ਵਾਹਿਗੁਰੂ ਦੇ ਜਾਪ ਨਾਲ ਪ੍ਰਮਾਤਮਾ ਦੀ ਕੀਰਤੀ ਤੇ ਜੱਸ ਦਾ ਗਾਇਣ ਹੋ ਰਿਹਾ ਸੀ। ਪਰ ਜਦੋਂ ਰੋਟੀਆਂ ਬਣਾਉਣ ਲੱਗੀਆਂ ਤਾਂ ਪੇੜੇ ਬਣਾਉਣ ਵਾਲੀਆਂ ਦੋ ਤਿੰਨ ਤੀਵੀਆਂ ਆਪਸ ਵਿਚ ਘੁਸਰ-ਮੁਸਰ ਕਰਨ ਲੱਗ ਪਈਆਂ। ਰੋਟੀਆਂ ਵੇਲਦੀ ਸੁੱਖੀ ਦਾ ਧਿਆਨ ਉਨ੍ਹਾਂ ਵੱਲ ਹੋ ਗਿਆ। ਇਕ ਬੋਲੀ, "ਤੂੰ ਕਰੋਸ ਰੋਡੀਏ ਲੰਬੜ ਦੇ ਟੱਬਰ ਦਾ ਸੁਣਿਆਂ?"

"ਕਿਹੜਾ ਲੰਬੜ?" ਨਾਲ ਦੀ ਨੇ ਸੁੱਖੀ ਵੱਲ ਪੇੜਾ ਸੁੱਟ ਪੇੜੇ ਲਈ ਹੋਰ ਆਟਾ ਤੋੜਦੀ ਬੋਲੀ।

"ਔਹ ਜਿਹੜਾ ਜਦੋਂ ਦਾ ਆਇਆ, ਨਨੀਟਨ ਫ਼ੌਡਰੀ 'ਚ, ਪੱਕੀਆਂ ਰਾਤਾਂ ਦਾ ਕੰਮ ਕਰਦਾ।" ਪਹਿਲੀ ਤੀਵੀਂ ਪੇੜਾ ਦੂਜੇ ਪਾਸੇ ਸੁੱਟ ਕੇ ਆਟਾ ਤੋੜਦੀ ਬੋਲੀ, "ਉਹਨੇ ਜਮੀਕਨ ਲੌਜਰ ਰੱਖਿਆ ਹੋਇਆ ਸੀ। ਆਪ ਪੱਕੀਆਂ ਰਾਤਾਂ ਦਾ ਕੰਮ ਕਰਦਾ। ਹੁਣ ਉਹਦੇ ਮੁੰਡਾ ਹੋਇਆ। ਮੁੰਡੇ ਦਾ ਰੰਗ ਕਾਲਾ ਸ਼ਾਹ 'ਤੇ ਵਾਲ, ਘੁੰਗਰਾਂ ਵਾਲੇ ਜਮੀਕਿਆਂ ਵਰਗੇ।

ਜਦੋਂ ਲੋਕੀਂ ਉਸਦੀ ਤੀਵੀਂ ਤੋਂ, "ਨੀ ਇਹ ਕਿਹਦੇ 'ਤੇ ਗਿਆ?" ਪੁੱਛਦੇ ਆ ਤਾਂ ਉਹ ਕਹਿੰਦੀ ਆ, "ਜਮੀਕਾ ਲੌਜਰ ਹਰ ਵੇਲੇ ਘਰ ਰਹਿੰਦਾ ਨਿਕਲ਼ਦਾ ਵੜਦਾ ਮੱਥੇ ਲਗਦਾ ਸੀ, ਮੁੰਡੇ 'ਤੇ ਉਹਦਾ ਪਰਛਾਵਾਂ ਪੈ ਗਿਆ।"

"ਪਰਛਾਵਾਂ ਕਿ ਲਾਵਾਂ!" ਆਖ ਉਹ ਮਾੜਾ ਕੁ ਹੱਸੀ ਤਾਂ ਪਰੇ ਖੜ੍ਹੀ

ਤੀਜੀ ਜ਼ਨਾਨੀ, ਜੋ ਪੇੜੇ ਬਣਾਉਣ ਲਈ ਆਟਾ ਗੋਲ ਕਰ ਰਹੀ ਸੀ ਬੋਲੀ, "ਨੀ ਤੁਸੀਂ ਨਵੇਂ ਸ਼ਹਿਰੀਏ ਸਰੈਣੀ ਦੀ ਗੱਲ ਸੁਣੀ ਆ?"

"ਨੀ ਉਹ ਕਾਹਨੂੰ ਨਵਾਂ ਸ਼ਹਿਰੀਆ, ਉਹ ਤਾਂ ਰੋਪੜੀਆ।"

"ਪਰ ਕਹਿੰਦੇ ਤਾਂ ਉਹਨੂੰ ਨਵਾਂਸ਼ਹਿਰੀਆ।" ਤੀਜੀ ਬੋਲੀ, "ਉਹਦੀ ਕੁੜੀ ਜਿਹੜੀ ਕਹਿੰਦੀ ਹੁੰਦੀ ਸੀ, "ਮੈਂ ਦੇਸੋਂ ਆਏ ਮੁੰਡੇ ਨਾਲ ਵਿਆਹ ਨਈਂ ਕਰਵਾਉਣਾ। ਉਨ੍ਹਾਂ ਤੋਂ ਸਮੋਲ ਆਉਂਦੀ ਆ।" ਕਿਸੇ ਨੀਗਰੋ ਨਾਲ ਨਿਕਲ ਗਈ। ਹੁਣ ਸੱਤਾਂ ਦਿਨਾਂ ਬਾਅਦ ਲਿਵਰਪੂਲੋਂ ਪੁਲਸ ਨੂੰ ਮਿਲੀ ਆ।"

"ਨੀ ਆਹੋ। ਇਹ ਤਾਂ ਮੈਂ ਵੀ ਸੁਣਿਆਂ।" ਪਹਿਲੀ ਨੇ ਜਵਾਬ ਦਿੱਤਾ।

"ਆਹ ਸੰਡੇ ਉਹਨੂੰ ਦੇਸ ਨੂੰ ਲੈ ਕੇ ਗਏ ਆ, ਵਿਆਹ ਕਰਨ।"

ਸੁੱਖੀ ਸ਼ਾਇਦ ਹੋਰ ਵੀ ਚੌਂਦੀਆਂ ਚੌਂਦੀਆਂ ਖ਼ਬਰਾਂ ਸੁਣਦੀ ਪਰ ਮਨੀ ਰੋਣ ਲੱਗ ਪਿਆ ਜੋ ਸਟਰੌਲਰ ਵਿਚ ਕਾਫ਼ੀ ਦੇਰ ਦਾ ਸੁੱਤਾ ਪਿਆ ਸੀ। ਸ਼ਾਇਦ ਉਸਦੇ ਦੁੱਧ ਚੁੰਘਣ ਦਾ ਸਮਾਂ ਹੋ ਗਿਆ ਸੀ।

ਹੁਣ ਵਾਕਫੀਅਤ ਵਧਾਉਣ ਲਈ ਸੁੱਖੀ ਗੁਰਦੁਆਰੇ ਵੀ ਜਾਣ ਲੱਗ ਪਈ। ਜੇ ਕਰ ਸੁੱਖੀ ਕੋਲੋਂ ਕਿਸੇ ਦਿਨ, ਮੌਸਮ ਜਾਂ ਕਿਸੇ ਹੋਰ ਕਾਰਨ, ਇਨ੍ਹਾਂ 'ਖ਼ਬਰ ਐਕਸਚੇਂਜ਼ਾਂ' ਦੀ ਹਾਜ਼ਰੀ ਨਾ ਭਰ ਹੁੰਦੀ ਤਾਂ ਰਾਤ ਨੂੰ ਸੁੱਖਾ ਕਸਰ ਪੂਰੀ ਕਰ ਦਿੰਦਾ। ਕੋਈ ਨਾ ਕੋਈ ਗਰਮਾ ਗਰਮ ਖ਼ਬਰ ਸੁਣਾ ਦਿੰਦਾ। ਸੁੱਖੇ ਦੀ ਖ਼ਬਰ ਆਂਢ-ਗੁਆਂਢ ਬਾਰੇ ਤਾਂ ਨਾ ਹੁੰਦੀ ਪਰ ਹੁੰਦੀ ਆਪਣੇ ਦੇਸ ਵਾਸੀਆਂ ਦੀ।

ਇਕ ਰਾਤ ਸੁੱਖਾ, ਸੌਣ ਤੋਂ ਪਹਿਲਾਂ ਸੁੱਖੀ ਨੂੰ ਦੱਸ ਰਿਹਾ ਸੀ, "ਸ਼ਾਇਦ ਤੈਨੂੰ ਪਤਾ ਹੋਣਾ ਆਹ ਗਰੀਨਔਲੀਏ ਮਾਸਟਰ ਰਾਏ ਦਾ। ਉਸਦਾ ਇਕ ਗੁਜਰਾਤੀ ਦੋਸਤ ਜੀ. ਸੀ. (ਜੀ. ਈ. ਸੀ.) 'ਚ ਕੰਮ ਕਰਦਾ ਸੀ।" "ਤੈਨੂੰ ਪਤਾ ਇੱਥੇ ਮਾਸਟਰਾਂ ਦੀ ਤਨਖਾਹ ਮੇਰੇ ਨਾਲੋਂ ਵੀ ਘੱਟ ਆ।" ਸੁੱਖਾ ਰੁਕ ਕੇ ਬੋਲਿਆ।

"ਮੈਨੂੰ ਕਿੱਥੋਂ ਪਤਾ ਲੱਗਣਾ। ਤੁਸੀਂ ਦੱਸਣਾ ਸੀ।" ਸੁੱਖੀ ਬੋਲੀ।

"ਖੈਰ, ਗੁਜਰਾਤੀ ਨੇ ਉਹਨੂੰ ਜੀ.ਸੀ. (ਕੰਮ 'ਤੇ) ਲੁਆ ਲਿਆ। ਆਹ ਪਿੱਛੇ ਜਿਹੇ ਗੁਜਰਾਤੀ ਦਾ ਵਿਆਹ ਹੋਇਆ ਤੇ ਉਸਦੀ ਦੇਸੋਂ ਆਈ ਨਵੀਂ ਤੀਵੀਂ ਵੀ ਰਾਏ ਨਾਲ ਜੀ.ਸੀ. ਕੰਮ ਕਰਨ ਲੱਗ ਪਈ। ਹੁਣ ਪਤਾ ਲੱਗਿਆ ਕੀ ਰਾਏ ਅਪਣੀ ਤੀਵੀਂ ਨੂੰ ਛੱਡ ਕੇ ਗੁਜਰਾਤਨ ਨੂੰ ਲੈ ਕੇ ਭੱਜ ਗਿਆ।"

"ਭੱਜ ਗਿਆ! ਕਿੱਥੇ?"

"ਕੋਈ ਕਹਿੰਦਾ ਅਮਰੀਕਾ ਤੇ ਕੋਈ ਕੈਨੇਡਾ। ਪਰ, ਉਦ੍ਹੇ ਪੇਂਡੂ ਕਹਿੰਦੇ ਆ ਕਿ ਉਹ ਕਿਤੇ ਨਈਂ ਗਿਆ, ਸਾਲਾ ਲੰਡਨੇ ਈ ਲੁਕਿਆ ਆ।"

"ਨਾ ਉਹਦੀ ਤੀਵੀਂ?"

"ਐਥੇ ਈ ਆ।" ਉਹ ਰੁਕ ਕੇ ਬੋਲਿਆ, "ਦੋ ਮੁੰਡੇ ਆ। ਹੁਣ ਸੁਣਿਆਂ ਉਹਨੇ ਵੀ ਕਿਸੇ ਨੂੰ ਸਪੌਂਸਰ ਕੀਤਾ।"

ਸਪੌਂਸਰ ਦਾ ਸ਼ਬਦ ਸੁਣ ਕੇ ਸੁੱਖੀ ਚੁੱਪ ਹੋ ਗਈ।

ਸੁੱਖੀ ਜਦੋਂ ਵਲੈਤ ਦੀਆਂ ਨਿਕਲਣ, ਦੌੜਨ, ਵਿਆਹ ਕਰਵਾਉਣ

ਤੇ ਸਪੌਂਸਰਸ਼ਿਪ ਦੀਆਂ ਗੱਲਾਂ ਸੁਣਦੀ ਤਾਂ ਉਸਨੂੰ, ਮੁਕਲਾਵੇ ਤੋਂ ਬਾਅਦ ਬੇਰੀ ਨਾਲ ਬਿਤਾਏ ਦਿਨ ਯਾਦ ਆ ਜਾਂਦੇ ਤਾਂ ਉਹ ਮਨ ਵਿਚ ਸੋਚਦੀ, "ਪਿੱਛੇ ਦੇਸ, ਇਹੋ ਜਹੀਆਂ ਗੱਲਾਂ ਲੁੱਕ ਛਿੱਪ ਕੇ ਹੁੰਦੀਆਂ। ਕਿਤੇ ਵਰ੍ਹਿਆਂ ਬਾਅਦ ਇਹੋ ਜਿਹੀ ਇਕ ਅੱਧੀ ਗੱਲ ਬਾਹਰ ਨਿਕਲਦੀ ਆ। ਇੱਥੇ ਖੁੱਲ੍ਹਮ ਖੁੱਲ੍ਹੀਆਂ, ਸ਼ਰ੍ਹੇ ਆਮ, ਬਿਨਾਂ ਕਿਸੇ ਰੋਕ ਟੋਕ ਤੋਂ। ਕਿਉਂ? ਕਿਸ ਗੱਲ ਦਾ ਫਰਕ ਆ? ਦੇਸ ਸਮਾਜ ਜਾਂ ਬੰਦਿਆਂ ਦਾ? ਜਾਂ ਔਰਤ ਨੂੰ ਖੁੱਲ੍ਹ ਦਾ? ਜਾਂ ਫਿਰ ਸਭ ਕਾਸੇ ਦਾ?"

ਇਕ ਦਿਨ ਉਹ ਗਰੀਨ ਗਰੌਸਰ ਤੋਂ ਸਬਜ਼ੀ ਲੈਣ ਬਾਹਰ ਨਿਕਲੀ ਤਾਂ ਮੋਹਣੀ ਵੀ ਉਸਨੂੰ ਦੇਖ ਕੇ ਬਾਹਰ ਆ ਗਈ। ਜਦੋਂ ਗਰੀਨ ਗਰੌਸਰ ਚਲਾ ਗਿਆ ਤਾਂ ਮੋਹਣੀ ਬੋਲੀ, "ਨੀ ਸੁੱਖੀ ਕੁਝ ਸੁਣਿਆਂ?"

"ਨੀ ਕੀ?"

"ਨੀ ਆਹ ਵਡਿੰਗਡਨੀਏ ਜੁਗਿੰਦਰ ਨੂੰ ਰਾਤੀਂ ਦੋ ਮੁੰਡਿਆਂ ਨੇ ਮਾਰ 'ਤਾ।"

"ਕਿਹੜਾ ਜੁਗਿੰਦਰ?"

"ਨੀ ਔਹ ਜਿੜ੍ਹਾ ਅਖਬਾਰਾਂ ਵਾਲੀ ਦੁਕਾਨ ਦੇ ਨਾਲ ਰਹਿੰਦਾ ਸੀ।"ਉਹ ਰੁਕ ਕੇ ਬੋਲੀ, "ਪੰਜਾਹਾਂ ਦਾ ਗੰਜਾ, ਪਿਛਲੇ ਸਾਲ ਸੋਲ੍ਹਾਂ ਸਾਲਾਂ ਦੀ ਮਛੋਹਰ ਕੁੜੀ ਵਿਆਹ ਕੇ ਲਿਆਇਆ ਸੀ।"

"ਕੌਣ? ਸਰਵੀ!"

"ਨੀ ਆਹੋ।"

"ਨੀ ਕਿਤੇ ਹੱਥ ਲਾਇਆਂ ਮੈਲ਼ੀ ਹੁੰਦੀ ਆ।" ਸੁੱਖੀ ਬੋਲੀ, "ਹਰ ਵੇਲੇ ਖਿੜੇ ਫੁੱਲ ਵਾਂਗ ਹਸੂੰ ਹਸੂੰ ਕਰਦੀ ਰਹਿੰਦੀ ਆ।"

"ਨੀ ਆਹੋ।" ਮੋਹਣੀ ਅੱਗੇ ਬੋਲੀ, "ਨੀ ਸੁਣਿਆਂ ਸਰਵੀ ਇਕ ਦਿਨ, ਫੌਜ਼ਲ ਰੋਡ ਪਟੇਲਾਂ ਦੀ ਦੁਕਾਨੋਂ ਘਰ ਦੀਆਂ ਕੁਝ ਸ਼ੈਆਂ ਲੈਣ ਗਈ। ਉੱਥੇ ਦੋ ਆਪਣੇ ਮੁੰਡੇ ਵੀ ਸੀ। ਉਹ ਉਹਦੇ ਵੱਲ ਦੇਖ ਰਹੇ ਸੀ। ਸਰਵੀ ਨੇ ਵੀ ਕਿਤੇ ਆਪਣੀ ਆਦਤ ਅਨੁਸਾਰ ਹੱਸਦੀ ਹੱਸਦੀ ਨੇ ਉਨ੍ਹਾਂ ਵੱਲ ਦੇਖ ਲਿਆ। ਉਹ ਸਮਝੇ, "ਹੱਸੀ ਤੇ ਫਸੀ।" ਉਹ ਉਹਦੇ ਪਿੱਛੇ ਲੱਗ ਗਏ। ਘਰ ਤਕ ਆ ਪਹੁੰਚੇ। ਫੇ ਸਵੇਰੇ ਤਕਾਲੀਂ ਆਉਣ ਲੱਗ ਪਏ। ਸਾਹਮਣਲੀ ਐਲੀ 'ਚ 'ਫੋਨ ਕੌਸਕ' ਕੋਲ ਖੜ੍ਹ ਕੇ ਉਸਨੂੰ ਵਾਜਾਂ ਮਾਰਦੇ ਰਹਿੰਦੇ।"

ਮੋਹਣੀ ਨੇ ਐਨਾ ਆਖ, ਠੰਡ ਤੋਂ ਬਚਣ ਲਈ ਆਪਣਾ ਕਾਰਡੀਗਨ ਠੀਕ ਕੀਤਾ ਤੇ ਬੋਲੀ, "ਰੱਬ ਜਾਣੇ, ਜਗਿੰਦਰ ਨੂੰ ਸ਼ੱਕ ਪੈ ਗਈ ਜਾਂ ਸਰਵੀ ਨੇ ਦੱਸ ਦਿੱਤਾ। ਉਹਨੇ ਕਈ ਵਾਰ ਉਨ੍ਹਾਂ ਨੂੰ ਵਰਜਿਆ ਪਰ ਉਹ ਗਦੂਤ ਨਾ ਟਲੇ।" ਮੋਹਣੀ ਨੇ ਆਪਣ ਸਵੈਟਰ ਫਿਰ ਠੀਕ ਕੀਤਾ ਤੇ ਬੋਲੀ, "ਨੀ ਰਾਤੀਂ ਉਸ ਦੀਆਂ ਡੋਰਾਂ ਕਰਨ ਲੱਗ ਪਏ। ਜੁਗਿੰਦਰ ਘਰੇ ਸੀ। ਉਹ ਘਰ ਸਾਹਮਣਲੇ ਕੌਸਕ ਤੋਂ ਪੁਲਸ ਨੂੰ ਫੋਨ ਕਰਨ ਗਿਆ ਤਾਂ ਉਨ੍ਹਾਂ ਨੇ ਉਸਦੇ ਚਾਕੂ ਮਾਰ ਕੇ ਉੱਥੇ ਈ ਮਾਰ 'ਤਾ। ਗੁਆਂਢੀ ਗੋਰੇ ਨੇ ਉਹਦੀਆਂ ਲੇਰਾਂ ਸੁਣ ਕੇ ਪੁਲਸ ਨੂੰ

ਫੋਨ ਕੀਤਾ। ਪੁਲਸ ਆਈ। ਐਮਬੂਲੈਂਸ ਉਹਨੂੰ ਹਸਪਤਾਲ ਲੈ ਗਈ ਪਰ ਉਹ ਉੱਥੇ ਜਾਂਦਾ ਈ ਮਰ ਗਿਆ।"

ਹਾਲੇ ਜੁਗਿੰਦਰ ਦਾ ਸਿਵਾ ਠੰਡਾ ਵੀ ਨਹੀਂ ਸੀ ਹੋਇਆ ਕਿ ਇਕ ਦਿਨ ਦੁਪਿਹਰ ਨੂੰ ਤਾਰੋ ਦੀ ਗੱਭਲੀ ਤੇ ਛੋਟੀ ਕੁੜੀ ਨੇ ਆ ਕੇ ਸੁੱਖੀ ਦਾ ਪਿਛਲਾ ਦਰ ਖੜਕਾਇਆ। ਉਨ੍ਹਾਂ ਦੋਹਾਂ ਨੇ ਸਕੂਲ ਦੀਆਂ ਵਰਦੀਆਂ ਪਾਈਆਂ ਹੋਈਆਂ ਸੀ ਤੇ ਲਾਲ ਰਿਬਨਾਂ ਨਾਲ ਦੋ ਦੋ ਗੁੱਤਾਂ ਕੀਤੀਆਂ ਹੋਈਆਂ ਸੀ। ਸੁੱਖੀ ਨੇ ਦਰ ਖੋਲ੍ਹਿਆ ਤਾਂ ਗੱਭਲੀ ਕੁੜੀ ਨੇ 'ਉਂ ਉਂ' ਕਰਦੀ ਨੇ ਕਿਹਾ, "ਆਂਟੀ, ਮੇਰੀ ਮੱਮ ਨੋਂਕ 'ਚ ਚੁੰਨੀ ਪਾਈ ਮਿਡਲ ਡੋਰ 'ਚ ਹੈਂਗ ਕਰਦੀ ਆ।"

"ਟੌਕ ਨਈਂ ਕਰਦੀ।" ਛੋਟੀ ਸੂੰ ਸੂੰ ਕਰਦੀ ਬੋਲੀ।

"ਕੀ ਤੂੰ ਉਹਨੂੰ ਪੁੱਟ ਡਾਉਨ ਕਰ ਸਕਦੀ ਆਂ?" ਗੱਭਲੀ ਨੇ ਐਨਾ ਪੁੱਛ ਕੇ ਭੁੱਬਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਸਨੂੰ ਦੇਖ ਛੋਟੀ ਵੀ ਰੋਣ ਲੱਗ ਪਈ।

ਸੁੱਖੀ, ਕੁੜੀਆਂ ਦੀਆਂ ਲੇਰਾਂ ਤੇ ਭੁੱਬਾਂ ਵਿਚ, "ਮੱਮ ਹੈਂਗ ਕਰਦੀ ਆ" ਸੁਣ ਕੇ ਸੁੰਨ ਹੋ ਗਈ। ਫਿਰ ਆਉ ਦੇਖਿਆ ਨਾ ਤਾਉ ਤੇ ਇਹ ਵੀ ਨਾ ਸੋਚਿਆ ਕਿ ਘਰ ਵਿਚ ਮਨੀ ਇਕੱਲਾ ਜਾਂ ਘਰ ਦਾ ਦਰ ਖੁੱਲ੍ਹਾ, ਨੰਗੇ ਪੈਰੀ ਸਲਾਜੀਤ ਦੇ ਘਰ ਨੂੰ ਭੱਜੀ ਕਿਉਂਕਿ ਉਸਦੇ ਘਰ ਫੋਨ ਸੀ। ਉਸਨੂੰ ਤਾਰੋ ਬਾਰੇ ਦੱਸਿਆ ਤਾਂ ਸਲਾਜੀਤ ਨੇ 999 ਡਾਇਲ ਕਰ ਕੇ ਪੁਲੀਸ ਨੂੰ ਸੱਦ ਲਿਆ। ਪੁਲੀਸ ਆਈ। ਲਾਸ਼ ਲੈ ਗਈ ਤੇ ਤਾਰੋ ਦੇ ਪਤੀ ਨੂੰ ਕੰਮ ਤੋਂ ਜਾ ਲਿਆਂਦਾ।

ਹਰ ਪਾਸੇ ਤਰ੍ਹਾਂ ਤਰ੍ਹਾਂ ਦੀ ਅਫ਼ਵਾਹਾਂ ਫੈਲ ਗਈਆਂ। ਖਾਸ ਕਰ ਕੇ ਆਪਣੀਆਂ ਤੀਵੀਆਂ ਵਿਚ। ਕੋਈ ਕਹਿੰਦੀ, ਤਾਰੋ ਦਾ ਆਦਮੀ ਨਖੱਟੂ ਸੀ। ਘਰ ਦਾ ਕੋਈ ਕੰਮ ਨਹੀਂ ਸੀ ਕਰਦਾ। ਉਹ ਘਰ ਦਾ ਪੇਂਟ ਤੇ ਪੇਪਰ ਵੀ ਆਪੇ ਲਾਉਂਦੀ ਸੀ। ਇੱਥੇ ਤਕ ਕਿ ਸ਼ਾਮ ਨੂੰ ਪੀਣ ਲਈ ਬੀਅਰ ਵੀ ਉਹੀ ਆਪੇ ਲਿਆ ਕੇ ਦਿੰਦੀ ਸੀ। ਤੰਗ ਆਈ ਨੇ ਫਾਹਾ ਲੈ ਲਿਆ।

ਕੋਈ ਕਹਿੰਦੀ, ਉਹਦੇ ਤਿੰਨ ਕੁੜੀਆਂ ਸੀ। ਆਦਮੀ ਮੁੰਡਾ ਚਾਹੁੰਦਾ ਸੀ। ਤਾਰੋ ਹੋਰ ਨਿਆਣਾ ਨਹੀਂ ਸੀ ਚਾਹੁੰਦੀ। ਉਹ ਹੋਰ ਵਿਆਹ ਕਰਵਾਉਣਾ ਲੱਗਾ ਸੀ। ਤਾਂ ਫਾਹਾ ਲੈ ਲਿਆ।

ਪਰ, ਹਫ਼ਤੇ ਕੁ ਬਾਅਦ ਪੁਲੀਸ ਦੀ ਤਫ਼ਤੀਸ਼, ਡਾਕਟਰ ਦੀ ਰਿਪੋਰਟ ਤੇ ਪੋਸਟ ਮਾਰਟਮ ਤੋਂ ਪਤਾ ਚੱਲਿਆ ਕਿ ਉਹ ਗਰਭਵਤੀ ਸੀ। ਉਹ ਗਰਭ ਗਿਰਵਾਉਣ ਲਈ ਡਾਕਟਰ ਕੋਲ ਗਈ ਸੀ। ਕਿਉਂਕਿ ਲਿੰਗ ਟੈਸਟ ਤੋਂ ਪਤਾ ਲੱਗਿਆ ਸੀ ਕਿ ਉਸਦੇ ਗਰਭ ਵਿਚ ਫਿਰ ਕੁੜੀ ਹੈ। ਗੋਰਾ ਡਾਕਟਰ ਰੋਮਨ ਕੈਥੋਲਿਕ ਸੀ। ਗਰਭਪਾਤ ਕਰਨ ਤੋਂ ਇਨਕਾਰ ਕਰ ਦਿੱਤਾ। ਵੱਡੀ ਕੁੜੀ ਪੰਦਰਵੇਂ ਵਰ੍ਹੇ ਵਿਚ ਹੋਣ ਕਰਕੇ ਨਮੋਸ਼ੀ ਦੀ ਮਾਰੀ ਨੇ ਫਾਹਾ ਲੈ ਲਿਆ।

ਤਾਰੋ ਦੀ ਮੌਤ ਨੇ ਪਤਾ ਨਹੀਂ ਕਿਉਂ, ਸੁੱਖੀ ਨੂੰ ਪਰਿਵਾਰ ਨਿਯੋਜਨ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ। ਉਸਨੇ ਸੁੱਖੇ ਨੂੰ ਦੱਸੇ ਬਿਨਾਂ 'ਪਿੱਲ' ਲੈਣ

ਸ਼ੁਰੂ ਕਰ ਦਿੱਤੀ।

ਇਨ੍ਹਾਂ ਹੀ ਦਿਨਾਂ ਵਿਚ ਸ਼ੀਲਾ ਦਾ ਪਰਾਹੁਣਾ ਆਇਆ। ਉਸਦਾ ਵਿਆਹ ਇਵੇਂ ਹੋਇਆ ਜਿਵੇਂ ਬੱਸ ਰਸਮ ਹੀ ਪੂਰੀ ਕੀਤੀ ਗਈ ਹੋਵੇ। ਨਾ ਮੰਗਣੀ ਨਾ ਮਾਂਈਆਂ। ਨਾ ਗਿੱਧਾ ਨਾ ਗੌਣ। ਨਾ ਚਾਅ ਨਾ ਰੌਣਕ। ਨਾ ਲਾਵਾਂ ਨਾ ਫੇਰੇ। ਸਿਰਫ਼ ਗੁਰਦੁਆਰੇ ਜਾ ਕੇ ਲਾਵਾਂ ਪੜ੍ਹਾਈਆਂ। ਉਹ ਵੀ ਸਨਿੱਚਰਵਾਰ ਵਾਲੇ ਦਿਨ। ਦੁਪਹਿਰ ਨੂੰ ਬੰਦਿਆਂ ਪੱਬ ਵਿਚ ਬੈਠ ਕੇ ਬੀਅਰ ਤੇ ਘਰ ਆ ਕੇ ਪੱਕੀ ਦੇ ਦੋ ਦੋ ਹਾੜੇ ਲਾਏ, ਰੋਟੀ ਖਾਧੀ। ਸੌਂ ਗਏ। ਬੱਸ ਵਿਆਹ ਖ਼ਤਮ।

"ਸ਼ਾਇਦ ਬਗਾਨੇ ਦੇਸ ਵਿਚ, ਵਿਆਹ ਦੇ ਬਹੁਤੇ ਪ੍ਰਬੰਧ ਨਾ ਹੋਣ ਕਾਰਨ ਫੁੱਫੜ ਨੇ ਵਿਆਹ ਇਸ ਤਰ੍ਹਾਂ ਦਾ ਕੀਤਾ?" ਸੁੱਖੀ ਸ਼ੀਲਾ ਦੇ ਵਿਆਹ ਤੋਂ ਬਾਅਦ ਕਈ ਦਿਨ ਸੋਚਦੀ ਰਹੀ। ਪਰ, ਕਿਨੇ ਚਿਰ ਬਾਅਦ ਉਸਨੂੰ ਪਤਾ ਲੱਗਿਆ ਕਿ ਭੂਆ ਦੀ ਲੰਕਾ ਵਿਚ ਵਿਆਹ ਦਾ ਵਿਹਾਰ ਬੱਸ ਐਨਾ ਕੁ ਈ ਆ।

ਸਿਆਲ ਦੀ ਇਕ ਸੀਤ ਰਾਤ, ਸੁੱਖਾ ਕਾਮ ਉਤੇਜਤ ਹੋਇਆ ਸੱਖੀ ਨਾਲ ਲਾਡ ਲਡਾ ਰਿਹਾ ਸੀ। ਸੁੱਖੀ ਲਈ ਸੁੱਖੇ ਕੋਲੋਂ ਕਿਸੇ ਗੱਲ ਲਈ ਹਾਂ ਕਰਵਾਉਣ ਲਈ ਇਹ ਸੁਨਹਿਰੀ ਮੌਕਾ ਸੀ। ਉਸਨੇ ਟੈਕਸ ਵਾਲਿਆਂ ਦੀ ਪੁੱਛ-ਗਿੱਛ ਦੇ ਡਰ ਦਾ ਵੇਰਵਾ ਦੇ ਕੇ ਗੱਲ ਛੇੜਦੀ ਨੇ ਕਿਹਾ, "ਸੁੱਖੇ, ਲਗਦਾ ਮੈਂ ਐਥੇ ਆਪਣੇ ਭੈਣ ਭਰਾ ਨਹੀਂ ਮੰਗਵਾ ਸਕਦੀ ਤੇ ਨਾ ਹੀ ਕਿਸੇ ਮੰਗਵਾਉਣ ਦੇਣੇ ਆ। ਆਪਾਂ ਕੈਨੇਡਾ ਕਿਉਂ ਨਾ ਚਲੇ ਚੱਲੀਏ?" ਉਹ ਸੁੱਖੇ ਦੇ ਚੁੰਮਣਾਂ ਚੋਂ ਸਾਹ ਲੈਂਦੀ ਬੋਲੀ, "ਮੈਂ ਸੁਣਿਆਂ ਉੱਥੇ (ਭੈਣ ਭਰਾ ਮੰਗਵਾਉਣ ਦੀ) ਖੁੱਲ੍ਹ ਆ।"

"ਜਾਵਾਂਗੇ ਕਿਸ ਕੋਲ?"

"ਮੇਰੀ ਮਜ਼ਾਰੀ ਵਾਲੀ ਸਹੇਲੀ ਸ਼ਰਨੀ ਜਿਉਂ ਹੈਗੀ ਆ ਉਸ ਕੋਲ।" ਉਹ ਚੁੰਮ ਚੁੰਮ ਦੀ ਆਵਾਜ਼ ਵਿਚ ਰੁਕ ਰੁਕ ਕੇ ਬੋਲੀ, "ਉਹਦੀ ਸੱਸ ਮਨੀ ਨੂੰ ਰੱਖ ਲਿਆ ਕਰੂਗੀ। ਮੈਂ ਕੋਈ ਕੰਮ ਕਰ ਲਊਂਗੀ।"

"ਮੈਂ ਉੱਥੇ ਕੀ (ਕੰਮ) ਕਰੂੰਗਾ।"

"ਜੋ ਐਥੇ।"

"ਐਥੇ ਤਾਂ ਮੈਂ 'ਮ'ਟੀਰੀਅਲ ਹੈਂਡਲਰ' ਲੱਗਿਆਂ।" ਸੁੱਖਾ ਕੁਝ ਇਸ ਤਰ੍ਹਾਂ ਬੋਲਿਆ ਜਿਵੇਂ ਫੋਰਮੈਨ ਲੱਗਿਆ ਹੋਵੇ।

"ਉੱਥੇ ਵੀ ਇਹ ਕਰ ਲਈਂ।"

"ਉੱਥੇ ਤਾਂ ਕਹਿੰਦੇ ਆ ਫੱਟੇ ਖਿੱਚਣ ਤੋਂ ਬਿਨਾਂ ਹੋਰ ਕੋਈ ਕੰਮ ਨਈਂ ਮਿਲਦਾ?"

"ਤਾਂ ਫੱਟੇ ਖਿੱਚ ਲਈਂ।" ਉਹ ਫਿਰ ਰੁਕ ਰੁਕ ਕੇ ਬੋਲੀ, "ਉਹ ਵੀ ਤਾਂ ਮਟੀਰੀਅਲ ਹੈਂਡਲਿੰਗ ਆ।"

"ਨਾ ਮੈਥੋਂ ਨੀ ਫੱਟੇ ਖਿੱਚ ਹੁੰਦੇ। ਮੈਂ ਨੀ ਜਾਣਾ।"

"ਵਿਆਹ ਤੋਂ ਪਹਿਲਾਂ ਤਾਂ ਕਹਿੰਦਾ ਸੀ, "ਜੋ ਕਹੇਂਗੀ, ਕਰੂੰਗਾ"। ਹੁਣ ਕੀ ਹੋਇਆ ?"

"ਹੋਣਾ ਕੀ ਆ। ਉਹ ਤਾਂ ਵਿਆਹ ਕਰਵਾਉਣ ਦੀ.....।"

ਹਾਲੇ ਸੁੱਖੇ ਨੇ, "ਉਹ ਤਾਂ ਵਿਆਹ ਕਰਵਾਉਣ ਦੀ" ਹੀ ਕਿਹਾ ਸੀ ਕਿ ਸੁੱਖੀ ਨੇ ਦੋਹਾਂ ਹੱਥਾਂ ਨਾਲ ਪੂਰਾ ਜ਼ੋਰ ਲਾ ਕੇ ਆਪਣੇ ਆਪ ਨੂੰ ਸੁੱਖੇ ਦੀ ਗਲਵੱਕੜੀ 'ਚੋਂ ਛੁਡਾਇਆ। ਉਸ ਨੂੰ ਪਰੇ ਨੂੰ ਧੱਕਿਆ। ਫਿਰ ਦੋਹਾਂ ਹੱਥਾਂ ਨਾਲ ਲੱਤਾਂ 'ਤੇ ਨਾਈਟੀ ਲਪੇਟੀ। ਆਪਣੇ ਆਪ ਨੂੰ ਸਰੱਖਿਅਤ ਬਣਾਇਆ। ਵੱਖ ਲੈ ਦੂਜੇ ਪਾਸੇ ਨੂੰ ਮੂੰਹ ਕੀਤਾ ਅੱਖਾਂ 'ਤੇ ਬਾਂਹ ਰੱਖੀ ਤੇ ਅੱਖਾਂ ਮੀਟ ਲਈਆਂ।

ਸੁੱਖੇ ਨੇ ਸੁੱਖੀ ਨੂੰ ਮੋਢੇ ਤੋਂ ਫੜ ਕੇ, ਉਸਦਾ ਮੂੰਹ ਆਪਣੇ ਵੱਲ ਨੂੰ ਕਰਨ ਦਾ ਯਤਨ ਕੀਤਾ। ਪਰ ਸੁੱਖੀ ਨੇ ਮੋਢਾ ਮਰੋੜ, "ਮੈਨੂੰ ਨਾ ਛੇੜ" ਦਾ ਸੰਕੇਤ ਕੀਤਾ।

ਸੁੱਖੇ ਨੇ ਪਿੱਛੋਂ ਜੱਫੀ ਪਾਈ ਤਾਂ ਸੁੱਖੀ ਨੇ ਕੂਹਣੀ ਮਾਰ, "ਪਰੇ ਰਹਿ" ਦਾ ਇਸ਼ਾਰਾ ਕਰਦੀ ਬੋਲੀ, "ਕਿਹਾ ਨਾ ਮੇਰਾ ਸਿਰ ਦੁਖਦਾ। ਮੈਨੂੰ ਨਾ ਛੇੜੋ, ਸੌਣ ਦਿਉ।"

"ਆਹ ਹਣੇ ਤਾਂ.....।"

"ਸਿਰ ਵੀ ਤਾਂ ਹੁਣੇ ਦੁੱਖਣ ਲੱਗਾ।"

ਸੁੱਖੀ ਹੁਣ ਸੁੱਖੇ ਨਾਲ, ਦਿਨ ਰਾਤ ਵੱਟੀ ਵੱਟੀ ਰਹਿੰਦੀ। ਉਸਦੇ ਲੰਚ ਲਈ ਸੈਂਡਵਿੱਚ ਵੀ ਨਾ ਬਣਾਉਂਦੀ। ਰਾਤ ਨੂੰ ਛੇਤੀਂ ਰੋਟੀ ਖਾ, ਮਨੀ ਨੂੰ ਲੈ, ਠੰਡ ਦਾ ਬਹਾਨਾ ਬਣਾ, ਬਿਸਤਰੇ ਵਿਚ ਜਾ ਲਿਟਦੀ।

ਇਕ ਦਿਨ ਸ਼ਾਮ ਨੂੰ ਕੈਲਾ ਕੰਮ ਤੋਂ ਆਇਆ। ਉਸਦਾ ਮੂੰਹ ਉਤਰਿਆ ਉਤਰਿਆ ਸੀ। ਪੱਬ ਬੀਅਰ ਪੀਣ ਵੀ ਨਾ ਗਿਆ। ਘਰ ਬੈਠ ਕੇ ਗਲਾਸੀ ਵੀ ਨਾ ਲਾਈ। ਨਹੀਂ ਤਾਂ ਅੱਗੇ ਆਉਂਦੇ ਨੇ ਈ ਮੂੰਹ ਹੱਥ ਧੋਣਾ ਤੇ ਰੱਤੋ ਨੂੰ ਕਹਿਣਾ, "ਜੈਸੀ ਦੀ ਮਾਂ, ਤੂੰ ਹਾ ਰੋਟੀ ਟੁੱਕ ਦਾ ਕਰ ਮੈਂ ਭੱਜ ਕੇ ਗਲਾਸ ਲਾ ਕੇ ਆਇਆ।" ਫਿਰ ਘਰ ਆਕੇ ਚੋਰੀ ਗਲਾਸੀ ਵੀ ਲਾਉਣੀ। ਪਰ, ਅੱਜ, ਕੁਝ ਵੀ ਨਾ ਕੀਤਾ।

ਰੱਤੋ ਦੇ ਵਾਰ ਵਾਰ ਕਹਿਣ 'ਤੇ ਵੀ ਰੋਟੀ ਖਾਣ ਤੋਂ ਇਨਕਾਰ ਕਰਦਾ ਰਿਹਾ। ਅੰਤ ਸੁੱਖੀ ਨੇ ਇਸਰਾਰ ਕਰ ਕੇ ਰੋਟੀ ਨਾ ਖਾਣ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ, "ਅੱਜ ਕੰਮ 'ਤੇ ਰੈਵੀਨਿਊ ਵਾਲੇ ਆਏ ਸੀ। ਪੁੱਛ ਗਿੱਛ ਕਰਨ।"

ਕੈਲੇ ਨੇ ਐਨਾਂ ਕਿਹਾ ਤਾਂ ਸੁੱਖੇ ਦਾ ਮੂੰਹ ਪੀਲਾ ਪੈ ਗਿਆ। ਸ਼ਾਇਦ ਕੈਦ ਤੇ ਜੁਰਮਾਨੇ ਦੇ ਡਰ ਕਾਰਨ। ਰੱਤੋ ਵੀ ਭੈ ਭੀਤ ਹੋ ਗਈ। ਉਸਦੀ ਸ਼ੱਕ ਭਰੀ ਨਜ਼ਰ, ਫੱਟ ਦੇਣੀ ਸੁੱਖੀ 'ਤੇ ਜਾ ਅਟਕੀ। ਸੁੱਖੀ ਜੋ ਉਸ ਵੱਲ ਦੇਖ ਰਹੀ ਸੀ ਤਾੜ ਗਈ ਕਿ ਉਹ ਉਸ 'ਤੇ ਨਾਲਸ਼ ਕਰਨੇ ਦਾ ਇਲਜ਼ਾਮ ਲਾਏਗੀ। ਉਹ ਰੱਤੋ ਦੇ ਬੋਲਣ ਤੋਂ ਪਹਿਲਾਂ ਹੀ ਬੋਲ ਪਈ, "ਕਿਸੇ 'ਤੇ ਸ਼ੱਕ ਕਰਨ ਦੀ ਕੋਈ

ਲੋੜ ਨਹੀਂ, ਨਾ ਫੈਦਾ।"

ਫਿਰ ਕੈਲੇ ਵੱਲ ਮੂੰਹ ਕਰ ਕੇ ਬੋਲੀ, "ਭਾਅ ਜੀ, ਜੋ ਕਿਹਾ ਉਸ 'ਤੇ ਅੜੇ ਰਹੋ। ਕੁਝ ਨਹੀਂ ਹੁੰਦਾ।" ਆਖ ਕੰਡਕਟਰ ਤਰਲੋਚਨ ਦੀ ਕਹਾਣੀ ਸੁਣਾਈ ਤੇ ਕੈਲੇ ਅੱਗੇ ਰੋਟੀ ਲਿਆ ਪਰੋਸੀ।

ਕੈਲੇ ਨੇ ਸੁੱਖੀ ਵੱਲ ਦੇਖਿਆ ਤੇ ਸੁੱਖੀ ਨੇ ਸੁੱਖੇ ਵੱਲ। ਸਭਨਾ ਦੇ ਮੂੰਹ ਉਤਰੇ ਹੋਏ ਸਨ।

ਰਾਤ ਨੂੰ ਨਾ ਸੁੱਖਾ ਸੁੱਤਾ ਨਾ ਸੁੱਖੀ। ਦੋਹਾਂ ਨੂੰ ਨੀਂਦ ਨਹੀਂ ਸੀ ਆ ਰਹੀ। ਕਾਫ਼ੀ ਰਾਤ ਗਏ ਤਕ, ਉਹ ਦੋਵੇਂ ਉਸਲਵੱਟੇ ਲੈਂਦੇ ਰਹੇ। ਅੰਤ ਸੁੱਖੇ ਨੇ ਸੁੱਖੀ ਵੱਲ ਨੂੰ ਪਾਸਾ ਲਿਆ ਤੇ ਬੋਲਿਆ, "ਸੁੱਖੀ, ਤੈਨੂੰ ਪਤਾ, ਕੈਨੇਡਾ ਜਾਣ ਲਈ ਕੀ ਕਰਨਾ?"

"ਕੀ ਕਿਹਾ?" ਸੁੱਖੀ ਨੇ ਕੁਝ ਇਸ ਤਰ੍ਹਾਂ ਪੁੱਛਿਆ ਜਿਵੇਂ ਉਸਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ ਨਾ ਆਇਆ ਹੋਵੇ। ਤਾਂ ਸੁੱਖੇ ਨੇ ਆਪਣਾ ਵਾਕ ਫਿਰ ਦਹੁਰਾਇਆ, "ਤੈਨੂੰ ਪਤਾ, ਕੈਨੇਡਾ ਜਾਣ ਲਈ ਕੀ ਕਰਨਾ?"

"ਆਹੋ।"

"ਤਾਂ ਫੇ ਕੱਲ੍ਹ ਨੂੰ ਕਰਦੇ।"

"ਕੀ!" ਸੁੱਖੀ ਨੇ ਆਖ ਉਸ ਵੱਲ ਪਾਸਾ ਲਿਆ।

"ਆਹੋ।"

ਸੁੱਖੇ ਦੇ ਮੂੰਹੋਂ 'ਆਹੋ' ਸੁਣ ਕੇ ਸੁੱਖੀ ਨੇ, "ਓਹ ਸੁੱਖਿਆ!" ਕਿਹਾ ਤੇ ਰੁੱਖ ਨਾਲ ਲਿਪਟੀ ਵੇਲ ਵਾਂਗ ਉਸ ਨਾਲ ਲਿਪਟ ਗਈ। ਲਿਪਟੀ ਲਿਪਟੀ ਨੇ ਉਸ ਨੂੰ ਕਈ ਵਾਰ ਚੁੰਮਿਆਂ ਤੇ ਕਿੰਨੀ ਦੇਰ ਚੁੰਮਦੀ ਰਹੀ। ਸਾਰੀ ਰਾਤ ਖੁਸ਼ੀ ਵਿਚ ਨਾ ਆਪ ਸੁੱਤੀ ਤੇ ਨਾ ਸੁੱਖੇ ਨੂੰ ਸੌਣ ਦਿੱਤਾ।

ਅਗਲੀ ਸਵੇਰ ਸੁੱਖੀ ਵੱਡੇ ਡਾਕਖਾਨੇ ਗਈ। ਕੈਨੇਡੀਅਨ ਅੰਬੈਸੀ ਦਾ ਪਤਾ ਲਿਆ। ਘਰ ਆ ਕੈਨੇਡਾ ਜਾਣ ਲਈ ਅਰਜ਼ੀ ਲਈ ਚਿੱਠੀ ਪਾਈ। ਫਾਰਮ ਆ ਗਏ। ਭਰੇ। ਭੇਜੇ। ਬਰਮਿੰਘਮ ਡਾਕਟਰੀ ਲਈ ਚਿੱਠੀ ਆ ਗਈ। ਸੁੱਖੀ ਨੇ ਰਾਤ ਨੂੰ ਸੌਣ ਲੱਗੀ ਨੇ ਸੁੱਖੇ ਨੂੰ ਦੱਸਿਆ ਤਾਂ ਉਹ, ਖੁਸ਼ ਹੋਣ ਦੀ ਬਜਾਏ ਭਨ-ਤੜੱਕੇ ਕਰਦਾ ਬੋਲਿਆ, "ਮੈਂ ਕੰਮ ਤੋਂ ਛੁੱਟੀ ਕਿੱਦਾਂ ਲਊਂਗਾ? ਜੇ ਭੂਆ ਤੇ ਭਾਬੀ ਨੂੰ ਪਤਾ ਲੱਗ ਗਿਆ ਤਾਂ ਘਰ 'ਚ ਕਲੇਸ਼ ਪੈ ਜਾਣਾ।"

"ਤੂੰ ਇਸ ਦਾ ਫਿਕਰ ਨਾ ਕਰ।" ਸੁੱਖੀ, ਸੁੱਖੇ ਦਾ ਬਹਾਨਾ ਸੁਣ ਕੇ ਉਸ ਨੂੰ ਸਮਝਾਉਂਦੀ ਬੋਲੀ, "ਮੈਂ ਇਸ ਬਾਰੇ ਪਹਿਲਾਂ ਹੀ ਸੋਚ ਰੱਖਿਆ। ਡਾਕਟਰੀ ਵਾਲੇ ਦਿਨ, ਘਰ ਤਾਂ ਕਿਸੇ ਹੋਣਾ ਨਈਂ। ਤੂੰ ਕੰਮ 'ਤੇ ਜਾਈਂ। ਠੀਕ ਨਾ ਹੋਣ ਦਾ ਬਹਾਨਾ ਕਰ ਕੇ ਮੁੜ ਆਈਂ। ਘਰੋਂ ਤਿਆਰ ਹੋ ਕੇ ਆਪਾਂ ਬਰਮਿੰਘਮ ਡਾਕਟਰੀ ਕਰਵਾ ਕੇ ਨਿਆਣਿਆਂ ਦੇ ਆਉਣ ਤੋਂ ਪਹਿਲਾਂ ਪਹਿਲਾਂ ਘਰ ਆ ਜਾਵਾਂਗੇ। ਕਿਸੇ ਨੂੰ ਕੀ ਪਤਾ ਲੱਗਣਾ।"

"ਪਰ ਦੂਜੇ ਦਿਨ ਡਾਕਟਰ ਦਾ ਨੋਟ ਵੀ ਤਾਂ ਚਾਹੀਦਾ ਕੰਮ 'ਤੇ ਜਾਣ

ਲਈ।"

"ਉਹ ਤੂੰ ਸ਼ਾਮ ਨੂੰ ਜਾ ਕੇ ਲੈ ਆਈਂ।" ਸੁੱਖੀ ਬੋਲੀ, "ਡਾਕਟਰ ਨੇ ਕਿਹੜੀ ਨਾਂਹ ਕਰਨੀ ਆਂ।"

ਡਾਕਟਰੀ ਵਾਲੇ ਦਿਨ ਉਨ੍ਹਾਂ ਨੇ ਇਵੇਂ ਹੀ ਕੀਤਾ। ਕਿਸੇ ਨੂੰ ਕੰਨੋ ਕੰਨ ਖ਼ਬਰ ਨਾ ਹੋਈ।

ਕੈਨੇਡੀਅਨ ਕੌਂਸਲਰ ਨਾਲ ਆਪਣੀ ਕੰਮ ਚਲਾਊ ਅੰਗਰੇਜ਼ੀ ਵਿਚ ਸੁੱਖੀ ਇਨਟਰਵਿਊ ਵੀ ਕਰ ਆਈ। ਕੌਂਸਲਰ ਦੇ ਪੁੱਛਣ 'ਤੇ, "ਇਜ਼ ਸ਼ਰਨਜੀਤ ਯੂਅਰ ਫ਼ਰਸਟ ਔਰ ਸੈਕੰਡ ਕਜ਼ਨ?" ਤਾਂ ਸੁੱਖੀ ਉਸਨੂੰ ਆਪਣੀ ਸਕੀ ਮਾਸੀ ਦੀ ਕੁੜੀ ਦੱਸ ਆਈ। ਤੇ ਘਰ ਆ ਕੇ ਸ਼ਰਨੀ ਨੂੰ ਆਗਾਹ ਕਰਨ ਲਈ ਚਿੱਠੀ ਵੀ ਪਾ ਦਿੱਤੀ।

ਬਹਾਰ ਦਾ ਪਹਿਲਾ ਦਿਨ। ਮਨੀ ਦਾ ਜਨਮ ਦਿਨ। ਕਿਸੇ ਦੇ ਚਿੱਤ ਨਾ ਚੇਤੇ। ਨਾ ਸੁੱਖੇ ਨੂੰ ਯਾਦ ਨਾ ਸੁੱਖੀ ਨੂੰ। ਪਰ ਉਸ ਦਿਨ, ਸੁੱਖੀ ਦੇ ਜੀਵਨ ਵਿਚ ਇਕ ਨਵੀਂ ਬਸੰਤ ਮੌਲੀ। ਉਸ ਦਿਨ ਵੀਜ਼ੇ ਦੇ ਕਾਗਜ਼ ਘਰ ਆ ਗਏ। ਸੁੱਖੀ, ਗੁਲਾਬੀ ਵੀਜ਼ੇ ਦੇ ਕਾਗਜ਼ਾਂ ਨੂੰ ਦੇਖ ਦੇਖ ਖੁਸ਼ ਹੁੰਦੀ। ਘਰ 'ਚ ਪੈਲਾਂ ਪਾਉਂਦੀ ਫਿਰਦੀ ਦਾ ਧਰਤੀ ਨਾਲ ਪੈਰ ਨਾ ਲਗਦਾ। ਕਦੀ ਮਨੀ ਨੂੰ ਚੁੱਕ ਕੇ ਉਛਾਲਦੀ। ਕਦੀ ਚੁੰਮਦੀ ਤੇ ਕਦੀ, ਘੁੱਟ ਘੁੱਟ ਛਾਤੀ ਨੂੰ ਲਾਉਂਦੀ। ਸ਼ਾਮ ਨੂੰ, ਸੁੱਖੇ ਨੂੰ ਦੱਸਣ ਲਈ ਉਤਾਵਲੀ ਹੋਈ ਫਿਰਦੀ। ਕਦੀ ਘੜੀ ਵੱਲ ਦੇਖਦੀ ਕਦੀ ਤਾਕੀ ਥਾਣੀ ਬਾਹਰ ਪਿਛਲੇ ਫਾਟਕ ਵੱਲ ਜਿੱਧਰ ਦੀਂ ਸੁੱਖਾ ਘਰ ਵਿਚ ਦਾਖਲ ਹੁੰਦਾ ਸੀ। ਉਹ ਇਕ ਦੋ ਵਾਰ ਤਾਂ ਫਾਟਕ ਤਕ ਵੀ ਜਾ ਆਈ।

ਪੰਜ ਕੁ ਵਜੇ ਦੇ ਕਰੀਬ, ਜਦੋਂ ਜਠਾਣੀ ਦੇ ਨਿਆਣੇ ਟੀ.ਵੀ. ਦੇਖ ਰਹੇ ਸੀ ਤੇ ਜਠਾਣੀ, ਕਿਸੇ ਕਾਰਨ ਹਾਲੇ ਘਰ ਨਹੀਂ ਸੀ ਆਈ, ਸੁੱਖੀ ਫੈਮਲੀ ਰੂਮ ਦੀ ਤਾਕੀ ਥਾਣੀ ਪਿਛਲੇ ਗੇਟ ਨੂੰ ਦੇਖ ਰਹੀ ਸੀ। ਅਚਾਨਕ ਅਗਲਾ ਦਰ ਖੁੱਲ੍ਹਣ ਦਾ ਖੜਾਕ ਹੋਇਆ। ਸੁੱਖੀ ਨੇ ਭੱਜ ਕੇ ਹਾਲ ਵੇ ਦਾ ਦਰ ਖੋਲ੍ਹਿਆ। ਅਗਲੇ ਦਰਵਾਜ਼ੇ ਵੱਲ ਦੇਖਿਆ। ਸੁੱਖਾ ਦਰ ਬੰਦ ਕਰ ਰਿਹਾ ਸੀ।

ਉਸ ਨੇ ਸੁੱਖੇ ਨੂੰ ਦੇਖ ਫੱਟ ਦੇਣੀ ਪਿੱਛੇ ਦਰ ਬੰਦ ਕੀਤਾ, ਭੱਜ ਕੇ ਸੁੱਖੇ ਕੋਲ ਗਈ ਤੇ ਪਿੱਛੋਂ ਜੱਫੀ ਪਾ ਕੇ ਬੋਲੀ, "ਮੈਂ ਤੈਨੂੰ ਇਕ ਖੁਸ਼ਖ਼ਬਰੀ ਦੇਣੀ ਆਂ। ਮੇਰੇ ਨਾਲ ਕਮਰੇ ਨੂੰ ਚੱਲ।"

ਕਮਰੇ ਵਿਚ ਜਾ ਕੇ ਜਦੋਂ ਉਸਨੇ ਵੀਜ਼ੇ ਦਿਖਾਏ ਤਾਂ ਦੋਵੇਂ ਬਹੁਤ ਖ਼ੁਸ਼ ਹੋਏ। ਇਕ ਦੂਜੇ ਨੂੰ ਘੁੱਟ ਘੁੱਟ ਜੱਫੀਆਂ ਪਾਈਆਂ। ਪਰ, ਅਗਲੇ ਹੀ ਪਲ, ਜਾਣ ਲਈ ਕਰਾਏ ਦੇ ਮਸਲੇ ਦਾ ਕਾਲਾ ਦੈਂਤ ਸਾਹਮਣੇ ਆ ਖੜ੍ਹਾ ਹੋਇਆ।

ਕਾਫੀ ਦੇਰ ਸੋਚਣ ਤੋਂ ਬਾਅਦ ਸੁੱਖੀ ਬੋਲੀ, "ਕਿਉਂ ਨਾ ਆਪਾਂ ਕੈਲੇ ਭਾਅ ਨੂੰ ਸਾਫ ਸਾਫ ਦੱਸ ਕੇ ਘਰ ਦਾ ਅੱਧ ਮੰਗ ਲਈਏ?"

"ਜੇ ਭਾਅ ਨੇ (ਅੱਧ ਦੇਣ ਤੋਂ) ਨਾਂਹ ਕਰ ਦਿੱਤੀ ਤਾਂ?"

"ਤਾਂ ਫੇ ਕੋਈ ਹੋਰ ਰਾਹ ਸੋਚਾਂਗੇ।" ਸੁੱਖੀ ਬੋਲੀ, "ਨਾਲੇ ਅਸੀ ਕਿਹੜੀ

ਖੈਰਾਤ ਮੰਗਣੀ ਆਂ, ਆਪਣਾ ਈ ਅੱਧ ਲੈਣਾ।"

"ਉਹ ਕਿਹੜਾ ਬਹੁਤਾ ਆ ਬਿਆਨੇ ਦਾ ਈ ਅੱਧ ਹੋਣਾ।"

"ਚੱਲ ਜਿੰਨੇ ਵੀ ਆ।" ਉਹ ਰੁਕ ਕੇ ਬੋਲੀ, "ਮੈਂ ਪਹਿਲਾਂ ਸਿੰਧੀ ਕੋਲੋਂ ਟਿਕਟਾਂ ਦਾ ਪਤਾ ਕਰਦੀ ਆਂ ਫੇ ਭਾਅ ਜੀ ਨਾਲ ਗੱਲ ਕਰਾਂਗੇ।"

ਅਗਲੇ ਦਿਨ ਰਾਤ ਦੀ ਰੋਟੀ ਤੋਂ ਬਾਅਦ ਜਦੋਂ ਪਲ ਕੁ ਲਈ ਸਾਰੇ ਜੀਅ ਇਕੱਠੇ ਬੈਠੇ ਸੀ ਤਾਂ ਸੁੱਖੀ ਨੇ ਕੈਲੇ ਨੂੰ ਕਿਹਾ, "ਭਾਅ ਜੀ, ਮੈਂ ਤੁਹਾਨੂੰ ਇਕ ਖੁਸ਼ਖ਼ਬਰੀ ਦੱਸਣੀ ਆਂ।"

"ਕਿਉਂ, ਫੇਰ ਹੋਣ ਵਾਲਾ?" ਰੱਤੋ ਨੇ ਹੱਸ ਕੇ ਕਿਹਾ।

"ਨਈਂ।" ਸੁੱਖੀ ਰੱਤੋ ਵੱਲ ਬਿਨਾਂ ਦੇਖਿਆਂ ਬੋਲੀ, "ਸਾਨੂੰ ਕੈਨੇਡਾ ਦਾ ਵੀਜ਼ਾ ਮਿਲ ਗਿਆ।" ਸੁੱਖੀ ਨੇ ਸੁੱਖੇ ਵੱਲ ਹੱਥ ਕੀਤਾ। "ਸਾਨੂੰ ਸਿਰਫ਼ ਜਾਣ ਲਈ ਇਕ ਪਾਸੇ ਦਾ ਕਰਾਇਆ ਚਾਹੀਦਾ।"

ਰੱਤੋ, ਸੁੱਖੀ ਦੇ ਮੂੰਹੋਂ, ਕੈਨੇਡਾ ਜਾਣ ਦਾ ਸੁਣ ਕੇ ਏਨੀ ਹੈਰਾਨ ਹੋਈ ਕਿ ਉਸਦਾ ਮੂੰਹ ਉਤਰ ਗਿਆ। ਉਤਰੇ ਮੂੰਹ ਅਤੇ ਈਰਖਾ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਣ ਲੱਗ ਪਈ। ਫਿਰ ਪਤਾ ਨਹੀਂ ਮਨ ਵਿਚ ਕੀ ਆਇਆ ਤਾਂ ਢਿੱਲੇ ਜਿਹੇ ਮੂੰਹ ਨਾਲ, "ਵਧਾਈਆਂ" ਆਖ ਬੋਲੀ, "ਚਲੋਅ ਚੰਗਾ, ਤੁਹਾਡੇ ਪਿੱਛੇ ਸਾਡਾ ਵੀ ਕੋਈ ਆਊ।" ਆਖ ਆਪਣੇ ਨਿਆਣਿਆਂ ਵੱਲ ਦੇਖਿਆ।

"ਆਹ ਤਾਂ ਬਹੁਤ ਖੁਸ਼ੀ ਦੀ ਗੱਲ ਆ।" ਕੈਲੇ ਨੇ ਵਧਾਈਆਂ ਦੇ ਕੇ ਕਿਹਾ ਤੇ ਪੁੱਛਿਆ, "ਕਿੰਨੇ ਕੁ ਚਾਹੀਦੇ ਆ?"

"ਇਹੀ ਕੋਈ ਪੰਜ ਸੱਤ ਸੌ ਪੌਂਡ।" ਸੁੱਖੀ ਨੇ ਕਿਹਾ, "ਕਰਾਇਆ ਤਾਂ ਬਹੁਤਾ ਨਈਂ ਪਰ, ਕੋਲ ਵੀ ਤਾਂ ਕੁਝ ਚਾਹੀਦਾ ਜਿੰਨਾ ਚਿਰ ਜਾ ਕੇ ਕੋਈ ਕੰਮ ਨਈਂ ਮਿਲਦਾ।"

"ਐਨੇ ਤਾਂ ਸ਼ੈਦ (ਸ਼ਾਇਦ) ਤੁਹਾਡੇ ਨਾ ਨਿਕਲਣ।"

"ਜਿੰਨੇ ਨਿਕਲਦੇ ਉੱਨੇ ਦੇ ਦਿਓ। ਬਾਕੀ ਦੇ ਮੈਂ ਤਰਸੇਮ ਜਾਂ ਸਿੰਧੀ ਕੋਲੋਂ ਲੈ ਲਉਂਗੀ।" ਉਹ ਰੁਕ ਕੇ ਬੋਲੀ, "ਜਦੋਂ ਹੋਣਗੇ ਦੇ ਦਿਉਂਗੀ।"

ਸਿੰਧੀ ਤੇ ਤਰਸੇਮ ਦਾ ਨਾਂ ਸੁਣ ਕੇ ਕੈਲਾ ਭਾਪ ਗਿਆ ਕਿ ਸੁੱਖੀ ਨੇ ਉਸ ਤੋਂ ਆਪਣਾ ਹਿੱਸਾ ਲੈਣ ਦੇ ਸਾਰੇ ਰਾਹ ਘੋਖ ਲਏ ਆ। ਉਸਨੂੰ ਪਤਾ ਸੀ ਕਿ ਸਿੰਧੀ, ਜਦੋਂ ਇੰਡੀਆ ਪੈਸੇ ਭੇਜੋ ਤਾਂ ਕਿੱਦਾਂ ਦਾ ਵਿਹਾਰ ਕਰਦਾ ਤੇ ਜਦੋਂ ਕਰਜ਼ਾ ਲਓ ਤਾਂ ਕਿਵੇਂ ਦਿੰਦਾ। ਕਿੰਨਾਂ ਵਿਆਜ ਲਾਉਂਦਾ ਤੇ ਪੈਸੇ ਦੇਣ ਤੋਂ ਪਹਿਲਾਂ ਕੀ ਕੀ ਲਿਖਵਾਉਂਦਾ। ਨੰਗਲੀਏ ਤਰਸੇਮ ਨੇ ਸਿੰਧੀ ਨਾਲ ਰਲ਼ ਕੇ ਲੋਕਾਂ ਤੋਂ ਘਰ ਲਿਖਵਾ ਲਿਖਵਾ, ਇੰਡੀਆਂ ਤੇ ਇੱਥੇ, ਕਿੰਨੀਆਂ ਜਾਇਦਾਦਾਂ ਬਣਾਈਆਂ।

ਲਿਖਵਾਉਣ ਦਾ ਖਿਆਲ ਆਉਂਦੇ ਹੀ ਕੈਲਾ ਬੋਲਿਆ, "ਕਿਤੇ ਕੁਝ ਲਿਖਕੇ ਤਾਂ ਨਈਂ ਦੇ ਆਈ?"

"ਨਈਂ ਭਾਅ ਜੀ, ਹਾਲੇ ਤਾਂ ਟਿਕਟਾਂ ਨੂੰ ਕਿਹਾ।" ਸੁੱਖੀ ਨੇ ਕੈਲੇ ਦਾ ਰਉਂ ਦੇਖਦੀ ਨੇ ਕਿਹਾ, "ਨਾਲੇ ਭਾਅ ਜੀ, ਤੁਹਾਡੇ ਪੁੱਛੇ ਬਿਨਾ।" ਆਖ ਰੱਤੋ

ਵੱਲ ਦੇਖਿਆ ਜੋ ਪਹਿਲਾਂ ਹੀ ਉਸ ਵੱਲ ਦੇਖ ਰਹੀ ਸੀ।

"ਤੁਸੀਂ ਕਿੱਦਣ ਜਾਣਾਂ?" ਕੈਲੇ ਨੇ ਸੁੱਖੀ ਦਾ ਜਵਾਬ ਸੁਣ ਕੇ ਸੌਖਾ ਜਿਹਾ ਸਾਹ ਲੈਂਦੇ ਨੇ ਪੁੱਛਿਆ।

"ਜਿੱਦਣ ਦੀਆਂ ਟਿਕਟਾਂ ਮਿਲੀਆਂ।"

"ਫਿਰ ਵੀ?" "ਅੰਦਾਜਣ।"

"ਅਗਲੇ ਹਫ਼ਤੇ ਤੋਂ ਬਾਅਦ।"

ਸੁੱਖੀ ਤੇ ਸੁੱਖਾ, ਵੈਨਕੂਵਰ ਏਅਰ ਪੋਰਟ 'ਤੇ ਉਤਰੇ। ਸੁੱਖੀ ਮਨੀ ਨੂੰ ਤੇ ਸੁੱਖਾ ਦੋ ਹੈਂਡ ਬੈਗ ਚੁੱਕੀ ਆਪਣੀ ਵਾਰੀ ਸਿਰ ਕੈਨੇਡੀਅਨ ਇੰਮੀਗ੍ਰੇਸ਼ਨ ਅਫ਼ਸਰ ਸਾਹਮਣੇ ਆਏ। ਸੁੱਖੀ ਨੇ ਆਪਣੇ ਪਾਸਪੋਰਟ ਤੇ ਵੀਜ਼ੇ ਦੇ ਕਾਗਜ਼ ਡਰਦੀ ਡਰਦੀ ਨੇ ਅਫ਼ਸਰ ਨੂੰ ਫੜਾਏ। ਅਫ਼ਸਰ ਨੇ ਜਦੋਂ ਵੀਜ਼ੇ ਦੇ ਕਾਗਜ਼ ਦੇਖੇ ਤਾਂ, "ਵੈਲਕਮ ਟੂ ਕੈਨੇਡਾ।" ਕਿਹਾ ਤਾਂ ਸੁੱਖੀ ਬਹੁਤ ਖੁਸ਼ ਹੋਈ। ਉਸਦੇ ਮਨ ਦਾ, "ਪਤਾ ਨਈਂ ਇੱਥੇ ਕੀ ਹੋਣਾ? ਕਿਤੇ ਪਿੱਛੇ ਨੂੰ ਨਾ ਮੋੜ ਦੇਣ।" ਦਾ ਤੌਖਲਾ ਤੇ ਡਰ ਪਤਾ ਨਹੀਂ ਕਿੱਥੇ ਉੱਡ ਗਿਆ। ਸੁੱਖੀ ਨੇ ਖੁਸ਼ ਹੋ ਕੇ ਉਸਨੂੰ "ਥੈਂਕ ਯੂ" ਕਿਹਾ। ਉਸਦੇ, "ਨਾਲ ਕੀ ਲਿਆਂਦਾ? ਕੀ ਪਿੱਛੇ ਕੁੱਛ ਆ ਰਿਹਾ? ਆਦਿ ਸਵਾਲਾਂ ਦੇ ਜਵਾਬ ਸਾਫ਼ ਸਾਫ਼ ਦੇ ਜਦੋਂ ਉਸ ਨੇ 'ਪੋਰਟ ਔਫ਼ ਐਂਟਰੀ' ਦੀ ਮੋਹਰ ਲਾ ਦਸਤਖ਼ਤ ਕਰ ਕੇ ਪਾਸਪੋਰਟ ਤੇ ਵੀਜ਼ੇ ਦੇ ਕਾਗਜ਼ ਉਸ ਨੂੰ ਵਾਪਸ ਫੜਾਏ ਤਾਂ ਸੁੱਖੀ ਨੇ ਕੰਬਦੀ ਆਵਾਜ਼ ਵਿਚ ਫਿਰ ਉਸ ਨੂੰ 'ਥੈਂਕ ਯੂ' ਕਿਹਾ। ਆਪਣਾ ਸਾਮਾਨ ਕੈਰਾਸੋਲ ਤੋਂ ਲਿਆ, ਕਸਟਮ ਵਿੱਚੀਂ ਲੰਘ ਲਾਉਂਜ ਵਿਚ ਆ ਗਏ।

ਸੁੱਖੀ ਲਾਉਂਜ ਵਿਚ ਆ ਕੇ ਸ਼ਰਨੀ ਨੂੰ ਟੋਲ੍ਹਣ ਲੱਗ ਪਈ। ਜਦੋਂ ਉਸਨੂੰ ਸ਼ਰਨੀ ਕਿਤੇ ਨਜ਼ਰ ਨਾ ਆਈ ਤਾਂ ਉਹ ਘਬਰਾਈ। ਮੂੰਹ ਉਤਰ ਗਿਆ। ਮਨ ਵਿਚ ਇਕ ਸੋਚ ਨੇ ਜਨਮ ਲਿਆ, "ਹੁਣ ਅਸੀਂ ਕਿੱਥੇ ਜਾਵਾਂਗੇ? ਬਗਾਨਾ ਦੇਸ। ਨਾ ਜਾਣ ਨਾ ਪਛਾਣ।" ਉਹ ਡੈਂਬਰਿਆਂ ਵਾਂਗ ਐਧਰ ਉੱਧਰ ਦੇਖਣ ਲੱਗ ਪਈ। ਜਦੋਂ ਉਹ ਐਧਰ ਔਧਰ ਦੇਖ ਰਹੀ ਸੀ ਤਾਂ ਅਚਾਨਕ ਪੈਂਟ ਨਾਲ ਪੋਲੋਅ ਨੈੱਕ ਦਾ ਗਰਮ ਸਵੈਟਰ ਪਾਈ ਇਕ ਪਟਿਆਂ ਵਾਲੀ ਔਰਤ ਨੇ ਆ ਕੇ ਉਸ ਨੂੰ ਜੱਫੀ ਪਾ ਲਈ ਤੇ ਬੋਲੀ, "ਆ ਗਈ ਮੇਰੀ ਮਸੇਰਨੀ। ਨਈਂ ਰਹਿ ਹੋਇਆ ਨਾ ਮੇਰੇ ਬਿਨਾ।"

ਪਹਿਲਾਂ ਤਾਂ ਸੁੱਖੀ ਘਬਰਾਈ। ਫਿਰ ਉਸਦਾ ਬੋਲ ਸਿਆਣ, ਹੱਥਾਂ ਦਾ ਸਾਮਾਨ ਫਰਸ਼ 'ਤੇ ਬਿਨਾਂ ਟਿਕਾਇਆਂ ਰੱਖ, ਉਸਨੂੰ ਗਰਮਜੋਸ਼ੀ ਨਾਲ ਜੱਫੀ ਪਾ ਲਈ। ਭਾਵੇਂ ਉਸ ਨੇ ਆਪ ਵੀ ਪੈਂਟ ਸੂਟ ਨਾਲ ਵਾਲਾਂ ਦਾ ਜੂੜਾ ਕੀਤਾ ਹੋਇਆ ਸੀ ਪਰ ਸ਼ਰਨੀ ਦੇ ਪਟੇ ਉਸ ਲਈ ਇਕ ਖਿੱਚ ਦਾ ਕਾਰਨ ਬਣੀ ਜਾ ਰਹੇ ਸੀ। ਉਹ ਉਸ ਵੱਲ ਦੇਖ ਦੇਖ ਹੈਰਾਨ ਹੋ ਰਹੀ ਸੀ। ਇਕ ਵਾਰ ਤਾਂ ਮਨ ਵਿਚ ਕਿਹਾ, "ਕੀ ਇਹ ਉਹੀ ਸ਼ਰਨੀ ਆਂ ਜੋ ਕਾਲਜ ਨੂੰ ਸਰ੍ਹੋਂ ਦੇ ਤੇਲ ਨਾਲ ਚੋਪੜੇ ਵਾਲਾਂ ਦੀਆਂ ਪੱਟੀਆਂ ਬਣਾ ਕੇ ਜਾਂਦੀ ਹੁੰਦੀ ਸੀ?"

ਫਿਰ ਸੁੱਖੀ ਨੇ ਸੁੱਖੇ ਤੇ ਸ਼ਰਨੀ ਨੇ ਨਿਰੰਜਣ ਦੀ ਇਕ ਦੂਜੇ ਨਾਲ ਜਾਣ-ਪਛਾਣ ਕਰਵਾਈ। ਸ਼ਰਨੀ ਨੇ ਸੁੱਖੀ ਦਾ ਸਾਮਾਨ ਚੁੱਕਿਆ ਤੇ ਨਿਰੰਜਣ ਨੇ ਸੁੱਖੇ ਦਾ ਤੇ ਕਾਰ ਪਾਰਕ ਵੱਲ ਨੂੰ ਤੁਰ ਪਏ। ਉਨ੍ਹਾਂ ਦਾ ਰੌਲਾ ਸੁਣ ਕੇ ਮਨਤੀਸ਼ਵਰ, ਜੋ ਦੇਰ ਦਾ ਸੁੱਖੇ ਦੇ ਮੋਢੇ ਲੱਗਾ ਸੁੱਤਾ ਪਿਆ ਸੀ ਜਾਗ ਪਿਆ। ਸ਼ਰਨੀ ਨੇ ਮਨੀ ਨੂੰ ਸੁੱਖੇ ਕੋਲੋਂ ਲਿਆ, ਉਸਨੂੰ ਵਰਾਉਣ ਲਈ " ਲਾ ਲਾ ਲਾ ਲਾ" ਬੱਚਿਆਂ ਵਾਲੀਆਂ ਗੱਲਾਂ ਕਰਦੀ ਨੇ ਮੂੰਹ ਚੁੰਮਿਆਂ ਤੇ ਬੋਲੀ, "ਨੀ ਇਹ ਤਾਂ ਨਿਰਾ.....।" ਸ਼ਰਨੀ ਬੋਲਦੀ ਬੋਲਦੀ ਚੁੱਪ ਕਰ ਗਈ।

ਜਦੋਂ ਸ਼ਰਨੀ ਬੋਲਦੀ ਬੋਲਦੀ ਅਚਾਨਕ ਚੁੱਪ ਕਰ ਗਈ ਤਾਂ ਸੁੱਖੀ ਨੇ ਇਕ ਦਮ ਉਸ ਵੱਲ ਦੇਖਿਆ। ਦਿਮਾਗ ਵਿਚ, ਭੂਆ ਦੇ ਦੱਸੇ ਆਪਣੀ ਜਿਠਾਣੀ ਦੇ ਬੋਲ, "ਤੇਰਾ ਬੋਈ ਵੀ ਬੇਗੇ ਦਾ ਈ ਆ।" ਗੂੰਜੇ। ਉਸਦਾ ਸਾਹ ਰੁਕ ਗਿਆ। ਇੰਨੇ ਵਿਚ ਸ਼ਰਨੀ ਨੇ ਮਨੀ ਨੂੰ ਘੋਖਵੀਆਂ ਅੱਖਾਂ ਨਾਲ ਦੇਖਦੀ ਨੇ ਕਿਹਾ, "ਪਿਉ ਵਰਗਾ" ਤਾਂ ਸੁੱਖੀ ਦੇ ਸਾਹ ਵਿਚ ਸਾਹ ਆਇਆ।

ਕਾਰ ਪਾਰਕ ਵਿਚ ਪਹੁੰਚ, ਜਦੋਂ ਉਹ ਸਾਮਾਨ ਕਾਰ ਵਿਚ ਰੱਖ ਰਹੇ ਸੀ ਤਾਂ ਸੁੱਖੀ ਤੇ ਸੁੱਖੇ ਦੀ ਨਜ਼ਰ, ਵੈਨਕੂਵਰ ਸ਼ਹਿਰ ਵੱਲ ਗਈ। ਦੋਵੇਂ, ਵੈਨਕੂਵਰ ਦੀ ਸੁੰਦਰਤਾ ਦੇਖ ਦੰਗ ਰਹਿ ਗਏ। ਬਸੰਤ ਰੁੱਤ ਦੀ ਸੁਨਿਹਰੀ ਸੁਨਿਹਰੀ ਧੁੱਪ ਵਿਚ ਨੀਲੇ ਨੀਲੇ ਪਹਾੜ। ਉੱਪਰ ਨੀਲੇ ਆਕਾਸ਼ ਵਿਚ ਦੁੱਧ ਚਿੱਟੇ ਤੇ ਬੱਗੇ ਤੈਰਦੇ ਬੱਦਲ ਜਿਵੇਂ, ਨੀਲ ਕੰਵਲ 'ਤੇ ਭੌਰੇ ਤੇ ਤਿੱਤਲੀਆਂ ਮੰਡਲਾਂਦੀਆਂ ਹੋਣ। ਨਿਰੰਜਣ ਉਨ੍ਹਾਂ ਨੂੰ ਪਹਾੜਾਂ ਵੱਲ ਤਕਦੇ ਦੇਖ, ਪਹਾੜਾਂ ਵੱਲ ਹੱਥ ਕਰਦਾ ਬੋਲਿਆ, "ਆਹ ਸਿਰੇ ਵਾਲਾ, ਸਦੀਆਂ ਤੋਂ ਸ਼ਾਂਤ ਹੋਇਆ ਜਵਾਲਾਮੁਖੀ ਸਾਈਪਰਿਸ ਬਾਉਲ ਹੈ। ਆਹ ਵਿਚਕਾਰਲਾ ਗਰਾਊਸ ਤੇ ਔਹ ਸਿਰੇ ਵਾਲਾ ਸੀਮੋਰ।" "ਤੇ ਔਹ ਇਸ ਦੇ ਥੱਲੇ ਛੋਟਾ ਜਿਹਾ ਬਰਨਬੀ ਮਾਉਂਟੇਨ ਆ।" ਉਹ ਰਕ ਕੇ ਬੋਲਿਆ।

ਹਰ ਪਾਸੇ ਹਰਿਆਵਲ ਹੀ ਹਰਿਆਵਲ, ਤਰੋ-ਤਾਜ਼ਾ-ਹਵਾ ਤੇ ਫੁੱਲਾਂ ਲੱਦੇ ਮੌਲਦੇ ਰੁੱਖ ਦੇਖ ਕੇ ਸੁੱਖੀ ਨੂੰ ਛਿਨ ਭਰ ਲਈ ਪਿੰਡ ਚੇਤੇ ਆ ਗਿਆ। ਪਿੰਡ ਨਾਲ ਮਨ 'ਚ ਉਸਾਰੀ ਆਪਣੀ ਲੰਕਾ। ਤਾਂ ਉਸ ਨੇ ਚਿੱਤ ਵਿਚ ਕਿਹਾ, "ਲਗਦਾ, ਇਹੀ ਮੇਰੀ ਕਰਮ ਭੂਮੀ ਦਾ ਥਾਂ ਹੈ।"

ਜਦੋਂ ਕਾਰ ਆਰਥਰ ਲੈਂਗ ਪੁਲ਼ 'ਤੇ ਗਈ ਤਾਂ ਸ਼ਰਨੀ, ਸੁੱਖੀ ਦਾ ਧਿਆਨ ਸੱਜੇ ਪਾਸੇ ਕਰਵਾਉਂਦੀ ਬੋਲੀ, "ਸੁੱਖੀ, ਹਾਅ ਸਾਹਮਣੇ ਅਮਰੀਕਾ ਦਾ ਜਵਾਲਾਮੁਖੀ ਮਾਉਂਟ ਬੇਕਰ ਆ।"

"ਹੈਂ! ਅਮਰੀਕਾ ਐਨਾ ਨੇੜੇ!"

"ਤੇ ਹੋਰ ਕੀ।" ਸ਼ਰਨੀ ਬੋਲੀ, "ਆਹ ਤੇਤੀ ਮੀਲ ਤਾਂ ਸਾਰਾ ਬਾਡਰ ਆ।"

"ਅੱਛਾ!"

"ਆਉਣ ਜਾਣ ਦੀ ਖੁੱਲ੍ਹ। ਨਾ ਵੀਜ਼ਾ ਨਾ ਪਾਸਪੋਰਟ।" "ਅਸੀਂ ਤਾਂ

ਵੀਕਐਂਡ ਨੂੰ ਗੈਸ ਤੇ ਗਰੌਸਰੀ ਉੱਥੋਂ ਲੈਣ ਜਾਈਦਾ। ਸੈਰ ਦੀ ਸੈਰ, ਬੱਚਤ ਦੀ ਬੱਚਤ।" "ਆਉਂਦੇ ਵੀਕਐਂਡ ਤੈਨੂੰ ਵੀ ਲੈ ਕੇ ਚਲੂੰਗੀ।"

"ਕੀ ਤੂੰ ਕਾਰ?" ਸੁੱਖੀ ਨੇ ਕਾਰ ਦੇ ਸਟੇਰਿੰਗ ਵੱਲ ਹੱਥ ਕਰਦੀ ਨੇ ਕਿਹਾ।

"ਇੱਥੇ ਤਾਂ ਇਹ ਤੋਂ ਬਿਨਾਂ ਸਰਦਾ ਈ ਨਈਂ।" ਸ਼ਰਨੀ ਨੇ ਸੀਟ ਨੂੰ ਹੱਥ ਲਾਉਂਦੇ ਨੇ ਕਿਹਾ।

ਹਾਲੇ ਉਹ ਅਮਰੀਕਾ ਤੇ ਕਾਰ ਬਾਰੇ ਗੱਲਾਂ ਕਰ ਹੀ ਰਹੀਆਂ ਸਨ ਕਿ ਉਨ੍ਹਾਂ ਦਾ ਘਰ ਆ ਗਿਆ। ਸ਼ਰਨੀ ਹੁਣਾਂ ਦਾ ਘਰ ਸ਼ਹਿਰ ਦੇ ਵੱਡੇ ਗੁਰਦੁਆਰੇ ਰੌਸ ਸਟਰੀਟ ਕੋਲ ਸੀ। ਘਰ ਪਹੁੰਚੇ। ਸ਼ਰਨੀ ਦੀ ਸੱਸ ਤੇ ਬੱਚਿਆਂ ਨੂੰ ਮਿਲੇ। ਚਾਹ ਪਾਣੀ ਪੀਤਾ। ਚਾਹ ਪਾਣੀ ਪੀਂਦਿਆਂ ਆਪਣੇ ਆਪਣੇ ਪਿੰਡਾਂ ਦੀਆਂ ਗੱਲਾਂ ਹੋਈਆਂ। ਇਕ ਦੂਜੇ ਨਾਲ ਹੋਰ ਵਾਕਫੀਅਤ ਹੋਈ।

ਰਹਿਰਾਸ ਦਾ ਵੇਲਾ ਹੋਇਆ ਤਾਂ ਸ਼ਰਨੀ ਦੀ ਸੱਸ ਸੁੱਖੀ ਨੂੰ ਸੰਬੋਧਨ ਕਰ ਕੇ ਬੋਲੀ, "ਧੀਏ, ਅੱਜ ਵਰ੍ਹੇ ਦਿਨਾ ਦਾ ਦਿਨ ਆ। ਜੇ ਨ੍ਹਾਉਣਾ ਜਾਂ ਮੂੰਹ ਹੱਥ ਧੋਣਾ ਤਾਂ ਧੋ ਲਓ। ਚਲੋਅ ਬਾਬੇ ਦੇ ਮੱਥਾ ਟੇਕ ਆਈਏ।"

ਸ਼ਰਨੀ ਦੀ ਸੱਸ ਦੇ ਮੂੰਹੋਂ, "ਵਰ੍ਹੇ ਦਿਨਾਂ ਦਾ ਦਿਨ" ਸੁਣ ਕੇ ਸੁੱਖੇ ਨੂੰ ਯਾਦ ਆਇਆ ਕਿ ਅੱਜ ਤਾਂ ਵਿਸਾਖੀ ਹੈ ਉਸਦੇ ਜਨਮ ਦਾ ਦਿਨ। ਸ਼ੁਕਰਵਾਰ ਦੀ ਥਾਂ ਸੋਮਵਾਰ॥"

ਗੁਰਦੁਆਰਾ ਭਾਵੇਂ ਦੋ ਚਾਰ ਬਲੌਕ 'ਤੇ ਸੀ ਫਿਰ ਵੀ ਉਹ ਕਾਰ ਵਿਚ ਗਏ। ਸੁੱਖੀ ਨੇ ਦੇਖਿਆ, ਕਾਰ ਪਾਰਕ ਕਾਰਾਂ ਨਾਲ ਖੱਚਾ-ਖੱਚ ਭਰਿਆ ਹੋਇਆ ਸੀ। ਲੰਘਣ ਨੂੰ ਵੀ ਥਾਂ ਨਹੀਂ ਸੀ। ਮੱਥਾ ਟੇਕਣ ਵਾਲਿਆਂ ਦੀ ਕਤਾਰ ਬਾਹਰ ਤਕ ਲੱਗੀ ਹੋਈ ਸੀ। ਕੁਝ ਜਨਾਨੀਆਂ ਨੇ ਪੈਂਟ ਸੂਟਾਂ ਨਾਲ ਚੁੰਨੀਆਂ ਜਾਂ ਰੁਮਾਲ ਸਿਰਾਂ 'ਤੇ ਲਏ ਹੋਏ ਸੀ। ਸ਼ਰਨੀ, ਸੁੱਖੀ ਨੂੰ ਉਨ੍ਹਾਂ ਵੱਲ ਤਕਦੀ ਦੇਖ ਕੇ ਬੋਲੀ, "ਇਹ ਪੁਰਾਣੀਆਂ ਆਈਆਂ। ਦੇਸੀ ਸੂਟ ਘੱਟ ਈ ਪਾਉਂਦੀਆਂ।"

ਜਦੋਂ ਉਹ ਵਾਰੀ ਸਿਰ ਮੱਥਾ ਟੇਕ, ਪਰਸ਼ਾਦ ਲੈ ਥੱਲੇ ਲੰਗਰ ਹਾਲ ਵਿਚ ਪਹੁੰਚੇ ਤਾਂ ਉੱਥੇ ਵੀ ਲੰਗਰ ਖਾਣ ਵਾਲਿਆਂ ਦੀ ਕਤਾਰ ਪੌੜੀਆਂ ਤਕ ਲੱਗੀ ਹੋਈ ਸੀ। ਸੁੱਖੀ ਦਾ ਧਿਆਨ ਕੁਝ ਵਰਤਾਉਣ ਵਾਲਿਆਂ ਵੱਲ ਗਿਆ ਤਾਂ ਸ਼ਰਨੀ ਬੋਲੀ, "ਆਹ ਜਿੰਨੇ ਵੀ ਕਲੀਨ ਸ਼ੇਵ ਰੁਮਾਲ ਬੰਨ੍ਹੀ ਵਰਤਾਉਂਦੇ ਆ, ਸਾਰੇ 'ਵਿਜ਼ਟਰ' ਆ। ਇੱਥੇ ਹੀ ਰਹਿੰਦੇ ਤੇ ਸੌਂਦੇ ਆ।" ਉਹ ਰੁਕ ਕੇ ਬੋਲੀ, "ਕਿਤੇ ਜਾਣ ਨੂੰ ਥਾਂ ਨਹੀਂ। ਕੰਮ ਵੀ ਨਈਂ ਕਰ ਸਕਦੇ।"

"ਕਿਉਂ?"

"ਨਜਾਇਜ਼ ਆਇਉ ਆ। ਬਿਨਾਂ ਸਪੌਂਸਰਸ਼ਿਪ ਤੋਂ।" ਸ਼ਰਨੀ ਨੇ ਜਵਾਬ ਦਿੱਤਾ।

"ਖਾਣ ਪੀਣ ਤੇ ਹੋਰ ਖਰਚ?"

"ਲੋਕ ਇਨ੍ਹਾਂ ਦੀ ਥੋਹੜੀ ਬਹੁਤੀ ਮਦਦ ਕਰਦੇ ਆ।" ਸ਼ਰਨੀ ਬੋਲੀ,

"ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ, ਅਲੈਕਸ਼ਨ ਵਿਚ ਨਵੇਂ ਆਵਾਸੀਆਂ ਦੀਆਂ ਵੋਟਾਂ ਲੈਣ ਲਈ, ਵਿਜ਼ਟਰਾਂ (ਵਿਜ਼ਿਟਰਾਂ) ਨੂੰ, 'ਆਮ ਐਮਨੈਸਟੀ' ਦੇ ਦਿੱਤੀ ਹੈ ਜੋ ਹੋਰ ਤਿੰਨ ਕੁ ਮਹੀਨਿਆਂ ਤਕ ਮੁਕ ਜਾਣੀ ਆ।"

"ਐਮਨੈਸਟੀ!" ਸੁੱਖੀ ਨੇ ਹੌਲੇ ਜਿਹੇ ਆਖ, ਅਰਥ-ਪੁਰਵਕ ਨਜ਼ਰਾਂ ਨਾਲ ਸ਼ਰਨੀ ਵੱਲ ਦੇਖਿਆ ਤਾਂ ਸ਼ਰਨੀ ਬੋਲੀ, "ਫ਼ਰੀ ਈ।" "ਮਤਲਬ, ਸਭ ਨੂੰ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ।" "ਸੱਚ ਇੰਮੀਗ੍ਰੇਸ਼ਨ।" "ਬਾਅਦ ਵਿਚ ਸਿਟੀਜ਼ਨਸ਼ਿੱਪ।" ਉਹ ਰੁਕ ਕੇ ਬੋਲੀ।

ਇੰਮੀਗ੍ਰੇਸ਼ਨ ਦਾ ਸ਼ਬਦ ਸੁਣ, ਸੁੱਖੀ ਨੇ ਮਨ ਵਿਚ ਕਿਹਾ, "ਜੇ ਬੇਗਾ ਵੀ ਵਿਜ਼ਟਰ ਆਇਆ ਹੁੰਦਾ ਤਾਂ ਉਹ ਨੂੰ ਵੀ ਇਨ੍ਹਾਂ ਨਾਲ ਇੰਮੀਗ੍ਰੇਸ਼ਨ ਮਿਲ ਜਾਣੀ ਸੀ। ਫ਼ਰੀ ਹੋ ਕੇ ਨਿੰਦਰ ਨੂੰ ਮੰਗਵਾ ਸਕਦਾ ਸੀ ਜਾਂ ਫਿਰ।"

8

ਕੈਨੇਡਾ ਵਿਚ ਹਰ ਨਵਾਂ ਆਇਆ ਆਵਾਸੀ (ਅਮੀਰਾਂ ਤੇ ਵਪਾਰੀਆਂ ਨੂੰ ਛੱਡ ਕੇ) ਇੱਥੇ ਦੀ ਕਹਾਵਤ "ਟੋਟਮਪੋਲ ਦੇ ਥੱਲਵੇਂ ਦਰਜੇ ਤੋਂ ਸ਼ੁਰੂ ਕਰਨੇ" ਵਾਂਗ, ਆਪਣਾ ਜੀਵਨ ਆਰੰਭਦਾ ਹੈ। ਜਿਵੇਂ, ਪਹਿਲਾਂ ਪਹਿਲਾਂ ਕਿਸੇ ਦੀ ਬੇਸਮੈਂਟ ਵਿਚ ਰਹਿਣਾ। ਘਟੀਆ ਤੋਂ ਘਟੀਆ, ਛੋਟੇ ਤੋਂ ਛੋਟਾ ਸਰੀਰਕ ਜਾਂ ਅਖੌਤੀ 'ਦੇਸ ਦੇ ਲਾਗੀਆਂ ਵਾਲੇ ਕੰਮ' ਕਰਨੇ। ਜਾਂ ਜਿਨ੍ਹਾਂ ਨੂੰ ਕੈਨੇਡਾ ਨਿਵਾਸੀ ਕਰਨੇ ਤੋਂ ਇਨਕਾਰ ਜਾਂ ਨੱਕ ਬੁੱਲ੍ਹ ਕੱਢਦੇ ਹੋਣ। ਮਿਸਾਲ ਵਜੋਂ, ਹਸਪਤਾਲ ਅਤੇ ਸਰਕਾਰੀ ਦਫ਼ਤਰੀ ਇਮਾਰਤਾਂ ਦੇ ਫਰਸ਼ ਤੇ ਵਾਸ਼ਰੂਮਾਂ ਦੀ ਸਫਾਈ, ਪਟਰੋਲਪੰਪਾਂ 'ਤੇ ਗੈਸ ਪਾਉਣੀ, ਚੌਕੀਦਾਰਾ, ਪੇਪਰ ਤੇ ਫਲਾਇਰ ਵੰਡਣੇ, ਅਮੀਰਾਂ ਦੇ ਘਰਾਂ ਦੇ ਘਾਹ ਕੱਟਣੇ ਤੇ ਉਨ੍ਹਾਂ ਦੇ ਬਾਗ, ਬਗੀਚਿਆਂ ਤੇ ਵਿਹੜਿਆਂ ਦੀ ਸਫਾਈ ਕਰਨੀ ਆਦਿ। ਅਰਥਾਤ ਹਰ ਦੱਸਤੀ ਤੇ ਜ਼ੋਰ ਵਾਲਾ ਕੰਮ ਕਰਨਾ।

ਆਪ ਕੰਮ ਕਰਨਾ ਤੇ ਨਿਆਣਿਆਂ ਦੀ ਦੇਖ ਭਾਲ ਲਈ ਕਿਸੇ ਗਵਾਂਢੀ ਸਿਆਣੇ ਬਜ਼ੁਰਗ ਦੀ ਮਿੰਨਤ ਸਮਾਜਤ ਕਰਨੀ। ਫਿਰ ਉਨ੍ਹਾਂ ਨੂੰ ਖੁਸ਼ ਕਰਨ ਲਈ ਕ੍ਰਿਸਮਿਸ ਜਾਂ ਕਿਸੇ ਤਿਉਹਾਰ 'ਤੇ ਸੂਟ ਆਦਿ ਲੈ ਦੇਣਾ ਜਾਂ ਚਾਰ ਪੈਸੇ ਜੇਬ ਖਰਚ ਲਈ ਦੇ ਦੇਣੇ। ਫਿਰ ਕਿਸੇ ਤੋਂ ਹੱਥ ਉਧਾਰ ਜਾਂ ਫੜ ਫੜਾ ਕੇ ਮਕਾਨ ਲੈਣਾ। ਆਪ ਬੇਸਮੈਂਟ ਵਿਚ ਰਹਿਣਾ ਤੇ ਮੇਨ ਫਲੋਰ ਅਰਥਾਤ ਉੱਪਰਲਾ ਹਿੱਸਾ ਕਰਾਏ 'ਤੇ ਦੇ ਦੇਣਾਂ ਤਾਂ ਜੋ ਬੇਸਮੈਂਟ ਨਾਲੋਂ ਵੱਧ ਕਰਾਇਆ ਆਏ ਤੇ ਕਿਸ਼ਤ ਆਸਾਨੀ ਨਾਲ ਤੁਰੀ ਰਹੇ। ਜਾਂ ਫਿਰ ਇਸ ਦੇ ਉਲਟ, ਟੱਬਰ ਵੱਡਾ ਹੋਣ 'ਤੇ ਬੇਸਮੈਂਟ, ਕਿਸੇ ਗੋਰੇ ਨੂੰ ਕਰਾਏ 'ਤੇ ਦੇ ਦੇਣੀ। ਉਸਦਾ ਰੌਲ ਰੱਪਾ ਝਲਦੇ ਰਹਿਣਾ। ਫਿਰ ਉਸ ਤੋਂ ਡਰਦੇ ਵੀ ਰਹਿਣਾ ਕਿ ਉਹ ਕਿਤੇ ਸਿਟੀ ਹਾਲ ਜਾ ਕੇ ਰਿਪੋਰਟ ਨਾ ਕਰ ਦੇਵੇ, ਕਿ ਇਨ੍ਹਾਂ 'ਨਾਜਾਇਜ਼ ਬੇਸਬੈਂਟ' ਕਰਾਏ 'ਤੇ ਦਿੱਤੀ ਹੋਈ ਆ। ਫਿਰ ਇਸ ਗੱਲੋਂ ਵੀ ਚੁੱਪ ਰਹਿਣਾ ਕਿ ਉਹ ਕਿਤੇ ਕਰਾਇਆ ਮਾਰ ਕੇ ਨਾ ਭੱਜ ਜਾਵੇ ਜਾਂ ਦੇਣ ਤੋਂ ਇਨਕਾਰ ਕਰ ਦੇਵੇ। ਆਪ ਦੋ ਦੋ ਤਿੰਨ ਤਿੰਨ ਸ਼ਿਫਟਾਂ ਲਾਉਣੀਆਂ ਜਾਂ ਕੰਮ ਕਰਨੇ ਤੇ ਕੰਮ ਵੀ ਥੱਲੇ ਦਰਜੇ ਦੇ ਤਾਂ ਜੋ ਘਰ ਦੀ ਕਿਸ਼ਤ ਤੇ ਹੱਥ ਉਧਾਰ ਨਿਪਟਾਇਆ ਜਾ ਸਕੇ।

ਘਰ ਵਰਤੋਂ ਦੀਆਂ ਵਸਤਾਂ ਉੱਥੋਂ ਖਰੀਦਣੀਆਂ ਜਿੱਥੋਂ ਚਾਰ ਪੈਸੇ ਸਸਤੀਆਂ ਮਿਲਣ ਭਾਵੇਂ ਦੱਸ ਪੈਨੀਆਂ ਦੀ ਬੱਚਤ ਲਈ ਡਾਲਰ ਦੀ ਗੈਸ ਕਿਉਂ ਨਾ ਫੂਕ ਹੋ ਜਾਵੇ। ਜਦੋਂ ਚਾਰ ਪੈਸੇ ਬੱਚ ਜਾਣੇ ਤਾਂ ਕੰਮ 'ਤੇ ਆਉਣ ਜਾਣ ਲਈ, ਟੁੱਟੀ ਭੱਜੀ ਸੈਕੰਡਹੈਂਡ ਕਾਰ ਲੈ ਲੈਣੀ। ਉਸਦੀ ਮੁਰੰਮਤ 'ਤ ਪੈਸੇ ਲਾਈ

ਜਾਣੇ ਭਾਵੇਂ ਓਨੇ ਪੈਸਿਆਂ ਦਾ ਬਿਆਨਾ ਦੇ ਕੇ ਕਿਸ਼ਤਾਂ 'ਤੇ ਨਵੀਂ ਕਾਰ ਆ ਜਾਵੇ।

ਸੁੱਖੀ ਤੇ ਸੁੱਖੇ ਨੇ ਵੀ ਕੁਝ ਇਸੇ ਤਰ੍ਹਾਂ ਹੀ ਕੀਤਾ। ਸੁੱਖੀ ਆਉਂਦੇ ਸਾਰ ਹੀ ਸ਼ਰਨੀ ਨਾਲ ਵਾਟਰ ਸਟਰੀਟ 'ਤੇ ਗਈ ਜਿੱਥੇ ਗਾਰਮੈਂਟ ਫੈਕਟਰੀਆਂ ਸਨ। ਭਾਵੇਂ ਉਸਨੇ, ਸਿਲਾਈ ਦੀ ਮਸ਼ੀਨ ਨੂੰ ਕਦੀ ਹੱਥ ਨਹੀਂ ਸੀ ਲਾਇਆ ਪਰ ਉਹ ਸਗੀ ਕਲਾਸਿਕ ਨਾਮੀ ਗਾਰਮੈਂਟ ਫੈਕਟਰੀ ਵਿਚ, ਆਪਣੀ ਚਤੁਰਾਈ ਨਾਲ ਸਿਲਾਈ ਦਾ ਕੰਮ ਸ਼ੁਰੂ ਕਰ ਆਈ। ਇੱਥੇ ਹੀ ਕੰਮ ਕਰਦੀ ਨੂੰ ਗਿਆਨ ਹੋਇਆ ਕਿ ਕੈਨੇਡਾ ਵਿਚ ਅਣਪੜ੍ਹ ਪੜ੍ਹਿਆਂ ਨਾਲੋਂ ਵੱਧ ਪੈਸੇ ਕਮਾ ਸਕਦੇ ਹਨ ਜੇ ਹੱਥ ਦਾ ਕੋਈ ਕੰਮ ਆਉਂਦਾ ਹੋਵੇ।

ਫਿਰ ਕੁਝ ਦਿਨਾਂ ਬਾਅਦ ਸ਼ਰਨੀ ਦੀ ਨਣਾਣ ਨੰਜੋ ਰਾਹੀਂ ਸ਼ਾਮ ਨੂੰ ਸਫਾਈ ਦਾ ਕੰਮ ਲੈ ਲਿਆ ਤੇ ਉਸਦੀ ਬੇਸਮੈਂਟ ਵਿਚ ਰਹਿਣ ਲੱਗ ਪਈ। ਕੰਮ ਨੂੰ ਛੇਤੀਂ ਨਿਪਟਾਉਣ ਲਈ ਸੁੱਖੇ ਨੂੰ ਵੀ ਨਾਲ ਲੈ ਜਾਂਦੀ। ਮੁੰਡਾ ਨੱਜੋ ਦੀ ਸੱਸ ਰੱਖ ਲੈਂਦੀ। ਪਰ ਸੁੱਖਾ ਸੀ ਕਿ ਬਸ, ਕੰਮ ਕਰਦਾ ਵੀ ਕੁੜ੍ਹਦਾ ਰਹਿੰਦਾ। ਹਰ ਵੇਲੇ ਇੰਗਲੈਂਡ ਦੇ ਗੁਣ ਗਾਉਂਦਾ ਕਹਿੰਦਾ। "ਉੱਥੇ ਆਹ ਚੂੜ੍ਹੇ ਚਮਾਰਾਂ ਵਾਲੇ ਕੰਮ ਨਹੀਂ ਸੀ ਕਰਨੇ ਪੈਂਦੇ। ਉੱਥੇ ਬੱਸਾਂ ਵਿਚ ਜਿੱਥੇ ਮਰਜ਼ੀ ਚਲੇ ਜਾਉ। ਇੱਥੇ ਬੱਸਾਂ ਜੂੰ ਦੀ ਚਾਲੇ ਚਲਦੀਆਂ। ਕੰਮਾਂ ਵਾਲੇ ਪਾਸਿਆਂ ਨੂੰ ਜਾਂਦੀਆਂ ਈ ਨਈਂ। ਉੱਥੇ ਆਹ ਸੌਖ ਸੀ। ਉੱਥੇ ਆਹ ਫਾਇਦਾ ਸੀ। ਆਹ ਐਂਦਾਂ ਸੀ। ਔਂਹ ਔਂਦਾਂ ਸੀ।" ਇੱਥੇ ਤਕ ਕਿ ਉਹ ਇੱਥੇ ਦੇ ਮਿਲਣ ਮਿਲਾਉਣ ਦੇ ਤੌਰ ਤਰੀਕਿਆਂ 'ਤੇ ਨੱਕ ਬੁਲ੍ਹ ਕੱਢ ਕੇ ਨਿੰਦਿਆ ਕਰਦਾ ਕਹਿੰਦਾ, "ਉੱਥੇ ਅਸੀਂ, ਜਦੋਂ ਜੀ ਕਰਨਾ, ਬਿਨਾਂ ਦੱਸੇ ਦੂਜਿਆਂ ਦੇ ਘਰ ਚਲੇ ਜਾਈਦਾ ਸੀ। ਕੋਈ ਰੋਕ ਟੋਕ ਨਹੀਂ ਸੀ। ਐਥੇ ਫੂਨ ਕਿਤੇ ਬਿਨਾਂ ਜਾਏ ਨਈਂ ਹੁੰਦਾ। ਉੱਥੇ, ਜਦੋਂ ਜੀ ਕਰਨਾ, ਡਾਕਟਰ ਨੂੰ ਦੇਖ ਆਉਣਾ। ਐਥੇ, ਬਿਨਾਂ ਮੁਲਾਕਤ ਬਣਾਏ ਤੇ ਟੈਮ (ਟਾਈਮ) ਲਿਆਂ ਜਾਏ ਨਈਂ ਸਕਦੇ।"

ਫਿਰ ਉਹ ਵਰਤਣ ਵਰਤਾਉਣ ਤੇ ਟਕੋਰ ਕਰਦਾ ਕਹਿੰਦਾ, "ਉੱਥੇ, ਅਸੀਂ ਆਏ ਪਰਹੁਣੇ ਅੱਗੇ ਮੇਜ਼ 'ਤੇ ਬੋਤਲ ਰੱਖ ਕੇ ਪਲਾਈ ਦੀ ਸੀ। ਐਥੇ, ਕਿਚਨ ਵਿੱਚੋਂ ਲਕੋ ਕੇ ਪਾ ਕੇ ਲਿਆਉਂਦੇ ਆ। ਇਹ ਵੀ ਨ੍ਹੀਂ ਪਤਾ ਲਗਦਾ ਕਿ ਪਿਆਉਂਦੇ ਕੀ ਆ।" ਹੋਰ ਪਤਾ ਨਹੀਂ ਕੀ ਕੀ ਕਹਿੰਦਾ।

ਹਾਰ ਕੇ ਇਕ ਦਿਨ ਤੰਗ ਆਈ ਸੁੱਖੀ ਨੇ ਉਸ ਨੂੰ ਖਿੱਝ ਕੇ ਕਿਹਾ, "ਜੇ ਤੈਨੂੰ ਇੰਗਲੈਂਡ ਦਾ ਐਨਾ ਈ ਤਿਹ ਤੇ ਹੇਰਵਾ, ਤਾਂ ਜਾਹ, ਜਾ ਕੇ ਬੈਠ ਭਰਜਾਈ ਦੇ ਗੋਡੇ ਨਾਲ ਲੱਗ ਕੇ। ਖਾਹ ਸੜੀਆਂ ਸੁੱਕੀਆਂ ਰੋਟੀਆਂ ਤੇ ਚੌਹ ਦਿੰਨਾਂ ਦੀ ਬੁਸੀਓ ਦਾਲ਼।"

ਉਸ ਦਿਨ ਤੋਂ ਬਾਅਦ ਸੁੱਖੇ ਨੇ ਫਿਰ ਕੋਈ ਗਿਲਾ ਸ਼ਿਕਵਾ ਨਾ ਕੀਤਾ ਪਰ ਅੰਦਰੋ ਅੰਦਰੀ ਮਨ ਵਿਚ ਕੁੜ੍ਹਦਾ ਜ਼ਰੂਰ ਰਹਿੰਦਾ।

ਸੁੱਖਾ, ਦੇਖਣ ਨੂੰ ਜਿੰਨਾ ਸੁਹਣਾ ਸੁਨੱਖਾ ਤੇ ਹੱਡੋਂ ਪੈਰੋਂ ਤਕੜਾ ਲਗਦਾ

ਸੀ, ਉਹ ਉਸ ਤੋਂ ਵੱਧ, ਕੰਮਚੋਰ ਤਾਂ ਨਹੀਂ ਕਿਹਾ ਜਾ ਸਕਦਾ, ਸੋਹਲ ਤੇ ਮਲੂਕ ਜ਼ਰੂਰ ਸੀ। ਪਹਿਲੋਂ ਪਹਿਲ ਨੰਜੂ ਨੇ ਸੁੱਖੇ ਨੂੰ ਲੱਕੜ ਮਿਲਾਂ ਦੇ ਕੰਮ ਦਿਖਾਏ ਤਾਂ ਉਹ ਬਿਨਾਂ ਅਰਜ਼ੀ ਦਿੱਤਿਆਂ ਹੀ ਮੂੰਹ ਫੇਰ ਕੇ ਆ ਗਿਆ। ਉਸਨੇ ਸਫਾਈ, ਪਰਚੇ ਸੁੱਟਣ ਤੇ ਲੈਂਡ ਸਕੇਪਿੰਗ, ਮਤਲਬ ਬਾਗਬਾਨੀ, ਘਾਹ ਆਦਿ ਕੱਟਣ ਦੇ ਕੰਮਾਂ ਨੂੰ ਤਾਂ ਨੰਨਾ ਈ ਨਾ ਭਰਿਆ। ਫਾਰਮਾਂ 'ਚ ਜਾਣ ਤੋਂ ਉੱਕਾ ਈ ਇਨਕਾਰ ਕਰਦਾ ਬੋਲਿਆ, "ਜੇ ਫਾਰਮਾਂ 'ਚ ਕੰਮ ਕਰਨਾ ਤੇ ਪਿੰਡ ਜਾ ਕੇ ਝੋਟੇ ਕੁਟਣੇ ਮਾੜੇ ਆ।" ਸ਼ਾਇਦ ਉਸ ਨੂੰ ਆਪਣੀ ਅੱਲ "ਝੋਟੇ ਕੁੱਟਾਂ" ਤੋਂ ਨਫ਼ਰਤ ਸੀ।

ਹਰ ਕੰਮ ਨੂੰ ਲਾਗੀਆਂ, ਕੰਮੀਆਂ ਤੇ ਛੋਟੀਆਂ ਜਾਤਾਂ ਦਾ ਦੱਸ ਕੇ ਕਰਨ ਤੋਂ ਇਨਕਾਰ ਕਰਦਾ ਰਿਹਾ। ਫਿਰ ਪਤਾ ਨਹੀਂ ਮਨ ਵਿਚ ਕੀ ਆਇਆ, ਕਿ ਉਹ ਇਕ ਦਿਨ ਫਲਾਇਰ ਵੰਡਣ ਚਲਾ ਗਿਆ। ਸ਼ਾਇਦ ਘਰ ਵਿਚ ਵਿਹਲਾ ਬੈਠਣ ਤੋਂ ਤੰਗ ਆ ਗਿਆ ਸੀ। ਜਾਂ ਫਿਰ, "ਸੁੱਖਿਆ, ਤੂੰ ਤਾਂ ਨਖੱਟੂਆਂ ਵਾਂਗੂੰ ਤੀਵੀਂ ਦੀ ਕਮਾਈ ਖਾਂਦਾਂ। ਕੋਈ ਕੰਮ ਦੇਖ।" ਨੰਜੋ ਦੀ ਸੱਸ ਦੇ ਦਿੱਤੇ ਮਿਹਣੇ 'ਤੇ ਉਸਦੇ ਅੰਦਰਲੇ ਮਰਦ ਨੇ ਗੁੱਸਾ ਖਾਧਾ ਸੀ ਤੇ ਉਹ ਉੱਠ ਕੇ ਤੁਰ ਪਿਆ।

ਜਾਂ ਫਿਰ ਉਸ ਗੁਆਂਢੀ ਪਿੰਡ ਦੇ ਬਜ਼ੁਰਗ ਅਰਜਨ ਸਿੰਘ ਦੇ ਕਹਿਣ 'ਤੇ ਜੋ ਹਰ ਰੋਜ਼ ਪੇਪਰ ਤੇ ਫਲਾਇਰ ਸੁੱਟਣ ਜਾਂਦਾ ਸੀ। ਜਿਸ ਨੇ ਇਕ ਦਿਨ ਉਸਨੂੰ ਗੁਰਦੁਆਰੇ ਦੀ ਪਾਰਕਿੰਗ ਲਾਟ ਵਿਚ, ਫਤਹੇ ਫੜੂਹੀ, ਪਿੰਡ ਆਦਿ ਪੁੱਛਣ ਤੋਂ ਬਾਅਦ ਕੰਮ ਬਾਰੇ ਸੁੱਖੇ ਦਾ ਜਵਾਬ, "ਹਾਲੇ ਤਾਂ ਕਿਤੇ ਨਈਂ ਮਿਲਿਆ।" ਸੁਣ ਕੇ ਕਿਹਾ ਸੀ, "ਕਾਕਾ, ਕੰਮ ਦਾ ਕੀ ਮਿਹਣਾ। ਕੰਮ ਕੰਮੇ ਈ ਆ। ਤੂੰ ਮੇਰੇ ਨਾਲ ਫਲਾਇਰ ਵੰਡਣ ਚਲਿਆ ਕਰ, ਜਿੰਨਾ ਚਿਰ ਕੋਈ ਹੋਰ (ਕੰਮ) ਨਈਂ ਮਿਲਦਾ।" ਤੇ ਉਹ ਉਸ ਨਾਲ ਪੇਪਰ ਵੰਡਣ ਤੁਰ ਪਿਆ।

ਫਿਰ ਇਕ ਦਿਨ ਪੇਪਰ ਸੁੱਟਦਿਆਂ ਲੰਚ ਟਾਈਮ 'ਤੇ ਰੋਟੀ ਖਾਂਦਿਆਂ ਅਰਜਨ ਸਿੰਘ ਨੇ ਉਸਨੂੰ ਸਮਝਾਉਂਦਿਆਂ ਕਿਹਾ, "ਜਵਾਨਾ, ਬਾਹਰ ਨਿਕਲਣ ਨਾਲ, ਇਕ ਤਾਂ ਹੋਰਨਾਂ ਨਾਲ ਮੇਲ ਮਿਲਾਪ ਵੱਧਦਾ। ਸ਼ਹਿਰ ਦੀ ਵਾਕਫ਼ੀਅਤ ਹੁੰਦੀ ਆ। ਸਰੀਰ ਫੁਰਤੀਲਾ ਤੇ ਮਨ ਲੱਗਾ ਰਹਿੰਦਾ। ਦਿਮਾਗ਼ ਉਟ-ਪਟਾਂਗ ਗੱਲਾਂ ਨਈਂ ਸੋਚਦਾ। ਚਾਰ ਪੈਸੇ ਆਪਣੀ ਕਮਾਈ ਦੇ ਜੇਬ 'ਚ ਹੋਣ ਤਾਂ ਬੰਦਾ ਅਪਣੇ ਆਪ 'ਤੇ ਮਾਣ ਕਰਦਾ। ਦੂਜੇ ਵੀ ਕਦਰ ਕਰਦੇ ਆ।" ਫਿਰ ਉਸਨੇ ਚਾਹ ਵਾਲੀ ਥਰਮੋਸ ਨੂੰ ਝੋਲੇ ਵਿਚ ਪਾਉਂਦੇ ਕਿਹਾ, "ਦੂਸਰਾ, ਜਦੋਂ ਬੰਦਾ, ਦਿਨ ਭਰ ਘਰੋਂ ਬਾਹਰ ਰਹਿੰਦਾ ਭਾਵੇਂ ਉਹ ਕਿਸੇ ਮਾੜੇ ਈ ਕੰਮ 'ਤੇ ਕਿਉਂ ਨਾ ਗਿਆ ਹੋਵੇ, ਘਰ ਆਏ ਦਾ ਘਰਵਾਲੀ ਵੀ ਆਦਰ ਕਰਦੀ ਆ। ਘਰੋਂ ਬਾਹਰ ਹੋਵੇ ਤਾਂ ਤੀਵੀਂ ਨੂੰ ਬੰਦੇ ਦੀ ਤਾਂਘ ਰਹਿੰਦੀ ਆ।"

ਹੁਣ ਸੁੱਖਾ ਪੇਪਰ ਤੇ ਫਲਾਇਰ ਵੰਡਦਾ ਆਲੇ ਦੁਆਲੇ ਕੰਮ ਵੀ ਦੇਖਦਾ ਰਹਿੰਦਾ। ਫਿਰ ਇਕ ਦਿਨ ਉਸਨੂੰ, ਸਨਅਤੀ ਇਲਾਕੇ ਵਿਚ ਪਰਚੇ ਵੰਡਦੇ ਨੂੰ ਇਕ ਫਰਨੀਚਰ ਫੈਕਟਰੀ ਵਿਚ, ਸਮਾਨ ਲੱਦਣ ਲਹਾਉਣ ਤੇ ਛੱਡਣ ਜਾਣ ਦਾ

ਕੰਮ ਮਿਲ ਗਿਆ। ਉਹ ਇਹ ਕੰਮ ਲੈ ਕੇ ਬਹੁਤ ਖੁਸ਼ ਹੋਇਆ। ਸ਼ਾਇਦ ਇਹ ਕੰਮ ਉਸਦੇ "ਮੈਟੀਰੀਅਲ ਹੈਂਡਲਿੰਗ" ਦੀ ਹੈਸਿਅਤ ਦਾ ਸੀ। ਪਰ ਇਹ ਕੰਮ ਉਸ ਨੂੰ ਅਗਲੀ ਘਟਨਾ ਤੋਂ ਬਾਅਦ ਮਿਲਿਆ।

ਸੁੱਖੀ ਨੇ ਸੁੱਖੇ ਦੇ ਫਲਾਇਰ ਵੰਡਣ, ਆਪਣਾ ਸਿਲਾਈ ਦਾ ਕੰਮ ਸ਼ੁਰੂ ਕਰਨ ਤੇ ਆਪਣਾ ਅੱਡਾ ਗੱਡਾ ਗੱਡ ਗਡਾ ਕੇ, ਇਕ ਕੰਮ ਸਭ ਤੋਂ ਵੱਖਰਾ ਕੀਤਾ। ਉਸਨੇ ਸ਼ਰਨੀ ਕੋਲੋਂ, ਇੰਡੀਆ ਤੋਂ ਕੈਨੇਡਾ ਦੇ ਕਰਾਏ ਜੋਗੇ ਪੈਸੇ, ਹੱਥ ਉਧਾਰ ਫੜੇ ਤੇ ਆਪਣੇ ਦਿਉਰ ਬੇਗੇ ਨੂੰ ਭੇਜ ਕੇ ਵਿਜ਼ਿਟਰ ਮੰਗਵਾ ਲਿਆ। ਫਿਰ ਉਸਨੂੰ ਫ਼ਰੀ ਕਰਵਾਉਣ ਲਈ 'ਆਮ ਐਮਨੈਸਟੀ' ਦੀ ਸ਼ਰਤ ਥੱਲੇ ਦਰਖ਼ਾਸਤ ਦਿੱਤੀ। ਭਾਵੇਂ ਬੇਗਾ 'ਆਮ ਐਮਨੈਸਟੀ' ਦੀ ਮਿੱਥੀ ਆਖ਼ਰੀ ਤਾਰੀਕ ਵਾਲੇ ਦਿਨ ਆ ਗਿਆ ਸੀ ਪਰ ਅਪਲਾਈ ਕਰਨ ਵਿਚ ਇਕ ਦਿਨ ਲੇਟ ਹੋ ਗਿਆ ਜਿਸ ਕਾਰਨ ਉਸਨੂੰ ਇੰਮੀਗ੍ਰੇਸ਼ਨ ਨਾ ਮਿਲ ਸਕੀ।

ਜਦੋਂ ਬੇਗੇ ਨੂੰ ਇੰਮੀਗ੍ਰੇਸ਼ਨ ਨਾ ਮਿਲੀ ਤਾਂ ਸੁੱਖੀ ਬਹੁਤ ਪਰੇਸ਼ਾਨ ਰਹਿਣ ਲੱਗ ਪਈ। ਉਹ ਕੰਮ 'ਤੇ ਆਉਂਦੀ ਪਰ, ਸਾਰਾ ਸਾਰਾ ਦਿਨ ਮਾਯਸ ਤੇ ਬੁਝੀ ਬੁਝੀ ਰਹਿੰਦੀ। ਇਕ ਦਿਨ ਉਸਦੀ ਕੰਮ 'ਤੇ ਬਣੀ ਸਹੇਲੀ, ਗਿਆਨੋਂ, ਜੋ ਉਸਦੇ ਸਹੁਰਿਆਂ ਦੇ ਨੇੜੇ ਤੇੜ ਪਿੰਡ ਦੀ ਸੀ ਨੇ ਇਕ ਦਿਨ ਲੰਚ ਟਾਈਮ 'ਚ ਪੁੱਛਿਆ, "ਸੁੱਖੀ ਕੀ ਗੱਲ ਆ? ਤੂੰ ਐਨੀ ਪਰੇਸ਼ਾਨ ਕਿਉਂ ਰਹਿੰਦੀ ਆਂ?"

"ਕੀ ਦੱਸਾਂ।" ਉਹ ਰੁੱਕ ਕੇ ਬੋਲੀ, "ਕੀਤਾ ਤਾਂ (ਆਪਣੇ) ਫਾਇਦੇ ਲਈ ਸੀ ਪਰ ਪੈ ਗਿਆ ਉਲਟਾ।" ਫਿਰ ਬੇਗੇ ਨੂੰ ਵਿਜ਼ਟਰ ਮੰਗਵਾਉਣ ਲਈ ਸ਼ਰਨੀ ਕੋਲੋਂ ਹੱਥ ਉਧਾਰ ਤੇ ਫ਼ੀ ਕਰਵਾਉਣ ਦੀ ਬਿਉਂਤ ਖੱਟੇ ਪਈ ਦੱਸ ਕੇ ਅੱਗੇ ਬੋਲੀ, "ਸਮਝ ਨਈਂ ਆਉਂਦਾ ਹੁਣ ਕੀ ਕਰਾਂ?

"ਕਰਨਾ ਕੀ ਆ।" ਗਿਆਨੋ ਬੋਲੀ, "ਕੋਈ ਕੁੜੀ ਛੁੜੀ ਦੇਖ ਕੇ ਵਿਆਹ ਕਰਦੇ। ਆਪੇ ਫ਼ੀ ਹੋ ਜਾਊ।"

"ਪਰ, ਇੱਥੇ ਕੁੜੀਆਂ ਕਿੱਥੇ?"

"ਕੋਈ ਗੋਰੀ, ਫੀਜੀਅਨ, ਇੰਡੀਅਨ।"

"ਮੈਂ ਤਾਂ ਕਿਸੇ ਨੂੰ ਨਈਂ ਜਾਣਦੀ।"

"ਫੇ ਤੂੰ ਜਿਉਂ ਹੈਗੀ ਆਂ।"

ਸੁੱਖੀ, ਗਿਆਨੋ ਦੇ ਮੂੰਹੋਂ "ਫੇ ਤੂੰ ਜਿਉਂ ਹੈਗੀ ਆਂ।" ਸੁਣ ਕੇ ਐਨੀ ਹੈਰਾਨ ਹੋਈ ਕਿ ਉਸਦੇ ਅੱਡੇ ਮੂੰਹ 'ਚੋਂ 'ਹੈਂ" ਵੀ ਨਾ ਨਿਕਲੀ ਤੇ "ਮੈਂ" ਦੀ ਥਾਂ ਹਿੱਕ 'ਤੇ ਹੱਥ ਰੱਖਿਆ।

"ਤੇ ਹੋਰ ਕੀ।" ਗਿਆਨੋ ਨੇ ਕਿਹਾ ਤੇ ਫਿਰ ਸੁੱਖੀ ਦੇ ਉੱਡੇ ਤੌਰ ਭੌਰ ਦੇਖ ਕੇ ਬੋਲੀ, "ਇਸ ਵਿਚ ਹੈਰਾਨ ਹੋਣ ਵਾਲੀ ਕੀ ਗੱਲ ਆ। ਲੈ ਤੂੰ ਮੇਰੀ ਸੁਣ।" ਉਹ ਰੁਕ ਕੇ ਬੋਲੀ, "ਮੇਰਾ ਪਿਉ ਕੈਨੇਡਾ ਵਿਚ ਬਹੁਤ ਦੇਰ ਦਾ ਆਇਆ ਹੋਇਆ। ਅਸੀਂ ਤਿੰਨ ਭੈਣ ਭਰਾ ਆਂ। ਵੱਡਾ ਮੈਥੋਂ ਸਾਲ ਵੱਡਾ ਤੇ ਛੋਟਾ, ਅੱਠ ਸਾਲ ਛੋਟਾ। ਛੋਟਾ ਭਰਾ ਉਦੋਂ ਹੋਇਆ ਜਦੋਂ ਮੇਰਾ ਭਾਪਾ, ਇਥੋਂ ਅੱਠਾਂ ਸਾਲਾਂ

ਬਾਅਦ, ਪਹਿਲੀ ਵਾਰ (ਇੰਡੀਆ) ਗਿਆ ਸੀ। ਪਰ ਜਦੋਂ ਉਹ ਦੂਜੀ ਵਾਰ ਗਿਆ ਉਦੋਂ ਮੈਂ ਸੋਲ੍ਹਾਂ ਸਾਲਾਂ ਦੀ ਹੋ ਚੁਕੀ ਸੀ। ਮੇਰੇ ਭਾਪੇ ਨੇ ਮੇਰਾ ਵਿਆਹ ਕਰ ਦਿੱਤਾ ਤੇ ਆਉਣ ਲੱਗਾ ਮੇਰੀ ਮਾਂ ਤੇ ਦੋ ਭਰਾਵਾਂ ਨੂੰ ਨਾਲ ਲੈ ਆਇਆ। ਵਿਆਹ ਕਾਰਨ ਮੈਂ ਉਨ੍ਹਾਂ ਨਾਲ ਨਾ ਆ ਸਕੀ। ਪਰ, ਆਉਂਦਾ ਹੋਇਆ ਉਹ ਮੇਰੇ ਸਹੁਰੇ ਨਾਲ ਵਾਅਦਾ ਕਰ ਆਇਆ ਕਿ ਉਹ ਸਾਨੂੰ (ਮੈਨੂੰ ਤੇ ਮੇਰੇ ਪਤੀ ਨੂੰ) ਕਿਸੇ ਨਾ ਕਿਸੇ ਤਰੀਕੇ ਮੰਗਵਾ ਲਵੇਗਾ। ਫਿਰ ਮੇਰਾ ਪ੍ਰਹੁਣਾ ਆ ਕੇ ਉਨ੍ਹਾਂ ਨੂੰ ਸੱਦ ਲਊਗਾ। ਮੇਰੇ ਭਾਪੇ ਨੇ ਮੈਨੂੰ ਆਉਂਦੇ ਹੀ ਮੰਗਵਾ ਲਿਆ। ਉਦੋਂ ਫ੍ਰੀ ਹੋਣ ਲਈ ਇੱਕੋ ਇਕ ਰਾਹ ਸੀ, ਵਿਆਹ। ਜੋ ਵੀ ਆਉਂਦਾ ਸੀ ਵਿਆਹ ਲਈ ਹੀ ਆਉਂਦਾ ਸੀ। ਲੋਕ, ਸਰਕਾਰੀ ਵਿਆਹ ਦੇ ਏਜੰਟ ਕੋਲ ਜਾਂਦੇ। ਇੱਚੀਂ ਮੁੱਚੀਂ ਦਾ ਵਿਆਹ ਰਾਜਿਸਟਰ ਕਰਵਾ, ਦੱਸ ਡਾਲਰ ਫੀਸ ਦੇ, ਵਿਆਹ ਦਾ ਸਰਟੀਫਕੇਟ ਲੈ ਲੈਂਦੇ। ਮੈਂ ਇੱਥੇ ਆਈ। ਆਈ ਤਾਂ ਮੇਰੇ ਭਰਾ ਨੇ ਮੇਰਾ ਵਿਆਹ ਰਜਿਸਟਰ ਕਰਵਾ ਕੇ ਸਰਟੀਫਕੇਟ ਲੈ ਲਿਆ। ਫਿਰ ਇਕ ਦੋਭਾਸ਼ੀਏ ਤੇ ਮੈਨੂੰ ਲੈ ਕੇ ਇੰਮੀਗ੍ਰੇਸ਼ਨ ਦੇ ਦਫ਼ਤਰ ਚਲਾ ਗਿਆ।"

"ਇੰਮੀਗ੍ਰੇਸ਼ਨ ਦੇ ਕੀ ਕਰਨ ਗਿਆ?"

"ਇੰਮੀਗ੍ਰੇਸ਼ਨ ਲੈਣ।" ਗਿਆਨੋ ਬੋਲੀ, "ਉੱਥੇ ਇਕ ਅਫ਼ਸਰ ਨੇ ਸਾਨੂੰ ਨਾਲ ਨਾਲ ਦੋ ਕੁਰਸੀਆਂ 'ਤੇ ਬੈਠਣ ਨੂੰ ਕਿਹਾ। ਸਾਡੇ ਪਾਸਪੋਟਰ ਲਏ, ਦੇਖੇ ਤੇ ਕੁਝ ਫਾਰਮ ਭਰੇ। ਸਾਡੇ ਧਰਮ ਬਾਰੇ ਪੁੱਛਿਆ ਤੇ ਫਿਰ ਗੁਟਕਾ ਕੱਢ ਕੇ ਮੇਜ਼ ਤੇ ਰੱਖ ਕੇ ਦੋਭਾਸ਼ੀਏ ਰਾਹੀਂ ਮੈਨੂੰ ਕਹਿਣ ਨੂੰ ਕਿਹਾ, "ਮੈਂ, ਸੋ ਐਂਡ ਸੋ (ਮੇਰਾ ਨਾਂ) ਰੱਬ ਨੂੰ ਹਾਜ਼ਰ ਨਾਜ਼ਰ ਜਾਣ ਤੇ ਗੁਟਕੇ 'ਤੇ ਹੱਥ ਰੱਖ ਕੇ ਸੌਹ ਖਾ ਕੇ ਕਹਿੰਦੀ ਆਂ ਕਿ ਮੈਂ ਇਸ ਆਦਮੀ ਨੂੰ, ਉਸ ਨੇ ਮੇਰੇ ਭਰਾ ਦਾ ਨਾਂ ਲਿਆ, ਆਪਣਾ ਪਤੀ ਸਵੀਕਾਰ ਕਰਦੀ ਆਂ।"

"ਅਫ਼ਸਰ ਨੇ ਐਨਾ ਆਖ, ਕੁਰਸੀ ਘੁਮਾਈ ਤੇ ਮੇਜ਼ 'ਤੇ ਪਏ ਕਾਗ਼ਜ਼ਾਂ ਵਿਚ ਕੁਝ ਲਿਖਣ ਲੱਗ ਪਿਆ। ਮੈਂ, ਦੋ ਭਾਸ਼ੀਏ ਦੇ ਇਹ ਬੋਲ, "ਕਿ ਮੈਂ ਇਸ ਆਦਮੀ ਨੂੰ (ਮੇਰੇ ਭਰਾ ਦਾ ਨਾਂ) ਆਪਣਾ ਪਤੀ ਸਵੀਕਾਰ ਕਰਦੀ ਆਂ।" ਸੁਣ ਕੇ ਸੁੰਨ ਹੋ ਗਈ। ਮੇਰਾ ਸਾਹ ਰੁਕ ਗਿਆ। ਮੂੰਹ ਪੀਲਾ ਪੈ ਗਿਆ ਤੇ ਮੈਨੂੰ ਕੱਚੀਆਂ ਤਰੇਲੀਆਂ ਨਾਲ ਉਲਟੀ ਆਉਣ ਨੂੰ ਕਰਨ ਲੱਗ ਪਈ। ਪਰ, ਦੋਭਾਸ਼ੀਏ ਨੇ ਮੇਰੇ ਪੈਰ ਵਿਚ ਪੈਰ ਮਾਰਿਆ ਤੇ ਛੇਤੀਂ ਦੇਣੀ ਹਾਂ ਕਹਿਣ ਨੂੰ ਕਿਹਾ। ਮੇਰੇ ਸੰਘ 'ਚੋਂ ਮਸਾਂ ਹੀ ਹਾਂ ਨਿਕਲੀ। ਫਿਰ ਮੇਰੇ ਬਾਅਦ ਮੇਰੇ ਭਰਾ ਨੇ ਵਿਆਹ ਦੀ ਸੌਂਹ ਖਾਧੀ। ਸਾਨੂੰ ਅਫ਼ਸਰ ਨੇ ਵਧਾਈਆਂ ਦਿੱਤੀਆਂ ਤੇ ਹੱਸ ਕੇ ਕਿਹਾ, "ਮੈਂ ਤੁਹਾਨੂੰ ਆਪਣੇ ਸਾਹਮਣੇ ਇਕ ਦੂਜੇ ਨੂੰ ਚੁੰਮਣ ਲਈ ਨਹੀਂ ਕਹੂੰਗਾ। ਕਿਉਂਕਿ ਮੈਨੂੰ ਪਤਾ, ਤੁਹਾਡੇ ਸਮਾਜ ਤੇ ਧਰਮ ਵਿਚ ਚੁੰਮਣ ਚੰਮਣ ਦਾ ਰਵਾਜ ਨਹੀਂ। ਤੁਸੀਂ ਲੋਕ ਲੋਕਾਂ ਸਾਹਮਣੇ ਇਕ ਦੂਜੇ ਨੂੰ ਚੁੰਮਣਾ ਤਾਂ ਕੀ, ਹੱਥ ਵਿਚ ਹੱਥ ਪਾ ਕੇ ਜਾਂ ਨਾਲ ਨਾਲ ਵੀ ਨਹੀਂ ਤੁਰਦੇ। ਆਦਮੀ ਅੱਗੇ ਤੇ ਤੀਵੀਂ ਵੀਹ ਗਜ਼ ਪਿੱਛੇ।"

ਜਦੋਂ ਮੈਂ ਬਾਹਰ ਨਿਕਲੀ ਤਾਂ ਮੇਰੀਆਂ ਭੁੱਬਾਂ ਨਿਕਲ ਗਈਆਂ। ਮੈਂ ਦੋਭਾਸ਼ੀਏ ਨੂੰ ਕਿਹਾ, "ਭਾਅ ਜੀ, ਤੁਸੀਂ ਮੈਥੋਂ ਇਹ ਕੀ ਅਖਵਾ ਦਿੱਤਾ? ਮੈਨੂੰ ਪਹਿਲਾਂ ਕਿਉਂ ਨੀ ਦੱਸਿਆ?"

"ਫ੍ਰੀ ਹੋਣ ਦਾ ਇਹ ਤੋਂ ਬਾਹਰਾ ਕੋਈ ਹੋਰ ਰਾਹ ਵੀ ਤਾਂ ਨਹੀਂ।"

ਫਿਰ ਦੋ ਕੁ ਮਹੀਨਿਆਂ ਬਾਅਦ ਮੇਰੇ ਭਾਪੇ ਨੇ, ਇਕ ਵਕੀਲ ਰਾਹੀਂ ਮੈਥੋਂ ਭਰਾ ਨੂੰ ਇਸ ਬੰਨਾ 'ਤੇ ਤਲਾਕ ਦਿਲਵਾ ਦਿੱਤਾ ਕਿ ਉਸਨੇ ਇਕ ਹੋਰ ਤੀਵੀਂ ਰੱਖੀ ਹੋਈ ਆ।"

"ਕੀ ਤੈਨੂੰ ਉਸ ਵਕੀਲ ਦਾ ਅਤਾ ਪਤਾ, ਪਤਾ?"

"ਮੈਨੂੰ ਤਾਂ ਨਈਂ ਮੇਰੇ ਭਰਾ ਨੂੰ ਪਤਾ।" ਉਹ ਅੱਗੇ ਬੋਲੀ, "ਮੈਂ ਤੈਨੂੰ ਪੁੱਛ ਕੇ ਕੱਲ੍ਹ ਨੂੰ ਲਿਆ ਦੇਉਂਗੀ।" ਗਿਆਨੋ ਨੇ ਜਵਾਬ ਦਿੱਤਾ ਤੇ ਗੱਲ ਅੱਗੇ ਤੋਰਦੀ ਬੋਲੀ, "ਫਿਰ ਮੈਂ ਆਪਣੇ ਪਤੀ ਨੂੰ ਮੰਗਵਾ ਲਿਆ। ਹੁਣ ਮੇਰਾ ਸੱਸ ਸਹੁਰਾ, ਦੋ ਦੇਰ, ਦੋ ਨਣਾਨਾਂ ਇੱਥੇ ਆ ਗਏ ਆ। ਹੁਣ ਮੇਰਾ ਦੋ ਸਾਲਾਂ ਦਾ ਮੁੰਡਾ ਤੇ ਦੂਜਾ ਸੁਖ ਨਾਲ।" ਉਸਨੇ ਆਪਣੇ ਢਿੱਡ ਨੂੰ ਹੱਥ ਲਾਇਆ।

"ਤੈਨੂੰ ਕਿੱਦਾਂ ਪਤਾ ਇਹ ਮੁੰਡਾ?" ਸੁੱਖੀ ਨੇ ਪੁੱਛਣਾ ਚਾਹਿਆ ਪਰ ਇਹ ਸੋਚ ਕੇ ਨਾ ਪੁੱਛਿਆ ਕਿ ਸ਼ਾਇਦ ਉਸ ਨੇ ਬੱਚੇ ਦਾ ਲਿੰਗ ਟੈਸਟ ਕਰਵਾਇਆ ਹੋਵੇਗਾ।

ਜਦੋਂ ਗਿਆਨੋ ਨੇ ਸੁੱਖੀ ਨੂੰ ਵਕੀਲ ਦਾ ਪਤਾ ਦਿੱਤਾ ਤਾਂ ਉਸ ਨੇ ਵਕੀਲ ਨੂੰ ਮਿਲਣ ਲਈ ਮੁਲਾਕਾਤ ਬਣਾਈ, ਡਾਕਟਰ ਦੇਖਣ ਦੇ ਬਹਾਨੇ ਕੰਮ ਤੋਂ ਛੁੱਟੀ ਲਈ ਤੇ ਮਿਲਣ ਚਲੇ ਗਈ। ਤਲਾਕ ਲੈਣ ਦੀ ਗੱਲ ਕੀਤੀ ਤਾਂ ਵਕੀਲ ਨੇ ਪੁੱਛਿਆ, "ਤੂੰ ਆਪਣੇ ਪਤੀ ਤੋਂ ਤਲਾਕ ਕਿਉਂ ਲੈਣਾ ਚਾਹੁੰਦੀ ਆਂ?"

"ਬਸ ਲੈਣਾ ਚਾਹੁੰਦੀ ਆਂ।"

"ਕਿਉਂ?"

"ਮੈਂ ਉਸਨੂੰ ਪਸੰਦ ਨਈਂ ਕਰਦੀ।"

"ਇਹ ਤਾਂ ਕੋਈ ਤਲਾਕ ਵਾਲੀ ਗੱਲ ਨਹੀਂ।" ਵਕੀਲ ਬੋਲਿਆ, "ਦੇਖ ਮਿਸਿਜ਼। ਵਕੀਲ ਉਸਦਾ ਖਾਨਦਾਨੀ ਨਾਂ ਬੋਲਣ ਲਈ ਪੇਪਰ ਦੇਖਣ ਲੱਗ ਪਿਆ।

"ਸੁੱਖੀ।" ਸੁੱਖੀ ਬੋਲੀ।

"ਹਾਂ ਮਿਸਜ਼ ਸੁੱਖੀ" ਆਖ ਉਸ ਵੱਲ ਦੇਖਦਾ ਬੋਲਿਆ, "ਜਿੰਨਾਂ ਚਿਰ ਤੂੰ ਮੈਨੂੰ ਸਾਰੀ ਗੱਲ ਖੋਲ੍ਹ ਕੇ ਨਹੀਂ ਦੱਸਦੀ ਉਂਨਾਂ ਚਿਰ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ।"

"ਜਦੋਂ ਸੁੱਖੀ ਨੇ ਬੇਗੇ ਨੂੰ ਫ੍ਰੀ ਕਰਵਾਉਣ ਬਾਰੇ ਵਕੀਲ ਨੂੰ ਦੱਸਿਆ ਤਾਂ ਗੋਰਾ ਵਕੀਲ ਹੱਸ ਕੇ ਬੋਲਿਆ, "ਬੱਸ ਐਨੀ ਗੱਲ ਆ!" "ਪਰ, ਐਨੀ ਗੱਲ ਲਈ ਪਤੀ ਤੋਂ ਤਲਾਕ ਲੈਣਾ ਐਨਾ ਸੌਖਾ ਨਹੀਂ।" ਉਹ ਰੁਕ ਕੇ ਬੋਲਿਆ, "ਪਤੀ ਤੋਂ ਤਲਾਕ ਲੈਣ ਦਾ ਇੱਕੋ ਇਕ ਰਾਹ ਹੈ, "ਪਰਗਮਨ ਜਾਂ ਕਾਮ।"

ਵਕੀਲ ਉਸ ਵੱਲ ਗਹੁ ਨਾਲ ਦੇਖਦਾ ਬੋਲਿਆ, "ਪਰਗਮਨ: ਅਰਥਾਤ- ਤੇਰਾ ਮਰਦ ਪਰਾਈ ਇਸਤਰੀ ਕੋਲ ਜਾਂਦਾ ਜਾਂ ਰਹਿੰਦਾ ਤੇ ਸਬੂਤਾਂ ਦਾ ਢੇਰ।" ਉਸ ਨੇ ਮੇਜ਼ ਦੀ ਇਕ ਨੁੱਕਰ ਵਿਚ ਪਈਆਂ ਫ਼ਾਈਲਾਂ ਵੱਲ ਹੱਥ ਕਰਦੇ ਨੇ ਕਿਹਾ।

"ਕਾਮੁਕਤਾ। ਕਾਮੁਕਤਾ ਦਿੱਕ।" ...."ਤੈਨੂੰ ਭਰੀ ਕਚਹਿਰੀ ਵਿਚ ਸਭ ਦੇ ਸਾਹਮਣੇ ਇਹ ਕਹਿਣਾ ਪਵੇਗਾ ਕਿ ਮੇਰਾ ਪਤੀ ਮੈਨੂੰ ਸੰਭੋਗ ਲਈ ਬਹੁਤ ਤੰਗ ਕਰਦਾ। ਮੇਰੀ ਮਰਜ਼ੀ ਖ਼ਿਲਾਫ਼ ਮੱਲੋਜੋਰੀ ਮੇਰੇ ਨਾਲ ਸੰਭੋਗ ਕਰਦਾ ਤੇ ਉਹ ਵੀ ਕਿਸੇ ਬਚਾਉ ਤੋਂ ਬਿਨਾ। ਉਹ 'ਪਿੱਲ' ਵੀ ਨਹੀਂ ਲੈਣ ਦਿੰਦਾ। ਮੈਂ ਗਰਭਵਤੀ ਹੋਣਾ ਨਹੀਂ ਚਾਹੁੰਦੀ ਪਰ ਉਹ ਮੈਨੂੰ ਮਜਬੂਰ ਕਰਦਾ। ਮੈਂ ਭਰੂਣ ਹੱਤਿਆ ਨਹੀਂ ਕਰਨਾ ਚਾਹੁੰਦੀ। ਉਹ ਗਾਲੀ ਗਲੋਚ ਤੋਂ ਇਲਾਵਾ ਮਾਰ ਕੁੱਟ ਤੇ ਹੱਥ ਚੁੱਕਣ ਤੋਂ ਸੰਕੋਚ ਵੀ ਨਹੀਂ ਕਰਦਾ। ਮੈਨੂੰ ਉਸ ਤੋਂ ਤਸ਼ੱਦਦ ਤੇ ਜਾਨ ਦਾ ਖ਼ਤਰਾ।"

ਸੁੱਖੀ ਵਕੀਲ ਦੇ ਮੂੰਹੋਂ ਉਕਤ ਗੱਲਾਂ ਸੁਣ ਕੇ ਪਹਿਲਾਂ 'ਤੇ ਘਬਰਾਈ ਫਿਰ ਸ਼ਰਮਾਈ ਤੇ ਅੱਖਾਂ 'ਤੇ ਹੱਥ ਰੱਖ ਲਿਆ ਤੇ ਇਕ ਝੁਣਝਣੀ ਲਈ। ਫਿਰ ਮਨ ਵਿਚ ਕਿਹਾ, "ਜੇ ਮੈਨੂੰ ਇਹਨਾਂ ਗੱਲਾਂ ਦਾ ਪਤਾ ਹੁੰਦਾ ਤਾਂ ਮੈਂ ਨਾ ਹੀ ਆਉਂਦੀ।" ਨਖ਼ਸਮੀ ਗਿਆਨੋ ਨੇ ਵੀ ਨਾ ਦੱਸੀਆਂ।

ਜਦੋਂ ਮਨ ਵਿਚ, 'ਨਾ ਆਉਣ' ਦਾ ਖਿਆਲ ਆਇਆ ਤਾਂ ਉਸਨੂੰ ਆਪਣੀ ਸੋਨੇ ਦੀ ਲੰਕਾ ਢਹਿ ਢੇਰੀ ਹੁੰਦੀ ਨਜ਼ਰ ਆਈ। ਫਿਰ ਆਪਣੇ ਆਪ ਨੂੰ ਇਹ ਕਹਿ ਕੇ ਸਮਝਾਇਆ, "ਮਨਾ, ਜੱਦ ਨੱਚਣ ਲੱਗ ਪਈ ਤਾਂ ਘੁੰਡ ਕਿਹਾ। ਕਰਦੇ ਵਕੀਲ ਨੂੰ ਹਾਂ।" ਤੇ "ਠੀਕ ਆ" ਆਖ 'ਹਾਂ' ਵਿਚ ਸਿਰ ਹਿਲਾਇਆ।

ਵਕੀਲ ਨੂੰ ਕੀ ਸੀ। ਰਾਣੀ ਦਾ ਰਾਜ। ਉਸਨੇ ਤਾਂ ਪੈਸੇ ਲੈਣੇ ਸੀ। ਸੁੱਖੀ ਦੀ ਹਾਂ ਸੁਣ ਕੇ ਵਕੀਲ ਨੇ ਤਲਾਕ ਦੀ ਅਰਜ਼ੀ ਕਚਹਿਰੀ ਦਾਖ਼ਲ ਕਰ ਦਿੱਤੀ।

ਸੁੱਖੀ ਨੇ ਘਰ ਆ ਕੇ ਸੁੱਖੇ ਨੂੰ ਇਹ ਸਮਝਾ ਦਿੱਤਾ ਕਿ ਜੇ ਕਚਹਿਰੀਉਂ ਕੋਈ ਕਾਗ਼ਜ਼ ਪੱਤਰ ਆਉਣ ਤਾਂ ਉਹ ਉਨ੍ਹਾਂ ਵੱਲ ਬਹੁਤਾ ਧਿਆਨ ਨਾ ਦੇਵੇ ਤੇ ਗੰਭੀਰਤਾ ਨਾਲ ਨਾ ਲਵੇ। ਕਿਉਂਕਿ ਉਹ ਇਹ ਸਭ ਕੁਝ, ਬੇਰੋ ਨੂੰ ਫ਼ਰੀ ਕਰਵਾਉਣ ਲਈ ਕਰ ਰਹੀ ਹੈ।

ਆਪ ਡਾਕਟਰ ਦੇ ਗਈ ਤੇ ਪਿੱਲ ਲਿਖਵਾ ਲਿਆਈ। ਖਰੀਦੀ ਪਰ, ਨਾ ਵਰਤੀ ਤੇ ਸੌਂਦੀ ਕਰਦੀ, ਸੁੱਖੇ ਨਾਲ ਹੀ ਰਹੀ ਤੇ ਇਸ ਗੱਲ ਦਾ ਕਿਸੇ ਕੋਲ ਧੂੰ ਨਾ ਕੱਢਿਆ।

ਵਕੀਲ ਦੀ ਹਦਾਇਤ ਅਨੁਸਾਰ, ਹੁਣ ਉਹ ਬੇਰੋ ਨੂੰ ਹਰ ਵੇਲੇ ਆਪਣੇ ਨਾਲ ਨਾਲ ਰੱਖਦੀ। ਜਿੱਥੇ ਜਾਂਦੀ, ਨਾਲ ਲੈ ਕੇ ਜਾਂਦੀ। ਇੱਥੇ ਤਕ ਕਿ ਸਫਾਈ ਵਾਲੇ ਕੰਮ ਤੋਂ ਇਲਾਵਾ, ਉਹ ਉਸਨੂੰ ਗੁਰਦੁਆਰੇ ਵੀ ਆਪਣੇ ਨਾਲ ਲੈ ਕੇ ਜਾਂਦੀ ਤਾਕਿ ਲੋਕ ਇਹ ਦੇਖ ਸਕਣ ਕਿ ਉਹ ਅੱਜਕੱਲ੍ਹ ਬੇਰੋ ਨਾਲ ਹੀ ਰਹਿੰਦੀ ਹੈ। ਪਰ ਕਿਸੇ ਨੇ ਵੀ ਉਸਦੀ ਇਸ ਹਰਕਤ ਵੱਲ ਧਿਆਨ ਨਾ ਦਿੱਤਾ। ਇੱਥੇ

ਤਕ ਕਿ ਨੰਜੋ ਦੀ ਸੱਸ ਦਾ ਵੀ, ਜਿਸ ਨੂੰ ਕਿ ਸਾਰੇ ਜਹਾਨ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਦੀ ਘੋਖ ਰੱਖਣ ਦਾ ਸ਼ੌਕ ਸੀ, ਉਨ੍ਹਾਂ ਦੀ ਇਸ ਗੱਲ ਵੱਲ ਧਿਆਨ ਨਾ ਗਿਆ। ਸੁੱਖੀ ਨੂੰ ਇੰਝ ਜਾਪਿਆ ਜਿਵੇਂ ਸਾਰਾ ਜਹਾਨ, ਜੀਵਨ ਦੀ ਆਪੋ ਆਪਣੀ ਦੌੜ ਵਿਚ ਰੁੱਝਿਆ ਹੈ।

ਸੁੱਖੇ ਨੂੰ ਸੁੱਖੀ ਦੀ ਇਸ ਕਾਰਵਾਈ ਦਾ ਧੱਕਾ ਜਿਹਾ ਤਾਂ ਲੱਗਾ ਪਰ ਉਹ ਇਹ ਸੋਚ ਕੇ ਚੁੱਪ ਕਰ ਰਿਹਾ ਕਿ ਸੁੱਖੀ ਜੋ ਕੁਝ ਕਰ ਰਹੀ ਹੈ ਉਸਦੇ ਭਰਾ ਨੂੰ ਫ੍ਰੀ ਕਰਵਾਉਣ ਲਈ ਹੀ ਕਰ ਰਹੀ ਹੈ। ਫਿਰ ਵੀ ਉਸ ਨੂੰ ਸੁੱਖੀ ਤੇ ਬੇਗੋ ਦਾ ਹਰ ਵੇਲੇ ਇਕੱਠੇ ਰਹਿਣਾ ਨਾ ਸੁਖਾਉਂਦਾ, ਕਦੀ ਕਦੀ ਤਾਂ ਉਸ ਦੇ ਮਨ ਵਿਚ ਬੇਗੋ ਨਾਲ, ਇਸਤਰੀ ਖ਼ਾਤਰ ਆਦਮ ਦੇ ਪੁੱਤਾਂ ਵਾਲੀ ਰਕਾਬਤ ਜਾਗਦੀ, ਕਦੀ ਗੁੱਸਾ ਤੇ ਕਦੀ ਸੁੱਖੀ ਦੇ ਖ਼ਿਲਾਫ਼ ਬਦਚਲਣੀ ਦੀ ਘਿਰਨਾ। ਕਈ ਵਾਰ ਤਾਂ ਉਸਦੇ ਮਨ ਵਿਚ ਆਉਂਦਾ ਕਿ ਉਹ ਸੁੱਖੀ ਨੂੰ ਸੱਚਮੁੱਚ ਦਾ ਤਲਾਕ ਦੇ ਦੇਵੇ ਤੇ ਇੱਥੋਂ ਚਲਾ ਜਾਵੇ। ਪਰ ਉਹ ਆਪ ਜਗਤ ਤਮਾਸ਼ਾ ਨਹੀਂ ਸੀ ਬਣਨਾ ਚਾਹੁੰਦਾ।

ਪਰ ਜਦੋਂ ਇਕ ਦਿਨ, ਨੰਜੋ ਦੀ ਸੱਸ ਨੇ ਉਸਨੂੰ ਇਹ ਕਿਹਾ, "ਵੇ ਸੁੱਖਿਆ, ਦੇਖ ਵੇ ਸੁੱਖੀ ਛੋਟੇ ਦਿਉਰ ਨੂੰ ਕਿਵੇਂ ਭਰਾਵਾਂ ਵਾਂਗ ਫ੍ਰੀ ਕਰਵਾਉਣ ਲਈ ਨਾਲ ਨਾਲ ਲਈ ਫਿਰਦੀ ਆ।" ਤਾਂ ਉਸਦੇ ਮਨ ਦਾ ਸਾਰਾ ਕ੍ਰੋਧ ਉਤਰ ਗਿਆ।

ਹਾਲੇ ਸੁੱਖੇ ਨੂੰ ਕਚਹਿਰੀਉਂ, ਤਲਾਕ ਦੀ ਸੁਣਵਾਈ ਦੀ ਤਰੀਕ ਬਾਰੇ ਕੋਈ ਕਾਗ਼ਜ਼ ਪੱਤਰ ਨਹੀਂ ਸੀ ਆਏ ਕਿ ਵਲੇਤੋਂ ਨਿਆਣੇ ਕੋਲੋਂ ਲਿਖਵਾਈ ਰੱਤੋ ਦੀ ਚਿੱਠੀ ਆ ਗਈ। ਜਿਸ ਵਿਚ ਲਿਖਿਆ ਸੀ—

ਸੁੱਖੇ,

ਜਿਵੇਂ ਤੈਨੂੰ ਪਤਾ ਤੇਰੇ ਭਰਾ ਦੀ ਟੈਕਸ ਵਾਲੇ ਪੁੱਛ ਗਿੱਛ ਕਰ ਰਹੇ ਸੀ। ਉਸ ਵਿਚ ਤੇਰੇ ਭਰਾ ਨੂੰ ਟੈਕਸ ਦੀ ਹੇਰਾ ਫੇਰੀ ਕਰਨ ਲਈ, ਹਜ਼ਾਰ ਪੌਂਡ ਜੁਰਮਾਨੇ ਨਾਲ ਇਕ ਸਾਲ ਦੀ ਕੈਦ ਹੋ ਗਈ ਹੈ। ਜੇ ਕਰ ਬੇਗਾ ਫ੍ਰੀ ਹੋ ਗਿਆ ਹੋਵੇ ਤਾਂ ਉਸ ਨੂੰ ਸਾਡੇ ਕੋਲ ਭੇਜ ਦੇ। ਘਰ ਵਿਚ ਕੋਈ ਮਰਦ ਨਾ ਹੋਣ ਕਰਕੇ ਮੈਂ ਤੇ ਨਿਆਣੇ ਬਹੁਤ ਪਰੇਸ਼ਾਨ ਆਂ।"

ਤੇਰੀ ਭਰਜਾਈ
ਰਤਨ ਕੌਰ

ਬੇਗੇ ਦਾ ਵਲੈਤ ਨੂੰ ਜਾਣਾ ਮੁਸ਼ਕਿਲ ਸੀ। ਕਿਉਂਕਿ ਜੇ ਬੇਗਾ ਇਕ ਵਾਰ ਕੈਨੇਡਾ 'ਚੋਂ ਬਾਹਰ ਚਲਿਆ ਗਿਆ ਤਾਂ ਦੁਬਾਰਾ ਉਸ ਦਾ ਦਾਖ਼ਲ ਹੋਣਾ ਅਸੰਭਵ ਤਾਂ ਨਹੀਂ ਮੁਸ਼ਕਿਲ ਸੀ।

ਕੈਲੇ ਨੂੰ ਕੈਦ ਤੇ ਜੁਰਮਾਨੇ ਦਾ ਸੁਣ ਕੇ, ਤਿੰਨੇ ਜੀਅ ਬਹੁਤ ਦੁੱਖੀ

ਹੋਏ, ਖਾਸ ਕਰ ਕੇ ਸੁੱਖਾ। ਉਸ ਨੂੰ ਪਤਾ ਸੀ ਕਿ ਕੈਲੇ ਤੇ ਰੱਤੋ ਨੇ ਜੋ ਕੁਝ ਵੀ ਕੀਤਾ ਸੀ, ਉਨ੍ਹਾਂ ਸਾਰਿਆਂ ਦੀ ਭਲਾਈ ਲਈ ਹੀ ਕੀਤਾ ਸੀ। ਉਂਝ ਵੀ ਵਿੱਚੋਂ ਵਿਚ ਸੁੱਖੇ ਦਾ ਦਿਲ ਵਲੈਤ ਜਾਣ ਨੂੰ ਕਰਦਾ ਸੀ। ਸੁੱਖੀ ਦੇ ਇਕ ਵਾਰ ਕਹਿਣ 'ਤੇ ਮੰਨ ਗਿਆ ਤੇ ਕੁਝ ਹਫ਼ਤਿਆਂ ਲਈ ਚਲਾ ਗਿਆ।

ਸੁੱਖੇ ਦੇ ਜਾਣ ਪਿੱਛੋਂ ਤਲਾਕ ਦੀ ਤਰੀਕ ਆਈ। ਉਸਦੀ ਗੈਰ-ਹਾਜ਼ਰੀ ਸੁੱਖੀ ਦੇ ਹੱਕ ਵਿਚ ਚਲੇ ਗਈ ਤੇ ਉਸ ਨੂੰ ਨਮੋਸ਼ੀ ਭਰੇ ਝੂਠੇ ਬੋਲ ਬੋਲਣ ਤੋਂ ਨਜਾਤ ਮਿਲ ਗਈ ਤਾਂ ਸੁੱਖੀ ਨੇ ਸੁੱਖ ਦਾ ਸਾਹ ਲਿਆ। ਜੱਜ ਨੇ ਤਲਾਕ ਨਾਲ ਮੁੰਡੇ ਦਾ ਖਰਚ ਵੀ ਸੁੱਖੇ ਸਿਰ ਪਾ ਦਿੱਤਾ।

ਸੁੱਖੀ ਨੂੰ ਜਦੋਂ ਸੁੱਖੇ ਕੋਲੋਂ ਕਾਗਜ਼ੀ ਤਲਾਕ ਮਿਲ ਗਿਆ ਤਾਂ ਉਸ ਨੇ ਬੇਗੇ ਨੂੰ ਫ੍ਰੀ ਕਰਵਾਉਣ ਲਈ, "ਮੈਰਿਜ਼ ਔਫ਼ ਕਨਵੀਨਿਅੰਸ ਐਕਟ" ਦੇ ਤਹਿਤ ਮਾਮਲਾ ਦਰਜ ਕਰਵਾਉਣ ਵਿਚ ਕੋਈ ਦੇਰ ਨਾ ਲਾਈ। ਤਲਾਕ ਦੇ ਦੂਸਰੇ ਦਿਨ ਹੀ ਵਿਆਹ ਰਜਿਸਟਰ ਕਰਵਾ ਦਿੱਤਾ। ਜਿਸ ਦੀ ਬਿਨਾਹ 'ਤੇ ਇੰਮੀਗ੍ਰੇਸ਼ਨ ਮਹਿਕਮੇ ਨੇ ਉਸ ਨੂੰ ਕੈਨੇਡਾ ਵਿਚ ਕੰਮ ਕਰਨ ਤੇ ਰਹਿਣ ਦੀ ਇਜਾਜ਼ਤ ਇਸ ਸ਼ਰਤ 'ਤੇ ਦੇ ਦਿੱਤੀ ਕਿ ਜਿੰਨਾ ਚਿਰ ਉਹ ਕਬੀਲਦਾਰੀ ਦਾ ਸਬੂਤ, ਅਰਥਾਤ, ਇਸ ਵਿਆਹ ਤੋਂ ਕੋਈ ਬੱਚਾ ਨਹੀਂ ਦਿਖਾਉਂਦਾ ਉਨ੍ਹਾਂ ਚਿਰ ਉਹ ਨੂੰ ਇੰਮੀਗ੍ਰੇਸ਼ਨੀ ਨਹੀਂ ਮਿਲੇਗੀ।

ਸੁੱਖੀ ਨੇ ਬੇਗੇ ਦੇ ਭਵਿੱਖ ਨੂੰ ਸੁਧਾਰਨ ਤੇ ਖੁਸ਼ਹਾਲ ਬਣਾਉਣ ਲਈ ਪੜ੍ਹਨ ਦੀ ਬਜਾਏ ਦਸਤੀ ਕੰਮ ਸਿੱਖਣ ਤੇ ਕਰਨ ਵੱਲ ਰੁਚਿਤ ਕੀਤਾ ਤੇ ਉਸ ਨੂੰ ਵੀ.ਵੀ.ਆਈ. ਵਿਚ ਵੈਲਡਿੰਗ ਦਾ ਕੋਰਸ ਕਰਨ ਲਈ ਦਾਖ਼ਲ ਕਰਵਾ ਦਿੱਤਾ।

ਉੱਦਾਂ ਤਾਂ ਸੁੱਖੀ ਨੇ ਇਹ ਵਿਆਹ ਦਿਖਾਵੇਂ ਲਈ, ਇਹ ਸੋਚ ਕੇ ਤੇ ਸੁੱਖੇ ਨਾਲ ਸਲਾਹ ਕਰ ਕੇ ਹੀ ਕੀਤਾ ਸੀ ਕਿ ਜਦੋਂ ਉਨ੍ਹਾਂ ਦੇ ਅਗਲਾ ਬੱਚਾ ਹੋਵੇਗਾ ਤਾਂ ਉਹ ਬੇਗੇ ਦਾ ਲਿਖਵਾ ਕੇ ਉਸ ਨੂੰ ਫ੍ਰੀ ਕਰਵਾ ਲਵੇਗੀ ਪਰ ਸੁੱਖੇ ਦੇ ਅਚਨਚੇਤ ਵਲੈਤ ਜਾਣ ਕਾਰਨ ਸਮੇਂ ਦੀ ਸਮੱਸਿਆ ਉਸਦੇ ਸਾਹਮਣੇ ਆ ਖੜ੍ਹੀ ਹੋਈ। ਹੁਣ ਉਹ ਸ਼ਸ਼ੋਪੰਜ ਵਿਚ ਫਸ ਗਈ ਕਿ ਉਹ ਬੇਗੇ ਦਾ ਟੱਬਰ ਦਿਖਾਉਣ ਲਈ ਕਰੇ ਤਾਂ ਕੀ ਕਰੇ। ਸੁੱਖੇ ਨੂੰ ਉਡੀਕੇ ਜਾਂ ਫਿਰ...।

ਸੁੱਖੀ, ਵਕੀਲ ਦੀ ਹਦਾਇਤ ਅਨੁਸਾਰ ਦਿਖਾਵੇਂ ਲਈ ਬੇਗੇ ਨੂੰ ਆਪਣੇ ਨਾਲ- ਨਾਲ ਰੱਖਦੀ ਪਰ ਬੇਗੇ ਨਾਲ ਕੋਈ ਜਿਨਸੀ ਸਬੰਧ ਨਾ ਬਣਾਏ। ਬੇਗਾ ਸਕੂਲੋਂ ਵੈਲਡਿੰਗ ਦੀ ਪੜ੍ਹਾਈ ਤੇ ਕੰਮ ਸਿੱਖ ਕੇ ਆਉਂਦਾ। ਨੁਕਲ਼ ਪਾਣੀ ਕਰ ਕੇ ਸੁੱਖੀ ਨਾਲ ਸਫ਼ਾਈ ਦੇ ਕੰਮ 'ਤੇ ਚਲਿਆ ਜਾਂਦਾ। ਸੁੱਖੀ ਆ ਕੇ ਮਨੀ ਨੰਜੋ ਦੀ ਸੱਸ ਕੋਲੋਂ ਲੈਂਦੀ, ਨਲ੍ਹਾਉਂਦੀ, ਖਵਾਉਂਦੀ ਤੇ ਸੁਆਉਂਦੀ। ਉਸ ਨਾਲ ਪਈ ਪਈ, ਥੱਕੀ ਹੋਣ ਕਾਰਨ ਸੌਂ ਜਾਂਦੀ ਕਿਉਂਕਿ ਉਸਨੇ ਸਲਾਈ ਦੇ ਕੰਮ 'ਤੇ ਵੀ ਜਾਣਾ ਹੁੰਦਾ ਸੀ।

ਬੇਗਾ ਸੁੱਖੀ ਨਾਲ ਸਫ਼ਾਈ ਦਾ ਕੰਮ ਕਰਵਾ ਕੇ ਆਉਂਦਾ। ਰੋਟੀ ਪਾਣੀ

ਖਾ ਕੇ ਆਪਣਾ ਹੋਮਵਰਕ ਕਰਨ ਲੱਗ ਪੈਂਦਾ। ਹੋਮਵਰਕ ਕਰਦੇ ਨੂੰ, ਨਾਲ ਦੇ ਕਮਰੇ ਵਿਚ ਇਕੱਲੀ ਪਈ ਸੁੱਖੀ ਦਾ ਖਿਆਲ ਆਉਂਦਾ ਤਾਂ ਉਹ ਸੁੱਖੀ ਨਾਲ ਬਿਤਾਏ ਉਹ ਦਿਨ ਯਾਦ ਆ ਜਾਂਦੇ ਜਦੋਂ ਸੁੱਖਾ, ਉਸ ਨੂੰ ਮੁਕਲਾਵੇ ਆਈ ਨੂੰ ਪਿੰਡ ਛੱਡ ਕੇ ਆਪ ਇੰਗਲੈਂਡ ਨੂੰ ਚਲਿਆ ਗਿਆ ਸੀ। ਫਿਰ ਉਹ ਤੇ ਸੁੱਖੀ ਕਿਵੇਂ ਘਰ ਦੇ ਖੇਤਾਂ ਵਿਚ ਪ੍ਰੇਮੀਆਂ ਵਾਂਗੂੰ ਫਿਰਦੇ ਸੀ ਤੇ ਚੁਬਾਰੇ ਦੀ ਇਕਾਂਤ ਵਿਚ...। ਉਸ ਦੀ ਕਾਮ ਚੇਸ਼ਟਾ ਜਾਗ ਪੈਂਦੀ ਤਾਂ ਉਹ ਉੱਠ ਕੇ ਸੁੱਖੀ ਦੇ ਕਮਰੇ ਵਿਚ ਜਾਂਦਾ, ਉਸਨੂੰ ਮਨੀ ਨਾਲ ਸੁੱਤੀ ਨੂੰ ਦੇਖਦਾ, ਨਿਹਾਰਦਾ ਪਰ ਬਿਨਾਂ ਬੁਲਾਇਆਂ, ਜਗਾਇਆਂ ਜਾਂ ਹੱਥ ਲਾਇਆਂ ਉਨ੍ਹੀਂ ਪੈਰੀਂ ਵਾਪਸ ਆ ਜਾਂਦਾ।

ਸੌਖ ਦਾ ਵਿਆਹ ਕਰਵਾਉਣ, ਰਹਿਣ ਤੇ ਕੰਮ ਕਰਨ ਦਾ ਪ੍ਰਮਿਟ ਮਿਲ ਜਾਣ ਤੋਂ ਬਾਅਦ ਫ੍ਰੀ ਹੋਣ ਲਈ ਟੱਬਰ ਦੀ ਸ਼ਰਤ ਪੂਰੀ ਕਰਨ ਲਈ ਬੇਗਾ ਵੀ ਫ਼ਿਕਰਮੰਦ ਹੋ ਗਿਆ। ਕਈ ਦਿਨ ਤਾਂ ਬੇਗਾ, ਸੁੱਖੀ ਵਲੋਂ ਕੋਈ ਪੇਸ਼ਕਦਮੀ ਨਾ ਹੁੰਦੀ ਦੇਖ ਕੇ ਪੁਰਾਣੇ ਸਬੰਧਾਂ ਦੇ ਨਕਸ਼ਾਂ ਨੂੰ ਆਪਣੇ ਚੇਤਨ 'ਚੋਂ ਮਿਟਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਕਿਸੇ ਨਾ ਕਿਸੇ ਤਰੀਕੇ ਆਪਣੀ ਉਤੇਜਨਾ ਨੂੰ ਦਬਾਉਣ ਦਾ ਯਤਨ ਕਰ ਲੈਂਦਾ ਪਰ ਜਦੋਂ ਨਾ ਰਹਿ ਹੁੰਦਾ ਤਾਂ ਉਹ ਮਨ ਨਾਲ ਸੰਬਾਦ ਰਚਾ ਲੈਂਦਾ। ਉਹ ਮਨ ਨੂੰ ਕਹਿੰਦਾ, "ਸੁੱਖੀ ਹੁਣ ਇਕ ਨਿਆਣੇ ਦੀ ਮਾਂ ਹੈ, ਉਸਦੇ ਵੱਡੇ ਭਰਾ ਦੀ ਧਰਮਪਤਨੀ, ਵੱਡੇ ਥਾਂ।" ਫਿਰ ਪਤਾ ਨਹੀਂ ਕਿਹੜੇ ਕਿਹੜੇ ਰਿਸ਼ਤਿਆਂ ਦੇ ਨਾਲ ਉਸਦੀ ਤੁਲਨਾ ਕਰਦਾ ਕਹਿੰਦਾ, "... ਦੇ ਬਰਾਬਰ।"

"ਭਰਾ ਦੀ ਧਰਮ ਪਤਨੀ ਤੇ ਵੱਡੇ ਥਾਂ ਤਾਂ ਉਹ ਉਦੋਂ ਵੀ ਸੀ ਜਦੋਂ ਤੂੰ...।"

"ਉਦੋਂ ਹਾਲਾਤ ਕੁਝ ਹੋਰ ਸਨ। ਉਹਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਸ ਨੂੰ ਮੁਕਲਾਵੇ ਦਾ ਚਾਅ ਸੀ। ਜਵਾਨੀ ਦਾ ਜੋਸ਼। ਕਾਮ ਉਤੇਜਨਾ, ਉਸ ਦੀ ਰੱਗ-ਰੱਗ 'ਚ ਭਰੀ ਹੋਈ ਸੀ ਤੇ ਭਰ ਦੁੱਧ ਦੇ ਕਟੋਰੇ ਵਾਂਗੂੰ ਛਲਕ ਰਹੀ ਸੀ। ਉਦੋਂ ਮੇਰੇ ਲਈ ਇਸਤਰੀ, ਗਾਧਣ ਵਾਲੀ ਇਕ ਨਵੀਂ ਵਸਤੂ ਸੀ। ਆਪਣਾ ਘਰ, ਆਪਣੀ ਸੰਸਕ੍ਰਿਤੀ ਤੇ ਆਪਣਾ ਦੇਸ਼ ਸੀ।

"ਐਥੇ ਕੀ ਫ਼ਰਕ ਆ" ਉਸਦਾ ਮਨ ਉਸਨੂੰ ਸਵਾਲ ਕਰਦਾ, "ਆਪਣੇ ਲੋਕ। ਆਪਣਾ ਭਾਈਚਾਰਾ। ਇਕੱਲਤਾ। ਹਰ ਕਾਸੇ ਦੀ ਖੁੱਲ੍ਹ। ਕੋਈ ਕਿਸੇ ਦੀ ਗੱਲ ਵਿਚ ਦਖ਼ਲ ਨਹੀਂ ਦਿੰਦਾ ਤੇ ਨਾ ਹੀ ਪਰਵਾਹ ਕਰਦਾ ਭਾਵੇਂ ਕੋਈ ਇਸ ਦੇਸ਼ ਦਾ ਵਾਸੀ ਹੈ ਜਾਂ ਨਹੀਂ।"

ਜਦੋਂ ਮਨ, ਦੇਸ਼ ਵਾਸੀ ਦਾ ਨੁਕਤਾ ਉਠਾਉਂਦਾ ਤਾਂ ਬੇਗਾ ਸੋਚਦਾ, "ਬੇਗਾਨਾ ਦੇਸ਼, ਮੈਂ ਤਾਂ ਹਾਲੇ ਇੱਥੇ ਦਾ ਲੈਂਡਿਡ ਇਮੀਗਰੈਂਟ ਵੀ ਨਹੀਂ ਬਣਿਆਂ। ਕਿਤੇ ਸੁੱਖੀ ਗੁੱਸੇ ਵਿਚ ਆ ਕੇ ਦੇਸ਼ ਨਿਕਾਲਾ ਹੀ ਨਾ ਦਿਲਵਾ ਦੇਵੇ।"

"ਉਹ ਨੇ ਇਹ ਸਭ ਕੁਝ ਤੈਨੂੰ ਫ੍ਰੀ ਕਰਵਾਉਣ ਲਈ ਹੀ ਨਹੀਂ ਕੀਤਾ ਹੋਇਆ, ਆਪਣੀ ਛੋਟੀ ਭੈਣ ਨਿੰਦਰ, ਤੇਰੀ ਮੰਗੇਤਰ ਨੂੰ ਮੰਗਵਾਉਣ ਲਈ ਵੀ

ਇਹ ਸਾਰਾ ਪੜਪੰਚ ਰਚਿਆ ਹੋਇਆ।"

"ਉਹ ਤਾਂ ਠੀਕ ਆ ਪਰ ਪਹਿਲ ਕੌਣ ਕਰੇ ?" ਬੇਗਾ ਮਨ ਨੂੰ ਪੁੱਛਦਾ ਕਹਿੰਦਾ।

"ਸ਼ੁਰੂਆਤ ਤਾਂ ਤੂੰ ਹੀ ਕੀਤੀ ਸੀ ਕਿਤਾਬੀ ਕੀੜੇ।" ਉਸਦਾ ਮਨ ਉਸ ਨੂੰ ਟਕੋਰ ਕਰਦਾ ਕਹਿੰਦਾ, "ਨਾ ਨਹਾਉਂਦੀ ਨੂੰ ਦੇਖਦਾ ਨਾ ਉਹ ਤੇਰੀ ਵੱਲ ਖਿੱਚੀ ਜਾਂਦੀ।"

"ਇਸ ਤੋਂ ਅੱਗੇ ਤਾਂ ਪਹਿਲ ਉਸਨੇ ਹੀ ਕੀਤੀ ਸੀ।" ਫਿਰ ਬੇਗਾ ਸੁੱਖੀ ਦੀ ਸਾਂਗ ਲਗਾਉਂਦਾ ਕਹਿੰਦਾ "ਆ ਬੇਗੇ ਤੇਰਾ ਹੋਮ-ਵਰਕ ਕਰਵਾ ਦਿਆਂ।" ਬੀਬੀ ਸਾਹਮਣੇ ਪੜ੍ਹਾਉਣ ਦਾ ਬਹਾਨਾ ਬਣਾਉਂਦੀ ਕਹਿੰਦੀ ਤੇ ਚੁਬਾਰੇ ਜਾ ਚੜ੍ਹਦੀ। ਸਭ ਤੋਂ ਵੱਡੀ ਗੱਲ "ਸੌਖੀ ਪਹੁੰਚ।"

"ਸੌਖੀ ਪਹੁੰਚ' ਤਾਂ ਇੱਥੇ ਵੀ ਆ। ਕਿਹੜਾ ਚੁਬਾਰੇ ਚੜ੍ਹਨਾ। ਆਹ ਚਾਰ ਪੈਰ 'ਤੇ ਤਾਂ ਉਹਦਾ ਕਮਰਾ। ਇੱਥੇ ਪਹਿਲ ਤੂੰ ਕਰ ਲੈ।"

"ਨਹੀਂ"

"ਫਿਰ ਮਾਰ ਕੰਧਾਂ ਵਿਚ ਸਿਰ।"

ਇਕ ਵੀਕ ਐਂਡ ਦੀ ਰਾਤ ਨੂੰ ਜਦੋਂ ਫ੍ਰੀ ਹੋਣ ਦੇ ਫ਼ਿਕਰ ਨਾਲੋਂ ਕਾਮ ਬੇਗੇ ਦੇ ਜ਼ਬਤ ਦੀ ਹੱਦ ਤੋਂ ਬਾਹਰ ਹੋ ਗਿਆ ਤਾਂ ਉਸਨੇ ਸਾਰੇ ਹਾਲਾਤ, ਜਿਵੇਂ ਪ੍ਰਥਾਗਤ ਵਿਆਹ, ਦੇਸ਼ ਨਿਕਾਲੇ ਲਈ ਲਗਦਾ ਸਮਾਂ, ਸੁੱਖੀ ਦੀ ਵੱਡੀ ਕਮਜ਼ੋਰੀ ਆਪਣੇ ਕੁਟੰਬ ਸੱਦਣ ਲਈ ਭੈਣ ਨੂੰ ਮੰਗਵਾਉਣਾ ਆਦਿ ਦਾ ਜਾਇਜ਼ਾ ਲਿਆ। ਫਿਰ ਸੁੱਖੀ ਦਾ ਸੰਭੋਗ ਤੋਂ ਨਾਂਹ ਕਰਨ ਤੇ ਸੰਭੋਗ ਲਈ ਰਾਜ਼ੀ ਕਰਨ ਲਈ ਡਰ ਦੀ ਸਭ ਤੋਂ ਵੱਡੀ ਤੋਪ ਨੂੰ, "ਮੇਰੇ ਫ੍ਰੀ ਹੋਏ ਬਿਨਾਂ ਆਪਣੀ ਭੈਣ ਨੂੰ ਕਿਵੇਂ ਮੰਗਵਾਏਂਗੀ" ਚਲਾਉਣ ਦਾ ਸੋਚ ਕੇ ਉਹ ਉੱਠਿਆ ਤੇ ਸੁੱਖੀ ਦੇ ਕਮਰੇ ਵਿਚ ਗਿਆ।

ਆਮ ਦਿਨਾਂ ਦੇ ਉਲਟ, ਵੀਕ ਐਂਡ ਨੂੰ ਸੁੱਖੀ, ਮਨੀ ਨੂੰ ਉਸਦੇ ਕਮਰੇ ਵਿਚ ਸੁਆਉਂਦੀ ਤੇ ਆਪ ਆਪਣੇ ਕਮਰੇ ਵਿਚ ਸੌਂਦੀ। ਕਮਰੇ ਦਾ ਦਰ ਖੁੱਲ੍ਹਾ ਰੱਖਦੀ ਤਾਂ ਜੋ ਰਾਤ ਨੂੰ, ਜੇ ਕਿਤੇ ਮਨੀ ਜਾਗੇ ਤਾਂ ਉਹ ਆ ਕੇ ਉਸ ਨਾਲ ਸੌਂ ਜਾਵੇ। ਬੇਗੇ ਨੇ ਆ ਕੇ ਦੇਖਿਆ, ਲਾਈਟ ਜਗ ਰਹੀ ਸੀ। ਸੁੱਖੀ ਅੱਖਾਂ 'ਤੇ ਬਾਂਹ ਰੱਖ ਕੇ ਲੇਟੀ ਹੋਈ ਸੀ ਜਿਵੇਂ ਕੁਝ ਸੋਚ ਰਹੀ ਹੋਵੇ।

ਕਮਰੇ ਵਿਚ ਹਲਕੀ ਜਿਹੀ ਪੈਰਾਂ ਦੀ ਬਿੜਕ ਸੁਣ ਕੇ ਸੁੱਖੀ ਨੇ ਬਾਂਹ ਚੁੱਕ ਕੇ ਅੱਖਾਂ ਖੋਲ੍ਹੀਆਂ, ਸਿਰ ਉਤਾਂਹ ਚੁੱਕ ਕੇ ਦਰਵਾਜ਼ੇ ਵੱਲ ਦੇਖਿਆ। ਬੇਗ ਨੂੰ ਦਰ ਵਿਚ ਖੜ੍ਹਾ ਦੇਖ ਕੇ ਬੋਲੀ, "ਬੇਗੇ ਤੂੰ! ਕੀ ਗੱਲ ? ਨੀਂਦ ਨੀ ਆਉਂਦੀ ?"

"ਉਂ ਹੂੰ।"

"ਕੋਈ ਚੇਤੇ ਆਉਂਦਾ।" ਸੁੱਖੀ ਨੇ ਸਿਰ ਥੱਲੇ ਬਾਂਹ ਦਾ ਸਹਾਰਾ ਲੈਂਦੀ ਨੇ ਕਿਹਾ ਤਾਂ ਉਸਦੀ, ਗਲਮੇਂ ਵਾਲੀ ਨਾਈਟੀ, ਸਰਕ ਕੇ ਉਸ ਦੀਆਂ ਛਾਤੀਆਂ ਦੀ ਵੰਡ ਵਾਲੀ ਥਾਂ ਤੋਂ ਥੋੜ੍ਹੀ ਥੱਲੇ ਹੋ ਗਈ। ਜਿਸ ਦੀ ਉਸ ਨੇ ਕੋਈ ਪਰਵਾਹ

ਨਾ ਕੀਤੀ ਤੇ ਨਾ ਹੀ ਠੀਕ ਕਰਨ ਦਾ ਕੋਈ ਯਤਨ ਕੀਤਾ। ਬੇਗੇ ਦੀ ਨਜ਼ਰ ਉਥੇ ਹੀ ਟਿਕੀ। ਟਿਕ-ਟਿਕੀ ਲਾ ਕੇ ਦੇਖਦਾ ਬੋਲਿਆ, "ਹੂੰ।"

"ਕੌਣ! ਬੀਬੀ?"

ਬੇਗੇ ਨੇ ਨਾਂਹ ਵਿਚ ਸਿਰ ਹਿਲਇਆ, ਉਸ ਵੱਲ ਉਂਗਲ ਕੀਤੀ ਤੇ ਆਪਣੇ ਲਾਗਲੀ ਬੈਡ ਦੀ ਬਾਹੀ ਕੋਲ ਜਾ ਖੜ੍ਹਾ ਹੋਇਆ।

ਸੁੱਖੀ ਨੇ ਉਸ ਵਲ ਬੜੇ ਗਹੁ ਨਾਲ ਦੇਖਿਆ। ਉਸਨੂੰ ਉਤੇਜਿਤ ਦੇਖ ਕੇ, ਬੈਡ 'ਤੇ ਪਈ ਪਈ ਪਰ੍ਹੇ ਨੂੰ ਖਿਸਕੀ ਤੇ ਬੇਗੇ ਨੂੰ ਹੱਥ ਨਾਲ ਕੋਲ ਬੈਠਣ ਦਾ ਇਸ਼ਾਰਾ ਕੀਤਾ। ਬੇਗਾ ਮਲਕ ਚਾਰੇ ਬੈਡ 'ਤੇ ਬੈਠਿਆ। ਮੱਧਮ ਜਿਹੀ ਲੋਅ ਵਿਚ ਉਸ ਨੇ ਸੁੱਖੀ ਦੇ ਚਿਹਰੇ ਵੱਲ ਦੇਖਿਆ। ਉਸਨੂੰ ਉਸ ਦੇ ਬੁੱਲ੍ਹਾਂ 'ਤੇ ਇਕ ਅਣਮਿੱਟ ਜਿਹੀ ਪਿਆਸ ਤੇ ਅੱਖਾਂ ਵਿਚ ਅਜੀਬ ਜਿਹੀ ਭੁੱਖ ਨਜ਼ਰ ਆਈ ਤੇ ਉਹ ਫਿਰ ਉਸ ਭੁੱਖ ਨੂੰ ਮਿਟਾਉਣ ਤੇ ਪਿਆਸ ਨੂੰ ਬੁਝਾਉਣ ਵਿਚ ਜੁੱਟ ਗਿਆ।

ਸੁੱਖਾ, ਜੋ ਚਾਰ ਕੁ ਹਫ਼ਤਿਆਂ ਲਈ ਇੰਗਲੈਂਡ ਗਿਆ ਸੀ, ਦੋ ਮਹੀਨਿਆਂ ਬਾਅਦ ਵਾਪਸ ਆਇਆ ਤਾਂ ਸੁੱਖੀ ਨੇ ਉਸ ਨੂੰ ਆਉਂਦੇ ਨੂੰ ਦੱਸਿਆ, "ਸੁੱਖੇ, ਤੇਰੇ ਇੰਗਲੈਂਡ ਜਾਣ ਵਿਚ ਆਪਾਂ ਨੂੰ ਬਹੁਤ ਲਾਭ ਹੋਇਆ।"

"ਕੀ?"

"ਬੇਗੇ ਨੂੰ ਫ੍ਰੀ ਕਰਵਾਉਣ ਲਈ ਜੋ ਆਪਾਂ ਤਲਾਕ ਲਈ ਅਰਜ਼ੀ ਦਿੱਤੀ ਸੀ, ਪਾਸ ਹੋ ਗਈ।"

"ਚੱਲ ਚੰਗਾ ਹੋਇਆ।"

"ਹਾਂ" ਸੁੱਖੀ ਖੁਸ਼ੀ ਭਰੇ ਲਹਿਜੇ ਵਿਚ ਬੋਲੀ, "ਨਾਲੇ ਮੈਂ ਉਸ ਨਾਲ, 'ਮੈਰਿਜ ਔਫ਼ ਕਨਵੀਨਿਅੰਸ ਐਕਟ' ਤਹਿਤ ਵਿਆਹ ਵੀ ਦਰਜ ਕਰਵਾ ਦਿੱਤਾ, ਜਿਸ ਨਾਲ ਉਸ ਨੂੰ ਪਰਮਿਟ ਵੀ ਮਿਲ ਗਿਆ।"

"ਵਿਆਹ ਫਰਜ਼ੀ ਕਿ ਸੱਚੀ?" ਸੱਖੇ ਨੇ ਪੱਛਣਾ ਚਾਹਿਆ ਪਰ ਅਟਕ ਕੇ ਬੋਲਿਆ, 'ਚੱਲ ਮੇਰੇ ਜਾਣ ਦਾ ਕੁਝ ਫ਼ਾਇਦਾ ਤਾਂ ਹੋਇਆ।"

"ਇਕ ਹੋਰ ਖੁਸ਼ਖ਼ਬਰੀ ਵੀ ਆ।"

"ਕਿਹੜੀ?"

ਸੁੱਖੀ ਨੇ ਸੁੱਖੇ ਨੂੰ ਆਪਣਾ ਮੂੰਹ ਹੱਥ ਦੇ ਇਸ਼ਾਰੇ ਨਾਲ ਆਪਣੇ ਮੂੰਹ ਕੋਲ ਕਰਨ ਨੂੰ ਕਿਹਾ। ਜਦੋਂ ਸੁੱਖੇ ਨੇ ਆਪਣਾ ਮੂੰਹ ਉਸਦੇ ਮੂੰਹ ਕੋਲ ਕੀਤਾ ਤਾਂ ਸੁੱਖੀ ਉਸਦੇ ਕੰਨ ਵਿਚ ਫੁਸਫੁਸੇ ਬੋਲ ਵਿਚ ਬੋਲੀ, "ਮੈਂ ਗਰਭਵਤੀ ਵੀ ਹਾਂ।"

ਗਰਭ ਦਾ ਸੁਣ ਕੇ ਸੁੱਖਾ ਇਕ ਛਣ ਲਈ ਪਹਿਲਾਂ ਤਾਂ ਬਹੁਤ ਖੁਸ਼ ਹੋਇਆ। ਫਿਰ ਅਗਲੇ ਹੀ ਛਿਣ ਇਕਦਮ ਉਦਾਸ ਹੋ ਗਿਆ ਜਿਵੇਂ ਕਿਸੇ ਸ਼ੰਕਾ ਨੇ ਉਸਦੀ ਸੋਚ ਦੇ ਦਰ 'ਤੇ ਆ ਦਸਤਕ ਦਿੱਤੀ ਹੋਵੇ। ਇਕ ਵਹਿਮ ਤੇ ਪਰੇਸ਼ਾਨੀ ਦੀ ਤਾਰ ਉਸਦੇ ਚੇਤਨ ਵਿਚ ਫਿਰ ਗਈ ਤਾਂ ਉਸਨੇ ਪੁੱਛਿਆ, 'ਕਿੰਨੇ ਚਿਰ ਤੋਂ।"

"ਬੱਸ ਤੇਰੇ ਜਾਣ ਤੋਂ ਛੇਤੀ ਹੀ ਬਾਅਦ।"

"ਪਰ ਤੂੰ ਤਾਂ ਕਦੀ ਫ਼ੋਨ 'ਤੇ ਗੱਲ ਨੀ ਕੀਤੀ।"

"ਬਿਗਾਨੇ ਘਰ!?" (ਜਠਾਣੀ ਦੇ ਘਰ ਫ਼ੋਨ ਨਾਂ ਹੋਣ ਕਾਰਨ, ਸੁੱਖੀ ਸਲਾਜੀਤ ਦੇ ਘਰ ਫੋਨ ਕਰਦੀ ਸੀ।) "ਭਾਬੀ ਰੱਤੋ ਤੋਂ ਡਰਦੀ, ਮੈਂ ਭਲਾ ਫੋਨ 'ਤੇ ਕੀ ਗੱਲ ਕਰਦੀ।" ਉਹ ਅੱਗੇ ਕਹਿਣ ਲਈ ਰੁਕੀ, "ਕਿਤੇ ਉਹ ਗੁੱਸੇ ਕਰੇ ਤੇ ਕਹੇ, "ਸਾਡੇ ਤਾਂ ਸਾੜ੍ਹਸਤੀ ਆਈਓ ਆ, ਇਨ੍ਹਾਂ ਨੂੰ ਨਿਆਣੇ (ਜੰਮਣ) ਦੀ ਖੁਸ਼ੀ ਚੜ੍ਹੀਓ ਆ।"

"ਤਾਂ ਫੇਰ ਦੂਜਾ ਮਹੀਨਾ।" ਸੁੱਖਾ ਕੁਝ ਹਸਾਬ ਲਾਉਂਦਾ ਬੋਲਿਆ।

"ਹਾਂ ਆਂ।"

"ਇਹ ਵੀ ਮਨੀ ਵਾਲੇ ਮਹੀਨੇ 'ਚ 'ਡਿਊ' ਆ।"

"ਲਗਦਾ ਤਾਂ ਕੁਛ ਇੱਦਾ ਈ ਆ।" ਸੁੱਖੀ ਬੋਲ, "ਪਰ ਡਾਕਟਰ ਕਹਿੰਦਾ ਸੀ ਕਿ ਡਿਲਿਵਰੀ ਅੱਗੇ ਪਿੱਛੇ ਵੀ ਹੋ ਸਕਦੀ ਆ।"

"ਅੱਛਾ!?"

ਸੁੱਖੇ ਦੇ ਹਿਸਾਬ ਮੁਤਾਬਕ, ਨੌਂ ਮਹੀਨੇ ਟੱਪ ਕੇ ਦਸਵਾਂ ਵੀ ਅੱਧ ਪਚੱਧਾ ਕੀ ਸਾਰਾ ਹੀ ਲੰਘ ਕੇ ਹਫ਼ਤਾ ਉੱਪਰ ਹੋ ਗਿਆ ਤਾਂ ਇਕ ਦਿਨ ਸੁੱਖੇ ਨੇ ਸੁੱਖੀ ਨੂੰ ਪੁੱਛਦੇ ਨੇ ਕਿਹਾ, 'ਲਗਦਾ ਤੇਰੀ ਡਿਲਿਵਰੀ 'ਉਵਰ ਡਿਊ' ਹੋ ਗਈ ਆ। ਡਾਕਟਰ ਦੇਖਿਆ?"

"ਹਾਂ।"

"ਕੀ ਕਹਿੰਦਾ।"

"ਕਹਿੰਦਾ ਸੀ ਕਿ ਇਕ ਹਫ਼ਤਾ ਹੋਰ ਦੇਖਣਾ ਨਹੀਂ ਤਾਂ ਸਿਜੇਰੀਅਨ ਡਿਲਿਵਰੀ ਕਰ ਦੇਣੀ ਆ।"

"ਕਿਉਂ?"

"ਬੱਚਾ ਵੱਡਾ ਹੋਈ ਜਾਂਦਾ।" ਸੁੱਖੀ ਨੇ ਢਿੱਡ ਨੂੰ ਹੱਥ ਲਾਉਂਦੀ ਨੇ ਕਿਹਾ ਤੇ ਰੁਕ ਕੇ ਬੋਲੀ, "ਜਣੇਪੇ ਦੇ ਕੁਦਰਤੀ ਢੰਗ ਨਾਲ ਮਾਂ ਜਾਂ ਬੱਚਾ ਜਾਂ ਦੋਹਾਂ ਦੀ ਜਾਨ ਵੀ ਜਾ ਸਕਦੀ ਆ।"

ਸੁੱਖਾ ਇਹ ਸੁਣ ਕੇ ਕੁਝ ਘਬਰਾਅ ਗਿਆ।

ਕੁਦਰਤ ਦੇ ਨਿਯਮ ਤੇ ਸਮੇਂ ਅਨੁਸਾਰ ਜਣੇਪੇ ਦੇ ਪ੍ਰਕਿਰਤਕ ਢੰਗ ਨਾਲ ਸੁੱਖੀ ਦੇ ਮੁੰਡਾ ਹੋਇਆ, ਜਿਸਦਾ ਨਾਂ ਉਸ ਨੇ ਪਤਾ ਨਹੀਂ ਕਿਉਂ 'ਸਨੇਹਮਨ ਸਿੰਘ' ਰੱਖਿਆ। ਸ਼ਾਇਦ ਇਹ ਉਸਦੇ ਗੁਮਾਂਸ ਵਿੱਚੋਂ ਉਪਜੇ ਜੀਵ ਦਾ ਨਾਂ ਸੀ ਜੋ ਬਾਅਦ ਵਿਚ ਬਦਲਦਾ ਬਦਲਦਾ ਸੰਨੀ ਬਣ ਗਿਆ। ਹਸਪਤਾਲ ਵਿਚ ਪਿਉ ਦਾ ਨਾਂ, ਸੁੱਖੇ ਦੀ ਬਜਾਏ, ਬੇਗੇ ਦਾ ਲਿਖਵਾ ਦਿੱਤਾ ਕਿਉਂਕਿ ਕਾਨੂੰਨੀ ਤੌਰ 'ਤੇ ਬੇਗਾ ਹੀ ਉਸਦਾ ਬਾਪ ਬਣ ਸਕਦਾ ਸੀ, ਸੁੱਖਾ ਨਹੀਂ। ਇਸ ਤਰ੍ਹਾਂ ਬੇਗਾ ਕਾਗਜ਼ਾਂ ਵਿਚ ਵੀ ਸੁੱਖੀ ਦੇ ਇਕ ਪੁੱਤ ਦਾ ਪਿਓ ਬਣ ਗਿਆ।

ਸੁੱਖੀ ਨੇ ਸਨੇਹਮਨ ਦੇ ਬਰਥ ਸਰਟੀਫਿਕੇਟ ਦੀ ਇਕ ਕਾਪੀ, ਬੇਗੇ ਕੋਲੋਂ

ਇੰਮੀਗ੍ਰੇਸ਼ਨ ਦੇ ਮਹਿਕਮੇ ਨੂੰ ਭੇਜ ਦਿੱਤੀ। ਟੱਬਰ ਹੋਣ ਦੀ ਬਿਨਾਹ 'ਤੇ ਬੇਗੇ ਨੂੰ ਛੇਤੀ ਹੀ ਇੰਮੀਗ੍ਰੇਸ਼ਨ ਮਿਲ ਗਈ ਤੇ ਉਹ ਫ਼ ਹੋ ਗਿਆ।

ਬੇਗਾ ਜਦੋਂ ਫ਼ ਹੋਇਆ ਤਾਂ ਸੁੱਖੀ ਨੇ ਬੇਗੇ 'ਤੇ ਤਲਾਕ ਲੈਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਵੈਸੇ ਵੀ ਬੇਗਾ, ਕਾਮ ਹੱਥੋਂ ਤੰਗ ਰਹਿੰਦਾ ਸੀ। ਉਸ ਨੇ ਕੋਈ ਉਜ਼ਰ ਨਾ ਕੀਤਾ। ਸੁੱਖੀ ਨਾਲ ਫੱਟ ਦੇਣੀ ਵਕੀਲ ਦੇ ਚਲਿਆ ਗਿਆ।

ਹੁਣ ਜਦੋਂ ਵੀ ਸੁੱਖੀ, ਆਪਣੇ ਵਕੀਲ ਕੋਲ ਜਾਂਦੀ ਤਾਂ ਉਹ ਉਸਨੂੰ ਉਸਦੇ 'ਨਿਕਨੇਮ' ਨਾਲ ਸੰਬੋਧਨ ਕਰਦਾ। ਇਸ ਵਾਰ ਵੀ ਜਦੋਂ ਉਹ ਮੁਲਾਕਾਤ ਦਾ ਸਮਾਂ ਲੈ ਕੇ ਉਸ ਕੋਲ ਗਈ ਤਾਂ ਉਸਨੇ ਸੁੱਖੀ ਨੂੰ ਪੁੱਛਿਆ, "ਹੁਣ ਕੀ ਕਰਨਾ ਸੁੱਖੀ, ਇਸ ਤੋਂ ਪਿੱਛਾ ਛੁਡਾਉਣਾ?"

"ਤੈਨੂੰ ਪਤਾ ਈ ਆ ਮਿਸਟਰ ਟੇਲਰ।" ਸੁੱਖੀ ਮੁਸਕਰਾ ਕੇ ਬੋਲੀ।

'ਕਿਹੜੀ ਤੁਹਮਤ ਲਾਵਾਂ ਤੇ ਕੀ ਪੱਜ ਪਾਵਾਂ?"

"ਇਹ ਹੀ ਕਿ ਮੈਂ ਆਪਣੇ ਪਹਿਲੇ ਪਤੀ ਨੂੰ ਮਿਲਦੀ ਹੀ ਨਹੀਂ ਸਗੋਂ ਉਸ ਨਾਲ ਰਹਿੰਦੀ ਆਂ। ਇਸ ਦੀ ਕੋਈ ਪਰਵਾਹ ਨਹੀਂ ਕਰਦੀ।" ਉਹ ਰਕ ਕੇ ਬੋਲੀ, "ਜਦੋਂ ਇਹ ਗੁੱਸੇ ਵਿਚ ਪਰਗਮਨੀ ਦੀ ਮੇਰੇ ਸਿਰ ਤੁਹਮਤ ਥੱਪਦਾ ਜਾਂ ਮਿਹਣਾ ਦਿੰਦਾ ਤਾਂ ਮੈਂ ਅੱਗੋਂ ਲੜਦੀ ਜਾਂ ਝਗੜਦੀ ਆਂ ਤੇ ਮਾਰਨ ਨੂੰ ਵੀ ਪੈਂਦੀ ਆਂ।"

ਵਕੀਲ ਨੇ ਪਰਗਮਨ ਦੇ ਅਣ-ਬਣ ਦੀ ਬਿਨਾਹ 'ਤੇ ਅਦਾਲਤ ਵਿਚ ਤਲਾਕ ਲਈ ਅਰਜ਼ੀ ਦੇ ਦਿੱਤੀ। ਤਰੀਕ ਪਈ। ਸੁਣਵਾਈ ਹੋਈ। ਗਵਾਹਾਂ ਦੇ ਤੌਰ 'ਤੇ ਨੰਜੋ ਤੇ ਨੰਜੋ ਦੀ ਨਣਾਨ ਬੇਗੇ ਵਲੋਂ ਭੁਗਤੀਆਂ। ਬੇਗੇ ਨੂੰ ਤਲਾਕ ਮਿਲ ਗਿਆ ਪਰ ਬੇਗੇ ਨੂੰ ਕਾਨੂੰਨੀ ਮੁੰਡੇ ਦੇ ਪਾਲਣ ਪੋਸ਼ਣ ਦਾ ਖਰਚਾ ਬਤੌਰ ਪਿਓ, ਤਲਾਕ ਦੀ ਸ਼ਰਤ ਮੁਤਾਬਕ, ਸੁੱਖੀ ਨੂੰ ਦੇਣਾ ਪਿਆ ਜੋ ਸੁੱਖੀ ਨੇ ਕਦੀ ਨਾ ਲਿਆ। ਇਸ ਦੇ ਉਲਟ ਉਸ ਨੇ, ਬੇਗੇ ਨੂੰ ਪੜ੍ਹਨ ਤੇ ਕੰਮ ਸਿੱਖਣ ਲਈ ਮਦਦ ਕੀਤੀ ਜਿੰਨਾ ਚਿਰ ਉਹ ਕੰਮ 'ਤੇ ਨਹੀਂ ਲੱਗ ਗਿਆ।

ਬੇਗੇ ਨੂੰ ਤਲਾਕ ਦੇ ਕੇ ਸੁੱਖੀ ਨੇ ਉਸ ਵੇਲੇ ਉਸ ਕੋਲੋਂ ਆਪਣੀ ਛੋਟੀ ਭੈਣ ਨਿੰਦਰ ਲਈ, ਬਤੌਰ ਸਪੌਂਸਰਸ਼ਿਪ ਭਿਜਵਾ ਦਿੱਤੀ। ਉਹਨੀਂ ਦਿਨੀਂ ਕਾਨੂੰਨ ਹੀ ਕੁਝ ਐਸਾ ਸੀ ਕਿ ਨਿੰਦਰ ਛੇਤੀ ਹੀ ਆ ਗਈ ਤਾਂ ਸੁੱਖੀ ਨੇ ਉਨ੍ਹਾਂ ਦੋਹਾਂ ਦਾ ਗ਼ਰੀਬੀ ਦਾਅਵੇ ਵਿਆਹ ਕਰ ਦਿੱਤਾ ਤੇ ਆਪ ਸੁੱਖੇ ਨਾਲ ਦੁਬਾਰਾ ਕਚਹਿਰੀ ਦਾ ਵਿਆਹ ਕਰ ਲਿਆ। ਭਾਵੇਂ ਇਸ ਸਾਰੇ ਕੰਮ ਨੂੰ ਸਮਾਂ ਲੱਗਾ ਪਰ ਸੁੱਖੀ ਨੇ ਕਰ ਕੇ ਛੱਡਿਆ।

ਇਨ੍ਹਾਂ ਦਿਨਾਂ ਵਿਚ ਘਰਾਂ ਦੀਆਂ ਕੀਮਤਾਂ ਦਿਨ-ਬ-ਦਿਨ ਚੜ੍ਹ ਰਹੀਆਂ ਸਨ। ਸ਼ਰਨੀ ਹੁਣੀ ਲੈ ਆਪਣਾ ਪੁਰਾਣਾ ਘਰ ਵੇਚ ਕੇ ਬਰਨਬੀ ਵਿਚ ਕੋਈ ਦੱਸ ਕੁ ਸਾਲ ਪੁਰਾਣਾ ਘਰ ਲਿਆ। ਫਿਰ ਉਹ ਵੇਚ ਕੇ ਡੈਲਟੇ ਵਿਚ ਤੇ ਨਾਲੇ ਕੁਝ ਪੈਸੇ ਵੀ ਬਚਾ ਕੇ ਬੈਂਕ ਵਿਚ ਰੱਖ ਲਏ। ਸੁੱਖੀ ਨੂੰ ਸ਼ਰਨੀ ਹੁਰਾਂ ਦੀ

ਸਕੀਮ ਚੰਗੀ ਲੱਗੀ। ਉਨ੍ਹਾਂ ਨੇ ਰਲ਼ ਕੇ, ਕਿਸੇ ਆਪਣੇ ਏਜੰਟ ਰਾਹੀਂ ਇਕ ਚਾਲੀ ਕੁ ਸਾਲ ਪੁਰਾਣਾ ਘਰ ਨਾਈਟ ਸਟਰੀਟ 'ਤੇ ਚਾਈਨਾ ਟਾਊਨ ਕੋਲ ਲਿਆ, ਜਿੱਥੋਂ ਉਨ੍ਹਾਂ ਨੂੰ ਕੰਮ 'ਤੇ ਆਉਣ-ਜਾਣ ਦੀ ਸੌਖ ਸੀ। ਸਾਰੇ ਜੀਅ ਉਸ ਵਿਚ ਰਹਿਣ ਲੱਗ ਪਏ। ਕੁਝ ਚਿਰ ਬਾਅਦ ਉਸੇ ਏਜੰਟ ਨੇ ਉਨ੍ਹਾਂ ਦਾ ਘਰ, ਕੁਝ ਮੁਨਾਫ਼ੇ 'ਤੇ ਵਿਕਵਾ ਦਿੱਤਾ ਤੇ ਉਨ੍ਹਾਂ ਨੂੰ ਨਿਊਵੈਸਟ ਵਿਚ, ਵੇਚੇ ਘਰ ਦੀ ਪੌਣੀ ਕੀਮਤ ਦਾ ਇਕ ਪੁਰਾਣਾ ਘਰ ਲੈ ਦਿੱਤਾ। ਉਂਝ ਤਾਂ ਇਹ ਘਰ ਇਕ ਪੁਰਾਣੇ ਇਲਾਕੇ ਵਿਚ ਸੀ ਪਰ ਇਸ ਘਰ ਤੋਂ ਫ਼ਰੇਜ਼ਰ ਦਰਿਆ ਵਿਚ ਬਣੇ ਐਨਾਸਿੱਸ ਆਈਲੈਂਡ (ਟਾਪੂ) ਦੀ ਉੱਤਰੀ ਸ਼ਾਖ਼ਾ 'ਤੇ ਸਕੌਟ ਪੇਪਰ ਮਿਲ ਤੇ ਆਰਾ ਮਿੱਲ 'ਚੋਂ ਉੱਠਦਾ ਧੂੰਆਂ, ਸੀ.ਐਨ. ਰੇਲਵੇ ਯਾਰਡ ਵਿਚ ਆਉਂਦੀਆਂ ਜਾਂਦੀਆਂ ਮਾਲ ਗੱਡੀਆਂ ਤੇ ਚੜ੍ਹਦੇ ਪਾਸੇ ਦਰਿਆ ਤੇ ਬਣਿਆ ਪਟੋਲੋ ਪੁਲ ਦਿਖਾਈ ਦਿੰਦੇ ਸਨ। ਜੋ ਸੁੱਖੀ ਨੂੰ ਬਹੁਤ ਪਸੰਦ ਸੀ। ਪਰ, ਸੁੱਖੀ ਦੀ ਸਹਿਣਸ਼ੀਲਤਾ ਤੋਂ ਬਾਹਰ। ਸ਼ਾਇਦ ਸਾਹਮਣੇ ਆਰਾ ਮਿੱਲ ਕਾਰਨ। ਇਸ ਤਰ੍ਹਾਂ ਉਨ੍ਹਾਂ ਦਾ ਬੈਂਕ ਨਾਲ ਕਰੈਡਟ ਵੀ ਬਣ ਗਿਆ ਤੇ ਚਾਰ ਪੈਸੇ ਵੀ ਹੱਥ ਵਿਚ ਆ ਗਏ। ਸੁੱਖੀ ਨੇ ਸ਼ਰਨੀ ਤੇ ਸੁੱਖੇ ਨੂੰ ਨੰਜੂ ਕੋਲੋਂ ਕਾਰ ਚਲਾਉਣੀ ਸਿੱਖ ਕੇ ਡਰਾਈਵਿੰਗ ਲਾਈਸੰਸ ਲੈ ਲਏ। ਹੁਣ ਉਨ੍ਹਾਂ ਆਉਣ-ਜਾਣ ਲਈ ਇਕ, ਦੋ ਕੁ ਸਾਲ ਪੁਰਾਣੀ ਕਾਰ ਲੈ ਲਈ।

ਕਾਰ ਲਈ ਤਾਂ ਸੁੱਖੀ ਨੇ ਕਾਰ ਸੁੱਖੇ ਨੂੰ ਦੇ ਦਿੱਤੀ ਤੇ ਫਿਰ ਕੋਈ ਚੰਗਾ ਕੰਮ ਟੋਲ੍ਹਣ ਲਈ ਦਿਨ ਰਾਤ ਕਹਿਣਾ ਸ਼ੁਰੂ ਕਰ ਦਿੱਤਾ। ਤਾਂ ਜੋ ਮਾਂ-ਪਿਓ 'ਤੇ ਛੋਟੇ ਭਰਾ ਦੀ ਅਰਜ਼ੀ ਭਰ ਸਕੇ। ਮਾਂ-ਪਿਓ ਤੇ ਛੋਟੇ ਭਰਾ ਦੀ ਹੀ ਜਾਂ ਕਿਸੇ ਹੋਰ ਦੀ ਵੀ...!

9

ਸੁੱਖੀ ਨੇ ਨਿਊਵੈਸਟ ਵਿਚ ਘਰ ਲੈਂਦੇ ਹੀ ਸਿਲਾਈ ਦਾ ਕੰਮ ਵੀ ਛੱਡ ਦਿੱਤਾ। ਭਾਵੇਂ ਉਹ ਚਾਰੇ ਜੀਅ ਆਪਸ ਵਿਚ ਸਕੇ ਭੈਣ ਭਰਾ ਸਨ ਫਿਰ ਵੀ ਉਹ ਇਕ ਦੂਜੇ ਕੋਲੋਂ ਲੁਕ ਲਕੋਅ ਤੇ ਓਹਲਾ ਰੱਖਦੇ ਸੀ। ਖਾਸ ਕਰ ਕੇ ਪੈਸਿਆਂ ਦਾ।

ਸੁੱਖੀ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਬੇਗਾ ਆਪਣਾ ਪੇ-ਚੱਕ ਸੁੱਖੇ ਨੂੰ ਦੇਣ ਤੋਂ ਕਤਰਾਉਂਦਾ ਹੈ ਤੇ ਕਈ ਕਈ ਦਿਨ ਨਹੀਂ ਦਿੰਦਾ ਜਿੰਨਾ ਚਿਰ ਉਹ ਨਹੀਂ ਮੰਗਦਾ। ਸੁੱਖਾ ਵੀ ਨਹੀਂ ਸੀ ਚਾਹੁੰਦਾ ਕਿ ਬੇਗਾ ਵੀ ਉਹਦੇ ਵਾਂਗੂੰ ਹੱਥ ਘੁੱਟ ਕੇ ਰਹੇ। ਆਪ ਕਮਾਉਂਦਾ ਹੋਇਆ ਵੀ ਦੂਜਿਆਂ ਦੇ ਹੱਥ ਵੱਲ ਦੇਖੇ ਜਿਵੇਂ ਉਸਨੂੰ ਇੰਗਲੈਂਡ ਵਿਚ ਆਪਣੇ ਵੱਡੇ ਭਰਾ ਕੈਲੇ ਵੱਲ ਦੇਖਣਾ ਪੈਂਦਾ ਸੀ। ਆਪਣੀ ਕਮਾਈ ਆਪ ਸਾਂਭੇ ਤੇ ਆਪਣੀਆਂ ਲੋੜਾਂ ਅਨੁਸਾਰ ਖਰਚ ਕਰੇ। ਕਿਉਂਕਿ ਹੁਣ ਉਨ੍ਹਾਂ ਦੇ ਇਕ ਮੁੰਡਾ ਵੀ ਹੋ ਗਿਆ ਸੀ। ਹਾਂ ਉਹ, ਉਹ ਖਰਚ ਜੋ ਉਨ੍ਹਾਂ ਨੇ ਉਸਨੂੰ ਫ੍ਰੀ ਕਰਵਾਉਣ 'ਤੇ ਵਿਆਹ 'ਤੇ ਕੀਤਾ ਸੀ, ਵਾਪਸ ਜ਼ਰੂਰ ਕਰੇ। ਸੁੱਖੇ ਦੇ ਇਕ ਵਾਰ ਕਹਿਣ 'ਤੇ ਸੁੱਖੀ ਨੇ ਬੇਗੇ ਤੇ ਨਿੰਦਰ ਨੂੰ ਬੇਸਮੈਂਟ ਵਿਚ ਜੁਦੇ ਕਰ ਦਿੱਤਾ।

ਨਿੰਦਰ, ਪ੍ਰਸੂਤ ਦੀਆਂ ਛੁੱਟੀਆਂ 'ਤੇ ਹੋਣ ਕਾਰਨ ਘਰ ਰਹਿੰਦੀ। ਮਨੀ ਨੂੰ ਸਵੇਰੇ ਸਕਲ ਛੱਡ ਆਉਂਦੀ। ਦਪਹਿਰੋਂ ਬਾਅਦ ਲੈ ਆਉਂਦੀ। ਸੰਨੀ ਨੂੰ ਸਾਰਾ ਦਿਨ ਆਪਣੇ ਨਾਲ ਰੱਖਦੀ। ਇਸ ਗੱਲ ਦਾ ਲਾਹਾ ਲੈਂਦੀ ਸੁੱਖੀ ਨੇੜੇ ਪੈਂਦੀ ਉਸ ਫਿੱਸ਼ ਕੈਨਰੀ ਵਿਚ ਕੰਮ ਕਰਨ ਲੱਗ ਪਈ ਜਿੱਥੇ ਸੈਮਨ ਮੱਛੀ ਡੱਬਿਆਂ ਵਿਚ ਬੰਦ ਕੀਤੀ ਜਾਂਦੀ ਸੀ। ਸੁੱਖੀ ਦਾ ਉੱਥੇ ਕੰਮ ਕਰਨ ਦਾ ਵੱਡਾ ਮੰਤਵ ਇੱਥੇ, ਚਾਰ ਪੰਜ ਮਹੀਨੇ, ਮੱਛੀਆਂ ਦੀ ਰੁੱਤੇ ਮੌਸਮੀ ਕੰਮ (ਸੀਜ਼ਨਲ ਵਰਕ) ਕਰਨਾ ਸੀ। ਯੂ.ਆਈ. ਸੀ. (ਬੇਕਾਰੀ ਭੱਤਾ) ਲੈਣ ਲਈ ਸਟੈਂਪਾਂ ਬਣਾਉਣੀਆਂ ਤੇ ਬਾਕੀ ਦਾ ਬਚਦਾ ਸਾਲ, ਘਰ ਵਿਹਲੇ ਬੈਠ ਕੇ ਬੇਕਾਰੀ ਭੱਤਾ ਲੈਣਾ ਸੀ। ਪਰ ਨਹੀਂ। ਅਸਲੀ ਮੰਤਵ ਤਾਂ ਨਕਦ ਪੈਸਿਆਂ 'ਤੇ ਕਿਧਰੇ ਹੋਰ ਕੰਮ ਕਰਨਾ ਤੇ ਸਰਕਾਰ ਨੂੰ ਚਨਾ ਲਾਉਣਾ ਸੀ।

ਉਸਨੇ ਕੀਤਾ ਵੀ ਇਵੇਂ। ਕੈਨਰੀ ਵਿਚ ਕੰਮ ਕਰਦੀ ਸ਼ਾਮ ਨੂੰ ਨੰਜੋ ਨਾਲ 'ਕਲੀਨ ਅੱਪ' ਦਾ ਕੰਮ ਕਰਦੀ। ਜਦੋਂ ਕੈਨਰੀ ਬੰਦ ਹੋ ਜਾਂਦੀ ਤਾਂ ਦਿਨ ਨੂੰ ਆਪਣੀ ਕਾਲਜ ਦੀ ਸਹੇਲੀ ਇੰਦੂ ਦੀ ਦੂਰੋਂ ਨੇੜਿਉਂ ਰਿਸ਼ਤੇਦਾਰ ਨੀਲਮ ਹੁਣਾ ਦੇ ਜਨਰਲ ਸਟੋਰ ਵਿਚ ਸਮਾਨ ਰੱਖਣ ਰਖਾਉਣ, ਦੇਖਣ ਦਖਾਉਣ,

ਸ਼ੈਲਫਾਂ 'ਤੇ ਟਿਕਾਉਣ ਸਜਾਉਣ ਤੇ ਹੋਰ ਮੁੰਡੂਆਂ ਵਾਲੇ ਕੰਮ ਨਕਦ ਪੈਸਿਆਂ 'ਤੇ ਕਰਦੀ। ਸ਼ਾਮ ਨੂੰ ਉੱਧਰ ਗਈ ਨਜੋਂ ਨਾਲ ਸਫ਼ਾਈ ਦਾ ਕੰਮ ਕਰ ਆਉਂਦੀ।

ਸੁੱਖਾ ਹੁਣ ਦੇਖਣ ਨੂੰ ਖੁਸ਼ ਲਗਦਾ। ਦੇਸ ਤੇ ਇੰਗਲੈਂਡ ਵਿਚ ਦੋਸਤਾਂ ਮਿੱਤਰਾਂ ਨੂੰ ਚਿੱਠੀ ਪੱਤਰ ਵਿਚ ਫੜ੍ਹ ਮਾਰਦਾ ਲਿਖਦਾ, "ਮੇਰੇ ਕੋਲ ਫਿਲਮ ਸਟਾਰ ਧਰਮਿੰਦਰ ਵਰਗੀ ਇਮਪਾਲਾ ਕਾਰ ਆ। ਹਵਾ ਨਾਲ ਗੱਲਾਂ ਕਰਦੀ ਆ ਜੱਟ ਦੀ ਗੱਡੀ।"

ਭਾਵੇਂ ਉਸਦਾ, ਧਰਮਿੰਦਰ ਵਰਗੀ ਜੀ. ਐਮ. ਦੀ ਇਮਪਾਲਾ ਕਾਰ ਲੈਣ ਦਾ ਸੁਫ਼ਨਾ ਪੂਰਾ ਹੋ ਗਿਆ ਸੀ ਤੇ ਇਮਪਾਲਾ ਹਰ ਵੇਲੇ ਉਸਦੇ ਥੱਲੇ ਰਹਿੰਦੀ, ਫਿਰ ਵੀ ਉਹ ਅੰਦਰੋਂ ਉਦਾਸ 'ਤੇ ਅਫਸੋਸਿਆ ਜਿਹਾ ਰਹਿੰਦਾ। ਉਸ ਨੂੰ ਸੁੱਖੀ ਦਾ, ਦਿਨ ਰਾਤ ਦਾ ਰਾਗ, "ਚੰਗਾ ਕੰਮ ਟੋਲ੍ਹ, ਵੱਡਾ ਘਰ ਲਈਏ। ਮੈਂ ਨਵਾਂ ਘਰ ਲੈਣਾ। ਮੇਰੇ ਮਾਪਿਆ ਨੇ ਆਉਣਾ।" ਪਰੇਸ਼ਾਨ ਕਰਦਾ। ਪਰ, ਅਸਲ ਵਿਚ ਉਹ, ਇਸ ਤੋਂ ਵੱਧ, ਬੇਰੋ ਦਾ ਹਰ ਵੇਲੇ ਸੁੱਖੀ ਦੁਆਲੇ ਮੰਡਲਾਉਣ ਤੇ ਗੋਡੇ ਨਾਲ ਲੱਗ ਕੇ ਬੈਠੇ ਰਹਿਣ ਤੋਂ ਪਰੇਸ਼ਾਨ ਸੀ। ਭਾਵੇਂ ਉਸਨੂੰ ਬੇਰੋ ਦੇ ਚਰਿੱਤਰ 'ਤੇ ਕੋਈ ਸ਼ੱਕ ਨਹੀਂ ਸੀ ਤੇ ਉਸ ਨੂੰ ਜੁਦਾ ਵੀ ਕਰ ਦਿੱਤਾ ਸੀ ਫਿਰ ਵੀ, ਉਹ ਜਦੋਂ ਵੀ ਘਰ ਆਉਂਦਾ, ਉਨ੍ਹਾਂ ਦੋਹਾਂ ਨੂੰ ਇਕੱਠਿਆਂ ਹੀ ਬੈਠੇ ਦੇਖਦਾ ਤਾਂ ਉਸਦਾ ਮਨ, ਛੋਟੇ ਮੁੰਡੇ ਦੇ ਕਾਗ਼ਜ਼ਾਂ ਵਿਚ ਲਿਖਾਏ ਪਿਉ ਦੇ ਨਾਂ ਵੱਲ ਚਲਿਆ ਜਾਂਦਾ। "ਕਿਤੇ ਬੇਰਾ ਸੱਚ ਮੁੱਚ।" ਮਨ ਵਿਚ ਸਵਾਲ ਉੱਠਦਾ ਤਾਂ ਆਪੇ ਆਪਣੇ ਸਵਾਲ ਦਾ ਜਵਾਬ, "ਨਈਂ, ਨਈਂ। ਉਹ ਇੱਦਾਂ ਦਾ ਨਈਂ। ਉਹ ਇੱਦਾਂ ਨੀ ਕਰ ਸਕਦਾ। ਆਖ਼ਰ ਮੇਰਾ ਛੋਟਾ ਭਰਾ। ਪੜ੍ਹਿਆ ਲਿਖਿਆ।"

"ਪੜ੍ਹਿਓ ਲਿਖਿਓ ਤਾਂ ਉਹ ਦੋਵੇਂ ਆਂ। ਇਕ ਮੈਂ ਈ ਆਂ ਬਸ।" ਉਸਦੇ ਮਨ ਵਿਚ ਫਿਰ ਸਵਾਲ ਉੱਠਦਾ।

"ਇਹਦਾ ਕੀ ਫਰਕ ਪੈਂਦਾ। ਸੁੱਖੀ ਨੇ ਵਿਆਹ ਤਾਂ ਮੈਨੂੰ ਦੇਖਕੇ ਈ ਕੀਤਾ।" ਅੰਤ ਉਹ, ਆਪਣੇ ਆਪ ਨੂੰ ਇਹ ਗੱਲ ਆਖ ਸ਼ਾਂਤ ਹੋ ਜਾਂਦਾ।

ਇਸ ਤੋਂ ਇਲਾਵਾ ਉਹ ਸੁੱਖੀ ਦੇ ਪਰਿਵਾਰ ਸੰਜਮ ਤੋਂ ਵੀ ਤੰਗ ਸੀ। ਸੁੱਖਾ ਉਸਨੂੰ ਪਿੱਲ ਲੈਣ ਨੂੰ ਕਹਿੰਦਾ ਤਾਂ ਉਹ ਅੱਗੋਂ, ਕੰਮ 'ਤੇ ਇਕ ਅਟੈਲੀਅਨ ਔਰਤ ਗਲੋਰੀਆ, ਜਿਸ ਨੂੰ ਪਿੱਲ ਵਰਤਣ ਨਾਲ ਛਾਤੀ ਦਾ ਕੈਂਸਰ ਹੋ ਗਿਆ ਸੀ, ਦੀ ਕੱਥਾ ਸੁਣਾਉਂਦੀ ਕਹਿੰਦੀ, "ਨਾ ਬਾਬਾ ਨਾ, ਮੈਂ ਨੀ ਪਿੱਲ ਲੈਣੀ। ਮੈਂ ਨਈਂ ਮੰਮੇ ਕਟਵਾਉਣੇ।" ਮੰਮੇ ਈ ਤਾਂ ਤੀਵੀਂ ਦੀ ਸ਼ਾਨ ਹੁੰਦੇ ਆ।" ਫਿਰ ਰੁਕ ਕੇ ਕਹਿੰਦੀ, "ਬਿਨਾਂ ਮੰਮਿਆਂ ਤੀਵੀਂ ਕੀ।"

ਭਾਵੇਂ ਡਾਕਟਰਾਂ ਨੇ ਗਲੋਰੀਆ ਨੂੰ ਬਚਾਉਣ ਲਈ ਉਸ ਦੀਆਂ ਦੋਵੇਂ ਛਾਤੀਆਂ ਕੱਟ ਕੇ ਸਿੱਲੀਕੋਨ ਦੀਆਂ ਨਕਲੀ ਛਾਤੀਆਂ ਪਾ ਦਿੱਤੀਆਂ ਸਨ ਤਾਂ ਵੀ ਗਲੋਰੀਆ ਨੂੰ, ਸਿੱਲੀਕੋਨ ਦੇ ਰਿਸਣ ਨਾਲ ਕੈਂਸਰ ਹੋਣ ਦਾ ਖ਼ਤਰਾ ਸੀ। ਗਲੋਰੀਆ ਦੀ ਮਿਸਾਲ ਤੋਂ ਸੁੱਖੇ ਨੂੰ ਇੰਜ ਜਾਪਦਾ ਜਿਵੇਂ ਸੁੱਖੀ ਨੂੰ, ਪਿੱਲ ਲੈਣ ਨਾਲ, ਛਾਤੀਆਂ ਦੇ ਕੈਂਸਰ ਦਾ ਵਹਿਮ ਹੋ ਗਿਆ ਹੋਵੇ। ਪਰ, ਨਹੀਂ। ਇਸ ਪਿੱਛੇ

ਉਸ ਦੀ ਇਕ ਡੂੰਘੀ ਚਾਲ ਸੀ ਜੋ ਸੁੱਖੇ ਦੇ ਸੁਫ਼ਨਿਆਂ ਦੇ ਵੀ ਚਿੱਤ ਚੇਤੇ ਨਹੀਂ ਸੀ ਤੇ ਸੁੱਖਾ ਉਸ ਵਿਚ ਬੁਰੀ ਤਰ੍ਹਾਂ ਫਸ ਗਿਆ ਸੀ।

ਹਾਰ ਕੇ ਇਕ ਦਿਨ ਤੰਗ ਆਏ ਸੁੱਖੇ ਨੇ ਗੁੱਸੇ ਵਿਚ ਆ ਕੇ, "ਨਾ ਰਹੇ ਬਾਂਸ ਨਾ ਵੱਜੇ ਬੰਸਰੀ" ਦੀ ਕਹਾਵਤ ਅਨੁਸਾਰ, ਆਪਣੇ ਫੈਮਲੀ ਡਾਕਟਰ ਨੂੰ ਫੋਨ ਕੀਤਾ। ਹਸਪਤਾਲ ਦੀ ਮੁਲਾਕਾਤ ਬਣਾਈ। ਹਸਪਤਾਲ ਗਿਆ ਤੇ ਨਸਬੰਦੀ ਕਰਵਾ ਕੇ, ਇਸ ਦਾ ਸਦਾ ਲਈ ਯੱਬ ਮੁਕਾਅ ਆਇਆ।

ਸੁੱਖੀ ਇਹੋ ਤਾਂ ਚਾਹੁੰਦੀ ਸੀ। ਉਸਨੇ ਸੁੱਖੇ ਦੀ ਨਸਬੰਦੀ ਦਾ ਪੂਰਾ ਪੂਰਾ ਲਾਹਾ ਲਿਆ। ਉਸਨੇ ਆਪਣੀ ਭਤੀਜੀ ਪਵਨੀ ਨੂੰ ਮਤਬੰਨੀ ਬਣਾਉਣ ਲਈ ਵਕੀਲ ਰਾਹੀਂ ਅਰਜ਼ੀ ਦੇ ਦਿੱਤੀ। ਗੋਦ ਲੈਣ ਲਈ ਇਹ ਬਹਾਨਾ ਬਣਾਇਆ ਕਿ ਮੇਰੇ ਦੋ ਮੁੰਡੇ ਹਨ। ਮੇਰੇ ਪਤੀ ਨੇ ਨਸਬੰਦੀ ਕਰਵਾ ਲਈ ਹੈ। ਮੈਨੂੰ, ਪਰਿਵਾਰ ਪੂਰਾ ਕਰਨ ਲਈ ਕੁੜੀ ਚਾਹੀਦੀ ਸੀ ਜੋ ਹੁਣ ਸੰਭਵ ਨਹੀਂ।

ਦਰਅਸਲ, ਭਤੀਜੀ ਮੰਗਵਾਉਣ ਦੇ ਪਿੱਛੇ ਵੀ ਸੁੱਖੀ ਦੀ ਇਕ ਲੰਬੀ ਸੋਚ ਕੰਮ ਕਰ ਰਹੀ ਸੀ। ਕੁੜੀ ਆਵੇਗੀ। ਬਾਲਗ ਹੋਣ 'ਤੇ ਵਿਆਹ ਕਰ ਦਿੱਤਾ ਜਾਵੇਗਾ। ਵਿਆਹੋਂ ਬਾਅਦ ਜਦੋਂ ਉਹ ਆਪਣੇ ਪੈਰੀਂ ਹੋ ਜਾਵੇਗੀ, ਆਪਣੇ 'ਬਾਇਓ'ਲੌਜੀਕਲ ਪੇਰੈਂਟ'ਸ' ਅਰਥਾਤ, ਅਸਲੀ ਮਾਪਿਆਂ ਨੂੰ ਸਪੌਂਸਰ ਕਰਕੇ ਮੰਗਵਾ ਲਵੇਗੀ। ਫਿਰ ਵੱਡਾ ਭਰਾ ਮਾਂ ਪਿਉ ਨੂੰ ਰੱਖ ਲਵੇਗਾ ਕਿਉਂਕਿ ਪਵਨੀ ਦੇ ਆਉਣ ਤੋਂ ਪਹਿਲਾਂ, ਸੁੱਖੀ ਦੇ ਪਿਤਾ ਨੱਥਾ ਸਿੰਘ ਤੇ ਮਾਤਾ ਜੁਗਿੰਦਰ ਕੌਰ ਆ ਜਾਣੇ ਸੀ।

ਪਰ, ਹੋਇਆ ਕੁਝ ਇਸ ਤੋਂ ਵੀ ਵੱਧ। ਜਦੋਂ ਪਵਨੀ ਆਈ ਉਦੋਂ ਉਹ ਤੇਰ੍ਹਵੇਂ ਸਾਲ ਵਿਚ ਸੀ। ਜਦੋਂ ਉਹ ਸਕੂਲੋਂ ਹਟੀ ਤਾਂ ਉਹ ਅਠਾਰਾਂ ਸਾਲਾਂ ਦੀ ਹੋ ਚੁੱਕੀ ਸੀ।

ਇਨ੍ਹਾਂ ਹੀ ਦਿਨਾਂ ਵਿਚ, ਨੀਲਮ ਹੁਣਾਂ ਦੀ ਦੁਕਾਨ 'ਤੇ, ਸੁੱਖੀ ਦੀ ਇਕ ਰਾਹ ਜਾਂਦੀ ਸਹੇਲੀ ਬਣ ਗਈ ਸੀ। ਉਸ ਦਾ ਨਾਂ ਦਿਲਜੀਤ ਸੀ। ਉਹ ਨਾਂ ਦੀ ਹੀ ਦਿਲਜੀਤ ਨਹੀਂ ਸੀ, ਰੂਪ, ਸਰੂਪ 'ਤੇ ਗੱਲ ਬਾਤ ਵਜੋਂ ਵੀ ਦਿਲ ਜਿੱਤਣ ਵਾਲੀ ਸੀ ਖਾਸ ਕਰਕੇ ਉਦੋਂ ਜਦੋਂ ਉਸਨੇ, ਚਿੱਟੀ ਤੰਗ ਜੀਨ ਨਾਲ, ਬਿਨਾਂ ਬਾਹਾਂ ਤੋਂ 'ਵੀ ਕੱਟ' ਤੇ 'ਲੋਅ ਨਿੱਕ' ਦਾ ਫਸਵਾਂ ਬਲਾਉਜ਼ ਪਾਇਆ ਹੁੰਦਾ। ਅੱਖਾਂ 'ਤੇ ਧੁੱਪ ਦੇ ਕਾਲੇ ਚਸ਼ਮੇ ਤੇ ਵਾਲਾਂ ਦੀ ਪੌਨੀ ਟੇਲ ਬੇਸਬਾਲ ਕੈਪ ਥਾਣੀ ਕੱਢੀ ਹੁੰਦੀ ਤੇ ਉੱਚੀ ਅੱਡੀ ਦੇ ਸੈਂਡਲ ਪਾ ਕੇ ਮਟਕ ਮਟਕ ਲੱਕ ਲਿਸ਼ਕਾ ਕੇ ਤੁਰਦੀ। ਉਹ ਇਸ ਸਰੂਪ ਵਿਚ ਫ਼ੈਸ਼ਨ ਸ਼ੋਅ ਦੀਆਂ ਫ਼ਰਾਂਸੀਸੀ ਮੌਡਲਾਂ ਨਾਲੋਂ ਘੱਟ ਨਾ ਲਗਦੀ ਤੇ ਨਾ ਹੀ ਲਗਦੀ ਇਕ ਉਹ ਦੋ ਨਿਆਣਿਆਂ ਦੀ ਮਾਂ ਤੇ ਪਿੰਡ ਦੇ ਸਕੂਲ ਦੀਆਂ ਦੱਸ ਜਮਾਤਾਂ ਵੀ ਪਾਸ ਨਹੀਂ।

ਉਨ੍ਹਾਂ ਦਾ ਫ਼ਰੇਜ਼ਰ ਵੈਲੀ ਵਿਚ ਇਕ ਬਲਿਊ-ਬੈਰੀ ਦਾ ਫਾਰਮ ਸੀ। ਉਹ ਲੰਘਦੀ ਵੜਦੀ ਨੀਲਮ ਦੀ ਦੁਕਾਨ ਨਾਲ ਕਰਿਆਨੇ ਦੀ ਦੁਕਾਨ 'ਤੇ, ਮੇਥੇ, ਕੌੜੀਆਂ ਮਿਰਚਾਂ, ਧਨੀਆਂ, ਪੂਦਨਾ, ਭੁਕਾਂ ਵਾਲੇ ਹਰੇ ਗੰਢੇ ਆਦਿ

ਵਸਤਾਂ, ਜੋ ਆਮ ਕਰਿਆਨੇ ਦੀਆਂ ਦੁਕਾਨਾਂ ਤੋਂ ਉਨਹੀਂ ਦਿਨੀਂ ਨਹੀਂ ਮਿਲਦੀਆਂ ਸਨ ਤੇ ਆਪਣੇ ਲੋਕ ਜਿਨ੍ਹਾਂ ਨੂੰ ਤਰਸਦੇ ਸਨ, ਰੱਖ ਜਾਂਦੀ ਤੇ ਉਨ੍ਹਾਂ ਦੇ ਨਕਦ ਪੈਸੇ ਲੈ ਲੈਂਦੀ। ਫਿਰ ਮੇਨ ਸਟਰੀਟ 'ਤੇ ਦੁਕਾਨਾ ਦੇ ਚੱਕਰ ਮਾਰਦੀ ਰਹਿੰਦੀ। ਖਾਸ ਕਰਕੇ ਸੁਨਿਆਰਿਆਂ ਦੀਆਂ ਦੁਕਾਨਾਂ ਦੇ।

ਸੁੱਖੀ ਨੇ ਆਪਣੇ ਮਾਂ ਪਿਉ ਨੂੰ, ਆਉਂਦਿਆਂ ਹੀ, ਯੂ. ਆਈ. ਸੀ. (ਬੇਕਾਰੀ ਭੱਤਾ) ਲੈਣ ਲਈ, ਫਰੇਜ਼ਰ ਵੈਲੀ ਦੇ ਫਾਰਮਾਂ ਵਿਚ ਕੰਮ ਕਰਨ ਲਈ, ਇਕ ਖੇਤ ਕਾਮਿਆਂ ਦੇ ਠੇਕੇਦਾਰ ਨਾਲ ਭੇਜ ਦਿੱਤਾ। ਸੁੱਖੀ ਵੀ ਕਦੀ ਕਦਾਈਂ ਜਦੋਂ ਦੁਕਾਨ 'ਤੇ ਕੰਮ ਘੱਟ ਹੁੰਦਾ ਜਾਂ ਮਾਂ ਦਾ ਚਿੱਤ ਠੀਕ ਨਾ ਹੁੰਦਾ ਤਾਂ ਚਲੇ ਜਾਂਦੀ। ਇਕ ਦਿਨ ਸੁੱਖੀ ਉਨ੍ਹਾਂ ਨਾਲ ਗਈ ਤਾਂ ਉੱਥੇਂ ਉਸਦੀ ਮੁਲਾਕਾਤ ਦਿਲਜੀਤ ਨਾਲ ਹੋਈ। ਦਿਲਜੀਤ ਨੇ ਸੁੱਖੀ ਨੂੰ ਦੇਖ ਕੇ ਕਿਹਾ, "ਤੂੰ ਇੱਥੇ?"

"ਇੱਥੇ ਮੇਰੀ ਬੀਬੀ ਤੇ ਭਾਪਾ ਜੀ ਕੰਮ ਕਰਦੇ ਆ।" ਸੁੱਖੀ ਨੇ ਉਨ੍ਹਾਂ ਵੱਲ ਹੱਥ ਕਰਦੀ ਨੇ ਕਿਹਾ ਤੇ ਪੁੱਛਿਆ, "ਤੇ ਤੂੰ?"

"ਇਹੀ ਤਾਂ ਸਾਡਾ ਫਾਰਮ ਆ।" ਉਸ ਨੇ ਹਿੱਕ ਨੂੰ ਹੱਥ ਲਾਉਂਦੀ ਨੇ ਕਿਹਾ।

"ਅੱਛਾ!" ਮੈਨੂੰ ਨਈਂ ਸੀ ਪਤਾ।" ਸੁੱਖੀ ਨੇ ਜਵਾਬ ਦਿੱਤਾ।

ਸੁੱਖੀ ਦੇ ਮਾਪੇ ਉੱਥੇ ਆਮ ਤੇ ਬਾਕੀ ਕਾਮਿਆਂ ਵਾਂਗ ਹੀ ਕੰਮ ਕਰਦੇ। ਰੋਜ਼ ਆਉਂਦੇ 'ਤੇ ਜਾਂਦੇ। ਦਿਲਜੀਤ ਨੇ ਉਨ੍ਹਾਂ ਦੀ ਆਉਣ ਜਾਣ ਦੀ ਤਕਲੀਫ਼ ਨੂੰ ਦੇਖ ਕੇ, ਨਾਲ ਦੇ ਫਾਰਮ 'ਤੇ ਰਹਿਣ ਲਈ ਇਕ ਕੈਬਨ ਲੈ ਦਿੱਤੀ। ਉਹ ਕੰਮ ਦਿਲਜੀਤ ਹੁਣਾਂ ਦੇ ਫਾਰਮ 'ਤੇ ਵੀ ਕਰਦੇ ਤੇ ਜਿਸ ਫਾਰਮ 'ਤੇ ਰਹਿੰਦੇ, ਉੱਥੇ ਵੀ ਕਰਦੇ।

ਹੁਣ ਸੁੱਖੀ ਤੇ ਦਿਲਜੀਤ ਦਾ ਆਪਸੀ ਆਉਣ ਜਾਣ ਵੱਧ ਗਿਆ। ਇਸ ਮੇਲ-ਮਿਲਾਪ ਨਾਲ ਇਕ ਦੂਜੇ ਨੂੰ ਜਾਨਣ ਕਾਰਨ ਤੇ ਆਪਸੀ ਸਹੇਲਪੁਣਾ ਹੋਰ ਵੀ ਗੂੜ੍ਹਾ ਹੋ ਗਿਆ। ਪਰ, ਜਦੋਂ ਵੀ ਦਿਲਜੀਤ ਸੁੱਖੀ ਦੇ ਆਉਂਦੀ ਪਵਨੀ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖਦੀ ਤੇ ਮਨ ਹੀ ਮਨ ਉਸਦੇ ਰੂਪ ਨੂੰ ਨਿਹਾਰਦੀ। ਇਕ ਦਿਨ ਦਿਲਜੀਤ ਕੋਲੋਂ ਨਾ ਰਿਹਾ ਗਿਆ ਤਾਂ ਪਵਨੀ ਦੇ ਰੂਪ ਨੂੰ ਦੇਖ ਕੇ ਇਕ ਹੌਕਾ ਜਿਹਾ ਭਰ ਕੇ ਸੁੱਖੀ ਨੂੰ ਕਿਹਾ, "ਕਾਸ਼! ਮੇਰਾ ਮੁੰਡਾ ਇਹਦਾ ਹਾਣੀ ਹੁੰਦਾ! ਮੈਂ ਇਹਨੂੰ ਸੱਤਾਂ ਪਟੋਲਿਆਂ ਵਿਚ ਵਲੇਟ ਕੇ ਉਡਨਖਟੋਲੇ 'ਚ ਉਡਾ ਕੇ ਲੈ ਜਾਂਦੀ।"

ਸੁੱਖੀ ਤਾਂ ਪਹਿਲਾਂ ਹੀ ਇਸ ਤਰ੍ਹਾਂ ਦੇ ਕਿਸੇ ਮੌਕੇ ਦੀ ਤਾੜ ਵਿਚ ਸੀ। ਕਿਉਂਕਿ ਉਸਨੇ ਵੀ ਦਿਲਜੀਤ ਦੀ ਕੁੜੀ ਕੁਲਵੰਤੀ ਉਰਫ਼ ਕੈਲੀ 'ਤੇ ਅੱਖ ਰੱਖੀ ਹੋਈ ਸੀ। ਕੈਲੀ ਦਾ ਜਨਮ ਇੰਡੀਆ ਦਾ ਸੀ ਤੇ ਉਹ ਪੰਜ ਸੱਤ ਸਾਲ ਦੀ ਸੀ ਜਦੋਂ ਪੰਜਾਬੋਂ ਆਈ ਸੀ। ਸੁੱਖੀ ਨੇ ਲੋਹਾ ਗਰਮ ਦੇਖਕੇ ਮੌਕੇ ਨੂੰ ਤਾੜਦੀ ਬੋਲੀ, "ਨਾ ਹੁਣ ਕੀ ਆ। ਟੋਲ੍ਹ ਲੈ ਕੋਈ ਭਾਣਜਾ ਭਤੀਜਾ ਤੇ ਲੈ ਜਾ।"

"ਭਾਣਜਾ ਤਾਂ ਨਈਂ ਭਤੀਜਾ ਹੈਗਾ, ਜੇ ਤੂੰ ਮੰਨੇ ਤਾਂ।" "ਪਰ ਉਹ

ਇੰਡੀਆ।"

"ਮੇਰਾ ਵੀ ਭਰਾ ਹੈਗਾ ਇੰਡੀਆ ਜੇ ਤੂੰ (ਕੁਲਵੰਤੀ ਲਈ) ਮੰਨੇ ਤਾਂ।" ਫੇ ਕੀ ਸੀ ਦਿਲਜੀਤ ਨੇ ਪਵਨੀ ਦਾ ਹੱਥ ਆਪਣੇ ਭਤੀਜੇ ਲਈ ਫੜ ਲਿਆ ਤੇ ਸੁੱਖੀ ਨੇ ਫੱਟ ਦੇਣੀ ਹਾਂ ਕਰ ਕੇ ਵੱਟੇ ਵਿਚ ਉਸ ਦੀ ਕੁੜੀ ਕੈਲੀ ਆਪਣੇ ਭਰਾ ਬੱਲੀ ਲਈ ਪੱਕੀ ਕਰ ਲਈ। ਬੱਲੀ, ਜੋ ਬਾਲਗ਼ ਹੋਣ ਕਾਰਨ ਮਾਂ ਪਿਉ ਨਾਲ ਨਹੀਂ ਸੀ ਆ ਸਕਿਆ ਤੇ ਪਿੱਛੇ ਇਕੱਲਾ ਰਹਿ ਗਿਆ ਸੀ।

ਇਸ ਵੱਟੇ ਸੱਟੇ ਵਿਚ ਪਹਿਲ ਸੁੱਖੀ ਨੇ ਕੀਤੀ। ਪਵਨੀ ਨਾਲ ਦਿਲਜੀਤ ਦਾ ਭਤੀਜਾ ਮੰਗਵਾ ਕੇ ਵਿਆਹ ਦਿੱਤਾ।

ਸੁੱਖੀ ਨੇ ਪਵਨੀ ਦੇ ਵਿਆਹ ਦਾ ਵੀ ਪੂਰਾ ਪੂਰਾ ਲਾਭ ਉਠਾਉਣਾ ਚਾਹਿਆ। ਵਿਆਹ 'ਤੇ, ਕਿਸੇ ਦੀ ਸਲਾਹ 'ਤੇ ਸੁੱਖੀ ਨੇ, ਆਪਣੇ ਭਰਾ ਭਰਜਾਈ ਨੂੰ ਵਿਜ਼ਟਰ ਮੰਗਵਾ ਕੇ ਫ੍ਰੀ ਕਰਵਾਉਣਾ ਚਾਹਿਆ। ਉਹ ਆਪਣੇ ਵਕੀਲ ਕੋਲ ਗਈ ਤੇ ਅਪਲਾਈ ਕਰਨ ਨੂੰ ਕਿਹਾ ਤਾਂ ਵਕੀਲ ਬੋਲਿਆ, "ਇਹ ਤਾਂ ਠੀਕ ਆ ਉਹ ਆ ਜਾਣਗੇ। ਸਾਲ ਛੇ ਮਹੀਨੇ ਵਿਚ ਫ੍ਰੀ ਹੋ ਜਾਣਗੇ ਪਰ ਉਨ੍ਹਾਂ ਦਾ ਮੁੰਡਾ ਪਿੱਛੇ ਰਹਿ ਜਾਣਾ। ਫਿਰ ਮੰਗਵਾਉਣਾ ਮੁਸ਼ਕਿਲ ਹੋ ਜਾਣਾ।"

"ਉਹਨੂੰ ਆਪਾਂ ਟੱਬਰ ਦੇ 'ਨਿਖੜੇ ਮੈਂਬਰ' ਦੇ ਤੌਰ 'ਤੇ ਮੰਗਵਾ ਲਵਾਂਗੇ।"

ਵਕੀਲ ਹੱਸਿਆ ਤੇ ਸੁੱਖੀ ਦਾ ਖਾਨਦਾਨੀ ਨਾਂ ਲੈਂਦਾ ਬੋਲਿਆ, "ਲਗਦਾ ਤੂੰ 'ਯੂ ਐਂਡ ਦਾ ਲਾਅ' ਬਹੁਤ ਪੜ੍ਹਦੀ ਆਂ।"

"ਤੈਨੂੰ ਕਿਵੇਂ ਪਤਾ।"

"ਤੇਰੀਆਂ ਗੱਲਾਂ ਦੱਸਦੀਆਂ।"

"ਫੇ'ਤਾਂ ਸਾਰਾ ਟੱਬਰ ਸਪੌਂਸਰ ਕਰ ਕੇ ਮੰਗਵਾਉਣਾ ਚੰਗਾ।"

ਵਕੀਲ ਨੇ ਵੀ ਇਸ ਗੱਲ ਦੀ ਹਾਮੀ ਭਰੀ।

ਸੁੱਖੀ ਨੇ ਪਵਨੀ ਦੇ ਵਿਆਹ ਦਾ ਬਹੁਤਾ ਕੀ ਸਾਰਾ ਖਰਚਾ, ਸੁੱਖੇ ਦੀ ਭੂਆ ਕੋਲੋਂ ਕੱਢ ਲਿਆ।

ਪਵਨੀ ਦੇ ਵਿਆਹ ਨੂੰ, ਸੁੱਖੇ ਦੀ ਭੂਆ ਦੀ ਕੁੜੀ ਸ਼ੀਲਾ, ਗਰਭ ਦੇ ਨੌਵੇਂ ਮਹੀਨੇ ਵਿਚ ਸੀ। ਇਹ ਉਸ ਦਾ ਚੌਥਾ ਨਿਆਣਾ ਸੀ। ਇਸ ਕਰਕੇ, ਸੁੱਖੇ ਦੀ ਭੂਆ ਤੇ ਫੁੱਫੜ ਨੇ ਆਉਣ ਤੋਂ ਇਨਕਾਰ ਕਰ ਦਿੱਤਾ।

ਸੁੱਖੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਸ਼ੀਲਾ ਨੂੰ ਨਿਆਣਾ ਹੋਣ ਵਾਲਾ ਤਾਂ ਉਸਨੇ ਭੂਆ ਨੂੰ ਫੋਨ ਕੀਤਾ। ਸੱਤ ਸਿਰੀ ਅਕਾਲ ਤੇ ਸੁੱਖ ਸਾਂਦ ਤੋਂ ਬਾਅਦ ਸੁੱਖੀ ਨੇ ਕਿਹਾ, "ਭੂਆ ਜੀ, ਜੇ ਤੁਸੀਂ ਨਈ ਆਉਣਾ ਤਾਂ ਸ਼ੀਲਾ ਨੂੰ ਭੇਜ ਦਿਉ।"

"ਕਿਉਂ ?"

"ਕਿਉਂਕਿ, ਜੇ ਸ਼ੀਲਾ ਏਥੇ ਆ ਕੇ ਬੱਚਾ ਜਣੇ ਤਾਂ ਉਹ ਜੰਮਦਾ ਈ ਕਨੇਡੀਅਨ ਸਿਟੀਜ਼ਨ ਬਣ ਜਾਣਾ। ਫਿਰ ਉਹ ਕਦੀ ਵੀ ਆ ਕੇ ਆਪਣੇ ਮਾਂ

ਪਿਉ, ਭੈਣਾਂ ਭਰਾਵਾਂ ਤੇ ਤੁਹਾਨੂੰ ਮੰਗਵਾ ਸਕਦਾ।"

"ਅੱਛਾ!"

"ਹਾਂ।" ਉਹ ਰੁਕ ਕੇ ਬੋਲੀ, "ਸਿਰਫ਼ ਤੁਹਾਨੂੰ ਹਜ਼ਾਰ ਦੋ ਹਜ਼ਾਰ ਡਾਲਰ ਖਰਚਣੇ ਪੈਣੇ।"

"ਨਾ, ਉਹ ਕਾਹਦੇ?"

"ਜਣੇਪੇ ਦੇ।"

ਚਤਰ ਭੂਆ ਸੁੱਖੀ ਦੀ ਚਾਲ ਵਿਚ ਆ ਗਈ। ਕਿਉਂਕਿ ਸ਼ੀਲਾ ਦਾ ਪਰਾਹੁਣਾ ਮੱਖਣ, ਕੈਨੇਡਾ ਜਾਣ ਲਈ ਭੂਆ ਨੂੰ ਕਈ ਵਾਰੀ ਕਹਿ ਚੁੱਕਿਆ ਸੀ। ਭੂਆ ਨੇ ਸ਼ੀਲਾ ਨੂੰ ਭੇਜ ਦਿੱਤਾ। ਮੁੰਡਾ ਹਸਪਤਾਲ ਹੋਇਆ। ਨਾ ਹਿੰਗ ਲੱਗੀ ਨਾ ਫਟਕੜੀ। ਪਰ, ਸੁੱਖੀ ਨੇ ਭੂਆ ਨੂੰ ਤਿੰਨ ਚਾਰ ਹਜ਼ਾਰ ਡਾਲਰ ਦਾ ਚੂਨਾ ਲਾ ਦਿੱਤਾ।

ਸਮਾਂ ਪਾ ਕੇ ਜਦੋਂ ਪਵਨੀ ਪੂਰੀ ਤਰਾਂ ਸਥਾਪਿਤ ਹੋ ਗਈ ਤਾਂ ਉਸਨੇ ਆਪਣੇ ਜਨਮ ਦੇ ਮਾਪੇ ਮੰਗਵਾ ਲਏ ਜਿਸ ਨਾਲ ਉਸਦਾ ਛੋਟਾ ਭਰਾ ਵੀ, ਉਮਰ ਘੱਟ ਹੋਣ ਕਾਰਨ ਲੰਘ ਆਇਆ।

ਬੱਲੀ ਦੇ ਵਿਆਹ ਤੋਂ ਪਹਿਲਾਂ ਇਕ ਅਜੀਬੋ-ਗਰੀਬ ਵਾਕਿਆ ਹੋਇਆ। ਗਰਮੀਆਂ ਦੇ ਦਿਨ ਸਨ। ਬੇਰੀ ਦਾ ਮੌਸਮ ਸੀ। ਬੱਲੀ, ਵਿਆਹ ਦੀ ਮਿੱਥੀ ਤਰੀਕ ਤੋਂ ਚਾਰ ਕੁ ਹਫ਼ਤੇ ਪਹਿਲਾਂ ਹੀ ਆ ਗਿਆ। ਉਸਦੇ ਸਹੁਰਿਆਂ ਨੇ ਵਿਆਹ ਲਈ ਗੁਰਦੁਆਰਾ ਤੇ ਸੁੱਖੀ ਸੁੱਖੇ ਨਾਲ ਰਲ਼ ਕੇ ਵਿਆਹ ਦੀ ਪਾਰਟੀ ਲਈ ਹਾਲ ਰਾਖਵਾਂ ਕੀਤਾ ਹੋਇਆ ਸੀ ਪਰ, ਬੇਰੀ ਟੁੱਟਦੀ ਹੋਣ ਕਾਰਨ, ਉਹ ਆਉਂਦੇ ਦਾ ਵਿਆਹ ਨਾ ਕਰ ਸਕੇ।

ਜਦੋਂ ਬੱਲੀ ਆਇਆ ਤਾਂ ਸੁੱਖੀ ਉਸਨੂੰ ਨਾਲ ਲੈ ਕੇ ਉਸਦੇ ਹੋਣ ਵਾਲੇ ਸੱਸ ਸਹੁਰੇ ਦੇ ਫਾਰਮ 'ਤੇ ਗਈ। ਮਿਲਣ ਮਿਲਾਉਣ, ਜਾਣ ਪਛਾਣ ਤੇ ਚਾਹ ਪਾਣੀ ਤੋਂ ਬਾਅਦ ਸੁੱਖੀ ਨੇ ਆਪਣੇ ਆਉਣ ਦੇ ਮਕਸਦ ਦੀ ਗੱਲ ਛੇੜਨ ਲਈ, ਦਿਲਜੀਤ ਦੇ ਪਤੀ ਹਰਬੰਸ ਨੂੰ ਕਿਹਾ, "ਭਾਅ ਜੀ, ਜਿੰਨਾ ਚਿਰ ਬੱਲੀ ਦਾ ਵਿਆਹ ਨਹੀਂ ਹੁੰਦਾ ਤੇ ਇਹਨੂੰ ਹੋਰ ਕਿਤੇ ਕੋਈ ਕੰਮ ਨਈਂ ਮਿਲਦਾ, ਉਨਾ ਚਿਰ ਤੁਸੀਂ ਇਹ ਨੂੰ ਆਪਣੇ ਫਾਰਮ 'ਤੇ ਕਿਉਂ ਨਈ ਰੱਖ ਲੈਂਦੇ?" "ਨਾਲੇ ਤੁਹਾਡਾ ਕੰਮ... ਹੁੰਦਾ ਰਹੂ।" ਉਸਨੇ ਮੁਫ਼ਤ ਸ਼ਬਦ ਨੂੰ ਖਾਂਦੀ ਨੇ ਕਿਹਾ ਤੇ ਨਾਂਹ ਨਾ ਸੁਣਨ ਵਾਲੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ।

ਸੱਖੀ ਦੇ ਸਵਾਲ ਨਾਲ ਉਸਦਾ ਜਵਾਬ ਸੁਣ ਕੇ ਦਿਲਜੀਤ ਨੇ, ਪਹਿਲਾਂ ਸੁੱਖੀ ਤੇ ਫਿਰ ਆਪਣੇ ਪਤੀ ਹਰਬੰਸ ਵੱਲ ਕੁਝ ਉਨ੍ਹਾਂ ਨਜ਼ਰਾਂ ਨਾਲ ਦੇਖਿਆ ਜੋ ਪੁੱਛ ਰਹੀਆਂ ਹੋਣ, "ਕਿਉਂ, ਵਿਆਹ ਤੋਂ ਪਹਿਲਾਂ ਘਰ ਜੁਆਈ ਰੱਖਣਾ?"

ਹਰਬੰਸ ਨੇ ਦਿਲਜੀਤ ਵੱਲ ਦੇਖਿਆ। ਉਸ ਦੀਆਂ ਨਜ਼ਰਾਂ ਨੂੰ ਪੜ੍ਹਿਆ ਤਾਂ ਉਸ ਨੂੰ ਇੰਝ ਲੱਗਾ ਜਿਵੇਂ ਉਹ ਕਹਿ ਰਹੀਆਂ ਹੋਣ, "ਕੱਚੇ ਕੁਆਰੇ ਸਾਕ,

ਮੁੰਡਾ ਕੁੜੀ ਇਕ ਛੱਤ ਥੱਲੇ ਇਕੱਲੇ। ਲੋਕ ਦੇਖਣਗੇ ਤੇ ਕੀ ਕਹਿਣਗੇ।"

ਸੁੱਖੀ ਉਨ੍ਹਾਂ ਦੀ ਪਰੇਸ਼ਾਨੀ ਤਾੜ ਗਈ ਤੇ ਬੋਲੀ, "ਦੇਖੋ ਭਾਅ ਜੀ, ਲੋਕਾਂ ਨੂੰ ਤਾਂ ਅਸੀਂ ਜਿੱਤ ਨਈਂ ਸਕਦੇ। ਜੇ ਉਨ੍ਹਾਂ ਮਗਰ ਜਾਈਏ ਤਾਂ ਕੁਝ ਨਈਂ ਕਰ ਸਕਦੇ।" ਉਹ ਰੁਕ ਕੇ ਬੱਲੀ ਵੱਲ ਹੱਥ ਕਰਦੀ ਬੋਲੀ, "ਇਕ ਤਾਂ ਇਹ ਨੂੰ ਕੰਮ ਕਰਨ ਦੀ ਆਦਤ ਪਉ। ਕੰਮ ਸਿੱਖ ਜਾਊਗਾ। ਕੰਮ 'ਤੇ ਲੱਗਾ ਰਹੂ ਤਾਂ ਉਦਾਸ ਨਾ ਹੋਊ। ਦੂਜਾ, ਇੱਥੇ ਕੰਮ ਕਰਨ ਨਾਲ ਇਸ ਦੀਆਂ 'ਸ'ਟੈਂਪਾਂ' ਵੀ ਬਣ ਜਾਣਗੀਆਂ। ਫਾਰਮ ਦਾ ਕੰਮ ਬੰਦ ਹੋਊ ਤਾਂ ਯੂ.ਆਈ.ਸੀ. (ਬੇਕਾਰੀ ਭੱਤਾ) ਲੈਣ ਲੱਗ ਪਊ ਜਦੋਂ ਤਕ ਕਿਤੇ ਹੋਰ ਕੰਮ ਨਹੀਂ ਮਿਲਦਾ।" ਉਹ ਸਾਹ ਲੈ ਕੇ ਬੋਲੀ, "ਤੀਜਾ, ਇਸਦੇ ਇੱਥੇ ਕੰਮ ਕਰਨ ਨਾਲ, ਕੁੜੀ ਮੁੰਡਾ ਆਪਸ ਵਿਚ ਮਿਲਦੇ ਜੁਲਦੇ ਰਹਿਣਗੇ। ਇਕ ਦੂਜੇ ਦੇ ਸੁਭਾਅ ਤੇ ਆਦਤਾਂ ਤੋਂ ਜਾਣੂੰ ਹੋ ਜਾਣਗੇ।"

"ਇਹ ਤਾਂ ਤੁਹਾਡੀ ਗੱਲ ਠੀਕ ਆ।" ਹਰਬੰਸ, ਸੁੱਖੀ ਦੀਆਂ ਦਲੀਲਾਂ ਸੁਣ ਕੇ ਬੋਲਿਆ, "ਕੰਮ ਦੀ ਵੀ ਕੋਈ ਗੱਲ ਨਈ। ਪਰ, ਇਹ।"

"ਇਹ ਰਹੂ ਮੇਰੇ ਕੋਲ।" ਸੁੱਖੀ ਨੇ ਉਸਦਾ ਵਾਕ ਬੋਚਦੀ ਨੇ ਕਿਹਾ, "ਰੋਜ਼ ਆਇਆ ਜਾਇਆ ਕਰੂ।" "ਇਹ ਹੈ ਵੀ ਤਾਂ ਮਹੀਨੇ ਚਾਰ ਹਫ਼ਤੇ ਦੀ ਗੱਲ।" "ਫੇ ਤਾਂ ਤੁਹਾਡੇ ਕੋਲ ਈ ਰਹਿਣਾ।" ਸੁੱਖੀ ਨੇ ਹੱਸ ਕੇ ਬੱਲੀ ਵੱਲ ਹੱਥ ਕਰਦੀ ਨੇ ਕਿਹਾ, "ਕੁੜੀ ਦਾ ਕੰਮ ਜਿਉਂ ਇੱਥੇ ਹੋਇਆ।" ਤੇ ਸ਼ਹਿਰ ਵੱਲ ਹੱਥ ਕੀਤਾ।

"ਜੇ ਫੇ ਹਾਅ ਗੱਲ ਆ ਤਾਂ ਸਾਨੂੰ ਕੀ ਇਤਰਾਜ਼ ਆ।" ਦਿਲਜੀਤ ਬੋਲੀ।

"ਭਾਵੇਂ ਸਵੇਰੇ ਈ ਕੰਮ 'ਤੇ ਆ ਜਾਵੇ।" ਹਰਬੰਸ ਨੇ ਉਸ ਵੱਲ ਦੇਖਦੇ ਨੇ ਰੁੱਕ ਕੇ ਕਿਹਾ, "ਜੇ ਆ ਸਕਦਾ ਤਾਂ।"

ਬੱਲੀ ਆਪਣੇ ਸਹੁਰਿਆਂ ਦੇ ਫਾਰਮ ਵਿਚ ਕੰਮ ਕਰਦਾ, ਪਹਿਲਾ ਹਫ਼ਤਾ ਤਾਂ ਸੁੱਖੀ ਕੋਲ ਹੀ ਰਿਹਾ। ਫਿਰ ਦੂਜੇ ਹਫ਼ਤੇ, ਆਪਣੇ ਮਾਂ ਪਿਉ ਦੀ ਸ਼ੈਕ ਵਿਚ ਹੀ ਰਹਿਣ ਲੱਗ ਪਿਆ। ਕਿਉਂਕਿ ਉਸਨੂੰ, ਸ਼ਾਮੀਂ ਦੇਰ ਨਾਲ ਆਉਣਾ ਤੇ ਦੇਸੋਂ ਆਏ ਹਰ ਨਵੇਂ ਵਾਂਗ, ਸਵੇਰੇ ਸਾਝਰੇ ਉੱਠਣ ਦੀ ਆਦਤ ਨਾ ਹੋਣ ਕਾਰਨ, ਔਖਾ ਲੱਗਦਾ ਇਸ ਕਰਕੇ ਕਿ ਦੇਸ ਵਿਹਲੀਆਂ ਜਿਉਂ ਖਾਧੀਆਂ ਹੁੰਦੀਆਂ। ਅਗਲੇ ਐਤਵਾਰ ਉਹ ਆਪਣੀ ਭਤੀਜੀ ਪਵਨੀ ਦੇ ਚਲਿਆ ਗਿਆ ਜੋ ਉਸੇ ਸ਼ਹਿਰ ਵਿਚ ਰਹਿੰਦੀ ਸੀ ਜਿੱਥੇ ਉਸਦੇ ਸਹੁਰਿਆਂ ਦਾ ਫਾਰਮ ਸੀ।

ਤੀਜੇ ਵੀਕਐਂਡ ਉਸਦਾ ਮਨ, ਕੈਲੀ ਨੂੰ ਮਿਲਣ ਤੇ ਉਨ੍ਹਾਂ ਦੇ ਘਰ ਬੈਠ ਕੇ, ਟੀ.ਵੀ. 'ਤੇ ਕੋਈ ਫਿਲਮ ਦੇਖਣ ਨੂੰ ਕੀਤਾ। ਮੌਸਮ ਸਾਫ ਸੀ। ਉਹ ਤੁਰਨ ਲੱਗਾ ਤਾਂ ਮਾਂ ਨੇ ਪੁੱਛਿਆ, "ਕਾਕਾ, ਕਿੱਥੇ ਚੱਲਿਆਂ?"

"ਆਹ ਬਸ ਹਾਈਵੇ ਤਕ ਗੇੜਾ ਮਾਰਨ।" ਆਖ ਕੇ ਮਾਂ ਨੂੰ ਅਸਲੀ ਗੱਲ ਨਾ ਦੱਸੀ ਤੇ ਆਪਣੇ ਸਹੁਰਿਆਂ ਦੇ ਘਰ ਪਹੁੰਚ ਗਿਆ। ਜਦੋਂ ਉਹ ਘਰ

ਪਹੁੰਚਿਆ ਤਾਂ ਦੇਖਿਆ ਕਿ ਉਸਦੀ ਸੱਸ ਤੇ ਸਹੁਰਾ ਕਿਤੇ ਜਾਣ ਲਈ ਤਿਆਰ ਖੜ੍ਹੇ ਹਨ। ਫਤਿਹ ਫਤੂਹੀ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਕੈਲੀ ਦਾ ਛੋਟਾ ਭਰਾ ਉਨ੍ਹਾਂ ਨਾਲ ਜਾ ਰਿਹਾ ਤੇ ਕੈਲੀ ਜਾਣ ਤੋਂ ਇਨਕਾਰ ਕਰ ਰਹੀ ਸੀ ਤੇ ਉਹ ਉਸ ਨੂੰ ਨਾਲ ਜਾਣ ਲਈ ਪਰੇਰ ਰਹੇ ਸਨ। ਬੱਲੀ ਨੂੰ ਦੇਖ ਕੇ ਉਸਨੇ, ਨਾਲ ਨਾ ਜਾਣ ਦੀ ਹੋਰ ਵੀ ਜ਼ਿੱਦ ਫੜ ਲਈ।

ਬੱਲੀ ਨੂੰ ਦੇਖ ਕੇ ਦਿਲਜੀਤ ਕੁਝ ਪਰੇਸ਼ਾਨ ਜਿਹੀ ਹੋਈ ਤੇ ਫੁਸਫੁਸੇ ਬੋਲ ਵਿਚ ਹਰਬੰਸ ਦੇ ਨੇੜੇ ਹੋ ਕੇ ਬੋਲੀ, "ਨਾ ਹੁਣ ਕੀ ਕਰਨਾ?"

"ਕਰਨਾ ਕੀ ਆ, ਆਪਾਂ ਚਲਦੇ ਆਂ।"

"ਨਾ ਮੁੰਡਾ ਕੁੜੀ 'ਕੱਲੇ ਘਰ 'ਚ। ਕਿਤੇ, ਪਿੱਛੋਂ ...।"

"ਪਿੱਛੋਂ।" ਉਹ ਸੋਚ ਕੇ ਬੋਲਿਆ, "ਪਿੱਛੋਂ ਕੁਛ ਨੀ ਹੁੰਦਾ।"

"ਨਾ ਫਿਰ ਵੀ!"

"ਆਹ ਘੰਟੇ ਦੀ ਤਾਂ ਗੱਲ ਆ।" ਹਰਬੰਸ ਬੋਲਿਆ, "ਆਪਾਂ ਗਏ ਤੇ ਆਏ।"

"ਨਾ ਕੀ ਪਤਾ।"

"ਨਾ ਤੈਨੂੰ ਆਪਣਾ ਵੀ ਤਾਂ ਪਤਾ, ਐਨੀਂ ਛੇਤੀਂ ਕਦੀ ਕੁੱਛ ਹੋਇਆ?" ਉਹ ਰੁਕ ਕੇ ਬੋਲਿਆ, "ਨਾਲੇ ਹੋਰ ਹਫ਼ਤੇ ਨੂੰ ਇਨ੍ਹਾਂ ਦਾ ਵਿਆਹ ਵੀ ਤਾਂ ਹੋਏ ਜਾਣਾ।"

ਜਦੋਂ ਉਹ ਚਲੇ ਗਏ ਤਾਂ ਬੱਲੀ ਤੇ ਕੈਲੀ ਫੈਮਲੀ ਰੂਮ ਵਿਚ ਟੀ.ਵੀ. ਦੇਖਣ ਲੱਗ ਪਏ ਪਰ ਆਪਸ ਵਿਚ ਕੋਈ ਗੱਲ ਬਾਤ ਨਾ ਕੀਤੀ। ਕੈਲੀ ਨੇ ਚਾਹ ਬਣਾਈ ਦੋਹਾਂ ਨੇ ਬੈਠ ਕੇ ਪੀਤੀ। ਫਿਰ ਇਕ ਦੋ ਵਾਰ ਰਸਮੋ ਰਸਮੀ ਇਕ ਦੂਜੇ ਨੂੰ ਬੁਲਾਇਆ ਤੇ ਸਰਸਰੀ ਜਿਹਾ ਦੇਖਿਆ।

ਟੀ.ਵੀ. 'ਤੇ ਕੋਈ ਇੰਗਲਿਸ਼ ਮੂਵੀ ਆ ਰਹੀ ਸੀ ਜਿਸ ਦੀ ਬੱਲੀ ਨੂੰ ਕੋਈ ਸਮਝ ਨਹੀਂ ਸੀ ਪੈ ਰਹੀ। ਉਸ ਵਿਚ ਚੁੰਮਾ ਚੱਟੀ ਦੇ ਕਾਫ਼ੀ ਦ੍ਰਿਸ਼ ਸਨ ਜੋ ਬੱਲੀ ਲਈ ਨਵੀਂ ਹੀ ਨਹੀਂ ਅਚੰਭੇ ਤੇ ਦਿਲਚਸਪੀ ਵਾਲੀ ਗੱਲ ਸੀ। ਪਰ ਕੈਲੀ, ਜਦੋਂ ਕੋਈ ਇਸ ਤਰ੍ਹਾਂ ਦਾ ਦ੍ਰਿਸ਼ ਆਉਂਦਾ ਤਾਂ ਚੈਨਲ ਬਦਲ ਦਿੰਦੀ। ਬੱਲੀ ਦਾ ਮਨ ਦੇਖਣ ਨੂੰ ਕਰਦਾ ਤੇ ਉਸ ਵੱਲ ਦੇਖਦਾ। ਫਿਰ ਉਹ ਉੱਠ ਕੇ ਕੈਲੀ ਕੋਲ ਜਾ ਬੈਠਾ। ਉਸਦੇ ਹੱਥ ਨੂੰ ਹੱਥ ਲਾਉਣ ਲੱਗਾ ਤਾਂ ਕੈਲੀ ਤਾਰ ਵਾਲਾ ਰਮੋਟ ਸੋਫੇ 'ਤੇ ਰੱਖ ਕੇ ਪਰੇ ਨੂੰ ਖਿਸਕ ਗਈ।

ਜਦੋਂ ਬੱਲੀ ਇਸ ਤਰ੍ਹਾਂ ਦੇ ਸੀਨ ਦੇਖ ਦੇਖ ਕੇ ਉਤੇਜਿਤ ਹੋ ਗਿਆ ਤਾਂ ਉਸਨੇ ਕੈਲੀ ਨੂੰ ਹੱਥ ਲਾਉਣ ਦੀ ਕੋਸ਼ਿਸ਼ ਕੀਤੀ ਪਰ ਹਿੰਮਤ ਨਾ ਪਈ। ਅੰਤ ਨੂੰ ਆਪਣੀ ਪੈਂਟ ਦੀ ਜੇਬ 'ਚ ਹੱਥ ਪਾਇਆ। ਬਟੂਆ ਕੱਢਿਆ। ਖੋਲ੍ਹਿਆ। ਉਸ ਵਿਚੋਂ, ਇੱਕੋ ਇਕ ਸੌ ਡਾਲਰ ਦਾ ਉਹ ਨੋਟ ਕੱਢਿਆ ਜੋ ਉਹ ਆਉਂਦਾ ਹੋਇਆ ਇੰਡੀਆ ਤੋਂ ਲੈ ਕੇ ਆਇਆ ਸੀ। ਕੈਲੀ ਦੇ ਹੱਥ 'ਤੇ ਰੱਖ ਕੇ ਬੋਲਿਆ, "ਲੈ ਤੂੰ ਆਹ ਰੱਖ ਲੈ। ਆ ਆਪਾਂ ਹੁਣ ਬੈਡ ਰੂਮ ਨੂੰ ਚਲੀਏ।" ਆਖ ਕੇ ਉਸਦੀ

ਵੀਣੀ ਫੜ ਲਈ।

ਕੈਲੀ ਨੇ ਇਹ ਗੱਲ ਆਪਣੀ ਮਾਂ ਦਿਲਜੀਤ ਨੂੰ ਦੱਸੀ। ਦਿਲਜੀਤ ਨੇ ਸੁੱਖੀ ਨੂੰ ਉਲਾਹਮਾ ਦਿੱਤਾ ਤਾਂ ਸੁੱਖੀ ਬੋਲੀ, "ਕੁਸ਼ ਦਿੱਤਾ ਈ ਆ, ਲਿਆ ਤਾਂ ਨਈਂ।"

"ਨਾ ਭੈਣ ਜੀ।"

"ਫੇ ਕੀ ਹੋਇਆ। ਕੁਝ ਦੇ ਕੇ ਈ ਕੀਤਾ। ਐਂਥੇ ਤਾਂ ਗੋਰੇ ਗੋਰੀਆਂ ਬਿਨਾਂ ਵਿਆਹੋਂ ਮੁਫ਼ਤੋ ਮੁਫ਼ਤੀ ਸਾਰ ਲੈਂਦੇ ਆ।" ਆਖ ਕੇ ਮਾੜਾ ਕੁ ਮੁਸਕਰਾਈ।

ਸੁੱਖੇ ਦੀ ਦੂਜੀ ਸਮੱਸਿਆ, 'ਬਹੁਤੇ ਪੈਸਿਆਂ ਵਾਲਾ ਕੰਮ' ਹਾਲੇ ਵੀ ਉੱਥੇ ਦਾ ਉੱਥੇ ਹੀ ਖੜ੍ਹੀ ਸੀ। ਸੁੱਖਾ, ਇਕ ਦਿਨ ਫਰਨੀਚਰ ਛੱਡਣ ਨੌਰਥ ਵੈਨਕੂਵਰ ਗਿਆ। ਜਿੱਥੇ ਉਹ ਸਾਮਾਨ ਛੱਡਣ ਗਿਆ, ਉੱਥੇ ਇਕ ਨਵੀਂ 'ਸਬ-ਡਵੀਜਨ' ਬਣ ਰਹੀ ਸੀ। ਜਦੋਂ ਸੁੱਖਾ, ਚੀਨੇ ਡਰਾਈਵਰ ਨਾਲ ਫਰਨੀਚਰ ਰਖਵਾ ਹਟਿਆ ਤਾਂ ਉਸਨੇ ਦੇਖਿਆ ਕਿ ਇਕ ਨਵੇਂ ਘਰ ਦੀ ਛੱਤ ਪੈ ਰਹੀ ਹੈ। ਛੱਤ ਪਾਉਣ ਵਾਲੇ ਸਾਰੇ ਕਾਮੇ ਪੰਜਾਬੀ ਮੁੰਡੇ ਹਨ। ਕਿਉਂਕਿ ਉਨ੍ਹਾਂ ਨੇ, ਪੂਰੀ ਉੱਚੀ ਆਵਾਜ਼ 'ਤੇ ਪੰਜਾਬੀ ਗਾਣੇ ਲਾਏ ਹੋਏ ਸਨ। ਟੇਪ 'ਤੇ "ਗਿੱਧਿਆਂ ਦੀ ਰਾਣੀਏਂ ਨੀ ਗਿੱਧੇ ਵਿਚ ਆ" ਵਾਲਾ ਗਾਣਾ ਵੱਜ ਰਿਹਾ ਸੀ। ਤਾਂ ਇਕ ਬੰਦਾ, ਛੱਤ ਤੋਂ ਥੱਲੇ ਉਤਰਿਆ, ਸੀਡਰ ਸ਼ੇਕਾਂ ਦੇ ਪਲੰਦੇ ਨੂੰ ਹੱਥ ਪਾਇਆ ਤਾਂ ਸੁੱਖੇ ਨੇ ਉਸਨੂੰ ਪਛਾਣ ਲਿਆ ਤੇ ਆਵਾਜ਼ ਦਿੱਤੀ, "ਝਲਮਣਾ।" ਝਲਮਣ, ਕਵੈਂਟਰੀ ਵਿਚ ਸੁੱਖੇ ਨਾਲ ਡਨਲੌਪ ਵਿਚ ਕੰਮ ਕਰਦਾ ਹੁੰਦਾ ਸੀ। ਉੱਥੇ ਉਹ ਨਜਾਇਜ਼ ਤਰੀਕੇ ਨਾਲ ਆਇਆ ਸੀ ਤੇ ਕਿਸੇ ਦੇ ਨਾਂ ਥੱਲੇ ਕੰਮ ਕਰਦਾ ਹੁੰਦਾ ਸੀ। ਫਿਰ ਇਕ ਦਿਨ ਉਹ ਅਲੋਪ ਹੋ ਗਿਆ ਤੇ ਮੁੜ ਨਜ਼ਰ ਨਾ ਆਇਆ।

ਆਪਸ ਵਿਚ ਫੜ੍ਹੇ ਫੜੂਹੀ, ਤੂੰ ਏਥੇ? ਤੂੰ ਏਥੇ ਕਿੱਦਾਂ? ਕਿੱਥੇ ਰਹਿਨਾ? ਕਦੋਂ ਆਇਆ? ਆਦਿ ਦੀ ਪੁੱਛ ਪਛਾਈ ਤੋਂ ਬਾਅਦ ਕੰਮਾਂ ਦੀ ਗੱਲ ਛਿੜੀ। ਕੰਮ ਦੱਸਣ ਦਸਾਉਣ ਵਿਚ ਸੁੱਖੇ ਨੇ ਕੋਈ ਚੰਗਾ ਕੰਮ ਟੋਲਣ ਦੀ ਗੱਲ ਕੀਤੀ ਜਿਸ ਵਿਚ ਚਾਰ ਪੈਸੇ ਬਣਦੇ ਹੋਣ ਤਾਂ ਝਲਮਣ ਨੇ ਉਸਨੂੰ ਆਪਣੇ ਕੰਮ ਵਿਚ ਬੱਚਤ ਦੱਸ ਕੇ ਛੱਤਾਂ ਪਾਉਣ ਦਾ ਠੇਕਾ ਲੈ ਦੇਣ ਦੀ ਪੇਸ਼ਕਸ਼ ਕੀਤੀ। ਸੁੱਖੇ ਨੇ ਕੰਮ ਕਿੱਦਾਂ ਕਰਨਾ? ਕਿੱਥੋਂ ਸਿੱਖਣਾ? ਲਾਈਸੈਂਸ ਲੈਣਾ, ਕਿੱਥੋਂ ਲੈਣਾ ਦੀ ਪੁੱਛ ਗਿੱਛ ਬਾਅਦ ਹਾਂ ਕਰ ਦਿੱਤੀ ਤੇ ਉਸਦਾ ਫੋਨ ਲਿਆ। ਘਰ ਆ ਕੇ ਸੁੱਖੀ ਨਾਲ ਸਲਾਹ ਕੀਤੀ। ਕੰਮ 'ਤੇ ਜਵਾਬ ਦੇ ਦਿੱਤਾ ਤੇ ਪਹਿਲਾਂ ਝਲਮਣ ਨਾਲ ਕੰਮ ਕਰ ਕੇ ਸਿੱਖ ਲਿਆ ਤੇ ਫਿਰ ਉਸ ਦੇ ਰਾਹੀਂ ਛੱਤਾਂ ਪਾਉਣ ਦਾ ਠੇਕਾ ਲੈ ਲਿਆ। ਪਹਿਲਾਂ ਦੋ ਚਾਰ ਕੰਮ ਕੀਤੇ, ਚਾਰ ਪੈਸੇ ਬਚੇ ਤਾਂ ਕੰਮ ਲਈ ਇਕ ਪੁਰਾਣਾ ਪਿੱਕਅੱਪ ਲੈ ਲਿਆ ਤੇ ਕਾਰ ਸੁੱਖੀ ਨੂੰ ਦੇ ਦਿੱਤੀ।

ਜਦੋਂ ਉਸਨੂੰ ਇਹ ਕੰਮ ਕਰਦੇ ਹਾਲੇ ਬਹੁਤਾ ਸਮਾਂ ਨਹੀਂ ਸੀ ਹੋਇਆ ਤਾਂ ਛੱਤਾਂ ਪਾਉਣ ਵਾਲੀ ਕੰਪਨੀ ਦੇ ਮਾਲਕ ਵੱਲੋਂ, ਜੋ ਪੰਜਾਬੀ ਸੀ, ਘੱਟ, ਘਟੀਆਂ ਤੇ ਦੂਜੇ ਦਰਜੇ ਦਾ ਮਾਲ ਨਵੇਂ ਸ਼ੇਕਾਂ ਵਿਚ ਰਲਾ ਕੇ ਲਾਉਣ ਦੀ

ਹਿਦਾਇਤ, ਚੰਗੀ ਨਾ ਲਗਦੀ। ਪਰ ਕਰਦਾ ਵੀ ਤਾਂ ਕੀ ਕਰਦਾ, ਨਾਂ ਕੰਪਨੀ ਦਾ। ਕੰਮ ਕੰਪਨੀ ਦਾ। ਮਾਲ ਕੰਪਨੀ ਦਾ। ਉਹ ਤਾਂ ਸਿਰਫ਼ ਠੇਕੇ 'ਤੇ ਆਪਣੇ ਨਾਜਾਇਜ਼ ਤੇ ਨਵੇਂ ਆਏ ਆਵਾਸੀ ਕਾਮਿਆਂ ਤੋਂ ਘੱਟ ਪੈਸਿਆਂ ਤੇ ਕੰਮ ਹੀ ਕਰਵਾਉਂਦਾ ਸੀ। ਇਕ ਦੋ ਵਾਰ, ਸਿਟੀ 'ਤੇ ਕੰਮਪੈਨਸੇਸ਼ਨ ਬੋਰਡ ਨੇ ਸੇਫ਼ਟੀ ਦੀ ਚੈਕਿੰਗ ਕੀਤੀ ਤਾਂ 'ਹਿਫਾਜ਼ਤੀ ਸਾਜ਼ ਸਾਮਾਨ (ਸੇਫ਼ਟੀ ਗੀਅਰ') ਨਾ ਹੋਣ ਕਾਰਨ ਕੰਪਨੀ ਨੂੰ ਜੁਰਮਾਨਾ ਹੋ ਗਿਆ। ਜਿਸ 'ਤੇ ਕੰਪਨੀ ਦੇ ਮਾਲਕ ਦੀ ਸੁੱਖੇ ਨਾਲ ਕੁਝ ਨਾਰਾਜ਼ਗੀ ਹੋ ਗਈ। ਪਰ, ਝਲਮਣ ਦੇ ਵਿਚ ਪੈਣ ਨਾਲ, ਕੰਪਨੀ ਦਾ ਮਾਲਕ, ਸੁੱਖੇ ਨੂੰ, ਆਈ ਚਲਾਈ ਲਈ ਕੰਮ ਦਿੰਦਾ ਰਿਹਾ। ਪਰ ਸੁੱਖੇ ਨੇ ਹੱਥ ਪੈਰ ਮਾਰ ਕੇ ਕਿਸੇ ਹੋਰ ਕੋਲੋਂ ਸਾਮਾਨ ਲੈਣਾ ਸ਼ੁਰੂ ਕਰ ਦਿੱਤਾ ਤੇ ਆਪਣੀ ਛੱਤਾਂ ਪਾਉਣ ਦੀ ਕੰਪਨੀ ਖੋਲ੍ਹ ਲਈ। ਇਸ 'ਤੇ ਪਹਿਲੀ ਕੰਪਨੀ ਦੇ ਪੰਜਾਬੀ ਮਾਲਕ ਨੇ, ਉਸ ਕੋਲ, ਬਿਜ਼ਨੈਸ ਲਾਈਸੰਸ ਨਾ ਹੋਣ ਦੀ ਨਾਲਸ਼ ਕਰ ਦਿੱਤੀ। ਪਰ ਉਹ ਬੱਚ ਗਿਆ। ਹੁਣ ਸੁੱਖਾ ਵੀ, ਚਾਰ ਪੈਸੇ ਵੱਧ ਕਮਾਉਣ ਲਈ ਉਹੀ ਕੁੱਛ ਕਰਦਾ ਜੋ ਪਹਿਲੀ ਕੰਪਨੀ ਦਾ ਮਾਲਕ ਉਸ ਤੋਂ ਕਰਵਾਉਂਦਾ ਸੀ।

ਹੁਣ ਉਹ ਸਮਾਂ ਆ ਗਿਆ ਜਦੋਂ ਦੇਸ ਦੀ ਆਰਥਿਕਤਾ ਥੱਲੇ ਜਾਣ ਲੱਗ ਪਈ ਤੇ ਘਰਾਂ ਦੇ ਕੰਮਾਂ ਦਾ ਮੰਦਾ ਪੈ ਗਿਆ। ਵਿਆਜ ਦੀ ਦਰ ਅਸਮਾਨ ਨੂੰ ਛੂਹਣ ਲੱਗ ਪਈ। ਜਿਸ ਕਾਰਨ ਲੋਕ ਘਰ ਖਰੀਦਣੋਂ ਹਟ ਗਏ। ਜਿਨ੍ਹਾਂ ਲੋਕਾਂ, ਘਰਾਂ ਦੀਆਂ ਵੱਧਦੀਆਂ ਕੀਮਤਾਂ ਦੇਖ ਕੇ ਬਹੁਤੇ ਮੁਨਾਫ਼ੇ ਦੇ ਕਿਆਸ ਨਾਲ, ਬੈਂਕਾਂ ਤੋਂ ਵੱਧ ਵਿਆਜ 'ਤੇ ਕਰਜ਼ੇ ਲੈ ਕੇ ਘਰ ਬਣਾਏ ਸਨ, ਆਪਣੇ ਰਿਹਾਇਸ਼ੀ ਘਰ ਨਿਆਣਿਆਂ ਦੇ ਨਾਂ ਕਰਵਾ, ਕੁਰਕੀਆਂ ਦੇਣ ਲੱਗ ਪਏ। ਕੁਝਨਾਂ ਨੇ ਤਾਂ ਆਪਣੇ ਘਰ ਵੇਚ ਕੇ ਬੈਂਕਾਂ ਦੇ ਕਰਜ਼ੇ ਉਤਾਰ ਦਿੱਤੇ। ਪਰ ਜਿੰਨ੍ਹਾਂ ਮੁਨਾਫੇ ਦੇ ਲਾਲਚ ਵਿਚ ਰੋਕੀ ਰੱਖੇ, ਗਲ਼ ਦੀ ਕਮੀਜ਼ ਲੁਹਾ, ਰੋਟੀ ਤੋਂ ਵੀ ਆਵਾਜ਼ਾਰ ਹੋ ਗਏ।

ਸਾਡੇ ਲੋਕਾਂ ਵਿਚ ਰੀਸ ਦੀ ਇਕ ਮਾੜੀ ਆਦਤ ਹੈ। ਅਸੀਂ, ਗੋਰਿਆਂ ਜਾਂ ਆਪਣਿਆਂ ਦੀ ਰੀਸ ਕਰਨੋਂ ਪਿੱਛੇ ਨਹੀਂ ਰਹਿੰਦੇ। ਸੁੱਖੇ ਨੇ ਵੀ ਕੀਤੀ। ਪਰ ਉਹ, ਇਸ ਚੱਕਰ ਵਿੱਚੋਂ ਵਾਲ ਵਾਲ ਬਚ ਨਿਕਲਿਆ। ਉਸਨੇ ਵੀ, ਸੁੱਖੀ ਦੇ ਕਹਿਣ 'ਤੇ ਨੰਜੂ ਨਾਲ ਰਲ਼ ਕੇ ਘਰ ਬਣਾਉਣ ਦਾ ਕੰਮ ਕੀਤਾ। ਜਦੋਂ ਘਰਾਂ ਦੀਆਂ ਕੀਮਤਾਂ ਥੱਲੇ ਨੂੰ ਆਉਣ ਲੱਗੀਆਂ ਤਾਂ ਸੁੱਖੀ ਨੇ ਲਾਗਤ ਬਰਾਬਰ ਵੇਚਣ ਦੀ ਜ਼ਿੱਦ ਕੀਤੀ। ਭਾਵੇਂ ਇਸ ਨਾਲ ਉਨ੍ਹਾਂ ਵਿਚ ਕੁਝ ਚਿਰ ਲਈ ਵਕਤੀ ਨਾਰਾਜ਼ਗੀ ਆਈ ਪਰ, ਬਾਅਦ ਵਿਚ ਜਦੋਂ ਲੋਕਾਂ ਦੇ ਮੰਦੇ ਹਾਲ ਦੇਖੇ ਤਾਂ ਆਪਸੀ ਮਿੱਤਰਤਾ ਹੋਰ ਵੀ ਵੱਧ ਗਈ।

ਬੇਗਾ ਹੁਣ ਸੁੱਖੇ ਦੇ ਘਰੋਂ ਚਲਾ ਗਿਆ ਸੀ। ਉਸਨੇ ਆਪਣੇ ਕੰਮ ਨੇੜੇ ਆਪਣਾ ਘਰ ਲੈ ਲਿਆ ਸੀ। ਹੁਣ ਸੁੱਖੀ ਤੇ ਸੁੱਖੇ ਕੋਲ ਇਕ ਵੱਡਾ ਤੇ ਨਵਾਂ ਘਰ ਸੀ ਜਿਸ ਦੀ ਬੇਸਮੇਂਟ ਵਿਚ ਸੁੱਖੀ ਦੇ ਮਾਪੇ ਰਹਿੰਦੇ ਸਨ। ਪਰ ਸੁੱਖਾ, ਕਿਸੇ ਹੋਰ ਰਾਹੇ ਤੁਰ ਪਿਆ ਸੀ।

ਸਮੇਂ ਦੀ ਗਤੀ ਨੇ ਪੰਜਾਬ ਵਿਚ ਹੁਣ ਉਹ ਵੇਲਾ ਲੈ ਆਂਦਾ ਸੀ ਜਿਸ ਨੂੰ ਇਤਿਹਾਸਕਾਰ "ਪੰਜਾਬ ਦਾ ਕਾਲਾ ਸਮਾਂ" ਆਖਦੇ ਹਨ। ਅਗਿਆਨੀ ਧਰਮ ਚਾਲਕਾਂ ਨੇ ਇਨਸਾਨੀਅਤ ਨੂੰ ਛਿੱਕੇ ਟੰਗ, ਕੱਟੜਵਾਦ ਤੇ ਨਫ਼ਰਤ ਦੀ ਕੁਝ ਐਸੀ ਤੱਤੀ ਹਵਾ ਚਲਾਈ ਜਿਸ ਨੇ ਪੰਜਾਬ ਦੇ ਬਚੇ ਖੁਚੇ ਬਾਗ ਨੂੰ ਲੂਹ ਕੇ ਰੱਖ ਦਿੱਤਾ। ਲੂਹੇ ਪੰਜਾਬ ਦੇ ਇਸ ਕਾਲੇ ਸਮੇਂ ਵਿਚ, ਜਿੱਥੇ ਜਾਨੀ, ਮਾਲੀ ਤੇ ਰੂਹਾਨੀ ਨੁਕਸਾਨ ਹੋਇਆ ਉੱਥੇ, ਆਰਥਿਕ ਤੌਰ 'ਤੇ ਵੀ ਪੰਜਾਬ, ਕਈ ਵਰ੍ਹੇ ਪਿੱਛੇ ਪੈ ਗਿਆ। ਲੋਕ ਪੰਜਾਬ ਛੱਡ, ਬਦੇਸ਼ਾਂ ਨੂੰ ਭੱਜ ਤੁਰੇ। ਬਹੁਤੇ ਤਾਂ ਸ਼ਰਨਾਰਥੀ ਬਣ ਪੱਛਮੀ ਮੁਲਕਾਂ ਵਿਚ, ਜਾਇਜ਼ ਨਾਜਾਇਜ਼ ਤਰੀਕੇ ਨਾਲ ਆਉਣ ਲੱਗ ਪਏ। ਕੈਨੇਡਾ ਵਿਚ, ਸਮੁੰਦਰੀ ਜਹਾਜ਼ਾਂ ਦੇ ਕੰਨਟੇਨਰਾਂ ਵਿਚ ਲੁਕ ਛਿੱਪ ਕੇ ਆਉਣ ਦੀਆਂ ਖ਼ਬਰਾਂ ਗਰਮ ਹੋ ਗਈਆਂ। ਇਕ ਵਾਰ 150 ਦੇ ਕਰੀਬ ਪੰਜਾਬੀ ਸਿੱਖ ਜਵਾਨ, ਕੈਨੇਡਾ ਦੇ ਪੂਰਬੀ ਤੱਟ 'ਤੇ ਆਏ। ਅਖ਼ਬਾਰਾਂ ਵਿਚ ਪੜ੍ਹਨ, ਰੈਡੀਓ 'ਤੇ ਸੁਣਨ ਤੇ ਟੀ.ਵੀ. 'ਤੇ ਦੇਖਣ ਨੂੰ ਮਿਲਦਾ ਸੀ ਕਿ ਇਹ ਨੌਜਵਾਨ ਖਾੜਕੂ ਸਨ ਤੇ ਉਸ ਵੇਲੇ ਪੰਜਾਬ ਵਿਚ ਚੱਲ ਰਹੀ ਖਾਲਿਸਤਾਨੀ ਲਹਿਰ ਨਾਲ ਸੰਬੰਧਤ ਸਨ। ਇਨ੍ਹਾਂ ਆਏ ਅਖੌਤੀ ਜੁਝਾਰੂਆਂ ਨੂੰ, ਇੱਥੋਂ ਦੇ ਕੁਝ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਆਪਣੇ, ਆਪਣੇ ਰਿਸ਼ਤੇਦਾਰਾਂ ਤੇ ਵਾਕਿਫ਼ਕਾਰਾਂ ਦੇ ਘਰਾਂ ਵਿਚ ਪਨਾਹ ਦਿੱਤੀ। ਬਾਅਦ ਵਿਚ ਪਤਾ ਚੱਲਿਆ ਕਿ ਇਹ ਅਖੌਤੀ ਖਾੜਕੂ, ਕੁਝ ਇਕ ਨੂੰ ਛੱਡ ਕੇ, ਪਨਾਹਦੇਣ ਵਾਲਿਆਂ ਦੇ ਹੀ ਸਾਕ ਸੰਬੰਧੀ ਸਨ।

ਬੇਗੇ ਤੇ ਨਿੰਦਰ ਦੇ ਜਾਣ ਮਗਰੋਂ ਬੇਸਮੈਂਟ ਖਾਲੀ ਸੀ। ਸੁੱਖੀ ਨੇ ਸੁੱਖੇ ਨਾਲ ਸਲਾਹ ਕਰਕੇ ਕਿ 'ਚੱਲ ਹਊ, ਮਹੀਨੇ ਦੋ ਮਹੀਨੇ ਦਾ ਕਰਾਇਆ ਈ ਆ, ਕਿਸੇ ਦਾ ਭਲਾ ਹੋ ਜਾਊ' ਸੋਚ ਕੇ ਦੋਂਹ ਨੂੰ ਅਪਣੀ ਬੇਸਮੈਂਟ ਰਹਿਣ ਲਈ ਦੇ ਦਿੱਤੀ। ਉਹ ਆਪਣੇ ਹੋਰਨਾ ਸਾਥੀਆਂ ਵਾਂਗ, ਦਿਨ ਭਰ ਬਾਹਰ ਰਹਿੰਦੇ, ਤਿੰਨ ਵੇਲੇ ਲੰਗਰ ਗੁਰਦੁਆਰੇ ਛੱਕਦੇ ਤੇ ਰਾਤ ਨੂੰ ਸੌਣ ਲਈ ਆ ਜਾਂਦੇ। ਸੁੱਖੀ ਨੂੰ ਉਹ ਦੋਵੇਂ ਬੜੇ ਚੰਗੇ ਚੰਗੇ ਲੱਗੇ। ਕਿਉਂਕਿ ਉਹ ਸਵੇਰੇ ਤੜਕ ਸਾਰ ਉੱਠਦੇ, ਇਸ਼ਨਾਨ ਕਰ ਕੇ ਪਾਠ ਕਰਦੇ। ਇਸ ਲਈ ਉਸਨੇ ਬੇਸਮੈਂਟ ਤੇ ਘਰ ਦੇ ਉੱਪਰਲੇ ਹਿੱਸੇ ਵਿਚਕਾਰਲੇ ਦਰ ਨੂੰ ਜਿੰਦਰਾ ਲਾਉਣਾ ਵੀ ਉਚਿਤ ਨਾ ਸਮਝਿਆ।

ਇਕ ਦਿਨ ਸੁੱਖਾ ਕਿਤੇ ਗਿਆ ਹੋਇਆ ਸੀ ਤੇ ਰਾਤ ਨੂੰ ਦੇਰ ਨਾਲ ਆਉਣਾ ਸੀ ਕਿ ਸੁੱਤੀ ਪਈ ਸੁੱਖੀ ਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਬਾਹਰਲਾ ਦਰ ਖੋਲਿਆ ਹੋਵੇ। ਉਸਨੇ ਸਮਝਿਆ ਕਿ ਸੁੱਖਾ ਆਇਆ ਹੋਣਾ। ਕਾਰ ਗਰਾਜ

ਦੀ ਬਜਾਏ ਡਰਾਈਵ ਵੇਅ ਵਿਚ ਇਹ ਸੋਚ ਕੇ ਖੜ੍ਹੀ ਕਰ ਦਿੱਤੀ ਹੋਣੀ ਕਿ ਜੇ ਮੈਂ ਗਰਾਜ ਖੋਲਿਆ ਤਾਂ ਦਰਾਂ ਦੇ ਖੜਾਕ ਨਾਲ ਸੁੱਖੀ ਜਾਗ ਪਵੇਗੀ। ਕਿਉਂਕਿ ਉਨ੍ਹਾਂ ਦਾ ਮਾਸਟਰ ਬੈਡਰੂਮ ਗਰਾਜ ਦੇ ਉੱਤੇ ਸੀ।

ਮਨੀ ਨਾਲ ਦੇ ਕਮਰੇ ਵਿਚ ਹੋਣ ਕਰਕੇ ਬਿੜਕ-ਸਾਰ ਲਈ ਸੁੱਖੀ ਆਪਣੇ ਬੈਡਰੂਮ ਦਾ ਦਰਵਾਜ਼ਾ ਖੁੱਲ੍ਹਾ ਰੱਖਦੀ ਸੀ। ਪਰ ਜਦੋਂ ਕਿੰਨੀ ਦੇਰ ਤਕ ਕੋਈ ਕਮਰੇ ਵਿਚ ਨਾ ਆਇਆ ਤਾਂ ਉਸਨੇ ਸੰਨੀ ਦੀ ਕਰਿੱਬ ਲਾਈਟ ਦੀ ਲੋਅ ਵਿਚ ਦਰਵਾਜ਼ੇ ਵੱਲ ਦੇਖਿਆ। ਥੱਲੇ ਵਾਲਾ ਉਹ ਮੁੰਡਾ ਜਿਸ ਦੀ ਦਾੜ੍ਹੀ ਖੁੱਲ੍ਹੀ ਤੇ ਲੰਬੀ ਸੀ, ਉਮਰ ਵਿਚ ਵੀ ਦੂਜੇ ਨਾਲੋਂ ਵੱਡਾ ਸੀ ਤੇ ਜਦੋਂ ਦੇਖੋ, ਪਾਠ ਕਰਦਾ ਹੁੰਦਾ, ਦਰਵਾਜ਼ੇ ਵਿਚ ਖੜ੍ਹਾ ਲੰਬੇ ਲੰਬੇ ਸਾਹ ਲੈ ਰਿਹਾ ਸੀ। ਉਸਨੂੰ ਦੇਖਕੇ ਸੁੱਖੀ ਨੇ ਪੁੱਛਿਆ, "ਕੀ ਤੈਨੂੰ ਕੁੱਛ ਚਾਹੀਦਾ?"

"ਮੈਨੂੰ ਤਾਂ ਨਈਂ, 'ਹਿੱਚ' ਮੈਂ ਸੋਚਿਆ, 'ਹਿੱਚ' ਸੁੱਖਾ ਭਾਅ ਇੱਥੇ ਨਈਂ, 'ਹਿੱਚ' ਸ਼ੈਦ ਤੁਹਾਨੂੰ 'ਹਿੱਚ' ਮੇਰੀ ਲੋੜ ਹੋਵੇ।"

"ਸੁੱਖੇ।" ਸੁੱਖੀ ਨੇ ਇਹ ਜਾਣਦੇ ਹੋਏ ਵੀ ਕਿ ਸੁੱਖਾ ਘਰ ਨਹੀਂ, ਲੰਬੀ ਹੇਕ ਲਾ ਕੇ ਸੁੱਖੇ ਨੂੰ ਅਵਾਜ਼ ਮਾਰੀ, "ਆਈਂ ਜ਼ਰਾ, ਇਹਦੀ ਲੋੜ ਪੂਰੀ ਕਰੀਂ।" ਆਖ ਕੇ ਸਾਈਡ ਟੇਬਲ ਲੈਂਪ ਜਗਾਇਆ ਤੇ ਉੱਠ ਕੇ ਬੈਠ ਗਈ।

ਸੁੱਖੀ ਨੇ ਹਾਲੇ, "ਆਈਂ ਜ਼ਰਾ" ਹੀ ਕਿਹਾ ਸੀ ਕਿ ਗਰਾਜ ਦਾ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ। ਮੋਟਰ ਦੀ 'ਗੂੰ ਗੂੰ' ਤੇ ਸਟੀਲ ਦੇ ਦਰਾਂ ਦੀ 'ਗਰੜ ਗਰੜ' ਸੁਣ ਕੇ ਉਹ 'ਚੋਰ ਦੇ ਪੈਰ ਨਹੀਂ ਹੁੰਦੇ' ਵਾਂਗ ਭੱਜ ਗਿਆ।

ਸੁੱਖਾ ਉੱਪਰ ਆਇਆ। ਸਾਈਡ ਲੈਂਪ ਜਗਦਾ ਦੇਖਕੇ ਬੋਲਿਆ, "ਕੀ ਗੱਲ! ਸੁੱਤੀ ਨਈਂ?" ਉਹ ਰੁਕਕੇ ਬੋਲਿਆ, "ਨੀਂਦ ਨੀ ਆਈ ਜਾਂ ਕੋਈ ਹੋਰ ਗੱਲ?"

ਪਹਿਲਾਂ ਤਾਂ ਸੱਖੀ ਦੇ ਮਨ ਕੀਤਾ ਕਿ ਉਹ ਸੱਖੇ ਨੂੰ ਹਣੇ ਹਣੇ ਵਾਪਰਿਆ ਸਾਰਾ ਵਾਕਿਆ ਦੱਸ ਦੇਵੇ। ਫਿਰ ਲੜਾਈ ਤੇ ਆਪਣੀ ਹੋਏ ਹੋਏ ਤੋਂ ਡਰਦੀ ਬੋਲੀ, "ਤੈਨੂੰ ਉਡੀਕ ਦੀ ਸੀ।"

ਸੁੱਖੇ ਨੇ ਸਾਈਡ ਟੇਬਲ 'ਤੇ ਕਲੌਕ ਵੱਲ ਦੇਖਿਆ, ਇਕ ਵੱਜ ਚੁੱਕਾ ਸੀ।

ਜਦੋਂ ਸੁੱਖੀ ਨੇ ਸਵੇਰੇ ਜਾ ਕੇ ਥੱਲੇ ਦੇਖਿਆ ਉਹ ਦੋਵੇਂ ਅਲੋਪ ਹੋ ਚੁੱਕੇ ਸਨ। ਸਿਰਫ਼ ਉਨ੍ਹਾਂ ਦੇ ਵਾਲਾਂ ਦੇ ਗੁੱਛੇ ਥਾਂ ਥਾਂ ਖਿੱਲਰੇ ਪਏ ਸਨ।

ਸੁੱਖੀ ਨੇ ਫੋਨ ਕਰ ਕੇ ਗੁਰਦੁਆਰੇ ਦੇ ਪ੍ਰਧਾਨ ਨੂੰ ਉਨ੍ਹਾਂ ਦੇ ਭੱਜ ਜਾਣ ਦੀ ਇਤਲਾਹ ਦਿੱਤੀ ਤਾਂ ਉਹਨੇ ਪੁੱਛਿਆ, "ਕਿਤੇ ਉਨ੍ਹਾਂ ਕੋਈ ਬੱਦਫੈਲੀ ਤਾਂ ਨਈਂ ਕੀਤੀ ਤੁਹਾਡੇ ਨਾਲ?"

ਪ੍ਰਧਾਨ ਦਾ ਸਵਾਲ ਸੁਣ ਕੇ ਸੁੱਖੀ ਛਿਣ ਭਰ ਲਈ ਠਠੰਬਰਗਈ ਤੇ ਫਿਰ ਸੰਭਲ ਕੇ ਬੋਲੀ, "ਕੀ ਗੱਲ?"

"ਇਹ ਜਿੰਨੇ ਵੀ ਸੂਰਮੇ ਆਏ ਆ, ਖੇਤ ਨੂੰ ਵਾੜ ਦੇ ਖਾਣ ਵਾਂਗ,

ਪਨਾਹ ਦੇਣ ਵਾਲਿਆਂ ਦੀਆਂ ਧੀਆਂ ਭੈਣਾਂ ਨਾਲ ਹੀ ਕੁਕਰਮ ਕਰੀ ਜਾਂਦੇ ਆ। ਪਤਾ ਲੱਗਣ 'ਤੇ ਭੱਜ ਜਾਂਦੇ ਆ।" ਉਹ ਰੁਕ ਕੇ ਬੋਲਿਆ, "ਸਿਰਫ਼ ਤੁਹਾਡੇ ਹੀ ਨਈਂ, ਬਹੁਤਿਆਂ ਦੇ ਰੂਪੋਸ਼ ਹੋ ਗਏ ਆ।"

ਕੁਝ ਲੋਕਾਂ ਨੇ ਤਾਂ ਇਨ੍ਹਾਂ ਖਾੜਕੂ ਰੂਪੋਸ਼ਾਂ ਦਾ, ਬਹੁਤੀਆਂ ਮੋਟੀਆਂ ਤਾਂ ਨਹੀਂ ਪਰ ਚੋਖੇ ਪੈਸੇ ਲੈ ਕੇ ਅਮਰੀਕਾ ਦਾ ਬਾਡਰ ਟਪਾਉਣ ਦਾ ਧੰਦਾ ਸ਼ੁਰੂ ਕਰ ਲਿਆ। ਸੁੱਖੀ ਵੀ ਸ਼ਰਨੀ ਨਾਲ ਮਿਲ ਕੇ ਇਸ ਵਗਦੀ ਗੰਗਾ ਵਿਚ ਹੱਥ ਧੋਣ ਲੱਗ ਪਈ। ਇਸ ਖਿਆਲ ਨਾਲ ਕਿ ਉਹ ਦੋਵੇਂ ਕਿਤੇ ਉਸ ਨੂੰ ਮਿਲ ਪੈਣ ਤੇ ਉਹ ਉਨ੍ਹਾਂ ਦੀ ਖ਼ੂਬ ਮੁਰੰਮਤ ਕਰੂਗੀ।

ਸੁੱਖੇ ਨੇ ਉਸਨੂੰ ਇਕ ਦੋ ਵਾਰ ਵਰਜਿਆ ਵੀ ਪਰ ਉਹ ਕਹਿੰਦੀ, "ਜੇ ਕਿਸੇ ਦਾ ਭਲਾ ਹੋ ਸਕਦਾ ਹੋਵੇ ਤਾਂ ਜ਼ਰੂਰ ਕਰਨਾ ਚਾਹੀਦਾ। ਨਾਲੇ ਇਸ ਵਿਚ ਸਾਡਾ ਕਿਹੜਾ ਮੁੱਲ ਲਗਦਾ, ਕੁਝ ਦਿੰਦੇ ਈ ਆ।"

ਉਨ੍ਹੀਂ ਦਿੰਨੀ, ਅਮਰੀਕਾ ਦੇ ਬਾਡਰ 'ਤੇ ਐਨੀ ਸਖ਼ਤਾਈ ਨਹੀਂ ਸੀ ਹੁੰਦੀ। ਤੁਸੀਂ, ਬਿਨਾਂ ਪਾਸਪੋਰਟ ਦਿਖਾਇਆਂ, ਸਿਰਫ਼ ਡਰਾਈਵਰ ਲਾਈਸੰਸ ਦਿਖਾ ਜਾਂ ਇਹ ਦੱਸ ਕੇ ਕਿ ਤੁਸੀਂ ਲੈਂਡਿਡ ਇੰਮੀਗਰੈਂਟ ਹੋ, ਫਿਲਮ ਦੇਖਣ, ਸੈਰ ਸਪਾਟਾ ਜਾਂ ਖਰੀਦਾਰੀ ਲਈ ਜਾ ਰਹੇ ਹੋ, ਲੰਘ ਸਕਦੇ ਸੀ। ਇਸਦਾ ਕਾਰਨ, ਇਨ੍ਹਾਂ ਦੋਹਾਂ ਮੁਲਕਾਂ ਦੇ ਨਾਗਰਿਕਾਂ ਦਾ ਸੱਚ ਬੋਲਣ 'ਤੇ ਇਕ ਦੂਜੇ 'ਤੇ ਪੱਕੇ ਯਕੀਨ ਤੋਂ ਇਲਾਵਾ, ਅਮਰੀਕਾ ਦੇ ਬਾਡਰ ਨਾਲ ਲਗਦੇ ਸਾਰੇ ਸ਼ਹਿਰਾਂ ਦੀ ਆਰਥਿੱਕਤਾ, ਕੈਨੇਡੀਅਨ ਵਾਸੀਆਂ ਦੀ ਨਿਸਦਿਨ ਦੀ ਖਰੀਦਾਰੀ 'ਤੇ ਨਿਰਭਰ ਸੀ।

ਸੁੱਖੀ ਨੇ ਇਸ ਗੱਲ ਦਾ ਲਾਹਾ ਲਿਆ ਤੇ ਵੀਕ-ਐਂਡ ਨੂੰ ਪੈਸੇ ਲੈ ਕੇ ਬਾਡਰ ਟਪਾਉਣ ਦਾ ਧੰਦਾ ਸ਼ੁਰੂ ਕਰ ਲਿਆ। ਉਹ ਇਕ ਅੱਧਾ ਕਬੂਤਰ ਕਾਰ ਵਿਚ ਬਠਾਲਦੀ, ਰਾਤ ਨੂੰ ਮੂਵੀ ਦੇਖਣ, ਦਿਨ ਨੂੰ ਖਾਣ ਪੀਣ ਦੀਆਂ ਵਸਤਾਂ ਤੇ ਖਰੀਦਾਰੀ ਕਰਨ, ਵੀਕ ਐਂਡ ਨੂੰ ਸੈਰ ਸਪਾਟੇ ਦਾ ਪੱਜ ਲਾ, ਕਾਰ ਵਿਚ ਬੈਠੇ ਸਾਰੇ ਜੀਆਂ ਨੂੰ ਲੈਂਡਿਡ ਇੰਮੀਗਰੈਂਟ ਜਾਂ ਸਿਟੀਜ਼ਨ ਜਾਂ ਟੱਬਰ ਦੇ ਬੰਦੇ ਦੱਸ ਕੇ ਲੰਘ ਜਾਂਦੀ। ਫਿਰ ਬਾਡਰ ਦੇ ਕਿਸੇ ਸ਼ਹਿਰ ਵਿਚ ਜਾ ਕੇ ਘੁੰਮ-ਫਿਰ ਕੇ ਕਬੂਤਰ ਨੂੰ ਬੱਸ ਚੜ੍ਹਾ ਦਿੰਦੀ ਜੋ ਸਿੱਧਾ ਕੈਲੇਫੋਰਨਿਆ ਪਹੁੰਚ ਜਾਂਦਾ ਜਾਂ ਫਿਰ ਉੱਥੇ ਜਿੱਥੇ ਉਹ ਜਾਣਾ ਚਾਹੁੰਦਾ ਜਿੱਥੇ ਉਸਦਾ ਕੋਈ ਵਾਕਿਫ਼ਕਾਰ ਹੁੰਦਾ ਸੀ। ਕਈ ਵਾਰ ਤਾਂ ਉਹ ਜ਼ੀਰੋ ਐਵੇਨਿਉ ਨਾਲ ਲਗਦੇ ਫਾਰਮਾਂ ਵਿੱਚੋਂ, ਫਾਰਮ ਵਿਚ ਕੰਮ ਕਰਨ ਦੇ ਬਹਾਨੇ ਬਾਡਰ ਟਪਾ ਦਿੰਦੀ।

ਕੁਝ ਲੋਕਾਂ ਨੇ, ਅਮਰੀਕਾ ਤੋਂ ਕੈਨੇਡਾ ਵਿਚ ਬੰਦੇ ਲੰਘਾਉਣ ਦਾ ਧੰਦਾ ਸ਼ੁਰੂ ਕੀਤਾ ਹੋਇਆ ਸੀ ਪਰ ਇਹ ਸੁੱਖੀ ਦੀ ਪਹੁੰਚ ਤੇ ਪਕੜ ਵਿਚ ਨਾ ਆਇਆ।

ਆਰਥਿਕ ਤੌਰ 'ਤੇ ਕੈਨੇਡਾ ਵਿਚ ਵੀ ਮੰਦਾ ਚੱਲਣ ਲੱਗ ਪਿਆ। ਮਕਾਨ ਬਣਾ ਕੇ ਵੇਚਣ ਦੀ ਮੰਡੀ ਵਿਚ ਵੀ ਮੰਦਾ ਪੈ ਗਿਆ। ਜਿਸ ਨਾਲ

ਮਕਾਨ-ਸਾਜ਼ ਕਿੱਤਾਕਾਰਾਂ ਵਿਚ 'ਗਲ਼ ਵੱਢਵਾਂ ਮੁਕਾਬਲਾ' ਚੱਲ ਪਿਆ। ਹਰ ਕੋਈ ਕੰਮ ਲੈਣ ਲਈ, ਘੱਟ ਤੋਂ ਘੱਟ ਲਾਗਤ ਦੱਸ ਕੇ ਕੰਮ ਲੈਣ ਦੀ ਕੋਸ਼ਿਸ਼ ਕਰਦਾ। ਸੁੱਖਾ ਵੀ ਸਮੇਂ ਦੀ ਚੱਕੀ ਦੇ ਪੁੜਾਂ ਵਿਚ ਦਰੜ ਹੋਣ ਲੱਗਾ। ਛੱਤਾਂ ਪਾਉਣ ਦਾ ਕੰਮ ਨਾ ਮਿਲਣ ਕਾਰਨ, ਘੱਟ ਰਹੀ ਆਮਦਨੀ ਨੂੰ ਮਹਿਸੂਸ ਕਰਨ ਲੱਗਾ। ਬਾਕੀ ਕਿੱਤਾਕਾਰਾਂ ਵਾਂਗ ਉਹ ਵੀ ਸੋਲ੍ਹਾਂ ਸੋਲ੍ਹਾਂ ਘੰਟੇ ਆਪ ਕੰਮ ਕਰਨ ਲੱਗ ਪਿਆ। ਥੱਕ ਜਾਂਦਾ ਤਾਂ ਸਰੀਰ ਨੂੰ ਧੱਕਾ ਦੇਣ ਲਈ ਸ਼ਰਾਬ ਜਾਂ ਦਰਦ ਮਾਰੂ ਨਸ਼ੀਲੀਆਂ ਗੋਲੀਆ ਦਾ ਸੇਵਨ ਕਰ ਲੈਂਦਾ।

ਸੁੱਖੀ ਕੰਮ 'ਚ ਮੰਦਾ ਚੱਲਣ ਕਾਰਨ ਹੱਥ ਘੁੱਟਣ ਲਗ ਪਈ। ਘਰ ਦੇ ਖਰਚੇ ਘਟਾਉਣ ਲਈ, ਘੱਟ ਗਰੋਸਰੀ ਲਿਆਉਂਦੀ। ਨਿਆਣਿਆਂ ਨੂੰ ਗਰਮ ਤੇ ਲੰਬੇ ਸ਼ਾਵਰ ਲੈਣ ਤੋਂ ਵਰਜਦੀ। ਠੰਡੇ ਪਾਣੀ ਨਾਲ ਕੱਪੜੇ ਧੋਣੇ ਤੇ ਬੱਤੀਆਂ ਬੁਝਾ ਕੇ ਰੱਖਣੀਆਂ ਆਦਿ ਜੁਗਤਾਂ ਵਰਤਣ ਲੱਗ ਪਈ। ਮੁੰਡਿਆਂ ਤੇ ਸੁੱਖੇ ਨੂੰ, 'ਸਾਲਵੇਸ਼ਨ ਆਰਮੀ' ਦੇ 'ਥਰਿਫ਼ਟੀ ਸਟੋਰ' ਚੋਂ ਲੋਕਾਂ ਦੇ ਦਾਨ ਕੀਤੇ ਕੱਪੜੇ ਖਰੀਦ ਕੇ ਲਿਆਉਂਦੀ ਤੇ ਪਹਿਨਣ ਨੂੰ ਮਜਬੂਰ ਕਰਦੀ। ਇਹ ਕੱਪੜੇ ਨਿਆਣੇ ਕਦੀ ਪਾਉਂਦੇ ਤੇ ਕਦੀ ਨਾ ਪਾਉਂਦੇ। ਮੁੰਡਿਆਂ ਨੂੰ ਕਦੀ ਜੇਬ ਖਰਚ ਦਿੰਦੀ ਕਦੀ ਨਾ ਦਿੰਦੀ। ਉਹ ਜੋ ਜੇਬ ਖਰਚ ਦਿੰਦੀ ਉਹ ਨਾ ਹੋਣ ਬਰਾਬਰ ਹੁੰਦਾ। ਮੁੰਡੇ ਜੇਬ ਖਰਚ ਲਈ ਬਾਹਰ ਝਾਕਣ ਲੱਗ ਪਏ। ਖਾਸ ਕਰ ਕੇ ਮਨੀ। ਮਨੀ ਜੇਬ ਖਰਚ ਦੇ ਘਾਟੇ ਨੂੰ ਪੂਰਾ ਕਰਨ ਲਈ ਮੈੱਕਡੌਨਲਡ ਵਿਚ ਪਾਰਟ ਟਾਈਮ ਕੰਮ ਕਰਨ ਲੱਗ ਪਿਆ। ਇੱਥੇ ਉਸਦੀ ਵਾਕਫ਼ੀਅਤ ਉਨ੍ਹਾਂ ਮੁੰਡਿਆਂ ਨਾਲ ਹੋਈ ਜੋ ਸਿਗਰਟ ਨੋਸ਼ੀ ਨਾਲ ਨਸ਼ੇ ਵੇਚਣ ਤੇ ਉਨ੍ਹਾਂ ਦੀ ਵਰਤੋਂ ਵੀ ਕਰਦੇ ਸਨ। ਮਨੀ, ਹੁਣ ਚਾਰ ਪੈਸੇ ਕੋਲ ਹੋਣ ਕਾਰਨ, ਦੂਜੇ ਮੁੰਡਿਆਂ ਦੀ ਗੀਸੀਂ, 'ਡੀਜ਼ਾਈਨਰ' ਕੱਪੜੇ ਖਰੀਦਦਾ ਤੇ ਪਾਉਂਦਾ। ਸੁੱਖੀ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਸੀ ਕਿ ਉਸਦਾ ਮੁੰਡਾ ਕਿਸੇ ਅੱਗੇ ਹੱਥ ਨਹੀਂ ਅੱਡਦਾ। ਆਪਣੇ ਪੈਰੀਂ ਖੜ੍ਹਾ ਹੋਣਾ ਸਿਖ ਰਿਹਾ। ਆਪਣੀ ਕਮਾਈ ਸਾਂਭ ਕੇ ਆਪਣੀ ਦੇਖ ਭਾਲ ਕਰ ਰਿਹਾ। ਪਰ ਉਹ, ਇਸਦੇ ਖੌਫ਼ਨਾਕ ਅੰਜ਼ਾਮ ਤੋਂ ਬੇਖ਼ਬਰ ਸੀ।

ਸੁੱਖੀ ਨੂੰ, ਸੁੱਖੇ ਦੇ ਕੰਮ ਤੋਂ ਲੇਟ ਆਉਣ ਬਾਰੇ ਤਾਂ ਪਤਾ ਸੀ ਪਰ, ਦਰਦ ਮਾਰੂ ਨਸ਼ੀਲੀਆਂ ਗੋਲੀਆਂ ਲੈਣ ਬਾਰੇ ਬੇਖ਼ਬਰ ਸੀ। ਇਵੇਂ ਹੀ ਉਹ ਮਨੀ ਦੀ ਸਿਗਰਟਨੋਸ਼ੀ ਤੇ ਨਸ਼ੇਖੋਰੀ ਤੋਂ ਜਾਣੂੰ ਨਹੀਂ ਸੀ। ਕਿਉਂਕਿ ਜਦੋਂ ਸੁੱਖਾ ਕੰਮ ਤੋਂ ਆਉਂਦਾ ਤਾਂ ਉਹ ਸਫ਼ਾਈ ਦੇ ਕੰਮਾਂ 'ਤੇ ਗਈ ਹੁੰਦੀ। ਮਨੀ ਅੱਧੀ ਰਾਤ ਨੂੰ ਆਉਂਦਾ ਤਾਂ ਉਹ ਸੁੱਤੀ ਹੁੰਦੀ। ਛੋਟਾ ਮੁੰਡਾ ਕਦੀ ਜਾਗਦਾ ਹੁੰਦਾ ਤੇ ਕਦੀ ਸੁੱਤਾ ਹੁੰਦਾ। ਮਨੀ ਕਦੀ ਘਰ ਹੁੰਦਾ ਤੇ ਕਦੀ ਕੰਮ 'ਤੇ ਗਿਆ ਹੁੰਦਾ।

ਜਿਸ ਕੈਨਰੀ ਵਿਚ ਸੁੱਖੀ ਦਿਨ ਨੂੰ ਕੰਮ ਕਰਦੀ ਸੀ ਉੱਥੇ ਬਹੁਤੇ ਕਾਮੇ ਚੀਨੇ, ਫਿਲਪੀਨੋਂ ਤੇ ਪੰਜਾਬੀ ਸਨ। ਕਰੀਬਨ ਕਰੀਬਨ ਸਭ ਦੇ ਸਭ ਨਵੇਂ ਪਰਵਾਸੀ ਸਨ। ਜਿਨ੍ਹਾਂ ਵਿਚ ਮਰਦ ਘੱਟ ਤੇ ਔਰਤਾਂ ਵੱਧ ਸਨ। ਪੰਜਾਬੀਆਂ ਵਿਚ ਉਹ ਔਰਤਾਂ ਸਨ ਜੋ ਜਾਂ ਤਾਂ ਯੈੱਸ ਨੋ ਕਰਨਾ ਜਾਣਦੀਆ ਸਨ ਜਾਂ

ਫਿਰ ਉਹ ਜੋ ਪੰਜਾਬ ਵਿਚ ਅਧਿਆਪਨ ਆਦਿ ਦਾ ਕਿੱਤਾ ਕਰਦੀਆਂ ਸਨ। ਲੰਚ ਤੇ ਕੌਫ਼ੀ ਬਰੇਕ ਵਿਚ ਸਾਰੇ ਕਾਮੇ ਤਿੰਨ ਚਾਰ ਜੁੱਟਾਂ ਵਿਚ ਬੈਠਦੇ। ਜਿਨ੍ਹਾਂ ਵਿੱਚੋਂ ਇਕ ਪੰਜਾਬੀਆਂ ਦਾ ਹੁੰਦਾ। ਇਸ ਵਿਚ ਵੀ ਇਕ ਜੁੱਟ ਸੁੱਖੀ ਤੇ ਉਸ ਦੀਆਂ ਤਿੰਨ ਚਾਰ ਸਹੇਲੀਆਂ ਦਾ ਸੀ ਜੋ ਨਾਲ ਨਾਲ ਕੰਮ ਕਰਦੀਆਂ ਹੋਣ ਕਰਕੇ ਵੀ ਸਭ ਤੋਂ ਅਲੱਗ ਬੈਠਦੀਆਂ ਸਨ। ਸ਼ਾਇਦ ਉਹ ਆਪਣੇ ਆਪ ਨੂੰ ਬਾਕੀਆਂ ਨਾਲੋਂ ਵਧੀਆ ਸਮਝਦੀਆਂ ਸਨ। ਉਨ੍ਹਾਂ ਦਾ ਬਾਕੀਆਂ ਨਾਲੋਂ ਜੁਦਾ ਬੈਠਣ 'ਤੇ ਦੂਜੀਆਂ ਨਾਲ ਇਕ ਦੋ ਵਾਰ ਤਕਰਾਰ ਵੀ ਹੋਇਆ ਪਰ ਅੰਤ ਨੂੰ ਉਨ੍ਹਾਂ ਇਹ ਕਹਿ ਕੇ ਤਕਰਾਰ ਦਾ ਭੋਗ ਪਾ ਦਿੱਤਾ ਕਿ ਜਿਸ ਨੇ ਉਨ੍ਹਾਂ ਵਿਚ ਬੈਠਣਾ, ਉਹ ਜੀ ਸਦਕੇ ਬੈਠ ਸਕਦਾ ਪਰ, ਉਨ੍ਹਾਂ ਨੇ ਕਿਸੇ ਵਿਚ ਨਹੀਂ ਬੈਠਣਾ।

ਸੁੱਖੀ ਤੇ ਉਸ ਦੀਆਂ ਸਹੇਲੀਆਂ ਦਾ ਜੁੱਟ, ਲੰਚ ਟਾਈਮ, ਕੌਫ਼ੀ ਬਰੇਕ ਤੋਂ ਇਲਾਵਾ ਵਾਸ਼ਰੂਮ ਆਉਂਦੀਆਂ ਜਾਂਦੀਆਂ ਤੇ ਕੰਮ ਦੇ ਅੱਡੇ ਨਾਲ ਨਾਲ ਹੋਣ ਕਰਕੇ, ਕੰਮ ਕਰਦੀਆਂ ਵੀ ਆਪਸ ਵਿਚ ਗੱਲਾਂ ਕਰਦੀਆਂ ਰਹਿੰਦੀਆਂ। ਉਹ ਆਮ ਤੌਰ 'ਤੇ ਆਪ ਬੀਤੀਆਂ ਤੋਂ ਇਲਾਵਾ, ਉਨ੍ਹਾਂ ਲੋਕਾਂ ਦੀਆਂ ਗੱਲਾਂ ਵੀ ਕਰਦੀਆਂ ਜਿਹੜੇ ਕੈਨੇਡਾ ਵਿਚ ਨਾਜਾਇਜ਼ ਤਰੀਕੇ ਨਾਲ ਆਏ ਜਾਂ ਆਉਣ ਦਾ ਯਤਨ ਕਰਦੇ ਰਹਿੰਦੇ ਸਨ। ਜੋ ਆਏ, ਉਹ ਕਿਵੇਂ ਆਏ? ਉਨ੍ਹਾਂ ਆਉਣ ਲਈ ਕੀ ਕੀ ਹੱਥਕੰਡੇ ਵਰਤੇ। ਕਿਹੜੇ ਕਿਹੜੇ ਛੜਯੰਤਰ ਰਚੇ ਤੇ ਕਿੱਦਾਂ ਦੀਆਂ ਕਾਰਸਤਾਨੀਆਂ ਫ਼ਰੀ ਹੋਣ ਲਈ ਕੀਤੀਆਂ। ਇਸ ਤੋਂ ਇਲਾਵਾ ਉਹ, ਕਿਸੇ ਨੂੰ ਕੈਨੇਡਾ ਕਿਸ ਜਾਇਜ਼ ਨਾਜਾਇਜ਼ ਤਰੀਕੇ ਨਾਲ ਮੰਗਵਾਉਣਾ ਤੇ ਆਏ ਨੂੰ ਕਿਵੇਂ ਫ਼ਰੀ ਕਰਵਾਉਣਾ; ਇੱਥੇ ਆ ਕੇ ਪੈਸਾ ਕਿਵੇਂ ਕਮਾਉਣਾ, ਟੈਕਸ ਕਿਵੇਂ ਬਚਾਉਣਾ ਤੇ ਸਰਕਾਰ ਨੂੰ ਚੂਨਾ ਕਿਵੇਂ ਲਾਉਣਾ ਬਾਰੇ ਗੱਲਾਂ ਕਰਦੀਆਂ। ਇਹੋ ਜਿਹੀਆਂ ਗੱਲਾਂ ਕਰਨੀਆਂ ਉਨ੍ਹਾਂ ਚੌਹਾਂ ਪੰਜਾਂ ਦਾ ਦੂਜਾ ਸੁਭਾਅ ਸੀ। ਉਨ੍ਹਾਂ ਸਾਰੀਆਂ ਦਾ ਇਕੱਠੇ ਬੈਠਣ ਦਾ ਇਕ ਵੱਡਾ ਕਾਰਨ, ਉਨ੍ਹਾਂ ਦੇ ਸਹੁਰੇ, ਪੇਕੇ ਜਾਂ ਹੋਰ ਸਾਕ ਸੰਬੰਧੀਆਂ ਦੇ ਪਿੰਡ ਲਾਗੇ ਲਾਗੇ ਸਨ।

ਸੁੱਖੀ, ਹਰ ਵੇਲੇ ਹੀ ਕਿਸੇ ਨਾ ਕਿਸੇ ਮੁੰਡੇ ਦੇ ਇੰਡੀਆ ਜਾਣ ਜਾਂ ਇੰਡੀਆਂ ਤੋਂ ਆਉਣ ਬਾਰੇ ਜਾਨਣ ਦੀ ਲਾਲਸਾ ਵਿਚ ਰਹਿੰਦੀ ਸੀ। ਇਸ ਲਈ ਕਿ, ਇਕ ਤਾਂ ਉਸਦੇ ਮਾਮੇ ਦੀ ਕੁੜੀ ਤਰਲੋਚਨ ਤੇ ਦੂਜੀ ਉਸਦੀ ਆਪਣੇ ਘਰਾਂ ਵਿੱਚੋਂ ਚਾਚੇ ਦੀ ਕੁੜੀ ਇੰਦਰਜੀਤ ਸੀ। ਉਹੋ ਪੜ੍ਹ-ਲਿਖ ਮੁਟਿਆਰਾਂ ਹੋ ਚੁੱਕੀਆਂ ਸਨ ਤੇ ਦਿਨ ਰਾਤ ਸੱਤ ਸਮੁੰਦਰ ਪਾਰੋਂ ਕਿਸੇ ਰਾਜਕੁਮਾਰ ਦੇ ਆਉਣ ਦੀ ਉਡੀਕ ਕਰਦੀਆਂ ਰਹਿੰਦੀਆਂ ਸਨ ਕਿ ਕਦੋਂ ਉਹ ਆਵੇ ਤੇ ਆ ਕੇ ਉਨ੍ਹਾਂ ਨੂੰ ਉਡਣ-ਖਟੋਲੇ ਵਿਚ ਬਿਠਾਲ ਕੇ ਪਰੀਆਂ ਦੇ ਦੇਸ ਲੈ ਜਾਵੇ। ਉਨ੍ਹਾਂ ਦੇ ਇਸ ਸੁਪਨੇ ਨੂੰ ਪੂਰਾ ਕਰਨ ਵਾਲਾ ਇੱਕੋ ਇਕ ਵਿਅਕਤੀ ਸੀ, ਸੁੱਖੀ। ਇਸ ਲਈ ਉਨ੍ਹਾਂ ਦੋਹਾਂ ਦੇ ਮਾਪੇ ਵੀ ਸੁੱਖੀ ਵਲ ਝਾਕਦੇ ਰਹਿੰਦੇ। ਜਿੱਦਾਂ ਉਹ ਕਹਿੰਦੀ ਉਵੇਂ ਹੀ ਕਰਦੇ।

ਇਕ ਦਿਨ ਲੰਚ ਟਾਈਮ 'ਤੇ, ਸੁੱਖੀ ਤੇ ਉਨ੍ਹਾਂ ਵਿੱਚੋਂ ਉਸਦੀ ਇਕ

ਸਹੇਲੀ ਸਰਬੀ, ਵਾਸ਼ਰੂਮ ਗਈਆਂ। ਸਰਬੀ ਕੈਨਰੀ ਵਿਚ ਕੰਮ ਕਰਨ ਤੋਂ ਪਹਿਲਾਂ, ਓਕੋਨਾਗਨ ਵੈਲੀ ਵਿਚ ਫਲ ਫਰੂਟ ਅਤੇ ਸਬਜ਼ੀਆਂ ਤੋੜਨ ਦਾ ਕੰਮ ਕਰਦੀ ਹੁੰਦੀ ਸੀ।

ਸਰਬੀ ਜਿਸ ਦਾ ਪੂਰਾ ਨਾਂ ਸਰਬਜੀਤ ਸੀ ਪੰਜਾਬੀ ਦੀ ਐਮ.ਏ. ਸੀ। ਮਾਪਿਆਂ ਦਾ ਟੱਬਰ ਕੈਨੇਡਾ ਲੰਘਾਉਣ ਲਈ ਓਕੋਨਾਗਨ ਤੋਂ ਗਏ ਇਕ ਖੇਤ ਮਜ਼ਦੂਰ ਨਾਲ ਵਿਆਹ ਕਰਵਾ ਕੇ ਕੈਨੇਡਾ ਆਈ ਸੀ।

ਜਦੋਂ ਉਸ ਖੇਤ ਮਜ਼ਦੂਰ ਦੀ ਸਰਬੀ ਦੇ ਮਾਪਿਆਂ ਨੂੰ ਦੱਸ ਪਈ ਤਾਂ ਉਹ ਉਸ ਨੂੰ ਮਿਲਣ ਗਏ। ਉਨ੍ਹਾਂ ਦੇ ਕੰਮ ਕਾਰ ਬਾਰੇ ਪੁੱਛਣ 'ਤੇ ਉਸ ਖੇਤ ਮਜ਼ਦੂਰ ਨੇ ਹਿੱਕ ਨੂੰ ਹੱਥ ਲਾ ਕੇ ਕਿਹਾ, "ਬੀ.ਸੀ. ਦੀ ਓਕੋਨਾਗਨ ਵੈਲੀ, 'ਚ ਫਲਾਂ ਦਾ ਫਾਰਮ ਆ। ਜਿੱਥੇ ਮੇਰੇ ਥੱਲੇ ਆਪਣੇ ਕਿੰਨੇ ਈਂ ਲੋਕ ਕੰਮ ਕਰਦੇ ਆ।"

ਸਰਬੀ ਦੇ ਮਾਪੇ ਉਸਦੀ ਸਬਜ਼ ਬਾਗੀ ਦੀ ਹਰਿਆਲੀ ਵਿਚ ਗਵਾਚ ਗਏ। ਉਹ ਸਮਝੇ ਕਿ ਉਸ ਦਾ ਆਪਣਾ ਫਾਰਮ ਹੈ। ਜਿਸ ਨੂੰ ਲੈ ਕੇ ਉਨ੍ਹਾਂ ਨੇ ਸਰਬੀ ਨੂੰ ਵਿਆਹ ਲਈ ਮਜਬੂਰ ਕੀਤਾ ਤੇ ਸਰਬੀ ਦੀ ਨਾਂਹ ਨੁਕਰ ਦੇ ਬਾਵਜੂਦ ਵੀ ਵਿਆਹ ਕਰ ਦਿੱਤਾ। ਪਰ, ਜਦੋਂ ਉਹ ਇੱਥੇ ਆਈ ਤਾਂ ਉਸ ਨੂੰ ਪਤਾ ਲੱਗਿਆ ਕਿ ਉਹ ਫਾਰਮ ਤਾਂ ਕਿਸੇ ਗੋਰੇ ਦਾ ਹੈ। ਉਸਦਾ ਪਤੀ ਤਾਂ ਸਿਰਫ਼ ਦੇਖ-ਭਾਲ ਹੀ ਕਰਦਾ ਹੈ। ਉਹ ਬਾਹੀ ਦੇ ਦਿਨਾਂ ਵਿਚ ਟਰੈਕਟਰ ਚਲਾਉਂਦਾ ਤੇ ਫਲ ਤੋੜਨ ਦੀ ਰੁੱਤੇ, ਆਪਣੇ ਲੋਕਾਂ ਕੋਲੋਂ ਫਲ ਤੁੜਵਾਉਂਦਾ। ਟਰਾਲੀ ਭਰ ਕੇ 'ਫਰੂਟ ਕੈਨਰੀ' ਜਾਂ ਆੜ੍ਹਤੀਆਂ ਦੇ ਗੁਦਾਮੀਂ ਪਹੁੰਚਾਅ ਆਉਂਦਾ।

ਵਾਸ਼ਰੂਮ ਜਾਣ ਤੋਂ ਬਾਅਦ ਸਿੰਕ 'ਤੇ ਹੱਥ ਧੋਂਦੀ ਸਰਬੀ, ਬੋਲੀ, "ਨੀ ਸੁੱਖੀ, ਤੂੰ ਪੁੱਛਦੀ ਸੀ ਨਾ ਕਿ ਕੋਈ ਮੁੰਡਾ ਦੇਸ ਨੂੰ ਜਾਂਦਾ ਤਾਂ ਦੱਸੀਂ।"

"ਹੂੰ।"

"ਆਹ ਸਾਡੇ ਪਿੰਡ ਦਾ ਦਾਰੀ ਦੇਸ ਚੱਲਿਆ। ਵਿਆਹ ਕਰਵਾਉਣ।"

ਸੁੱਖੀ ਨੇ ਜਦੋਂ ਸਰਬੀ ਦੇ ਪਿੰਡ ਦੇ ਮੁੰਡੇ ਦਾ ਦੇਸ ਜਾਣ ਬਾਰੇ ਸੁਣਿਆਂ ਤਾਂ ਉਸਦੇ ਕੰਨ ਖੜ੍ਹੇ ਹੋ ਗਏ ਤੇ ਹੱਥ ਧੋਂਦੀ ਨੇ ਸਰਬੀ ਵੱਲ ਦੇਖਿਆ।

"ਵਿਆਹ ਲਈ ਕਿਸੇ ਨੂੰ ਹਾਂ ਈ ਨਈਂ ਕਰਦਾ। ਜੇ ਪੁੱਛੋ ਤਾਂ ਕਹਿੰਦਾ, "ਗਰੇਜੀ ਦੀ ਐਮ.ਏ. (ਪਾਸ) ਕੁੜੀ ਲੈਣੀ ਆਂ ਜਾਂ ਜੋ, ਫਰਨ ਫਰਨ ਗਰੇਜ਼ੀ ਬੋਲਦੀ ਹੋਵੇ।" ਸਰਬੀ ਨੇ ਤੌਲੀਏ ਨਾਲ ਹੱਥ ਪੂੰਝਦੀ ਨੇ ਦਾਰੀ ਦੀ ਸਾਂਗ ਲਾ ਕੇ ਅੱਗੇ ਕਿਹਾ, "ਸਭਿਆਰ ਨੂੰ ਆਪ ਟੈਨ ਪਲੱਸ ਟੂ ਵੀ ਨਈਂ।" "ਅੰਗਰੇਜ਼ੀ ਨੂੰ ਗਰੇਜੀ ਕਹਿੰਦਾ।" ਆਖ ਕੇ ਤੌਲੀਆ ਥੱਲੇ ਨੂੰ ਖਿੱਚਿਆ ਤਾਂ 'ਘੜਿੱਚ' ਦੀ ਆਵਾਜ਼ ਆਈ।

ਸੁੱਖੀ ਨੂੰ ਯਕਲੱਖਤ ਆਪਣੇ ਮਾਮੇ ਦੀ ਕੁੜੀ ਤਰਲੋਚਨ ਯਾਦ ਆ ਗਈ ਜੋ ਐਮ. ਐੱਡ. ਕਰ ਕੇ, ਸਰਬੀ ਦੇ ਪਿੰਡ ਹੀ ਕੁੜੀਆਂ ਦੇ ਸਕੂਲੇ ਟੀਚਰ ਲੱਗੀ ਹੋਈ ਸੀ। ਸੁੱਖੀ ਦਾ ਮਾਮਾ ਤਰਲੋਚਨ ਨੂੰ ਕੈਨੇਡਾ ਮੰਗਵਾਉਣ ਲਈ ਸੁੱਖੀ ਨੂੰ, ਹਰ ਖ਼ਤ ਵਿਚ ਵਾਰ ਵਾਰ ਲਿਖਦਾ ਰਹਿੰਦਾ ਸੀ। ਸੁੱਖੀ ਨੂੰ ਇਹ ਸੁਨਹਿਰੀ

ਮੌਕਾ ਲੱਗਾ ਤੇ ਪੁੱਛਿਆ, "ਨਾ ਉਹ ਕਰਦਾ ਕੀ ਆ?"

"ਮਿੱਲ 'ਚ ਗਰੇਡਰ ਆ।"

"ਫੇ ਤਾਂ ਚੰਗੇ ਪੈਸੇ ਲੈਂਦਾ ਹੋਣਾ?"

"ਸੁਣਿਆਂ ਫੋਰਮੈਨ ਜਿੰਨੀ ਤਨਖਾਹ ਆ।"

"ਕੁਝ ਪੱਲੇ ਵੀ ਆ ਕਿ ਛੜਾ ਛਟਾਂਕ?" ਸੁੱਖੀ ਨੇ ਸੱਜੀ ਮੁੱਠ ਮੀਟ ਕੇ ਗਠਾ ਹਿਲਾਇਆ।

"ਤਿੰਨ ਬੈਡਰੂਮ ਦਾ ਘਰ ਤੇ ਬਾਈ ਫੁੱਟ ਲੰਬੀ ਮਰਕਰੀ ਲਿੰਕਨ (ਕਾਰ) ਲਈ ਫਿਰਦਾ।"

"ਅੱਛਾ!"

"ਵਿਜ਼ਟਰ ਆਇਆ ਸੀ। ਅੱਧ ਖੜ੍ਹ ਰੈੱਡ ਇੰਡੀਅਨ ਨਾਲ ਵਿਆਹ ਕਰਵਾ ਕੇ ਫ਼ਰੀ ਹੋ ਗਿਆ। ਹੁਣ ਉਹਨੂੰ ਪੈਸੇ ਦੇ ਕੇ ਤਲਾਕ ਦੇ ਦਿੱਤਾ।"

"ਕਦੋਂ ਜਾ ਰਿਹਾ?"

"ਆਹ ਅਗਲੇ ਹਫ਼ਤੇ।" ਉਹ ਰੁਕ ਕੇ ਬੋਲੀ, "ਹੈ ਉਹ ਸਾਡੀ ਬਰਾਦਰੀ ਦਾ।"

ਜਦੋਂ ਸਰਬੀ ਨੇ "ਹੈ ਉਹ ਸਾਡੀ ਬ਼ਰਾਦਰੀ ਦਾ।" ਕਿਹਾ ਤਾਂ ਸੁੱਖੀ ਨੇ ਉਸ ਵੱਲ ਦੇਖਿਆ। ਫਿਰ ਵੀ ਵਾਸ਼ਰੂਮ ਤੋਂ ਲੰਚ ਰੂਮ ਤਕ ਜਾਂਦੀ ਨੇ ਦਾਰੀ ਦਾ ਫ਼ੋਨ ਪਤਾ 'ਤੇ ਪਿਛੋਕੜ ਦੀ ਸਾਰੀ ਜਾਣਕਾਰੀ ਲੈ ਲਈ।

ਸਿਆਲ ਦੇ ਦਿਨ। ਸਵੇਰ ਤਰਕਾਲਾਂ ਦੀ ਖੁਨਕੀ ਵਿਚ ਨਿੱਘੀ ਨਿੱਘੀ ਧੁੱਪ। ਦਾਰੀ ਹਰ ਰੋਜ਼ ਜੌਗਿੰਗ ਸੂਟ ਪਾ ਕੇ ਸਕੂਲ ਦੇ ਮੋਹਰਦੀਂ ਉਸ ਕੁ ਵੇਲੇ ਲੰਘਦਾ ਜਦੋਂ ਤਰਲੋਚਨ ਸਕੂਲੇ ਆਉਂਦੀ। ਸ਼ਾਮ ਨੂੰ ਜਦੋਂ ਉਹ ਜਾਂਦੀ ਤਾਂ ਉਹ ਕਦੀ ਪਿੰਡ ਦੀ ਨਹਿਰ ਦੇ ਪੁਲ 'ਤੇ ਖੜ੍ਹਾ ਹੁੰਦਾ ਤੇ ਕਦੀ ਪਰੇ, ਆਪਣੇ ਖੇਤਾਂ ਵਿਚ, 'ਫੁੱਲ ਵੌਲੀਅਮ' ਲਾ ਕੇ ਟਰਾਂਜ਼ਿਸਰ 'ਤੇ ਗਾਣੇ ਸੁਣਦਾ ਹੁੰਦਾ।

ਕੁਝ ਦਿਨਾਂ ਬਾਅਦ ਤਰਲੋਚਨ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਇਹ ਸਭ ਕੁਝ ਉਸਨੂੰ ਦਿਖਾਉਣ ਲਈ ਕਰ ਰਿਹਾ ਹੋਵੇ। ਫਿਰ ਉਸਨੂੰ ਯਾਦ ਆਇਆ ਕਿ ਜਦੋਂ ਉਹ ਸਕੂਲ ਉਹਦੇ ਨਾਲ ਪੜ੍ਹਦਾ ਹੁੰਦਾ ਸੀ ਤਾਂ ਵੀ ਉਹ ਉਹਦੀ ਵੱਲ ਦੇਖਦਾ ਰਹਿੰਦਾ ਸੀ। ਪਹਿਲਾਂ ਪਹਿਲਾਂ ਤਾਂ ਉਸਨੂੰ ਬਹੁਤ ਬੁਰਾ ਲੱਗਿਆ। ਫਿਰ ਤਰਲੋਚਨ, ਉਸ ਦਿਨ ਤੋਂ ਬਾਅਦ ਉਸ ਵਲ ਖਿੱਚੀ ਗਈ ਜਿਸ ਦਿਨ ਉਸਨੇ ਸਕੂਲ ਦੀ ਮਾਈ ਨੂੰ, ਜੋ ਉਸੇ ਪਿੰਡ ਦੀ ਸੀ, ਖਾਲੀ ਪੀਰੀਅਡ ਵਿਚ ਕੋਲ ਬਠਾਲ਼ ਕੇ ਉਸਦੇ ਪਿਛੋਕੜ ਤੇ ਕੈਨੇਡਾ ਦੇ ਕੰਮ ਕਾਰ ਬਾਰੇ ਪੁੱਛਿਆ ਸੀ।

"ਕੀ ਦੱਸਾਂ ਭੈਣ ਜੀ, ਪਹਿਲਾਂ ਤਾਂ ਇਨ੍ਹਾਂ ਦੇ ਬੁਰੇ ਹਾਲ ਤੇ ਬੌਂਕੇ ਦਿਹਾੜੇ ਥੀ। ਘਰ ਵਿਚ ਭੰਗ ਭੁੱਜਦੀ ਹੁੰਦੀ ਥੀ। ਉਸਦੀ ਮਾਂ ਦੇ ਤੇੜ ਖੱਦਰ ਦੀ ਸੁੱਥਣ ਤੇ ਉਹ ਵੀ ਗੋਹੇ ਨਾਲ ਲਿਬੜੀ।" ਮਾਈ ਨੇ ਆਖ ਕੇ ਸ਼ੌਲ ਦੇ ਸਿਰੇ ਨਾਲ ਆਪਣਾ ਨੱਕ ਢੱਕ ਲਿਆ ਜਿਵੇ ਦੱਸਦੀ ਨੂੰ ਸੱਚ-ਮੁੱਚ ਗੋਹੇ ਦਾ ਮੁਸ਼ਕ

ਆਇਆ ਹੋਵੇ। ਫਿਰ ਰੁਕ ਕੇ ਬੋਲੀ, "ਪੈਰੀਂ ਟੁੱਟੇ ਛਿੱਤਰ ਤੇ ਪਾਟੀਆਂ ਅੱਡੀਆਂ। ਬਿਆਈਆਂ ਵਿਚ ਮਣ ਮਣ ਮੈਲ਼। ਹੱਥਾਂ ਦੀਆਂ ਲੀਕਾਂ ਵਿਚ, ਗੋਹਟੀਆਂ ਦੀ ਸੁਆਹ ਫਸੀ ਹੁੰਦੀ। ਹੁਣ, ਉਹਦੇ ਗਰਮੀਆਂ 'ਚ ਵੈਲ ਤੇ ਸਿਆਲਾਂ ਨੂੰ ਸ਼ਨੀਲ ਦੇ ਸੂਟ ਤੋਂ ਬਿਨਾ, ਹੋਰ ਕੋਈ ਕੱਪੜਾ ਨੱਕ ਥੱਲੇ ਨਈਂ ਆਉਂਦਾ।"

"ਅੱਛਾ!"

ਮਾਈ ਨੇ ਸਕੂਲ ਦੇ ਬਾਹਰਲੇ ਗੇਟ ਵੱਲ ਦੇਖਿਆ ਤੇ ਰੁਕ ਕੇ ਪਿੰਡ ਵੱਲ ਨੂੰ ਹੱਥ ਕਰਕੇ ਬੋਲੀ, "ਆਹ ਭਰਜਾਈ! ਤੁਸੀਂ ਦੇਖੀ ਹੁਣੀ?"

ਕਿਹੜੀ?"

"ਅਰਜੂ ਦੀ ਮਾਂ। ਜਿਹਨੇ ਗਲ਼ 'ਚ ਡਹੇ ਵਰਗਾ ਸੋਨੇ ਦਾ ਪੈਂਡਲ ਪਾਇਆ ਹੁੰਦਾ। ਖੇਤਾਂ ਨੂੰ ਜਾਂਦੀ ਐਥੋਂ ਬੜੇ ਨਖਰੇ ਨਾਲ ਲੰਘਦੀ ਵਾ। ਹੁਣ ਇਕ ਲਾਹੁੰਦੀ, ਇਕ ਪਾਉਂਦੀ, ਕਦੀ ਚੱਜ ਦਾ ਕੱਪੜਾ ਪਾ ਕੇ ਨਹੀਂ ਥੀ ਦੇਖਿਆ। ਭਤੀਜੇ ਤੇੜ ਤੜਾਗੀ ਤੇ ਨੱਕ ਦੀ ਨਲੀ ਚੋਅ ਕੇ ਹਰ ਵੇਲੇ ਮੂੰਹ ਵਿਚ ਪੈਂਦੀ ਹੁੰਦੀ ਥੀ।"

ਫਿਰ ਮਾਈ ਆਪਣੇ ਸਿਰ ਦਾ ਸ਼ੌਲ ਠੀਕ ਕਰਦੀ ਬੋਲੀ, "ਆਹ ਉਹਦਾ ਭਾਈਆ, ਸਿਆਲ ਹੋਣ ਜਾਂ ਗਰਮੀਆਂ, ਤੇੜ ਲੰਗੋਟੀ ਤੇ ਗਲ਼ ਪਤੂਹੀ ਪਾ, ਕੱਛ ਵਿਚ ਹਰ ਵੇਲੇ ਹੁੱਕੀ ਦੱਬੀ, ਗੁੜ ਗੁੜ ਕਰਦਾ ਫਿਰਦਾ ਹੁੰਦਾ ਥੀ। ਸਾਰੇ ਇਲਾਕੇ ਦੇ ਉਹਨੂੰ 'ਗੁੜਗੁੜੀ' ਸੱਦ ਦੇ ਵਾ।"

"ਗੁੜਗੁੜੀ ਤਾਂ ਮੈਨੂੰ ਪਤਾ।"

"ਸਿਆਲਾਂ ਨੂੰ ਕਦੀ ਗੰਢੇ ਗੁਡਦਾ ਤੇ ਕਦੀ ਮਟਰ, ਮੂਲੀਆਂ, ਗਾਜਰਾਂ, ਸ਼ਲਗਮ, ਗੋਭੀ ਤੇ ਹੋਰ ਸਬਜ਼ੀਆਂ ਦੇ ਕਿਆਰਿਆਂ ਚੋਂ ਬੂਟੀ ਕੱਢਦਾ ਹੁੰਦਾ। ਗਰਮੀਆਂ ਦੇ ਦਿਨੀਂ, 'ਰੇਤੇ ਖੇਤੀਂ' ਛੰਨ ਪਾ, ਫੁੱਟਾਂ, ਖਰਬੂਜੇ ਤੇ ਹਦਵਾਣਿਆਂ ਦੀ ਰਾਖੀ ਬੈਠਾ ਹੁੰਦਾ ਤੇ ਰਾਤ ਨੂੰ ਉੱਥੇ ਹੀ ਸੌਂਦਾ।" ਆਖ ਕੇ ਸਕੂਲ ਦੀ ਪ੍ਰਿੰਸੀਪਲ ਦੇ ਦਫ਼ਤਰ ਵੱਲ ਦੇਖਿਆ ਤਾਂ ਧੀਮੇਂ ਸੁਰ ਵਿਚ ਬੋਲੀ, "ਭੈਣ ਦਾ, ਤਿੰਨੀਂ ਕੱਪੜੀਂ ਗਰੀਬੀ ਦਾਹਵੇ ਵਿਆਹ ਕੀਤਾ ਥੀ।"

ਮਾਈ ਨੇ ਸਿਰ ਤੋਂ ਸ਼ੌਲ ਲਾਹਿਆ, ਵਾਲ ਠੀਕ ਕੀਤੇ ਤੇ ਦੁਬਾਰਾ ਸਿਰ 'ਤੇ ਲੈਂਦੀ ਬੋਲੀ, "ਭਰਾ ਇਕ ਬੌਲ਼ਦ ਤੇ ਝੋਟੇ ਨਾਲ, ਪੰਜ ਸੱਤ ਖੇਤਾਂ ਦੀ ਖੇਤੀ ਕਰਦਾ ਹੁੰਦਾ ਥੀ।"

"ਨਾ ਹੁਣ ਕਿਵੇਂ ਆਂ?" ਤਰਲੋਚਨ ਨੇ ਪੁੱਛਿਆ।

"ਹੁਣ? ਹੁਣ ਜਦੋਂ ਦਾ ਉਹ ਕੈਨੇਡਾ ਗਿਆ, ਘਰ ਦੀ ਕਾਇਆ ਹੀ ਬਦਲ ਗਈ। ਕੈਨੇਡਾ ਜਾਣ ਲਈ ਗਹਿਣੇ ਰੱਖਿਆ ਖੇਤ ਵੀ ਛੁੜਾ ਲਿਆ ਵਾ। ਭਰਾ ਕੋਲ ਟਰੈਕਟਰ ਵਾ। ਸੁਣਨ ਵਿਚ ਆਇਆ ਕਿ ਭੈਣ ਭਣੋਈਏ ਲਈ ਰਾਹਦਾਰੀ ਵੀ ਭੇਜੀ ਹੋਈ ਵਾ।" ਉਹ ਸਿਰ ਦਾ ਸ਼ੌਲ ਫਿਰ ਠੀਕ ਕਰਦੀ ਬੋਲੀ, "ਉੱਦਾਂ ਘਰ ਅੱਧਾ ਕੱਚਾ ਪਰ ਰੰਗਦਾਰ ਟੀ.ਵੀ. ਰੱਖਿਆ ਵਾ। ਮੁੰਡਾ ਢਾਹ ਕੇ ਪੱਕਾ ਬਣਾਉਣ ਨੂੰ ਕਹਿੰਦਾ ਪਰ ਪਿਉ ਨਈਂ ਮੰਨਦਾ। ਕਹਿੰਦਾ, "ਮੇਰੇ ਪੁਰਖਾਂ

ਦੀ ਨਸ਼ਾਨੀ ਵਾ। ਮੇਰੀ ਮਾਂ ਦੇ ਹੱਥਾਂ ਦੇ ਲੇਪ ਲਿੱਪਿਉ ਵਾ।"

"ਤੈਨੂੰ ਉਹਦੇ ਕੈਨੇਡਾ ਦੇ ਕੰਮ ਕਾਰ ਬਾਰੇ ਕੁੱਛ ਪਤਾ?"

"ਕੰਮ ਤਾਂ ਭੈਣ ਜੀ ਸੁਣਿਆ, ਲੱਕੜ ਮਿੱਲ 'ਚ ਸ਼ਤੀਰੀਆਂ ਦਾ ਮਨੇਜਰ ਆ। ਕਾਰ'ਰ" ਉਹ ਰੁਕ ਕੇ ਬੋਲੀ, "ਕਹਿੰਦੇ ਆ ਬਾਈ ਹੱਥ ਲੰਬੀ ਆ।" ਫਿਰ ਐਧਰ ਔਧਰ ਦੇਖਕੇ ਬੋਲੀ, "ਸੁਣਿਆ, ਮਹਲ ਵਰਗੇ ਘਰ 'ਚ ਲਾਲ ਗੋਰੀ ਰੱਖੀਉ ਸੀ।"

"ਲਾਲ ਗੋਰੀ!" ਤਰਲੋਚਨ ਨੇ ਕਿਹਾ, "ਤੇਰਾ ਮਤਲਬ, ਰੈੱਡ ਇੰਡੀਅਨ।"

"ਪਤਾ ਨਈਂ ਹਵਸ਼ਣੇ ਵਾ।"

"ਕੰਮ ਕਾਰ ਨੂੰ?"

"ਕਾਹਨੂੰ" ਮਾਈ ਨੇ ਹੱਥ ਮਾਰ ਕੇ ਕਿਹਾ, "ਖੇਹ ਖਾਣ ਨੂੰ।" ਫਿਰ ਉਸੇ ਛਿਣ, ਗੋਡਿਆਂ ਪਰਨੇ ਹੋ ਕੇ ਹੱਥ ਜੋੜੇ ਕੇ ਤਰਲੋਚਨ ਵੱਲ ਕਰਕੇ ਬੋਲੀ, "ਦੇਖਿਉ ਭੈਣ ਜੀ, ਕਿਸੇ ਕੋਲ ਗੱਲ ਨਾ ਕਰਿਉ।"

"ਨਾ ਤੈਨੂੰ ਕਾਹਦਾ ਡਰ ਆ?"

"ਲਾਗੀ ਜਿਉਂ ਹੋਏ ਭੈਣ ਜੀ।"

ਤਰਲੋਚਨ ਦਾ ਛੋਟਾ ਭਰਾ ਅਵਤਾਰ ਸੀ ਜੋ ਕਾਲਜ ਘੱਟ ਜਾਂਦਾ ਪਰ, ਹਰ ਵੇਲੇ ਕੈਨੇਡਾ ਜਾਂ ਅਮਰੀਕਾ ਜਾਣ ਦੀਆਂ ਸਕੀਮਾਂ ਸੋਚਦਾ ਰਹਿੰਦਾ। ਸ਼ਹਿਰ ਬਲਬੀਰ ਨਾਂ ਦਾ ਇਕ ਟਰੈਵਲ ਏਜੈਂਟ ਉਸਦਾ ਵਾਕਿਫ਼ ਸੀ ਜਿਸ ਰਾਹੀਂ ਦਾਰੀ ਵੀ ਕੈਨੇਡਾ ਗਿਆ ਸੀ। ਅਵਤਾਰ ਉਸਦੇ ਦਫ਼ਤਰ ਵਿਚ ਬੈਠਕੇ ਉਹ ਘਰ ਦਿਆਂ ਤੋਂ ਚੋਰੀਂ ਸੁੱਖੀ ਨੂੰ ਫੋਨ ਵੀ ਕਰਦਾ ਰਹਿੰਦਾ ਤੇ ਉਸੇ ਦੇ ਸਰਨਾਮੇਂ 'ਤੇ ਸੁੱਖੀ ਨੂੰ ਚਿੱਠੀ ਪੱਤਰ ਵੀ ਲਿਖਦਾ ਰਹਿੰਦਾ।

ਇਕ ਦਿਨ ਰਾਤ ਨੂੰ ਰੋਟੀ ਖਾਣ ਤੋਂ ਬਾਅਦ ਜਦੋਂ ਤਰਲੋਚਨ ਪੜ੍ਹ ਰਹੀ ਸੀ ਤਾਂ ਉਹ ਉਸਨੂੰ ਕਹਿਣ ਲੱਗਾ, "ਭੈਣ ਜੀ, ਤੁਸੀਂ ਕਿਸੇ ਕੈਨੇਡਾ ਜਾਂ ਅਮਰੀਕਾ ਤੋਂ ਆਏ ਮੁੰਡੇ ਨਾਲ ਵਿਆਹ ਕਰਵਾ ਕੇ, ਬਾਹਰ ਕਿਉਂ ਨਹੀਂ ਚਲੇ ਜਾਂਦੇ। ਤੁਹਾਡੇ ਪਿੱਛੇ ਮੈਂ ਵੀ ਨਿਕਲ ਆਊਂਗਾ। ਘਰ ਦਾ ਦਲਿੱਦਰ ਧੋਤਾ ਜਾਊ।"

ਜਦੋਂ ਅਵਤਾਰ ਨੇ "ਦਲਿੱਦਰ ਧੋਤਾ ਜਾਊ" ਕਿਹਾ ਤਾਂ ਤਰਲੋਚਨ ਦੇ ਦਿਮਾਗ ਵਿਚ ਫੱਟ ਦੇਣੀ ਦਾਰੀ ਆ ਗਿਆ। ਨਾਲ ਹੀ, ਕੈਨੇਡਾ ਦੇ ਅਮੀਰੀ ਠਾਠ ਬਾਠ, ਪੈਸੇ ਦੀ ਬਹੁਤਾਤ, ਐਸ਼-ਓ-ਆਰਾਮ ਦੀਆਂ ਸਹੂਲਤਾਂ ਬਾਰੇ ਤਰ੍ਹਾਂ ਤਰ੍ਹਾਂ ਦੇ ਵਿਚਾਰ ਦਿਮਾਗ਼ ਵਿਚ ਆਏ। ਇਸ ਦੇ ਨਾਲ ਹੀ ਉਸਦੇ ਦਿਮਾਗ਼ ਵਿਚ ਔਰਤ ਦੀ ਉਹ ਪਰਵਿਰਤੀ ਵੀ ਜਾਗੀ ਜਿਸ ਅਧੀਨ ਉਹ ਆਪਣੇ ਭਵਿੱਖ, ਪਰਵਾਰ ਤੇ ਆਪਣੇ ਲਈ ਹਰ ਤਰ੍ਹਾਂ ਦੇ ਸੁੱਖ ਆਰਾਮ ਦੀਆਂ ਸਹੂਲਤਾਂ ਬਾਰੇ ਸੋਚਦੀ ਹੈ। ਦਾਰੀ ਉਸਨੂੰ ਚੰਗਾ ਚੰਗਾ ਲੱਗਾ। ਪਰ, ਉਸਦੀ ਬਾਈ ਹੱਥ ਲੰਬੀ ਕਾਰ 'ਚ ਬੈਠ ਕੇ ਘੁੰਮਣ ਫਿਰਨ ਤੇ ਸੈਰ ਸਪਾਟਾ ਕਰਨ ਦੀ ਖਾਹਸ਼ ਵਧੇਰੇ ਜਾਗੀ। ਉਸ ਨੇ ਆਪਣੇ ਮਨ ਦੀ ਇੱਛਿਆ ਨੂੰ ਛੁਪਾਉਂਦੀ ਨੇ, ਅਵਤਾਰ ਨੂੰ

ਟੋਹਣ ਲਈ ਪੁੱਛਿਆ, "ਹੈ ਕੋਈ ਤੇਰੀ ਨਜ਼ਰ ਵਿਚ? ਮੈਨੂੰ ਤਾਂ ਕੋਈ ਨਈਂ ਦਿਸਦਾ।"

"ਉਹ ਜਿਉਂ ਹੈਗਾ, ਕਨੇਡਿਉਂ ਆਇਆ, ਤੁਹਾਡਾ ਜਮੇਤੀ ਦਾਰੀ" ਅਵਤਾਰ ਫੱਟ ਦੇਣੀ ਬੋਲਿਆ, "ਉਸੇ ਪਿੰਡ ਦਾ ਜਿੱਥੇ ਤੁਸੀਂ ਪੜ੍ਹਾਉਣ ਜਾਂਦੇ ਆਂ। ਐਮ. ਏ. ਕੁੜੀ ਟੋਲਦਾ।"

ਜਦੋਂ ਉਸਨੇ, "ਉਹ ਜਿਉਂ ਹੈਗਾ, ਕਨੇਡਿਉਂ ਆਇਆ, ਤੁਹਾਡਾ ਜਮੇਤੀ ਦਾਰੀ" ਕਿਹਾ ਤਾਂ ਤਰਲੋਚਨ ਨੂੰ ਸ਼ੱਕ ਹੋਇਆ ਕਿ ਸ਼ਾਇਦ ਅਵਤਾਰ ਨੇ ਦਾਰੀ ਨਾਲ ਮੇਰੇ ਬਾਰੇ ਗੱਲ ਕੀਤੀ ਹੋਵੇ ਤਾਂ ਪੁੱਛਿਆ, "ਕੀ ਤੂੰ ਉਹਨੂੰ ਮਿਲਿਆਂ?"

"ਕਾਹਨੂੰ ਭੈਣ ਜੀ।"

"ਫੇ ਤੈਨੂੰ ਕਿਵੇਂ ਪਤਾ ਐੱਮ. ਏ. ਕੁੜੀ ਟੋਲ੍ਹਦਾ?"

ਪਹਿਲਾਂ ਤਾਂ ਅਵਤਾਰ ਦੇ ਮਨ ਵਿਚ ਆਇਆ ਕਿ ਉਹ ਸੁੱਖੀ ਦੀ ਸਕੀਮ ਵਾਲੀ ਆਈ ਚਿੱਠੀ ਦਾ ਭੇਦ ਖੋਲ੍ਹ ਦੇਵੇ ਪਰ, ਉਸ ਦੀ ਹੀ ਤਾੜਨਾ ਅਧੀਨ ਭੇਦ ਨੂੰ ਲਕੋਂਦਾ ਬੋਲਿਆ, "ਟਰੈਵਲ ਅਜੰਟ ਬਲਬੀਰ ਦਸਦਾ ਸੀ।"

"ਨਈਂ। ਉਹ ਹੋਰ ਬਰਾਦਰੀ ਦਾ।" ਤਰਲੋਚਨ ਨੇ ਮਨ ਦੀ ਸ਼ੰਕਾ ਨੂੰ ਦੂਰ ਕਰ ਕੇ ਅਵਤਾਰ ਨੂੰ ਮਨ੍ਹਾਂ ਕਰਦੀ ਨੇ ਕਿਹਾ।

"ਮਾਰੋ ਗੋਲੀ ਭੈਣ ਜੀ ਬਰਾਦਰੀ ਨੂੰ, ਅਜਕਲ ਕੌਣ ਪੁੱਛਦਾ।" ਅਵਤਾਰ ਨੇ ਕਿਹਾ, "ਅਜਕਲ ਤਾਂ ਬਾਹਰ ਜਾਣ ਲਈ ਚਾਚੇ ਭਤੀਜੀਆਂ ਤੇ ਮਾਮੇ ਭਾਣਜੀਆਂ ਨਾਲ ਵਿਆਹ ਕਰਵਾਈ ਫਿਰਦੇ ਆ। ਭੂਆ ਦੀ ਕੁੜੀ ਮਾਮੇ ਦੇ ਮੁੰਡੇ ਨਾਲ ਨਿਕਲ ਜਾਂਦੀ ਆ।" ਉਸਨੇ ਰੁਕ ਕੇ ਕਿਹਾ।

"ਤੂੰ ਕਿਹਦੀ ਗੱਲ ਕਰਦਾਂ, ਸੀਤੋ ਦੀ?" ਤਰਲੋਚਨ ਨੇ ਪੁੱਛਿਆ।

"ਹਾਂ ਸੀਤੋ ਦੀ।"

"ਸੀਤੋ, ਤਰਲੋਚਨ ਦੀ ਕਾਲਜ ਵਿਚ ਜਮੈਤਣ ਸੀ। ਉਸ ਦਾ ਆਪਣੇ ਮਾਮੇ ਦੇ ਮੁੰਡੇ ਨਾਲ ਇਸ਼ਕ ਸੀ। ਉਸਨੇ ਘਰ ਦਿਆਂ ਤੋਂ ਚੋਰੀ ਪਾਸਪੋਰਟ ਬਣਵਾਇਆ ਤੇ ਜਦੋਂ ਮਾਮੇ ਦਾ ਮੁੰਡਾ ਵਲੈਤੋਂ ਆਇਆ ਤਾਂ ਉਹ ਉਸ ਨੂੰ ਆਪਣੀ ਪਤਨੀ ਬਣਾ ਕੇ ਨਾਲ ਲੈ ਗਿਆ। ਸੀਤੋ ਦੇ ਜਾਣ ਤੋਂ ਬਾਅਦ ਉਸਦੀ ਛੋਟੀ ਭੈਣ ਸ਼ਾਂਤੀ ਨੇ ਤਰਲੋਚਨ ਨੂੰ ਦੱਸਿਆ ਸੀ ਕਿ ਜਿਸ ਰਾਤ ਉਹ ਆਪਣੇ ਮਾਮੇ ਦੇ ਮੁੰਡੇ ਨਾਲ ਨਿਕਲੀ ਸੀ ਉਸ ਸ਼ਾਮ ਉਹ ਘਰ ਵਿਚ, ""ਕੱਲ੍ਹ ਨੂੰ ਪਤਾ ਨਈਂ ਸਾਡੇ ਵਿੱਚੋਂ ਕਿਹਨੇ ਨੀ ਹੋਣਾ"" ਕਹਿੰਦੀ ਫਿਰਦੀ ਸੀ।"

"ਆਪਣਾ ਸੁੱਖ ਅਰਾਮ ਦੇਖੋ ਭੈਣ ਜੀ।" ਉਹ ਰੁਕ ਕੇ ਬੋਲਿਆ, "ਕਹੋਂ ਤਾਂ ਮੈਂ ਗੱਲ ਕਰਾਂ?"

ਜਦੋਂ ਅਵਤਾਰ ਨੇ, "ਆਪਣਾ ਸੁੱਖ ਆਰਾਮ ਦੇਖੋ ਭੈਣ ਜੀ।" ਕਿਹਾ ਤਾਂ ਤਰਲੋਚਨ ਦੀ ਜਾਗੀ ਪਰਵਿਰਤੀ ਹੋਰ ਵੀ ਪਰਬੱਲ ਹੋ ਗਈ। ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਦਾਰੀ ਨੂੰ ਦਿਲ ਦੇ ਬੈਠੀ ਹੋਵੇ।

ਪੋਹ ਮਾਘ ਦੇ ਦਿਨ। ਸੁੱਕੀ ਸੁੱਕੀ ਠੰਡ। ਖੇਤਾਂ ਵਿਚ ਲਹਿਰਾਉਣ ਦੀ ਉਮੰਗ ਵਿਚ ਉਗਦੀਆਂ ਫਸਲਾਂ 'ਉੱਤੇ ਦੂਰ ਦੂਰ ਤਕ ਡੁਬਦੇ ਸੂਰਜ ਦੀ ਸੁਨਹਿਰੀ ਧੁੱਪ ਫੈਲੀ ਹੋਈ ਸੀ। ਸਕੂਲੋਂ ਬਾਅਦ ਤਰਲੋਚਨ ਨੇ ਦਾਰੀ ਨੂੰ ਨਹਿਰ ਦੇ ਪੁੱਲ 'ਤੇ ਖੜ੍ਹਾ ਦੇਖਿਆ ਜਿੱਥੇ ਉਹ ਹਰ ਸ਼ਾਮ ਉਸਦੇ ਪਿੰਡ ਪਰਤਣ ਵੇਲੇ ਖੜ੍ਹਾ ਹੁੰਦਾ ਸੀ। ਉਹ ਸਾਈਕਲ ਤੋਂ ਉਤਰੀ। ਤੇ ਪੁੱਛਿਆ, "ਦਾਰੀ, ਕੀ ਤੂੰ।" ਆਖ ਕੇ ਰਕ ਗਈ।

ਜਦੋਂ ਤਰਲੋਚਨ ਨੇ "ਦਾਰੀ, ਕੀ ਤੂੰ" ਕਿਹਾ ਤਾਂ ਦਾਰੀ ਨੇ ਫੱਟ ਦੇਣੀ ਤਰਲੋਚਨ ਦੇ ਪੈਰਾਂ ਵੱਲ ਦੇਖਿਆ। ਪਰ ਜਦੋਂ ਉਸਨੇ, "ਨਈਂ ਨਈਂ, ਆਈ ਲਰੰਟ, ਯੂ ਵਾਂਟ ਐ. ਮੇ. ਕੁੜੀ ਫ਼ਾਰ ਮੈਰਿਜ।" ਕਿਹਾ ਤਾਂ ਜਿਵੇਂ ਉਸ ਨੂੰ ਕਿਸੇ ਚੀਜ਼ ਦੀ ਤਸੱਲੀ ਹੋ ਗਈ ਹੋਵੇ ਤੇ ਬੋਲਿਆ, "ਐ.ਮੇ. ਕੁੜੀ!" "ਓ, ਯਾਅ, ਯਾਅ।"

"ਆਈ ਅੱਮ, ਐਮ. ਏ. ਐੱਮ. ਐਡ'ਡ.।"

"ਆਈ ਨੌ" ਦਾਰੀ ਤਰਲੋਚਨ ਵੱਲ ਦੇਖ ਕੇ ਬੋਲਿਆ, "ਦੈਟ'ਸ ਓ.ਕੇ.। ਬੱਟ।"

"ਆਈ ਲਰਨ ਦੇਅਰ।" ਤਰਲੋਚਨ ਨੇ ਆਪਣੀ ਛਾਤੀ ਨੂੰ ਹੱਥ ਲਾ ਕੇ ਲਹਿੰਦੇ ਵੱਲ ਹੱਥ ਕਰਦੀ ਨੇ ਕਿਹਾ।

"ਬੱਟ ਯੂਅਰ !"

"ਉਨ੍ਹਾਂ ਨੂੰ ਮੈਂ ਆਪੇ ਮਨਾ ਲਉਂਗੀ।"

"ਤਾਂ ਫਿਰ ਮੇਰੀ ਓ.ਕੇ. ਆ।"

ਜਦੋਂ ਉਸਨੇ, "ਤਾਂ ਫਿਰ ਮੇਰੀ ਓ.ਕੇ. ਆ" ਕਿਹਾ ਤਾਂ ਤਰਲੋਚਨ ਨੂੰ ਇੰਝ ਲੱਗਾ ਜਿਵੇਂ ਉਸਨੇ ਕੋਈ ਮੱਲ ਮਾਰ ਲਈ ਹੋਵੇ। ਕਿਹਨੇ ਕਿਹੜੀ ਮੱਲ ਮਾਰੀ, ਇਸ ਗੱਲ ਦਾ ਪਤਾ ਉਸਨੂੰ, ਆਪਣੇ ਵਿਆਹ 'ਤੇ ਆਈ ਸੁੱਖੀ ਕੋਲੋਂ ਲੱਗਾ।

ਸ਼ਾਮ ਨੂੰ ਘਰ ਪਹੁੰਚ ਕੇ ਤਰਲੋਚਨ ਨੇ ਸਾਰੀ ਗੱਲ ਆਪਣੇ ਬੀਜੀ ਸ਼ੈਂਕਰੀ ਨੂੰ ਦੱਸੀ ਤੇ ਆਪਣੇ ਪਿਤਾ ਨਾਲ ਗੱਲ ਕਰਨ ਨੂੰ ਕਿਹਾ। ਰਾਤ ਨੂੰ ਜਦੋਂ ਸ਼ੈਂਕਰੀ ਨੇ ਗੱਲ ਤੋਰੀ ਤਾਂ ਜ਼ਾਤ ਪਾਤ ਤੇ ਬਰਾਦਰੀ ਦਾ ਰੇੜਕਾ ਪੈ ਗਿਆ। ਸੁੱਖੀ ਦਾ ਮਾਮਾ ਸ਼ਮਸ਼ੇਰ ਸਿੰਘ, ਰਿਟਾਇਰਡ ਫੌਜੀ ਸੂਬੇਦਾਰ ਸੀ, ਅੜ ਗਿਆ ਤੇ ਜੋਸ਼ ਵਿਚ ਬੋਲਿਆ, "ਇਹ ਰਿਸ਼ਤਾ ਨਈਂ ਹੋ ਸਕਦਾ।"

"ਕਿਉਂ ਨੀ ਹੋ ਸਕਦਾ?" ਸ਼ੈਂਕਰੀ ਨੇ ਪੁੱਛਿਆ।

"ਅਸੀਂ ਜੱਟ ਸਰਦਾਰ ਉਹ ਸਾਲੇ ਮੋਨੇ ਰਾਜਪੂਤ।"

"ਫੇਰ?"

"ਅਸੀਂ ਸਿੱਖ, ਉਹ ਸਨਾਤਨੀ।"

"ਤੁਸੀਂ ਪਹਿਲਾਂ ਕੀ ਸਿਗੇ?"

"ਮਾਰ ਗੋਲੀ ਕੀ ਸਿਗੇ ਨੂੰ। ਕਿਹਾ ਨਾ ਇਹ ਰਿਸ਼ਤਾ ਨੀ ਹੋਣਾ।"

"ਕਿਉਂਕਿ ਉਹ ਤੁਹਾਨੂੰ ਬੁੰਡੇ ਵੱਢ ਸੱਦਦੇ ਆ ਤੇ ਤੁਸੀ ਉਨ੍ਹਾਂ ਨੂੰ ਖੱਪਰ ਖਾਣੇ।"

"ਤੂੰ ਐਵੇਂ ਮੇਰਾ ਮਗਜ਼ ਨਾ ਖਾਹ, ਕਿਹਾ ਨਾ ਇਹ ਰਿਸ਼ਤਾ ਨਈਂ ਹੋਣਾ।"

"ਤੇਰਾ ਮਗ਼ਜ਼ ਨਾ ਖਾਵਾਂ ਤਾਂ ਹੋਰ ਅਪਣੇ ਜਣਦਿਆਂ ਦਾ ਚੱਟਾਂ।" ਉਹ ਰੁਕ ਕੇ ਬੋਲੀ, "ਕਦੀ ਸੋਚਿਆ, ਜੇ ਕੁੜੀ ਨੇ ਅਪਣੇ ਆਪ ਵਿਆਹ ਕਰਵਾ ਲਿਆ ਤਾਂ? "ਸਾਰੇ ਇਲਾਕੇ 'ਚ ਹੋਏ ਹੋਏ ਹੋ ਜਾਊਗੀ।" ਸ਼ੈਂਕਰੀ ਨੇ ਆਖ਼ਰੀ ਤੋੜਾ ਮਾਰਿਆ।

ਸ਼ਮਸ਼ੇਰ ਸਿੰਘ ਆਪਣੀ ਪਤਨੀ ਦੇ ਇਹ ਬੋਲ ਸੁਣ ਕੇ ਚੁੱਪ ਹੋ ਗਿਆ।

ਸ਼ਮਸ਼ੇਰ ਸਿੰਘ ਨੂੰ ਚੁੱਪ ਦੇਖਕੇ ਸ਼ੈਂਕਰੀ ਬੋਲੀ, "ਕਦੀ ਘਰ ਦੀ ਹਾਲਤ ਦੇਖੀ?" ... "ਕਦੀ ਸੋਚਿਆ, ਕੁੜੀ ਪਿੱਛੇ ਮੁੰਡਾ ਬਾਹਰ ਚਲਿਆ ਗਿਆ ਤਾਂ ਘਰ ਦੀ ਕਾਇਆ ਪਲਟ ਜਾਊ। ਦਲਿੱਦਰ ਧੋਤਾ ਜਾਊ। ਫੇ ਅਸੀਂ।" ਸ਼ੈਂਕਰੀ ਨੇ ਪਹਿਲਾਂ ਸ਼ਮਸ਼ੇਰ ਤੇ ਫਿਰ ਆਪਣੀ ਵੱਲ ਹੱਥ ਕੀਤਾ।

ਜਦੋਂ ਸ਼ਮਸ਼ੇਰ ਸਿੰਘ ਨੇ ਅਪਣੀ ਪਤਨੀ ਦੇ ਮੁੰਹੋਂ, "ਕੁੜੀ ਪਿੱਛੇ ਮੁੰਡਾ ਵੀ ਬਾਹਰ ਚਲਿਆ ਜਾਊ" ਸੁਣਿਆਂ ਤਾਂ ਉਸ ਨੂੰ ਖੁੜਕੀ ਕਿ ਇਹ ਸਾਰੀ ਕਾਰਸਤਾਨੀ ਉਸਦੇ ਮੁੰਡੇ ਦੀ ਹੈ ਜੋ ਹਰ ਵੇਲੇ ਬਾਹਰ ਜਾਣ ਦੀ ਰੱਟ ਲਾਈ ਰੱਖਦਾ। ਤਾਂ ਉਹ ਗੁੱਸੇ ਵਿਚ ਬੋਲਿਆ, "ਮੈਂ ਨਾ ਕਹਾਂ ਇਹ ਸਾਲਾ 'ਗੁੜਗੁੜੀ' ਦੇ ਮੁੰਡੇ ਨੂੰ ਕਿਉਂ ਘਰ ਲਿਆਉਂਦਾ। ਮੈਂ ਕਰਦਾਂ ਸਾਲੇ ਨੂੰ ਸਵੇਰ ਨੂੰ ਸਿੱਧਾ।"

ਸ਼ੈਂਕਰੀ ਨੂੰ ਸ਼ਮਸ਼ੇਰ ਸਿੰਘ ਦੇ ਗੁੱਸੇ ਦਾ ਪਤਾ ਸੀ। ਉਹ ਸ਼ਮਸ਼ੇਰ ਸਿੰਘ ਦੇ ਉੱਠਣ ਤੋਂ ਪਹਿਲਾਂ ਉੱਠੀ, ਮੂੰਹ ਹਨੇਰੇ ਅਵਤਾਰ ਨੂੰ ਉਠਾਲ ਕੇ ਆਪਣੇ ਪੇਕੀਂ ਭੇਜ ਦਿੱਤਾ ਤੇ ਆਪਣੇ ਮਾਮੇ ਨੂੰ ਸਾਰੀ ਗੱਲ ਦੱਸਕੇ ਕੁਝ ਦਿਨ ਉੱਥੇ ਟਿਕੇ ਰਹਿਣ ਦੀ ਹਿਦਾਇਤ ਕੀਤੀ।

ਸਵੇਰ ਨੂੰ ਜਦੋਂ ਸ਼ਮਸ਼ੇਰ ਸਿੰਘ ਉੱਠਿਆ ਤੇ ਅਵਤਾਰ ਨਾ ਮਿਲਿਆ ਤਾਂ ਉਸਨੇ ਗੁੱਸੇ ਵਿਚ ਬੰਦੂਕ ਚੁੱਕ ਲਈ ਤੇ ਸਾਰੇ ਪਿੰਡ ਵਿਚ ਉਸ ਨੂੰ ਟੋਲ੍ਹਦਾ ਕਹਿੰਦਾ ਫਿਰੇ, "ਮੈਂ ਇਸ ਸਾਲੇ ਹਰਾਮਜ਼ਾਦੇ ਨੂੰ ਮਾਰ ਦੇਣਾ। ਆਪਣੇ ਬਾਹਰ ਜਾਣ ਲਈ ਸਾਲਾ ਮੇਰੀ ਕੁੜੀ ਦਾ ਸੌਦਾ ਕਰਦਾ ਫਿਰਦਾ।"

ਪੰਜ ਕੁ ਦਿਨ ਜਦੋਂ ਅਵਤਾਰ ਘਰ ਨਾ ਆਇਆ ਤਾਂ ਸ਼ੈਂਕਰੀ ਨੇ ਮੁੰਡੇ ਦਾ ਪਿੱਟ ਸਿਆਪਾ ਪਾ ਲਿਆ। ਲੱਗ ਪਈ ਆਪਣੇ ਖ਼ਸਮ ਦੇ ਜਣਦਿਆਂ ਨੂੰ ਪਿੱਟਣ। ਸ਼ਮਸ਼ੇਰ ਸਿੰਘ ਨੂੰ ਵੀ ਮੁੰਡੇ ਦਾ ਫਿਕਰ ਹੋ ਗਿਆ। ਜਦੋਂ ਸ਼ਮਸ਼ੇਰ ਸਿੰਘ ਵੀ ਮੁੰਡੇ ਦਾ ਫਿਕਰ ਕਰਨ ਲੱਗ ਪਿਆ ਤਾਂ ਸ਼ੈਂਕਰੀ ਨੇ ਕਿਸੇ ਨੂੰ ਭੇਜ ਕੇ ਆਪਣੇ ਭਰਾ ਸ਼ੰਕਰ ਸਿੰਘ ਨੂੰ ਸੱਦ ਲਿਆ। ਸ਼ੰਕਰ ਸਿੰਘ ਵੀ, ਸ਼ਮਸ਼ੇਰ ਸਿੰਘ ਦੀ ਪਲਟਨ ਵਿਚ ਸੂਬੇਦਾਰ ਮੇਜਰ ਹੁੰਦਾ ਸੀ। ਆਪਣੇ ਭਣੋਈਏ ਦੀ ਰਗ ਰਗ ਦਾ ਵਾਕਿਫ਼ ਸੀ। ਅਵਤਾਰ ਦੀ ਸਹੀ ਸਲਾਮਤੀ ਦੱਸ ਕੇ ਉਸਨੇ ਸ਼ਮਸ਼ੇਰ ਸਿੰਘ ਨੂੰ ਸਮਝਾਇਆ, "ਦੇਖ ਭਾਈਆ, ਅਸੀਂ ਹੁੰਦੇ ਆਂ ਸਿੱਖ ਤੇ ਸਿੱਖਾਂ ਨੂੰ ਜਾਤ ਪਾਤ ਦਾ ਕੋਈ ਫਰਕ

ਨਈਂ ਹੁੰਦਾ। ਲੈ ਤੂੰ ਦੱਸ, ਫੌਜ ਵਿਚ ਕੀ ਤੂੰ ਮਜ਼ਬੀ ਜੀਤਾ ਸੂੰਹ ਲਾਂਗਰੀ ਦੇ ਹੱਥਾਂ ਦਾ ਬਣਿਆਂ ਲੰਗਰ ਨਈਂ ਸੀ ਛਕਦਾ ਹੁੰਦਾ? ਤੇ ਉਹ ਹਰਦਿੱਤ ਸੂੰਹ ਆਧਰਮੀ ਦੇ ਮੱਗ ਵਿਚ ਰੱਮ ਪੀਂਦਾ ਨਈਂ ਸੀ ਹੁੰਦਾ?"

"ਉਹ ਫ਼ੌਜ ਦੀ ਗੱਲ ਸੀ। ਇਹ ਵਿਆਹ ਦੀ ਗੱਲ ਆ। ਬਹੁਤ ਫ਼ਰਕ ਆ।"

"ਤੂੰ ਸਮਝਦਾ ਨਈਂ, ਜੇ ਕੁੜੀ ਦਾ ਵਿਆਹ ਕਰ ਕੇ ਬਾਹਰ ਚਲਾ ਜਾਏਂਗਾ ਤਾਂ ਇੱਥੇ ਠੀਮਾਂ ਨਾਲ ਚਿਤੜ ਘਸਾਉਣ ਨਾਲੋਂ ਤਾਂ ਚੰਗਾ।" ਉਹ ਰੁਕ ਕੇ ਬੋਲਿਆ, "ਦੱਸ ਆਹ ਚੌਂਹ ਖੇਤਾਂ ਦੇ ਹਾਲ਼ੇ ਤੇ ਸੂਬੇਦਾਰੀ ਦੀ ਪੈਨਸ਼ਨ ਨਾਲ ਤੇਰਾ ਕੀ ਬਣਦਾ?"

ਸ਼ਮਸ਼ੇਰ ਸਿੰਘ ਚੁੱਪ ਰਿਹਾ। ਸ਼ੰਕਰ ਸਿੰਘ ਨੇ ਉਸਨੂੰ ਚੁੱਪ ਦੇਖਕੇ ਮਿਹਣੇ ਨਾਲ ਸੁਝਾਅ ਦਿੰਦੇ ਕਿਹਾ, "ਇੱਥੇ ਕੁੜੀ ਦੀ ਕਮਾਈ ਖਾਂਦਾਂ ਉੱਥੇ ਆਪਣਾ ਕਮਾ ਕੇ ਖਾਏਂਗਾ।"

ਪਰ ਕਿੱਥੇ, ਸ਼ਮਸ਼ੇਰ ਸਿੰਘ ਦੇ ਸਿਰ 'ਤੇ ਜੂੰ ਨਾ ਰੀਂਗੀ। ਸ਼ੰਕਰ ਸਿੰਘ ਦੇ ਇਹ ਸਮਝਾਉਣ 'ਤੇ ਵੀ ਕਿ ਜੱਟਾਂ ਤੇ ਰਾਜਪੂਤਾਂ ਦਾ ਮੁੱਢ ਇੱਕੋ ਆ, ਫਿਰ ਵੀ ਉਹ ਆਪਣੀ ਜ਼ਿੱਦ 'ਤੇ ਅੜਿਆ, ਗੁਰੂ ਗੋਬਿੰਦ ਸਿੰਘ ਤੇ ਪਹਾੜੀ ਰਾਜਪੂਤਾਂ ਦੀ ਉਦਾਹਰਨ ਦੇ ਕੇ, ਜੱਟ-ਸਿੱਖ ਤੇ ਸਨਾਤਨੀ ਰਾਜਪੂਤਾਂ ਦਾ ਰੇੜਕਾ ਪਾ ਕੇ ਬੈਠਾ ਰਿਹਾ।

ਲੌਂਢੇ ਵੇਲੇ ਸ਼ੰਕਰ ਸਿੰਘ ਆਪਣੇ ਪਿੰਡ ਪਰਤਣ ਦੀ ਤਿਆਰੀ ਵਿਚ ਬੈਠਾ ਸੀ ਕਿ ਐਨ ਉਸੇ ਵੇਲੇ ਕੈਨੇਡਾ ਤੋਂ ਸੁੱਖੀ ਦੀ ਚਿੱਠੀ ਆ ਗਈ ਜਿਸ ਵਿਚ ਉਸ ਨੇ ਸਾਫ਼ ਸਾਫ ਲਿਖਿਆ ਸੀ, "ਮਾਮਾ ਜੀ, ਜੇ ਤਰਲੋਚਨ ਦਾ ਵਿਆਹ ਦਾਰੀ ਨਾਲ ਨਾ ਹੋਇਆ ਤਾਂ ਮੈਂ ਤੁਹਾਡੀ ਕੈਨੇਡਾ ਮੰਗਵਾਉਣ ਵਿਚ ਕੋਈ ਮਦਦ ਨਹੀਂ ਕਰ ਸਕਾਂਗੀ। ਕਿਉਂਕਿ ਤੁਹਾਨੂੰ ਕੈਨੇਡਾ ਮੰਗਵਾਉਣ ਦਾ ਇੱਕੋ ਇਕ ਰਾਹ, ਤਰਲੋਚਨ ਦਾ ਵਿਆਹ ਦਾਰੀ ਨਾਲ ਹੈ। ਇਹ ਸੌਦਾ ਕਿਨੇ ਵਿਚ ਹੋਇਆ ਹੈ ਇਹ ਮੈਂ ਤੁਹਾਨੂੰ ਆ ਕੇ ਦੱਸਾਂਗੀ। ਅਵਤਾਰ ਨੇ ਜੋ ਕੁਝ ਕੀਤਾ ਮੇਰੇ ਕਹੇ 'ਤੇ ਕੀਤਾ।

ਕੈਨੇਡਾ ਆ ਕੇ ਤਰਲੋਚਨ ਕੀ ਕੀ ਕਰ ਸਕਦੀ ਆ, ਇਹ ਗੱਲਾਂ ਵੀ ਮੈਂ ਆ ਕੇ ਸਮਝਾਵਾਂਗੀ। ਤੁਸੀਂ ਛੇਤੀਂ ਤੋਂ ਛੇਤੀਂ ਵਿਆਹ ਦੀ ਤਰੀਕ ਪੱਕੀ ਕਰੋ, ਮੈਂ ਅਗਲੇ ਹਫ਼ਤੇ ਆ ਰਹੀ ਹਾਂ।"

ਦਾਰੀ ਨਾਲ ਤਰਲੋਚਨ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ। ਸੁੱਖੀ ਦੀ ਦੋਹੀਂ ਪਾਸੀਂ ਬੱਲੇ ਬੱਲੇ ਸੀ।

ਕੁਝ ਸਮੇਂ ਬਾਅਦ ਜਦੋਂ ਤਰਲੋਚਨ, ਦਾਰੀ ਵਲੋਂ ਭੇਜੀ ਵਿਆਹੁਤਾ ਦੀ ਰਾਹਦਾਰੀ 'ਤੇ ਕੈਨੇਡਾ ਪਹੁੰਚੀ ਤਾਂ ਉਸ ਨੂੰ ਪਤਾ ਲੱਗਿਆ ਕਿ ਉਹ ਆਪ ਆਪਣੀ ਬੇਸਮੈਂਟ ਦੇ ਇਕ ਕਮਰੇ ਵਿਚ ਰਹਿੰਦਾ। ਬਾਕੀ ਸਾਰਾ ਘਰ ਕਰਾਏ 'ਤੇ ਦਿੱਤਾ ਹੋਇਆ। 'ਸਿਲਵਰ ਟਰੀ ਸਾਅ ਮਿੱਲ 'ਚ ਗਰੇਡਰ ਦਾ ਕੰਮ ਕਰਦਾ ਤੇ ਆਪ 'ਸਿਲਵਰ ਟਰੀ' ਨੂੰ 'ਸਿਲਵੱਟਰੀ' ਕਹਿੰਦਾ। ਕੰਮ 'ਤੇ ਜਾਣ ਲਈ ਦੱਸ

ਬਾਰਾਂ ਸਾਲ ਪੁਰਾਣੀ, ਖੜ ਖੜ ਕਰਦੀ ਜੰਗਾਲ ਖਾਧੀ ਬਾਈ ਫੁੱਟ ਲੰਬੀ ਲਿੰਕਨ ਕਾਰ ਹੈ ਜਿਸ ਨੂੰ ਉਹ ਬਾਈ ਹੱਥ ਦੱਸਦਾ ਸੀ।

ਪਹਿਲਾਂ ਪਹਿਲਾਂ ਤਾਂ ਤਰਲੋਚਨ ਬਹੁਤ ਦੁਖੀ ਹੋਈ। ਰੋਈ। ਉਦਾਸ 'ਤੇ ਨਿਰਾਸ਼ ਹੋਈ। ਦਿਨ ਰਾਤ ਸੁੱਖੀ ਤੇ ਆਪਣੇ ਭਰਾ ਨੂੰ ਗਾਲ੍ਹਾਂ ਕੱਢਦੀ ਰਹੀ। ਉਨ੍ਹਾਂ ਦੇ ਜਣਦਿਆਂ ਦਾ ਦਾਦਾ ਹੱਗਦੀ। ਸਿਆਪਾ ਕਰਦੀ। ਫਿਰ, ਡੈਡੀ ਦੀ ਹਰ ਚਿੱਠੀ ਵਿਚ, "ਸਾਨੂੰ ਕਦੋਂ ਮੰਗਵਾਉਣਾ? ਲੋਕੀ ਧੜਾ ਧੜ ਆਈ ਜਾਂਦੇ ਆ। ਕਿਤੇ ਕੋਟਾ ਨਾ ਖ਼ਤਮ ਹੋ ਜਾਵੇ। ਸਾਨੂੰ ਨਈਂ ਤਾਂ ਆਪਣੇ ਭਰਾ ਨੂੰ ਮੰਗਵਾ ਲੈ।" ਲਿਖਿਆ ਪੜ੍ਹ ਕੇ ਬਹੁਤ ਦੁੱਖੀ ਹੁੰਦਾ।

ਗਰਭ ਠਹਿਰਨ 'ਤੇ ਜਦੋਂ ਸੁੱਖੀ ਨੇ ਇੱਥੇਂ ਦੀਆਂ ਸੂਤਕ ਦੀਆਂ ਸਹੂਲਤਾਂ ਦੇ ਨਾਲ ਨਾਲ ਮਾਪਿਆਂ ਤੇ ਭਰਾ ਨੂੰ ਮੰਗਵਾਉਣ ਲਈ ਕੰਮ ਕਰਨ ਬਾਰੇ ਦੱਸਿਆ ਤਾਂ ਉਹ ਸੁੱਖੀ ਦੀ ਸਹੇਲੀ ਦਿਲਜੀਤ ਹੁਰਾਂ ਦੇ ਫਾਰਮਾਂ 'ਤੇ ਕੰਮ ਕਰਨ ਲੱਗ ਪਈ ਜਿੱਥੇ ਉਸ ਦੀ ਇੰਗਲਿਸ਼, 'ਪਿੰਗਲਿਸ਼' ਬਣ ਗਈ ਤੇ ਉਹ ਵੀ ਕੈਮਲੂਪਸ ਨੂੰ 'ਕਾਮਲੂਪ', ਮੈਰਟ ਨੂੰ 'ਮੇਰੱਠ' ਤੇ ਮਿਸ਼ਨ ਨੂੰ 'ਮਿਛਣ' ਕਹਿਣ ਲੱਗ ਪਈ।"

11

ਤਰਲੋਚਨ ਦੇ ਵਿਆਹ ਤੋਂ ਬਾਅਦ ਜਦੋਂ ਸੁੱਖੀ ਕੈਨੇਡਾ ਨੂੰ ਵਾਪਸ ਆ ਰਹੀ ਸੀ ਤਾਂ ਜਹਾਜ਼ ਵਿਚ ਉਨ੍ਹਾਂ ਦੇ ਨਾਲ ਦੀ ਸੀਟ 'ਤੇ ਇਕ ਸਿੱਖ ਬੈਠਾ ਸੀ ਜਿਸ ਨੇ, ਗੋਠਵੀਂ ਉਨਾਭੀ ਪੱਗ ਬੱਧੀ ਹੋਈ ਸੀ ਤੇ ਫ਼ੌਜੀਆਂ ਵਾਂਗੂੰ ਜਾਲੀ ਪਾ ਕੇ ਬੜੇ ਹੀ ਸੁਚੱਜੇ ਢੰਗ ਨਾਲ ਦਾੜ੍ਹੀ ਚੜ੍ਹਾਈ ਹੋਈ ਸੀ। ਬੋਲ ਚਾਲ ਤੋਂ ਬੜਾ ਸ਼ਰੀਫ਼ ਤੇ ਸਾਊ ਬੰਦਾ ਲਗਦਾ ਸੀ। ਇਕ ਦੋ ਵਾਰ ਸੁੱਖੀ ਨੇ ਉਸਨੂੰ ਪਰਖਵੀਆਂ ਨਜ਼ਰਾਂ ਨਾਲ ਦੇਖਿਆ ਤਾਂ ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੀਆਂ ਕਪਰੀਆਂ ਅੱਖਾਂ ਸ਼ਰਾਰਤ ਭਰੀਆਂ ਹੋਣ। ਸੁੱਖੀ ਨੇ ਉਸ ਨਾਲ ਗੱਲ ਬਾਤ ਕਰਨ ਤੋਂ ਪਰਹੇਜ਼ ਤੇ ਅਚਨਚੇਤ ਬਾਂਹ ਕੁਹਣੀ ਲੱਗਣ ਤੋਂ ਬਚਣ ਲਈ ਸੰਨੀ ਨੂੰ ਵਿਚਕਾਰਲੀ ਸੀਟ 'ਤੇ ਬਠਾਲ ਦਿੱਤਾ। ਪਹਿਲਾਂ ਤਾਂ ਸੰਨੀ ਵੀ ਉਸ ਨਾਲ ਗੱਲਾਂ ਕਰਨ ਤੋਂ ਸੰਗਦਾ ਰਿਹਾ ਫਿਰ ਜਦੋਂ ਉਹ ਸੰਨੀ ਨਾਲ ਬੱਚਿਆਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਤਾਂ ਕੁਛ ਚਿਰ ਬਾਅਦ ਸੰਨੀ ਵੀ ਉਸ ਨਾਲ ਘੁਲ-ਮਿਲ ਗਿਆ। ਸੁੱਖੀ ਨੂੰ ਉਸ ਬੰਦੇ ਦੀ ਇਹ ਹਰਕਤ, ਅੰਗਰੇਜੀ ਦੀ ਕਹਾਉਤ, "ਮਾਂ ਨੂੰ ਜਿੱਤਣ ਲਈ ਮੁੰਡੇ ਨੂੰ ਚੁੰਮੋ" ਵਰਗੀ ਲੱਗੀ।

ਜਹਾਜ਼ ਵਿਚ ਅੱਗੇ ਪਿੱਛੇ ਜਾਂ ਹੋਰ ਕਿਤੇ ਕੋਈ ਵਾਕਫ਼ਕਾਰ ਨਾ ਹੋਣ ਕਾਰਨ, ਦਿੱਲੀ ਤੋਂ ਲੰਡਨ ਤਕ, ਅੱਠ ਘੰਟੇ ਦਾ ਉਕਤਾਊ ਸਫ਼ਰ ਸੀ। ਸਮਾਂ ਬਿਤਾਉਣ ਤੇ ਦਿਲ ਪਰਚਾਵੇ ਲਈ ਅੰਗਰੇਜ਼ੀ ਦੀ ਮਵੀ ਦੇਖਣ ਤੋਂ ਬਿਨਾਂ ਕੋਈ ਹੋਰ ਸਾਧਨ ਜਾਂ ਚਾਰਾ ਨਾ ਹੁਣ ਕਾਰਨ, ਸੁੱਖੀ ਵੀ ਉਸ ਨਾਲ ਗੱਲਾਂ ਕਰਨ ਲੱਗ ਪਈ। ਗੱਲਾਂ ਗੱਲਾਂ ਵਿਚ ਪਤਾ ਲੱਗਿਆ ਕਿ ਉਹ ਬਤੌਰ ਵਿਜ਼ਟਰ ਵੈਨਕੂਵਰ ਜਾ ਰਿਹਾ। ਉਸਦਾ ਟੀਚਾ ਵਾਪਸ ਆਉਣ ਦਾ ਨਹੀਂ। ਕਿਸੇ ਨਾ ਕਿਸੇ ਤਰੀਕੇ ਨਾਲ ਉੱਥੇ ਪੱਕੇ ਤੌਰ 'ਤੇ ਰਹਿ ਜਾਣਾ ਹੈ ਤੇ ਲੁਕ ਛਿੱਪ ਕੇ ਚਾਰ ਪੈਸੇ ਕਮਾਉਣਾ ਹੈ ਜਿੰਨਾ ਚਿਰ ਉਹ ਫ਼ੀ ਨਹੀਂ ਹੋ ਜਾਂਦਾ। ਸੁੱਖੀ ਨੇ ਉਸਦੇ ਇਸ ਮਨਸੂਬੇ ਵਿਚ ਕੋਈ ਦਿਲਚਸਪੀ ਨਾ ਲਈ ਸ਼ਾਇਦ ਉਸਨੇ ਘਰ ਵਿਚ ਰੱਖੇ ਪਹਿਲੇ ਖਾੜਕੂਆਂ ਦੇ ਤਜਰਬੇ ਤੋਂ ਕਾਫੀ ਸਬਕ ਸਿੱਖ ਲਿਆ ਸੀ।

ਵੈਨਕੂਵਰ ਪਹੁੰਚਣ ਤੋਂ ਮਹੀਨੇ ਕੁ ਬਾਅਦ ਇਕ ਦਿਨ ਸੁੱਖੀ, ਸ਼ਰਨੀ ਦੀ ਨਣਾਨ ਨੰਜੋ ਦੀ ਸੱਸ ਵਲੋਂ ਕਰਵਾਏ ਅਖੰਡ ਪਾਠ 'ਤੇ ਵੈਨਕੂਵਰ ਦੇ ਗੁਰਦੁਆਰੇ ਗਈ। ਨਾਲ ਸ਼ਰਨੀ ਵੀ ਸੀ।

ਕੀਰਤਨ ਸਮਾਪਤ ਹੋਇਆ ਤਾਂ ਸਟੇਜ ਸੈਕਟਰੀ ਨੇ ਫਤਹੇ ਬੁਲਾਈ ਤੇ ਐਲਾਨ ਕੀਤਾ, "ਗੁਰੂ ਪਿਆਰੀ ਸਾਧ ਸੰਗਤ ਜੀ, ਹੁਣ ਸਾਡੇ ਕੋਲ ਪੰਜਾਬ

ਤੋਂ ਆਏ ਪ੍ਰਸਿੱਧ ਕਥਾਵਾਚਕ ਤੇ ਪ੍ਰਚਾਰਕ, ਭਾਈ ਅਗਨਿ ਸਿੰਘ ਜੀ 'ਚਿੰਣਗ' ਅੱਜ ਤੁਹਾਨੂੰ ਕੇਸਾਂ ਦੀ ਮਹੱਤਤਾ ਬਾਰੇ ਚਾਨਣ ਪਾਉਣਗੇ।"

ਸਟੇਜ ਸੈਕਟਰੀ ਦੀ ਘੋਸ਼ਨਾ ਤੋਂ ਬਾਅਦ ਇਕ ਅੰਮ੍ਰਿਤ ਧਾਰੀ, ਨਹੰਗ ਸਿੰਘਾਂ ਵਾਂਗੂੰ ਗੋਲ ਜਿਹੀ ਪੱਗ ਬੱਧੀ ਤੇ ਪ੍ਰਕਾਸ਼ਿਉ ਦਾੜ੍ਹੇ ਵਾਲਾ ਸਿੱਖ ਚਿੱਟਾ ਰੇਸ਼ਮੀ ਬਾਣਾ ਪਾਈ ਸਟੇਜ 'ਤੇ ਆ ਬੈਠਾ। ਗਰੰਥ ਸਾਹਿਬ ਵਿੱਚੋਂ ਇਕ ਸ਼ਲੋਕ ਰਹਾ ਵਿਚ ਪੜ੍ਹਿਆ ਤੇ ਫ਼ਤਹੇ ਬੁਲਾਈ। ਸੁੱਖੀ ਨੂੰ ਉਸਦੀ ਆਵਾਜ਼ ਜਾਣੀ-ਪਛਾਣੀ ਲੱਗੀ। ਉਸਨੇ ਪ੍ਰਚਾਰਕ ਵੱਲ ਗਹੁ ਨਾਲ ਦੇਖਿਆ ਤੇ ਸ਼ਰਨੀ ਦੀ ਬਾਂਹ ਨੂੰ ਹੱਥ ਲਾ ਕੇ ਬੋਲੀ, "ਨੀ ਇਹ ਤਾਂ ਉਹੀ ਜਹਾਜ਼ ਵਾਲਾ ਭਾਈ ਆ!"

"ਕਿਹੜਾ?"

"ਜਿਹੜਾ ਕਹਿੰਦਾ ਸੀ ਮੈਂ ਲੁੱਕ ਛਿੱਪ ਕੇ ਕੰਮ ਕਰਨਾ ਤੇ ਕਿਸੇ ਨਾ ਕਿਸੇ ਤਰੀਕੇ ਫ਼ੀ ਹੋਣਾ।"

"ਇਹ ਤਾਂ ਇੱਥੇ ਪਿਛਲੇ ਕਈਆਂ ਹਫ਼ਤਿਆਂ ਦਾ ਪ੍ਰਚਾਰ ਕਰਦਾ।" ਨੰਜੋ ਬੋਲੀ, "ਤੇ ਥੱਲੇ ਰਾਗੀਆਂ ਨਾਲ ਸੌਂਦਾ ਰਹਿੰਦਾ।

"ਅੱਛਾ।" ਸੁੱਖੀ ਬੋਲੀ, "ਆਹ ਦੇਖ ਤਾਂ ਸਣੀ, ਇਹਨੇ ਕੀ ਰੂਪ ਬਣਾਇਆ! ਉੱਦਨ ਤਾਂ ਬੜੀ ਗੋਠਵੀਂ ਪੱਗ 'ਤੇ ਦਾੜ੍ਹੀ ਝੜਾ ਕੇ ਬੰਨ੍ਹੀ ਹੋਈ ਸੀ।"

"ਇਹ ਤਾਂ ਕਦੀ ਕੇਸਰੀ, ਕਦੀ ਨੀਲਾ ਤੇ ਕਦੀ ਚਿੱਟਾ ਬਾਣਾ ਪਾ ਕੇ ਆਉਂਦਾ।" ਨੰਜੋ ਬੋਲੀ, "ਮੱਥਾ ਟੇਕਣ ਆਉਂਦਾ ਗਲ਼ 'ਚ ਪਾਏ ਸਾਫੇ ਨੂੰ ਦੋਹਾਂ ਹੱਥਾਂ ਨਾਲ ਦੋਸ਼ੀਆਂ ਵਾਂਗੂੰ ਫੜ ਕੇ ਤੁਰਦਾ। ਅੱਖਾਂ ਬੰਦ ਕਰ ਕੇ ਦੋਏਂ ਹੱਥ ਜੋੜ ਕਿੰਨਾ ਕਿੰਨਾ ਚਿਰ ਗਰੰਥ ਸਾਹਿਬ ਮੁਹਰੇ ਖੜ੍ਹਾ ਰਹਿੰਦਾ।"

"ਅੱਛਾ!"

"ਲੈ ਹੋਰ ਕੀ!" ਨੰਜੋ ਬੋਲੀ, "ਮੱਥਾ ਟੇਕਦਾ ਨੱਕ ਨਾਲ ਸੱਤ ਸੱਤ ਲਕੀਰਾਂ ਕੱਢਦਾ। ਕੀਰਤਨ ਤੋਂ ਬਾਅਦ ਅੰਮ੍ਰਿਤ ਛਕਣ ਦਾ ਪਰਚਾਰ ਕਰਦਾ ਤੇ ਅੰਮ੍ਰਿਤ ਛੱਕਣ ਲਈ ਲੋਕਾਂ ਨੂੰ ਤਰੀਕੇ ਤਰੀਕੇ ਨਾਲ ਪਰੇਰਦਾ।"

ਹਾਲੇ ਨੰਜੋ ਨੇ ਐਨਾ ਹੀ ਕਿਹਾ ਸੀ ਕਿ ਨਾਲ ਬੈਠੀ ਇਕ ਸਿਆਣੀ ਬੋਲੀ, "ਨਾ ਮੰਨਿਆਂ ਅੱਜ ਤੁਹਾਡਾ ਖੰਡ ਪਾਠ ਆ, ਰਤਾ ਚੁੱਪ ਤਾਂ ਕਰੋ, ਦੋ ਬੋਲ ਸੁਣ ਲੈਣ ਦਿਉ।" ਤਾਂ ਉਹ ਚੁੱਪ ਕਰ ਕੇ ਧਿਆਨ ਨਾਲ ਉਸਦਾ ਪਰਚਾਰ ਸੁਣਨ ਲੱਗ ਪਈਆਂ।

"ਸਾਧ ਸੰਗਤ ਜੀ" ਚਿਣਗ ਜੀ ਬੋਲ ਰਹੇ ਸਨ, "ਮੇਰੀ ਇਕ ਗੱਲ ਚੇਤੇ ਰੱਖਿਉ, ਜਿਹੜੇ ਬੰਦੇ ਵਾਲ ਕਟਵਾਉਂਦੇ ਹਨ ਉਹ ਆਪਣੀਆਂ ਭੈਣਾਂ ਨਾਲ ਸੌਂਦੇ ਹਨ।"

"ਨਾ ਜਿਨ੍ਹਾਂ ਵਾਲ ਰੱਖਿਉ ਆ ਉਹ ਕਿਹਨਾਂ ਨਾਲ ਸੌਂਦੇ ਆ?" ਸੁੱਖੀ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ।

"ਇਹਦੀ ਭੈਣ ਨਾਲ।" ਸ਼ਰਨੀ ਮਾੜਾ ਜਿਹਾ ਹੱਸੀ ਤਾਂ ਬਗਲ ਵਿਚ

ਬੈਠੀਆਂ ਉਨ੍ਹਾਂ ਨੂੰ ਮਨ੍ਹਾਂ ਕਰਨ ਵਾਲੀਆਂ ਜਨਾਨੀਆਂ ਸ਼ਰਨੀ ਦੇ ਮੂੰਹੋਂ, "ਇਹਦੀ ਭੈਣ ਨਾਲ" ਸੁਣ ਕੇ ਖਿੜ-ਖੜਾ ਕੇ ਹੱਸ ਪਈਆਂ।

ਮਹੀਨੇ ਕੁ ਬਾਅਦ ਇਕ ਦਿਨ ਸੁੱਖੀ ਨੂੰ ਨੰਜੋ ਦਾ ਫੋਨ ਆਇਆ ਸ਼ਾਇਦ ਸਫਾਈ ਦੇ ਕੰਮ ਵਿਚ ਕੁਝ ਮਦਦ ਲੈਣੀ ਸੀ। ਐਧਰ ਔਧਰ ਦੀਆਂ ਗੱਲਾਂ ਵਿਚ ਚਿਣਗ ਦੀ ਗੱਲ ਛਿੜ ਪਈ ਤਾਂ ਨੰਜੋ ਬੋਲੀ, "ਸੁਣਿਆ ਚਿਣਗ ਦੇ ਭੈੜੇ ਪਰਚਾਰ 'ਤੇ ਲੋਕਾਂ ਦੇ ਇਤਰਾਜ਼ ਤੇ ਵਿਰੋਧ ਕਾਰਨ ਪ੍ਰਬੰਧਕਾਂ ਨੇ ਉਸਦਾ ਬੋਲਣੋ ਬੰਦ ਕਰ ਦਿੱਤਾ।"

"ਤਾਂ ਤੇ ਫਿਰ ਉਸਦਾ ਗੁਰਦੁਆਰੇ ਵਿਚ ਭੇਸ ਬਦਲ ਕੇ ਰਹਿਣ ਦਾ ਮਨਸੂਬਾ ਫ਼ੇਲ੍ਹ ਹੋ ਗਿਆ।" ਸੁੱਖੀ ਬੋਲੀ।

"ਇਹੀਓ ਨਈ, ਹੋਰ ਵੀ ਕੁਛ ਹੋਇਆ।"

"ਉਹ ਕੀ?"

"ਲੰਗਰ 'ਚ ਉਹ ਜਿਹੜੀ ਵਿਧਵਾ ਬੁੜ੍ਹਿਆਂ ਲਈ ਚਾਹ ਬਣਾਉਂਦੀ ਹੁੰਦੀ ਆ ਨਾ।"

"ਆਹੋ।"

"ਉਹਦੇ ਦੇਰਾਂ ਨੇ ਉਹਨੂੰ ਕੁੱਟਿਆ।"

"ਕਿਸ ਗੱਲੋਂ?"

"ਸੁਣਿਆਂ ਜਦੋਂ ਗੁਰਦੁਆਰੇ ਵਾਲਿਆਂ ਉਹਦਾ ਬੋਲਣਾ ਬੰਦ ਕਰ ਦਿੱਤਾ ਤਾਂ ਉਸਨੇ ਉਸ ਵਿਧਵਾ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਉਹ ਤਾਂ ਵਿਚਾਰੀ ਉਸਨੂੰ ਬਾਕੀਆਂ ਵਾਂਗ ਸਰਸਰੀ ਸੱਤ ਸਿਰੀ ਅਕਾਲ ਬੁਲਾਉਂਦੀ ਸੀ। ਪਰ ਉਸਨੇ ਇਦ੍ਹਾ ਕੁਝ ਹੋਰੇ ਮਤਲਬ ਕੱਢ ਲਿਆ। ਇਕ ਦਿਨ ਮੀਂਹ ਪੈਂਦੇ 'ਚ ਉਦ੍ਹੇ ਘਰ ਜਾ ਵੜਿਆ। ਕਹਿੰਦਾ, "ਮੇਰੇ ਨਾਲ ਵਿਆਹ ਕਰਵਾ ਲੈ। ਮੈਂ ਤੈਨੂੰ ਫ੍ਰੀ ਹੋ ਕੇ ਪੈਸੇ ਦਿਉਂਗਾ।"

"ਤੂੰ ਕੋਈ ਗੋਰੀ ਦੇਖ ਭਾਈ।" ਵਿਧਵਾ ਨੇ ਜਵਾਬ ਦਿੱਤਾ, "ਤੇਰੀ ਮੇਰੀ ਦਾਲ ਨੀ ਗਲਣੀ। ਮੇਰੇ ਦੇਰ ਬੜੇ ਡਾਢੇ ਆ।"

"ਇਸ ਤੋਂ ਪਹਿਲਾਂ ਕਿ ਗੱਲ ਕਿਤੇ ਹੋਧਰੋਂ ਦੇਰਾਂ ਤਕ ਆਉਂਦੀ, ਉਸਨੇ ਆਪ ਹੀ ਦੇਰਾਂ ਨੂੰ ਦੱਸ ਦਿੱਤਾ। ਅਗਲੇ ਦਿਨ ਦੇਰਾਂ ਨੇ ਗੁਰਦੁਆਰੇ ਦੇ ਬਾਹਰ ਢਾਹ ਕੇ ਉਹਦੀ ਖੂਬ ਮਰੱਮਤ ਕੀਤੀ।"

"ਮੈਂ ਤਾਂ ਉਹਨੂੰ ਕੱਲ੍ਹ ਦੇਖਿਆ, ਪਰਡਿਉਸ ਸਿਟੀ 'ਤੇ, ਗੋਰੀ ਨਾਲ ਗਰੌਸਰੀ ਲੈਂਦਾ।" ਸੁੱਖੀ ਬੋਲੀ, "ਬਾਣੇ ਦੀ ਥਾਂ ਸੂਟ ਪਾਇਆ ਸੀ। ਦਾੜ੍ਹੀ ਰੰਗ ਕੇ ਫਿਕਸੋ ਨਾਲ ਗੱਲ੍ਹਾਂ ਨੂੰ ਚੰਬੇੜੀਉ ਸੀ।"

"ਤਾਂ ਫੇ ਹੁਣ ਗੋਰੀ ਫਸਾ ਲਈ ਹੋਣੀ ਆਂ ਫ੍ਰੀ ਹੋਣ ਲਈ।" ਨੰਜੋ ਬੋਲੀ।

ਤਰਲੋਚਨ ਦੇ ਵਿਆਹ ਤੋਂ ਬਾਅਦ ਜਦੋਂ ਸੁੱਖੀ, ਕੈਨੇਡਾ ਨੂੰ ਆਉਣ ਲੱਗੀ ਸੀ ਤਾਂ ਉਸ ਨੇ ਆਪਣੇ ਮਾਮੇ ਨੂੰ ਕਿਹਾ, "ਮਾਮਾ ਜੀ, ਤਰਲੋਚਨ ਦੇ ਸਹੁਰਿਆਂ ਵਾਲੇ ਗਹਿਣੇ ਮੈਂ ਲੈ ਜਾਂਦੀ ਆਂ। ਹੋ ਸਕਦਾ ਜਦੋਂ ਤਰਲੋਚਨ ਕੈਨੇਡਾ

ਆਵੇ ਤਾਂ ਇੰਮੀਗ੍ਰੇਸ਼ਨ ਵਾਲੇ ਐਨੇ ਗਹਿਣੇ ਦੇਖ ਕੇ ਲੰਘਣ ਨਾ ਦੇਣ ਤੇ ਡਿਉਟੀ ਲਾ ਦੇਣ।" ਉਹ ਰੁਕ ਕੇ ਬੋਲੀ, "ਜ਼ਬਤ ਵੀ ਕਰ ਸਕਦੇ ਆ।"

ਮਾਮੇ ਮਾਮੀ ਨੇ ਜਦੋਂ ਜ਼ਬਤ ਹੋਣ ਦੀ ਗੱਲ ਸੁਣੀ ਤਾਂ ਉਨ੍ਹਾਂ ਨੇ ਸੁੱਖੀ ਵਲ ਹੈਰਾਨੀ ਨਾਲ ਦੇਖਿਆ ਤਾਂ ਸੁੱਖੀ ਬੋਲੀ, "ਮੈਂ ਆਪਣੇ ਗਹਿਣੇ ਦੱਸ ਕੇ ਲੰਘਾ ਸਕਦੀ ਆਂ। ਮੇਰੇ ਕੋਲ ਮੇਰੇ ਗਹਿਣਿਆਂ ਦੀਆਂ ਰਸੀਦਾਂ।" ਸੁੱਖੀ ਨੇ ਆਪਣੇ ਪਾਸਪੋਰਟ ਨਾਲ ਇੰਮੀਗ੍ਰੇਸ਼ਨ ਦੀ ਤਸਦੀਕ ਕੀਤੀ ਗਹਿਣਿਆਂ ਦੀ ਰਸੀਦ ਦਿਖਾਲੀ।

ਮਾਮੇ ਮਾਮੀ ਨੂੰ ਕੀ ਸੀ, ਸਹੁਰਿਆਂ ਦੇ ਗਹਿਣੇ ਸੀ ਦੇ ਦਿੱਤੇ।

ਕੈਨੇਡਾ ਆ ਕੇ ਸੁੱਖੀ ਨੇ ਆਪਣੇ ਹੀ ਕਿਸੇ ਏਜੰਟ ਕੋਲੋਂ ਘਰ ਦਾ ਬੀਮਾ ਕਰਵਾ ਕੇ ਘਰ 'ਚ ਰੱਖੀ ਕੁਝ ਨਕਦੀ ਤੇ ਗਹਿਣੇ ਵੀ ਲਿਖਵਾ ਦਿੱਤੇ। ਬੇਸਮੈਂਟ ਦੋਂ ਕੁ ਡਰੱਗੀਆਂ ਨੂੰ ਕਰਾਏ 'ਤੇ ਦੇ ਦਿੱਤੀ। ਉਨ੍ਹਾਂ ਕੋਲ ਦੇਹ ਵਪਾਰ ਵਾਲੀਆਂ ਕੁੜੀਆਂ ਆਉਣ ਜਾਣ ਲੱਗ ਪਈਆਂ ਤੇ ਉਨ੍ਹਾਂ ਨਾਲ ਉਨ੍ਹਾਂ ਦੇ ਜੌਨ੍ਹ (ਗਾਹਕ) ਵੀ। ਇਸ ਤਰ੍ਹਾਂ ਦਿਨ ਰਾਤ ਲੋਕਾਂ ਦੇ ਆਉਣ ਜਾਣ ਦਾ ਤਾਂਤਾ ਲੱਗਿਆ ਰਹਿੰਦਾ। ਰਾਤ ਨੂੰ ਉੱਚੀ ਉੱਚੀ ਗਾਣੇ ਲਾਈ ਰੱਖਦੇ। ਖੌਰੂ ਪਾਉਂਦੇ। ਨਾ ਆਪ ਸੌਂਦੇ ਨਾ ਸੁੱਖੇ ਹੁਣਾਂ ਨੂੰ ਸੌਣ ਦਿੰਦੇ। ਇਕ ਦੋ ਵਾਰ ਸੁੱਖੇ ਨੇ ਉਨ੍ਹਾਂ ਨੂੰ ਜ਼ਬਾਨੀ ਜ਼ਬਾਨੀ ਕਿਹਾ ਵੀ ਪਰ ਉਹ ਨਾ ਹਟੇ ਤਾਂ ਉਸਨੇ ਉਨ੍ਹਾਂ ਨੂੰ ਲਿਖ਼ਤੀ ਨੋਟਿਸ ਦੇ ਦਿੱਤਾ।

ਜਿਸ ਵੀਕ ਐਂਡ ਕਰਾਏਦਾਰਾਂ ਨੇ ਬੇਸਮੈਂਟ ਖਾਲੀ ਕਰਨੀ ਸੀ, ਉਸੇ ਵੀਕ ਐਂਡ ਸੁੱਖੇ ਹੁਣੀ ਨਿਆਣਿਆਂ ਸਮੇਤ ਪਵਨੀ ਦੀ ਕੁੜੀ ਦੇ ਜਨਮ ਦਿਨ ਦੀ ਪਾਰਟੀ 'ਤੇ ਐਬਟਸਫੋਰਡ ਜਾਣਾ ਸੀ। ਸੁੱਖਾ ਨਹੀਂ ਸੀ ਚਾਹੰਦਾ ਕਿ ਜਦੋਂ ਕਰਾਏਦਾਰ ਜਾਣ ਤਾਂ ਘਰ ਕੋਈ ਨਾ ਹੋਵੇ ਪਰ ਨਿਆਣੇ ਸਨ ਕਿ ਪਹਿਲਾਂ ਜਾਣਾ ਦੀ ਜ਼ਿੱਦ ਫੜੀ ਬੈਠੇ ਸਨ। ਬੇਗੇ ਤੇ ਨਿੰਦਰ ਨੇ ਵੀ ਜਾਣਾ ਸੀ ਪਰ ਬੇਗੇ ਨੇ ਉਵਰਟਾਈਮ ਕਰਨਾ ਕਰਕੇ ਲੇਟ ਜਾਣਾ ਸੀ। ਇਸ ਤਰ੍ਹਾਂ ਉਨ੍ਹਾਂ ਦੋਹਾਂ ਵਿੱਚੋਂ ਇਕ ਜਣਾ ਕਰਾਏਦਾਰਾਂ ਨੂੰ ਤੋਰ ਕੇ ਬੇਗੇ ਹੁਣਾ ਨਾਲ ਲੇਟ ਜਾ ਸਕਦਾ ਸੀ। ਪਰ ਸੁੱਖਾ ਬੇਗੇ ਨਾਲ ਜਾਣ ਤੋਂ ਕਤਰਾਉਂਦਾ ਸੀ।

ਸੁੱਖੀ ਨੇ ਸੁੱਖੇ ਨੂੰ ਨਿਆਣੇ ਲੈ ਕੇ ਜਾਣ ਤੇ ਆਪ ਬੇਗੇ ਨਾਲ ਆਉਣ ਦਾ ਮਸ਼ਵਰਾ ਦਿੱਤਾ। ਸੁੱਖੇ ਨੂੰ ਸੁੱਖੀ ਤੇ ਬੇਗੇ ਦਾ ਸਾਥ ਨਹੀਂ ਸੀ ਭਾਉਂਦਾ ਇਸ ਲਈ ਪਹਿਲਾਂ ਤਾਂ ਉਹ ਨਾਹ ਨੁੱਕਰ ਕਰਦਾ ਰਿਹਾ ਫਿਰ, ਨਿਆਣਿਆਂ ਦੀ ਜ਼ਿੱਦ ਅੱਗੇ ਕੁਝ ਨਾ ਕਰ ਸਕਣ ਕਾਰਨ ਚਲਾ ਗਿਆ।

ਸਿਆਲਾਂ ਦੇ ਦਿਨ ਸਨ। ਸਰਦੀ ਵੀ ਆਪਣੇ ਜ਼ੋਰਾਂ 'ਤੇ ਸੀ। ਜਦੋਂ ਰਾਤ ਗਏ ਉਹ ਘਰ ਦੇਰ ਨਾਲ ਪਰਤੇ ਤਾਂ ਦੇਖਿਆ, ਘਰ ਦਾ ਸਾਰਾ ਫਰਨੀਚਰ ਉੱਪਰ ਥੱਲੇ ਕੀਤਾ ਹੋਇਆ ਸੀ। ਬੇਸਮੈਂਟ ਦੇ ਦਰਵਾਜ਼ੇ ਦਾ ਸ਼ੀਸ਼ਾ ਟੁੱਟਿਆ ਹੋਇਆ ਸੀ ਤੇ ਮਾਸਟਰ ਬੈਡਰੂਮ ਦਾ ਡਰੈਸਰ ਚੋਂ ਸਾਮਾਨ ਕੱਢ ਕੇ ਖਿਲਾਰਿਆ ਹੋਇਆ ਸੀ।

ਜਦੋਂ ਸੁੱਖੀ ਨੇ ਲਿਵਿੰਗ ਰੂਮ ਦਾ ਸਾਮਾਨ ਉੱਪਰ ਥੱਲੇ ਹੋਇਆ ਦੇਖਿਆ ਤਾਂ ਚੀਕ ਕੇ ਬੋਲੀ, "ਹਾਏ ਮੈਂ ਮਰ ਗਈ, ਤੋਚੀ ਦੇ ਗਹਿਣੇ?" ਤੇ ਭੱਜ ਕੇ ਬੈਡਰੂਮ ਨੂੰ ਗਈ। ਕਲੋਜ਼ਟ ਤੇ ਡਰੈਸਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਸੀ। ਬੈੱਡ ਦਾ ਗਦੇਲਾ ਵੀ ਉਲਟਾ ਕੇ ਕੰਧ ਨਾਲ ਖੜ੍ਹਾ ਕੀਤਾ ਹੋਇਆ ਸੀ।

"ਹਾਏ ਮੇਰੇ ਪੈਸੇ।" ਗਦੇਲੇ ਨੂੰ ਕੰਧ ਨਾਲ ਖੜ੍ਹਾ ਦੇਖ ਕੇ ਸੁੱਖੀ ਚਿਲਾਈ ਤੇ ਸਪਰਿੰਗ ਬੌਕਸ ਨੂੰ ਚੱਕ ਥੱਲ ਕੇ ਦੇਖਣ ਦੇ ਨਾਲ ਰੋਣ ਵੀ ਲੱਗ ਪਈ।

ਸੁੱਖੇ ਨੇ ਸੁੱਖੀ ਤੇ ਘਰ ਦੀ ਹਾਲਤ ਦੇਖ ਕੇ, 'ਨਾਈਨ ਵਨ ਵਨ' ਡਾਇਲ ਕਰ ਕੇ ਪੁਲੀਸ ਸੱਦ ਲਈ। ਰਿਪੋਰਟ ਦਰਜ ਕਰਵਾ ਕੇ ਫਾਈਲ ਨੰਬਰ ਲੈ ਲਿਆ ਤੇ ਬੀਮਾ ਕੰਪਨੀ ਤੋਂ ਅੱਧੇ ਲੱਖ ਡਾਲਰ ਦੇ ਨੁਕਸਾਨ ਦਾ ਮੁਤਾਲਬਾ ਕਰ ਲਿਆ। ਬੀਮਾ ਕੰਪਨੀ ਨੂੰ ਸ਼ੱਕ ਪੈ ਗਿਆ। ਕਿਉਂਕਿ ਟੁੱਟਿਉ ਸ਼ੀਸ਼ੇ ਦੀਆਂ ਕਿਰਚਾਂ ਅੰਦਰ ਦੀ ਬਜਾਏ ਬਾਹਰ ਖਿੱਲਰੀਆਂ ਹੋਈਆਂ ਸਨ ਤੇ ਬੇਸਮੈਂਟ 'ਚੋਂ ਕਰਾਏਦਾਰ ਜਾ ਚੁੱਕੇ ਸੀ।

ਉੱਪਰ ਵੀ ਉਨ੍ਹਾਂ ਦੀ ਕੋਈ ਭੰਨ ਤੋੜ ਨਹੀਂ ਸੀ ਹੋਈ ਸਵਾਏ ਕੱਪੜੇ ਲੀੜੇ ਖਿਲਾਰਨ ਤੋਂ। ਬੀਮਾ ਕੰਪਨੀ ਨੇ ਇਵਜ਼ਾਨਾ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਸੁੱਖੀ ਹੁਣਾ 'ਤੇ ਧੋਖਾਦਹੀ ਦਾ ਉਲਟਾ ਕੇਸ ਕੋਰਟ ਵਿਚ ਕਰ ਦਿੱਤਾ।

ਕੇਸ ਚੱਲਿਆ ਤਾਂ ਸੁੱਖੀ ਨੇ ਡਰੱਗੀਆਂ ਨੂੰ ਬਤੌਰ ਗਵਾਹ ਦੇ ਪੇਸ਼ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਜਦੋਂ ਉਹ ਗਏ ਸੀ, ਬੇਸਮੈਂਟ ਵਿਚ਼ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀਂ ਸੀ ਹੋਇਆ। ਗਹਿਣਿਆਂ ਦੀਆਂ ਨਕਲੀ ਰਸੀਦਾਂ ਦੇਸੋਂ ਬਣਵਾ ਕੇ ਅਦਾਲਤ ਵਿਚ ਪੇਸ਼ ਕਰ ਦਿੱਤੀਆਂ। ਬੀਮਾ ਕੰਪਨੀ ਦੇ ਵਕੀਲ ਨੇ ਉਨ੍ਹਾਂ ਦੀ ਅਸਲੀ ਸਾਬਤ ਕਰਨ ਲਈ ਗਵਾਹ ਮੰਗੇ ਤਾਂ ਸੁੱਖੀ ਨੇ ਅਦਾਲਤ ਕੋਲੋਂ ਦੇਸੋਂ ਤਿੰਨ ਗਵਾਹ ਮੰਗਵਾਉਣ ਦੀ ਆਗਿਆ ਮੰਗੀ ਜੋ ਉਸਨੂੰ ਮਿਲ ਗਈ।

ਸੁੱਖੀ ਨੇ ਇਕ ਗਵਾਹ ਉਹ ਬੰਦਾ ਮੰਗਵਾਇਆ ਜਿਸ ਨੇ ਉਹ ਜਾਲ੍ਹੀ ਰਸੀਦਾਂ ਬਣਾਈਆਂ ਸੀ।

ਦੂਜੇ ਗਵਾਹ ਵਜੋਂ ਉਸ ਨੇ ਆਪਣੇ ਘਰਾਂ ਵਿੱਚੋਂ ਚਾਚੇ ਦੀ ਕੁੜੀ ਇੰਦਰਜੀਤ ਇਹ ਦੱਸ ਕੇ ਮੰਗਵਾਈ ਕਿ ਗਹਿਣੇ ਲੈਣ ਵੇਲੇ ਇਹ ਕੁੜੀ ਮੇਰੇ ਨਾਲ ਸੀ। ਇਸ ਕੁੜੀ ਨੇ ਗਹਿਣੇ ਪਸੰਦ ਕੀਤੇ ਸੀ ਤੇ ਇਹ ਪਹਿਲੇ ਗਵਾਹ ਨੂੰ ਵੀ ਪਛਾਣਦੀ ਹੈ।

ਤੀਜਾ ਗਵਾਹ ਆਪਣੇ ਸਹੁਰਿਆਂ ਦਾ ਸਰਪੰਚ ਮੰਗਵਾ ਲਿਆ। ਜੋ ਸੁੱਖੇ ਹੁਣਾ ਦੇ ਟੱਬਰ ਚੋਂ ਸੀ ਤੇ ਬੇਗੇ ਹੁਣਾ ਨੂੰ ਕੈਨੇਡਾ ਦੀ ਸੈਰ ਲਈ ਲਿਖਦਾ ਰਹਿੰਦਾ ਸੀ। ਸਰਪੰਚ ਨੇ ਇਹ ਸਾਬਤ ਕੀਤਾ ਕਿ ਉਹ ਉਸ ਦਿਨ ਜਿਸ ਦਿਨ ਇਹ ਗਹਿਣੇ ਲੈਣ ਗਈ ਸੀ, ਉਹ ਉਸਦੇ ਨਾਲ ਸ਼ਹਿਰ ਗਿਆ ਸੀ। ਬੈਂਕ 'ਚੋਂ ਪੈਸੇ ਕਢਵਾਉਣ ਲਈ ਉਸ ਨੇ ਗਵਾਹ ਦੇ ਤੌਰ ਦੇ ਦਸਤਖ਼ਤ ਕੀਤੇ ਸੀ।

ਅਦਾਲਤ ਨੇ ਗਵਾਹਾਂ ਦੇ ਬਿਆਨਾਂ ਦੀ ਬਨਾ 'ਤੇ ਫੈਸਲਾ ਸੁੱਖੀ ਦੇ

ਹੱਕ ਵਿਚ ਕਰ ਦਿੱਤਾ। ਉਸ ਨੂੰ ਇਕ ਮੋਟੀ ਸਾਰੀ ਰਕਮ ਮਿਲੀ ਜਿਸ ਵਿਚ, ਗਹਿਣਿਆਂ ਦਾ ਮੁੱਲ, ਹੱਤਕਹਾਨੀ ਦਾ ਮੁਆਵਜ਼ਾ, ਗਵਾਹਾਂ ਦਾ ਕਰਾਇਆ, ਰਹਿਣ ਦਾ ਖਰਚ ਤੋਂ ਇਲਾਵਾ ਜੇਬ ਖਰਚ ਵੀ ਸ਼ਾਮਲ ਸੀ। ਸੁੱਖੀ ਨੇ ਇਸ ਰਕਮ ਨਾਲ ਘਰ ਦੀ ਮੌਰਟਗੇਜ ਤਾਰ ਕੇ ਘਰ ਫ਼ਰੀ ਕਰਵਾ ਲਿਆ ਤੇ ਇਕ ਪੁਰਾਣਾ ਜਿਹਾ ਘਰ ਮੁੱਲ ਲੈ ਕੇ ਕਰਾਏ 'ਤੇ ਪਾਇਆ ਤਾਂ ਅਗਨਿ ਸਿੰਘ ਚਿਣਗ ਉਸਦਾ ਕਰਾਏਦਾਰ ਬਣ ਗਿਆ। ਹੁਣ ਉਸ ਨਾਲ ਗੋਰੀ ਦੀ ਥਾਂ, ਉਸਦੀ ਪਤਨੀ ਤੇ ਤਿੰਨ ਬੱਚੇ ਸਨ ਜੋ ਨਵੇਂ ਨਵੇਂ ਦੇਸੋਂ ਆਏ ਸਨ।

ਪਰ, ਹਕੀਕਤ ਇਹ ਸੀ ਕਿ ਜਦੋਂ ਬੇਸਮੈਂਟ ਦੇ ਕਰਾਏਦਾਰ ਜਾ ਰਹੇ ਸੀ, ਉਨ੍ਹਾਂ ਕੋਲੋਂ, ਸੋਫ਼ਾ ਵੱਜ ਕੇ ਬੇਸਮੈਂਟ ਦੇ ਦਰਵਾਜੇ ਦਾ ਸ਼ੀਸ਼ਾ ਟੁੱਟ ਗਿਆ। ਸੁੱਖੀ ਨੇ ਉਨ੍ਹਾਂ ਦਾ ਸਾਰਾ ਡੈਮਿਜ ਡਿਪੌਜ਼ਿਟ ਇਸ ਸ਼ਰਤ 'ਤੇ ਵਾਪਸ ਕਰ ਦਿੱਤਾ ਤੇ ਲਿਖਵਾ ਕੇ ਲੈ ਲਿਆ ਕਿ ਜਦੋਂ ਉਹ ਬੇਸਮੈਂਟ ਖਾਲੀ ਕਰ ਰਹੇ ਸੀ ਉਨ੍ਹਾਂ ਕੋਲੋਂ ਕਿਸੇ ਕਿਸਮ ਦਾ ਕੋਈ ਨੁਕਸਾਨ ਨਹੀ ਸੀ ਹੋਇਆ ਤੇ ਜ਼ਬਾਨੀ ਇਹ ਵੀ ਤਹਿ ਕਰ ਲਿਆ ਸੀ ਕਿ ਜੇ ਇਨਸ਼ੋਰੈਂਸ ਵਾਲੇ ਪੁੱਛਣ, "ਕੀ ਸ਼ੀਸ਼ਾ ਤੁਹਾਤੋਂ ਟੁੱਟਿਆ?" ਤਾਂ ਸਾਫ਼ ਮੁਕਰ ਜਾਣ। ਜੇ ਫਿਰ ਅਦਾਲਤ ਵਿਚ ਗਵਾਹ ਵਜੋਂ ਪੇਸ਼ ਹੋਣ 'ਤੇ ਉਹ ਉਨ੍ਹਾਂ ਨੂੰ ਹੋਰ ਪੈਸੇ ਵੀ ਦੇਵੇਗੀ।

"ਅੰਨ੍ਹੇ ਨੂੰ ਕੀ ਚਾਹੀਦਾ? ਦੋ ਅੱਖਾਂ।" ਦੀ ਕਹਾਵਤ ਵਾਂਗ, "ਡਰੱਗੀਆਂ ਨੂੰ ਕੀ ਚਾਹੀਦਾ? ਪੈਸੇ।" ਉਨ੍ਹਾਂ ਪੈਸੇ ਲਏ ਤੇ ਹੋਰ ਪੈਸੇ ਮਿਲਣ ਦੀ ਆਸ 'ਤੇ ਆਪਣਾ ਨਵਾਂ ਫੋਨ 'ਤੇ ਸਰਨਾਵਾਂ ਦੇ ਕੇ ਤੁਰਦੇ ਬਣੇ।

ਗਹਿਣੇ, ਜੋ ਫ੍ਰੀਜ਼ਰ ਵਿਚ 'ਫ੍ਰੀਜ਼' ਕੀਤੇ ਹੋਏ ਸਨ ਤਰਲੋਚਨ ਦੇ ਆਉਣ 'ਤੇ ਸੁੱਖੀ ਨੇ ਡੀਫ੍ਰੀਜ਼ ਕਰ ਕੇ ਦੇ ਦਿੱਤੇ।

ਅਦਾਲਤ ਨੇ ਇਨ੍ਹਾਂ ਗਵਾਹਾਂ ਨੂੰ ਕੈਨੇਡਾ ਵਿਚ ਰਹਿਣ ਲਈ ਸਿਰਫ਼ ਤਿੰਨ ਮਹੀਨੇ ਦਾ ਵੀਜ਼ਾ ਦਿੱਤਾ ਸੀ। ਰਸੀਦਾਂ ਬਣਵਾ ਕੇ ਦੇਣ ਵਾਲਾ ਤਾਂ ਮਿਆਦੋਂ ਪਹਿਲਾਂ ਹੀ 'ਖਾਲਸਾ ਭੰਬੀਰੀ' ਹੋ ਗਿਆ।

ਸੁੱਖੀ ਨੇ ਸਰਪੰਚ ਨੂੰ ਦੋ ਕੁ ਮਹੀਨੇ ਖੂਬ ਸੈਰ ਕਰਵਾਈ। ਰੱਜ ਰੱਜ ਕੇ ਅੰਗਰੇਜ਼ੀ ਸ਼ਰਾਬ ਪਲਾਈ ਤੇ ਫਿਰ ਕੁਝ ਪੈਸੇ ਦੇ ਕੇ ਵਾਪਸ ਭੇਜ ਦਿੱਤਾ।

ਜਦੋਂ ਹਾਲੇ ਮੁਕੱਦਮਾ ਚੱਲਦਾ ਹੀ ਸੀ ਤਾਂ ਇੰਦਰਜੀਤ ਨੇ ਆਪਣੇ ਨਾਨਕੇ ਪਿੰਡ ਦਾ ਇਕ ਛੜਾ ਛਟਾਂਕ ਬਜ਼ੁਰਗ ਲੱਭ ਲਿਆ ਜੋ ਕੈਮਲੂਪ ਦੇ ਨੇੜੇ, ਕੈਸ਼ਕਰੀਕ ਵੱਲ, ਕਿਸੇ ਡੱਚ ਫਾਰਮਰ ਦੀ ਰੈਂਚ 'ਤੇ ਪਸ਼ੂਆਂ ਦੀ ਦੇਖ ਭਾਲ ਦਾ ਕੰਮ ਕਰਦਾ ਸੀ। ਉਹ ਕਾਫ਼ੀ ਚਿਰ ਦਾ ਆਇਆ ਹੋਇਆ ਸੀ ਤੇ ਆਪਣੇ ਲੋਕਾਂ ਨਾਲ ਘੱਟ ਵੱਧ ਹੀ ਮਿਲਦਾ ਵਰਤਦਾ ਸੀ। ਉਹ ਜ਼ਿਆਦਾ-ਤਰ 'ਫ੍ਰਸਟ ਨੇਸ਼ਨ' ਲੋਕਾਂ ਨਾਲ ਹੀ ਰਹਿੰਦਾ। ਸੁਣਨ 'ਚ ਤਾਂ ਆਇਆ ਕਿ ਉਸ ਨੇ ਕਿਸੇ 'ਲਿੱਲੋਐਟ ਨੇਸ਼ਨ ਦੀ ਤੀਵੀਂ ਨਾਲ ਵਿਆਹ ਵੀ ਕਰਵਾਇਆ ਸੀ ਪਰ ਉਹ ਉਸ ਨੂੰ ਛੱਡ ਕੇ ਕਿਤੇ ਹੋਰ ਚਲੇ ਗਈ ਸੀ। ਉਹ ਬਜ਼ੁਰਗ ਉਮਰ ਵਿਚ ਉਸਦੇ ਨਾਨੇ ਦਾ ਹਾਣੀ ਸੀ। ਇੰਦਰਜੀਤ ਲੁਕਣ ਲਈ ਉਸ ਕੋਲ ਚਲੇ ਗਈ। ਦੋ ਤਿੰਨ

ਮਹੀਨੇ ਉਸ ਕੋਲ ਰਹੀ ਤਾਂ ਉਸ ਨਾਲ ਸਰੀਰਕ ਸੰਬੰਧ ਬਣਾ ਲਏ ਤੇ ਉਸਦੀ 'ਕੌਮਨ ਲਾਅ ਵਾਈਫ਼' ਬਣ ਕੇ ਰਹਿਣ ਲੱਗ ਪਈ। ਫਿਰ ਝੂਠਾ ਮੂਠਾ ਗਰਭ ਦੱਸ ਕੇ ਉਸ ਨੂੰ ਵਿਆਹ ਲਈ ਮਨਾ ਲਿਆ। ਕੋਰਟ ਮੈਰਿਜ ਕਰਵਾ ਕੇ ਇੰਮੀਗ੍ਰੇਸ਼ਨ ਲਈ ਅਪਲਾਈ ਕਰ ਦਿੱਤਾ। ਫਿਰ ਗਰਭ ਕਾਰਨ ਢਿੱਲੀ ਰਹਿਣ ਦਾ ਬਹਾਨਾ ਬਣਾ ਕੇ, ਇੱਥੇ ਵੈਨਕੂਵਰ ਕਿਸੇ ਡਾਕਟਰ ਨੂੰ ਦੇਖਣ ਲਈ ਆ ਗਈ। ਵਾਪਸ ਗਈ ਤਾਂ ਜਾ ਕੇ ਬਜ਼ੁਰਗ ਨੂੰ ਕਹਿੰਦੀ, "ਮੈਂ ਡਾਕਟਰ ਦੀ ਸਲਾਹ 'ਤੇ ਗਰਭ ਪਾਤ ਕਰਵਾ'ਤਾ। ਉਹ ਕਹਿੰਦਾ ਸੀ ਕਿ ਮੇਰੀ ਸਿਹਤ ਠੀਕ ਨਾ ਰਹਿਣ ਕਾਰਨ ਇਹ ਗਰਭ ਸਿਰੇ ਨਈ ਚੜ੍ਹਨਾ। ਪੰਜਵੇਂ ਜਾਂ ਛੇਵੇਂ ਮਹੀਨੇ ਮਿਸ ਕੈਰਿਜ ਹੋ ਜਾਣਾ। ਮੈਂ ਗਰਭ ਪਾਤ ਤੋਂ ਪਹਿਲਾਂ ਲਿੰਗ ਟੈਸਟ ਵੀ ਕਰਵਾਇਆ ਸੀ। ਕੁੜੀ ਸੀ।" ਉਹ ਰੁਕ ਕੇ ਬੋਲੀ, "ਤੂੰ ਐਸ ਉਮਰ ਕੁੜੀ ਤਾਂ ਨਈਂ ਸੀ ਨਾ ਚਾਹੁੰਦਾ ?"

"ਬਜ਼ੁਰਗ ਕੁਝ ਸਿੱਧਾ ਸਾਦਾ ਸੀ। ਉਸ ਦੀਆਂ ਗੱਲਾਂ 'ਚ ਆ ਗਿਆ। ਨਾਂਹ ਵਿਚ ਸਿਰ ਹਲਾਇਆ ਤੇ ਜੋ ਕੁਛ ਇੰਦਰਜੀਤ ਨੇ ਦੱਸਿਆ ਉਸਨੂੰ ਸੱਚ ਮੰਨ ਲਿਆ।

ਅਸਲ ਵਿਚ ਇੰਦਰਜੀਤ ਆਪਣੇ ਫੈਮਲੀ ਡਾਕਟਰ ਨਾਲ ਫਸੀ ਹੋਈ ਸੀ। ਡਾਕਟਰ ਆਪਣਾ ਸੀ। ਹਮ-ਉਮਰ ਸੀ ਪਰ ਸੀ ਪੂਰਾ ਹਰਾਮੀ। ਉਸ 'ਤੇ, ਬਰੈਸਟ ਕੈਂਸਰ ਲੱਭਣ ਦੇ ਬਹਾਨੇ ਜਨਾਨੀਆਂ ਦੀਆਂ ਛਾਤੀਆਂ ਟੋਹਣ, ਤੇ ਪੈਪ ਟੈਸਟ ਦੇ ਪੱਜ, ਗੁਪਤ ਅੰਗ ਫਰੋਲਣ ਤੇ ਇਕ ਦੋ ਨਾਲ ਸੈਕ'ਸ ਕਰਨ ਦਾ ਕੇਸ ਵੀ ਚੱਲਿਆ। ਰੋਜ਼ਾਨਾ ਪੇਪਰਾਂ 'ਚ ਫੋਟੋ ਨਾਲ ਖ਼ਬਰਾਂ ਵੀ ਛਪੀਆਂ। ਪਰ ਉਹ, ਇੰਦਰਜੀਤ ਦੀ ਗਵਾਹੀ 'ਤੇ ਬਚ ਗਿਆ। ਉਸਨੇ ਡਾਕਟਰੀ ਇਨਕੁਆਇਰੀ ਕਮਿਸ਼ਨ ਨੂੰ ਦੱਸਿਆ ਕਿ ਜਦੋਂ ਡਾਕਟਰ ਟੈਸਟ ਕਰਦਾ ਹੁੰਦਾ ਸੀ ਮੈਂ ਉੱਥੇ ਹੁੰਦੀ ਸੀ। ਮੈਂ ਇਸ ਨੂੰ ਕਦੀ ਕਿਸੇ ਨਾਲ ਗੰਦੀ ਮੰਦੀ ਪੁੱਠੀ ਸਿੱਧੀ ਹਰਕਤ ਕਰਦੇ ਨਹੀਂ ਦੇਖਿਆ।"

ਇਨਕੁਆਇਰੀ ਤੋਂ ਪਹਿਲਾਂ ਉਹ ਡਾਕਟਰ ਦੇ ਆਰਜ਼ੀ ਕੰਮ ਕਰਦੀ ਸੀ। ਗਵਾਹੀ ਤੋਂ ਬਾਅਦ ਉਹ ਪੱਕੀ ਹੋ ਗਈ।

ਪੱਕੀ ਹੋ ਕੇ ਉਹ ਰਹਿੰਦੀ ਤਾਂ ਬਜ਼ੁਰਗ ਕੋਲ ਪਰ ਸੌਂਦੀ ਕਰਦੀ ਡਾਕਟਰ ਨਾਲ। ਜਦੋਂ ਇੰਮੀਗ੍ਰੇਸ਼ਨ ਮਿਲੀ ਤਾਂ ਉਸ ਨੇ ਬਜ਼ੁਰਗ ਕੋਲੋਂ ਇਸ ਬਨਾ 'ਤੇ ਤਲਾਕ ਲੈ ਲਿਆ ਕਿ ਉਹ ਬੱਚੇ ਚਾਹੁੰਦੀ ਹੈ ਤੇ ਬੁੜ੍ਹੇ ਕੋਲੋਂ ਕੁਛ ਹੁੰਦਾ ਸਰਦਾ ਨਈਂ। ਜੁਦੀ ਹੋਈ ਤਾਂ ਆਪਣੀ ਅਪਾਰਟਮੈਂਟ ਲੈ ਕੇ ਰਹਿਣ ਲੱਗ ਪਈ ਤੇ ਕੰਮ ਡਾਕਟਰ ਦੇ ਕਰਦੀ ਰਹੀ। ਹੁਣ ਡਾਕਟਰ ਉਸਦੀ ਅਪਾਰਟਮੈਂਟ ਵਿਚ ਖੁੱਲ੍ਹਮ-ਖੁੱਲ੍ਹਾ ਆਉਣ ਜਾਣ ਲੱਗ ਪਿਆ। ਜਦੋਂ ਡਾਕਟਰ ਖੁੱਲ੍ਹਮ-ਖੁੱਲ੍ਹਾ ਆਉਣ ਲੱਗ ਪਿਆ ਤਾਂ ਆਪੇ ਜਾ ਕੇ ਡਾਕਟਰ ਦੀ ਤੀਵੀਂ ਨੂੰ ਦੱਸ ਦਿੱਤਾ ਕਿ ਉਸਦਾ ਪਤੀ ਉਸ ਨਾਲ ਰਹਿੰਦਾ। ਡਾਕਟਰ ਦੇ ਘਰ 'ਚ ਭੜਥੂ ਪੈ ਗਿਆ। ਤਲਾਕ ਤਕ ਨੌਬਤ ਆ ਗਈ ਤਾਂ ਡਾਕਟਰ ਨੇ ਉਸ ਨੂੰ ਇਕ ਮੋਟੀ ਰਕਮ ਦੇ ਕੇ ਉਸ ਤੋਂ

ਪਿੱਛਾ ਛੁੜਵਾ ਲਿਆ। ਜਿਸ ਦੀ ਉਸ ਨੇ ਡਾਉਨਪੇਮੈਂਟ ਦੇ ਕੇ ਵੈਨਕੂਵਰ ਵਿਚ ਸੁੱਖੀ ਦੇ ਕਹਿਣ ਤੇ ਘਰ ਲੈ ਲਿਆ। ਪਰ ਡਾਕਟਰ ਦੀ ਤੀਵੀਂ ਫਿਰ ਵੀ ਉਸ ਨੂੰ ਛੱਡ ਕੇ ਚਲੇ ਗਈ।

ਇੰਦਰਜੀਤ ਨੇ ਸੁੱਖੀ ਦੇ ਕਹਿਣੇ 'ਤੇ ਆਪਣੇ ਮਾਮੇ ਦੇ ਮੁੰਡੇ ਨੂੰ ਸਪੌਂਸਰ ਕਰ ਲਿਆ ਤੇ ਨਾਨਕਿਆਂ ਤੋਂ ਮੋਟੀ ਸਾਰੀ ਰਕਮ ਝਾੜ ਲਈ। ਮਾਮੇ ਦੇ ਮੁੰਡੇ ਨੂੰ ਮੰਗਵਾ ਕੇ ਤਲਾਕ ਦੇ ਦਿੱਤਾ ਤੇ ਆਪ ਦੇਸ਼ ਚਲੇ ਗਈ। ਉੱਥੇ ਜਾ ਕੇ ਆਪਣੀ ਭੈਣ ਦੇ ਦਿਓਰ ਨੂੰ ਫਸਾ ਲਿਆ। ਉਸ ਨੂੰ ਲੈ ਆਈ। ਭੈਣ ਦੇ ਦਿਓਰ ਨੇ ਅੱਗੇ ਕਿਸੇ ਹੋਰ ਨਾਲ ਸੀਟੀ ਲਾਈ ਹੋਈ ਸੀ। ਉਹ ਇਹਨੂੰ ਛੱਡ ਕੇ ਟਰਾਂਟੋ ਵੱਲ ਭੱਜ ਗਿਆ।

ਇੰਦਰਜੀਤ ਫਿਰ ਇੰਡੀਆ ਗਈ। ਕਿਸੇ ਕੋਲੋਂ ਲੱਖਾਂ ਦੇ ਹਿਸਾਬ ਨਾਲ ਪੈਸੇ ਲੈ ਕੇ ਵਿਆਹ ਕਰ ਲਿਆ। ਉਸ ਨੂੰ ਮੰਗਵਾ ਲਿਆ। ਉਹ ਬੰਦਾ ਪੂਰਾ ਚਾਰ ਸੋ ਵੀਹ ਸੀ। ਨਾ ਕੰਮ ਕਰਦਾ ਨਾ ਕਾਰ। ਸਾਰਾ ਦਿਨ ਸੋਫਾ ਤੋੜਦਾ ਤੇ ਰਾਤ ਨੂੰ ਉਸਦੇ ਹੱਡ ਭੰਨਦਾ। ਉਸਦੀ ਆਮਦਨ 'ਤੇ ਬੈਠਾ ਪੂਰੀ ਐਸ਼ ਕਰਦਾ। ਉਸ ਨੇ ਇੰਦਰਜੀਤ ਨਾਲ ਚਲਾਕੀ ਖੇਡੀ। ਬੈਂਕ ਤੋਂ ਮਕਾਨ 'ਤੇ ਲੋਨ ਲੈ ਕੇ ਜਿੰਨੇ ਪੈਸੇ ਉਸਨੇ ਉਹਨੂੰ ਆਉਣ ਲਈ ਦਿੱਤੇ ਸੀ, ਉਸ ਤੋਂ ਦੁਗਣੇ ਇੰਡੀਆ ਭੇਜ ਦਿੱਤੇ।

ਜਦੋਂ ਇੰਦਰਜੀਤ ਨੂੰ ਲੋਨ ਦੀਆਂ ਕਿਸ਼ਤਾਂ ਨਾ ਦੇਣ 'ਤੇ ਬੈਂਕ ਦੀ, 'ਫਰੋਕਲੋਜ਼ਰ' ਦੀ ਚਿੱਠੀ ਆਈ ਤਾਂ ਉਹ ਪਿੱਟ ਉੱਠੀ। ਉਸ ਨੂੰ ਨਖੱਟੂ, ਨਕੱਮਾਂ 'ਤੇ ਨਪੈਥਰ ਦੱਸ ਕੇ ਤਲਾਕ ਲੈ ਲਿਆ। ਫਿਰ ਕਿਸੇ ਹੋਰ ਨੂੰ ਦੇਸੋਂ ਵਿਆਹ ਕੇ ਲੈ ਆਈ। ਹੁਣ ਉਸਦੇ ਮੁੰਡਾ ਹੋਇਆ, ਜਿਸ ਦੇ ਕਈ ਅੰਗ ਪੂਰੇ ਨਹੀਂ। ਡਾਕਟਰਾਂ ਦੇ ਦੱਸਣ ਮੁਤਾਬਕ, ਇਹ ਉਸਦੇ ਪਤੀ ਦੇ ਡਰੱਗ ਲੈਣ ਕਾਰਨ ਹਨ। ਜਿਸ ਦਾ ਉਸ ਨੂੰ ਪਤਾ ਨਹੀਂ ਸੀ। ਹੁਣ ਮੁੰਡੇ ਨੂੰ ਜੀਂਦਾ ਰੱਖਣ ਲਈ ਬੜੇ ਕੀਮਤੀ ਕੀਮਤੀ ਟੀਕੇ ਲਗਦੇ ਹਨ।

ਇੰਦਰਜੀਤ ਐਨੇ ਵਿਆਹ ਕਰਵਾ ਕੇ ਵੀ ਕਿਉਂ ਨਾ ਰੱਜੀ? ਪਤਾ ਨਹੀਂ! ਹੋ ਸਕਦਾ, ਜਾਂ ਤਾਂ ਉਸਦੇ ਪੈਰ ਨਾ ਲੱਗੇ ਜਾਂ ਫਿਰ ਸੁੱਖੀ ਰਾਹੀ ਭੇਜੇ ਪੈਸਿਆਂ ਨਾਲ ਮਾਪਿਆਂ ਦਾ ਢਿੱਡ ਨਾ ਭਰਿਆ ਤੇ ਉਸਦੀ ਆਪਣੀ ਕਾਮ ਦੀ ਅੱਗ ਨਾ ਬੁੱਝੀ।

☆☆☆

ਸੁੱਖਾ ਜਦੋਂ, ਕਾਂਡ ਦੀਆਂ ਉਕਤ ਆਖ਼ਰੀ ਸਤਰਾਂ ਪੜ੍ਹ ਰਿਹਾ ਸੀ ਤਾਂ ਉਸ ਨੂੰ ਫੋਨ ਦੀ ਘੰਟੀ ਵਜਦੀ ਸੁਣਾਈ ਦਿੱਤੀ। ਉਸ ਨੇ ਧਿਆਨ ਲਾ ਕੇ ਸੁਣਿਆਂ, ਟੈਲੀਫ਼ੋਨ ਵੱਜ ਰਹਾ ਸੀ। ਉਸਨੇ ਸਫਾ ਮਾਰਕਰ ਰੱਖ ਕੇ ਕਿਤਾਬ ਬੰਦ ਕੀਤੀ ਤੇ ਹੱਥਾਂ ਵਿਚ ਫੜ ਕੇ ਕੰਧ 'ਤੇ ਲੱਗੀ ਘੜੀ ਵੱਲ ਦੇਖਿਆ, ਬਾਰਾਂ ਵੱਜ ਕੇ ਕੁਸ਼ ਮਿੰਟ ਹੋ ਰਹੇ ਸਨ। ਉਸਨੂੰ ਪਤਾ ਸੀ ਕਿ ਇਹ ਕਿਸਦਾ ਫ਼ੋਨ ਹੈ। ਉਸਨੇ ਮੇਜ਼ 'ਤੇ ਕਿਤਾਬ ਰੱਖੀ, ਵੀਲ੍ਹ ਚੇਅਰ ਰੋੜ੍ਹ ਕੇ ਬੈਡ ਕੋਲ ਗਿਆ, ਸਾਈਡ ਟੇਬਲ

'ਤੇ ਪਿਆ ਕੌਰਡ ਲਿੱਸ ਫੋਨ ਚੁੱਕਿਆ ਤੇ ਕੰਨ ਨੂੰ ਲਾ ਕੇ ਬੋਲਿਆ, "ਹੈਲੋ"

"ਕੀ ਗੱਲ ਆ, ਫ਼ੋਨ ਨੀ ਚੁਕਦੇ?"

"ਚੁੱਕਿਆ ਤਾਂ ਹੈਗਾ।"

"ਨਾ ਐਨੀਆਂ ਰਿੰਗਾਂ ਹੋਈਆਂ।"

"ਮੈਂ ਵਾਸ਼ਰੂਮ ਗਿਆ ਸੀ।" ਸੁੱਖੀ ਨੇ ਪੱਜ ਪਾਇਆ।

"ਰੋਟੀ ਖਾ ਲਈ?"

"ਨਈ, ਖਾਣ ਲਈ ਹੱਥ ਧੋ ਕੇ ਆਇਆਂ।" ਉਹ ਰੁਕ ਕੇ ਬੋਲਿਆ, "ਖਿਆਲ ਨਾਲ ਆਈਂ, ਕਹਿੰਦੇ ਆ ਅੱਜ ਸਨੋ ਸਟੌਰਮ ਆਉਣਾ।"

"ਉਹ ਤਾਂ ਕੱਲ੍ਹ ਦੇ ਕਹੀ ਜਾਂਦੇ ਆ, ਹਾਲੇ ਤਕ ਤਾਂ ਆਇਆ ਨਈਂ।"

"ਨਾ ਆਵੇ ਤਾਂ ਚੰਗਾ।"

"ਨਾ ਜੇ ਆ ਗਿਆ ਤਾਂ ਕਿਹਨੇ ਰੋਕਣਾ।"

ਸੁੱਖੇ ਨੂੰ ਇੰਝ ਲੱਗਾ ਜਿਵੇਂ ਸੁੱਖੀ ਨੇ, "ਕਿਹਨੇ ਰੋਕਣਾ" ਦੀ ਬਜਾਏ "ਤਾਂ ਕਿਹੜਾ ਤੇਥੋਂ ਰੋਕ ਹੁਣਾ" ਕਿਹਾ ਹੋਵੇ। ਉਹ ਚੁੱਪ ਕਰ ਰਿਹਾ ਤਾਂ ਸੁੱਖੀ ਨੇ ਅੱਗੋਂ ਪੁੱਛਿਆ, "ਕੀ ਗੱਲ ਆ, ਕੁਛ ਬੋਲਦੇ ਨਈ? ਤਬੀਅਤ ਤਾਂ ਠੀਕ ਆ?"

"ਨਾ ਮੈਨੂੰ ਕੀ ਹੋਇਆ? ਟੱਲੀ ਵਰਗਾਂ।"

"ਹਾਅ ਬੋਲ ਤਾਂ ਮਸਾਂ ਨਿਕਲਦਾ।"

"ਨਾ ਹੋਰ ਗੱਜ ਕੇ ਤੇਰੇ ਕੰਨ ਪਾੜਾਂ?"

"ਚੰਗਾ ਮੇਰਾ ਟਾਈਮ ਹੋ ਗਿਆ। ਹੋਰਨਾਂ ਨੇ ਵੀ ਫੋਨ ਕਰਨਾ।" ਉਹ ਨਾਲੇ ਹੀ ਬੋਲੀ, "ਚੇਤੇ ਨਾਲ ਰੋਟੀ ਖਾ ਲਓ।"

ਹਾਲੇ ਸੁੱਖਾ 'ਚੰਗਾ' ਕਹਿਣ ਹੀ ਲੱਗਾ ਸੀ ਕਿ ਕੜਿੱਕ ਦੀ ਆਵਾਜ਼ ਆਈ ਤੇ ਫੋਨ ਬੰਦ ਹੋ ਗਿਆ।

ਸੁੱਖੇ ਨੇ ਫੋਨ ਨੂੰ ਕੰਨ ਨਾਲੋਂ ਹਟਾਇਆ, ਅੱਖਾਂ ਸਾਹਮਣੇ ਲਿਆਂਦਾ ਤੇ ਉਸ ਨੂੰ ਗਹੁ ਨਾਲ ਦੇਖਿਆ। ਇਕ ਛਿਣ ਉਸ ਵੱਲ ਦੇਖ ਕੇ ਇਕ ਪਾਸੇ ਨੂੰ ਸਿਰ ਮਾਰਿਆ ਤੇ ਫਿਰ ਫੋਨ ਬੰਦ ਕਰ ਕੇ ਕੌਫ਼ੀ ਟੇਬਲ 'ਤੇ ਰੱਖ ਦਿੱਤਾ। ਕੌਫ਼ੀ ਟੇਬਲ 'ਤੇ ਫੋਨ ਰੱਖਿਆ ਤਾਂ ਉਸਦੀ ਨਜ਼ਰ ਖਾਣੇ 'ਤੇ ਪਈ। ਉਸਨੇ ਟੈਲੀਵੀਜਨ ਥੱਲੇ ਪਈ ਵੀ.ਸੀ.ਆਰ. 'ਤੇ ਟਾਈਮ ਦੇਖਿਆ, ਸਾਢੇ ਬਾਰਾਂ ਵੱਜਣ ਵਾਲੇ ਸਨ। ਉਸਦਾ ਕੋਈ ਮਨ ਪਸੰਦ ਸੋਪ'ਆਪਰਾ ਆਉਣ ਵਾਲਾ ਸੀ। ਉਸਨੇ ਰਮੋਟ ਨਾਲ ਟੀ.ਵੀ. ਚਾਲੂ ਕੀਤਾ ਤੇ ਆਪ ਵਾਸ਼ਰੂਮ ਨੂੰ ਚਲਾ ਗਿਆ।

ਦੁਪਿਹਰ ਦਾ ਖਾਣਾ ਖਾਂਦੇ ਨੇ, ਇਕ ਘੰਟੇ ਦਾ ਸੋਪ'ਆਪਰਾ ਦੇਖਿਆ ਜਿਸ ਦਾ ਅੰਤ, ਕਿਸੇ ਰਹੱਸਮਈ ਟੈਲੀਫੋਨ ਕਾਲ ਨਾਲ ਹੋਇਆ ਤਾਂ ਉਸ ਦਾ ਧਿਆਨ, ਸਵੇਰੇ ਆਈ ਕਾਲ ਵੱਲ ਚਲਾ ਗਿਆ। ਉਹ ਕੁਝ ਪਰੇਸ਼ਾਨ ਜਿਹਾ ਹੋਇਆ ਵੀਲ੍ਹ ਚੇਅਰ 'ਚ ਬੈਠਾ ਬਾਹਰ ਨੂੰ ਦੇਖਣ ਲੱਗ ਪਿਆ। ਬਾਹਰ ਮੌਸਮ ਸਵੇਰ ਨਾਲੋਂ ਵੀ ਵੱਧ ਗੰਭੀਰ ਹੋ ਗਿਆ ਸੀ। ਗੂੜ੍ਹਾ ਭੂਸਲਾ ਰੰਗ ਹਰ ਪਾਸੇ

ਫੈਲਿਆ ਹੋਇਆ ਸੀ। ਤੇਜ਼ ਹਵਾ ਚੱਲ ਰਹੀ ਸੀ। ਘਰ ਸਾਹਮਣਲੇ ਸਿੰਬਲ ਦੇ ਦਰਖ਼ਤ ਦੀਆਂ ਲਾਖੀਆਂ ਨਪੱਤੀਆਂ ਟਹਿਣਾਂ, ਹਵਾ ਨਾਲ ਇੰਝ ਝੁਲ ਰਹੀਆਂ ਸਨ ਜਿਵੇਂ ਦੱਖਣੀ ਭਾਰਤ ਦੇ ਕਿਸ ਮੰਦਰ ਦੇ ਵਿਹੜੇ ਵਿਚ ਨੰਗੀਆਂ ਦੇਵ ਦਾਸੀਆਂ ਨੱਚ ਰਹੀਆਂ ਹੋਣ। ਉਹ ਉਨ੍ਹਾਂ ਝੂਮਦੀਆਂ ਨੰਗੀਆਂ ਟਹਿਣਾਂ ਨੂੰ ਦੇਖ ਰਿਹਾ ਸੀ ਤਾਂ ਉਸ਼ ਦੀ ਨਜ਼ਰ, ਦਰਖ਼ਤ ਦੀ ਟੀਸੀ 'ਤੇ ਇਕ ਦੁਸਾਂਘੜ ਵਿਚ ਬਣੇ ਆਲ੍ਹਣੇ 'ਤੇ ਪਈ। "ਪਤਾ ਨਹੀਂ ਇਹ ਕਿਸ ਦਾ ਆਲ੍ਹਣਾ ਹੈ।" ਉਸਨੇ ਮਨ ਵਿਚ ਕਿਹਾ, "ਕਾਂ ਦਾ ਜਾਂ ਚਿੱਟੀ ਗੰਜੀ-ਇੱਲ੍ਹ ਦਾ?" "ਕੀ ਇਹ ਇਸ ਝੱਖੜ 'ਚ ਬਚ ਰਹੂ ਜਾਂ ਹਵਾ ਨਾਲ ਖਿੰਡ ਪੁੰਡ ਜਾਊ?" ਉਸਨੇ ਆਪਣੇ ਆਪ ਨੂੰ ਸਵਾਲ ਕੀਤਾ। "ਪਤਾ ਨਈਂ!" ਫਿਰ ਆਪੇ ਜਵਾਬ ਦੇ ਲਿਆ।

ਫਿਰ ਆਪੇ ਮਨ ਵਿਚ ਕਿਹਾ, "ਜੇ ਇਹ ਢੱਠ ਵੀ ਗਿਆ ਤਾਂ ਕੀ ਹਰਜ ਆ। ਪੰਛੀ ਤੇ ਬੋਟ ਤਾਂ ਕਦੋਂ ਦੇ ਉੱਡ ਗਏ ਨੇ।" "ਇਹ ਪੰਛੀ ਵੀ ਅਜੀਬ ਨੇ, ਆਲ੍ਹਣਾ ਪਾਉਂਦੇ ਆ, ਬੋਟਾਂ ਨੂੰ ਜਨਮਦੇ ਆ। ਪਾਲਦੇ ਆ। ਜਦੋਂ ਉਹ ਉਡਾਰੂ ਹੋ ਜਾਂਦੇ ਆ ਤਾਂ ਆਪ ਵੀ ਉਨ੍ਹਾਂ ਨਾਲ ਉੱਡ ਜਾਂਦੇ ਆ ਤੇ ਆਲ੍ਹਣਾ ਪਿੱਛੇ ਛੱਡ ਜਾਂਦੇ ਆ। ਹਨੇਰੀਆਂ ਤੇ ਝਖੜਾਂ ਦੇ ਢਾਉਣ ਲਈ!" ਕੀ ਇਹ ਇਨ੍ਹਾਂ ਦੀ ਪਰਵਿਰਤੀ ਆ ਜਾਂ ਜੀਣ ਦਾ ਢੰਗ?"

ਜਦੋਂ ਉਸਨੇ ਆਪਣੇ ਆਪ ਨੂੰ ਉਕਤ ਸਵਾਲ ਕੀਤਾ ਤਾਂ ਉਸਨੂੰ, ਆਪਣੇ ਸੁੰਨੇ ਘਰ ਦੀ ਦਸ਼ਾ ਦਾ ਖਿਆਲ ਆਇਆ।

ਘਰ ਦੇ ਖਿਆਲ ਨਾਲ ਉਹ ਆਲ੍ਹਣੇ ਨੂੰ ਉਨਾਂ ਚਿਰ ਦੇਖਦਾ ਰਿਹਾ ਜਿੰਨਾ ਚਿਰ ਤਾਕੀਆਂ ਤੇ ਦਰਵਾਜ਼ਿਆਂ ਦੀਆਂ ਝੀਥਾਂ ਥਾਣੀ ਲੰਘਦੀ ਹਵਾ ਨੇ, ਸੀਟੀਆਂ ਨਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਹਵਾ ਦੀਆਂ ਸੀਟੀਆਂ ਸੁਣ ਕੇ ਹੁਣ ਉਸ ਨੂੰ ਯਕੀਨ ਹੋ ਗਿਆ ਕਿ ਸਨੋ ਸਟੌਰਮ ਆਇਆ ਕਿ ਆਇਆ। ਆਲ੍ਹਣਾ ਪਤਾ ਨਹੀਂ ਬਚੂ ਕਿ ਨਾ ਬਚੂ।

ਹੁਣ ਉਸਦਾ ਧਿਆਨ ਸੁੱਖੀ ਵੱਲ ਗਿਆ ਤਾਂ ਉਸਨੂੰ ਖਿਆਲ ਆਇਆ ਕਿ ਉਸ ਕੋਲ ਤਾਂ ਸੈੱਲ ਫ਼ੋਨ ਵੀ ਨਹੀਂ। ਜੇ ਕੋਈ ਗੱਲ ਹੋ ਗਈ ਤਾਂ ਉਹ ਕੀ ਕਰੇਗੀ?"

ਸੈੱਲ ਫੋਨ ਦਾ ਸੋਚਦੇ ਹੀ ਉਹ, ਸੁੱਖੀ ਦਾ ਕੰਮ ਤੋਂ ਹਟ ਕੇ ਘਰ ਪਹੁੰਚਣ ਤਕ ਦੇ ਔਖੇ ਸਫ਼ਰ ਨੂੰ ਕਲਪਤ ਕਰਨ ਲੱਗ ਪਿਆ। ਕੰਮ ਤੋਂ ਹਾਈਵੇ ਤਕ ਸੜਕ ਦੀ ਢਲਾਨ। ਮੂੰਹ ਜ਼ੋਰ ਹਵਾ। ਗਰੀਸ ਵਰਗੀ ਤਿਲਕਣੀ ਸਨੋ ਤੇ ਤਿਲਕਦੀ ਕਾਰ। ਪੁਲ਼ ਦੀ ਚੜ੍ਹਾਈ ਤੇ ਘੀਂ ਘੀਂ ਕਰਦੀ ਕਾਰ ਕਦੀ ਖੱਬੇ ਨੂੰ ਜਾਂਦੀ ਤੇ ਕਦੀ ਸੱਜੇ ਨੂੰ। ਫਿਰ ਦੂਜਾ ਪੁਲ਼। ਫਿਰ ਸੜਕ ਦੀ ਚੜ੍ਹਾਈ। ਘਰ ਤਕ ਬਲੌਕ ਬਲੌਕ 'ਤੇ ਲੱਗੀਆਂ ਬੱਤੀਆਂ। ਇਕ ਚੌਰਾਹੇ ਦੀ ਲਾਲ ਬੱਤੀ ਹੋਈ। ਸੁੱਖੀ ਨੇ ਬਰੇਕ ਲਾਈ। ਕਾਰ ਨਾ ਰੁਕੀ। ਤਿਲਕ ਕੇ ਚੌਂਕ ਵਿਚ ਚਲੇ ਗਈ। ਇੰਨੇ ਨੂੰ ਸੱਜੇ ਹੱਥੋਂ, ਖੱਬੇ ਨੂੰ ਮੁੜਦੀ ਇਕ ਕਾਰ ਉਸਦੇ ਸਾਹਮਣੇ ਆ ਗਈ। ਸੁੱਖੀ ਦੀ ਕਾਰ ਧੜਮ ਕਰ ਕੇ ਉਸ ਵਿਚ ਵੱਜੀ। ਕਾਰਾਂ ਦੇ ਭਿੜਨ ਦਾ ਉੱਚਾ

ਸਾਰਾ ਖੜਾਕ ਹੋਇਆ। ਉਹ ਕਲਪਤ ਖੜਾਕ ਸੁਣ ਕੇ ਤ੍ਰਬਕ ਗਿਆ।

ਜਦੋਂ ਉਹ ਆਪਣੇ ਆਪ ਵਿਚ ਆਇਆ ਤਾਂ ਦੇਖਿਆ ਕਿ ਉਸਨੇ ਡਰ ਕਾਰਨ ਵੀਲ੍ਹ ਚੇਅਰ ਦੇ ਪਹੀਆਂ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜਿਆ ਹੋਇਆ ਸੀ ਤੇ ਸਾਹ ਰੋਕਿਆ ਹੋਇਆ ਸੀ। ਉਸ ਨੇ ਦਿਮਾਗ ਨੂੰ ਠੰਡਾ ਕਰਨ ਲਈ, ਲੰਬੇ ਲੰਬੇ ਸਾਹ ਲੈਣੇ ਸ਼ੁਰੂ ਕੀਤੇ ਤੇ ਫਿਰ ਸਿਰ ਨੂੰ ਸਾਫ਼ ਕਰਨ ਲਈ ਉਸ ਨੇ ਘੁੱਟ ਕੇ ਅੱਖਾਂ ਮੀਟੀਆਂ ਤੇ ਸਿਰ ਨੂੰ ਇਕ ਦੋ ਵਾਰ ਛੁਣਛਣੇ ਵਾਂਗ ਹਲਾਇਆ। ਜਦੋਂ ਘਬਰਾਹਟ ਨਾਲ ਤਣੀਆਂ ਨਸਾਂ ਨਿੱਸਲ ਹੋ ਗਈਆਂ ਤਾਂ ਉਸ ਨੇ ਆਪਣੇ ਆਪ ਨੂੰ ਕਿਹਾ, "ਅੱਜ ਆਉਂਦੀ ਆ ਤਾਂ ਉਸ ਨੂੰ ਕਹਿੰਦਾ, ਸੈੱਲ ਫ਼ੋਨ ਨਾਲ ਲੈ ਜਾਇਆ ਕਰੇ। ਕਿਸੇ ਐਮਰਜੈਂਸੀ ਵਿਚ ਲੋੜ ਪੈ ਜਾਂਦੀ ਆ।"

ਮਨ ਵਿਚ ਇਹ ਆਖ, ਉਸਨੇ ਵੀਲ੍ਹ ਚੇਅਰ ਕੌਫ਼ੀ ਟੇਬਲ ਵੱਲ ਘੁਮਾਈ। ਉਸ 'ਤੇ ਪਈ ਥਰਮੋਸ ਚੁੱਕੀ, ਖੋਲ੍ਹੀ ਤੇ ਉਸ ਵਿੱਚੋਂ ਕੋਲ ਰੱਖੇ ਮੱਗ ਵਿਚ ਚਾਹ ਪਾਈ ਤੇ ਸਮਾਂ ਬਿਤਾਉਣ ਲਈ ਟੀ. ਵੀ. ਚਾਲੂ ਕਰ ਲਿਆ ਪਰ ਟਿਕ ਕੇ ਕੋਈ ਸ਼ੋਅ ਨਾ ਦੇਖਿਆ। ਬਸ ਚਾਹ ਪੀਂਦਾ ਐਵੇਂ ਚੈਨਲਾਂ ਬਦਲਦਾ ਰਿਹਾ।

ਜਦੋਂ ਚਾਹ ਮੁੱਕ ਗਈ ਤਾਂ ਉਸ ਨੇ ਟੀ. ਵੀ. ਬੰਦ ਕਰ ਦਿੱਤਾ ਤੇ ਮੇਜ਼ 'ਤੇ ਪਈ ਕਿਤਾਬ ਨੂੰ ਫਿਰ ਜਾ ਕੇ ਪੜ੍ਹਨ ਲੱਗ ਪਿਆ।

ਸੁੱਖੀ ਦੀ ਭਤੀਜੀ ਪਵਨੀ ਨੇ ਦੂਜਾ ਨਿਆਣਾ ਹੋਣ ਤੋਂ ਪਹਿਲਾਂ ਹੀ ਆਪਣੇ ਮਾਤਾ ਪਿਤਾ ਤੇ ਛੋਟੇ ਭਰਾ ਮਨਿੰਦਰ ਅਰਥਾਤ ਸੁੱਖੀ ਦੇ ਭਰਾ ਭਰਜਾਈ ਤੇ ਭਤੀਜੇ ਨੂੰ, ਸਪੌਂਸਰ ਕਰ ਕੇ ਮੰਗਵਾ ਲਿਆ ਸੀ।

ਸੁੱਖੀ, ਫਿਸ਼ ਕੈਨਰੀ ਵਿਚ ਪੁਰਾਣੇ ਕਾਮਿਆਂ ਵਿੱਚੋਂ ਚਤਰ ਤੇ ਚਲਾਕ ਹੋਣ ਕਾਰਨ ਫੋਰਮੈਨ ਤੇ ਸੁਪਰਵਾਈਜ਼ਰ ਦੀ ਚਹੇਤੀ ਬਣ ਗਈ ਸੀ। ਹੁਣ ਜੋ ਕੋਈ ਵੀ ਉਸਨੂੰ ਕੰਮ 'ਤੇ ਲਗਵਾਉਣ ਲਈ ਸਿਫ਼ਾਰਸ਼ ਕਰਦਾ ਤਾਂ ਉਹ ਫ਼ੋਰਮੈਨ ਜਾਂ ਸੁਪਰਵਾਈਜ਼ਰ ਨੂੰ ਕਹਿ ਕਹਾ ਕੇ ਉਸ ਨੂੰ ਕੰਮ 'ਤੇ ਰਖਵਾ ਦਿੰਦੀ ਜੇ ਕੰਮ ਹੁੰਦਾ ਤਾਂ। ਹੁਣ ਆਪਣੀਆਂ ਜਨਾਨੀਆਂ ਕੀ ਕੰਮ 'ਤੇ ਸਾਰੇ ਕਾਮੇਂ ਉਸਨੂੰ 'ਸੁੱਖੀ ਭੈਣ ਜੀ' ਕਹਿ ਕੇ ਬੁਲਾਉਂਦੇ।

ਇਸ ਵਰ੍ਹੇ, ਸਮੁੰਦਰ ਤੇ ਮੱਛੀਆਂ ਦੇ ਮਹਿਕਮੇ ਵਲੋਂ, ਬਹੁਤੀ ਮੱਛੀ ਆਉਣ ਦੀ ਸੰਭਾਵਨਾ ਦੀ ਘੋਸ਼ਨਾ ਕਾਰਨ, ਕੰਮ 'ਤੇ ਜ਼ੋਰ ਪੈ ਜਾਣ ਦੀ ਆਸ ਸੀ। ਕੈਨਰੀ ਵਾਲਿਆਂ, ਵੱਧ ਤੋਂ ਵੱਧ ਮੱਛੀ ਸਾਂਭਣ ਲਈ ਕੱਚੇ ਕਾਮੇ ਰੱਖਣੇ ਸੀ।

ਸੁੱਖੀ ਦੀ ਭਰਜਾਈ ਨਿਰਦੀਪ, ਫ਼ਰੇਜ਼ਰ ਵੈਲੀ ਵਿਚ, ਪੱਤਝੜ ਦੀ ਰੁੱਤੇ ਜਦੋਂ ਖੇਤਾਂ ਦੇ ਕੰਮ ਬੰਦ ਹੋ ਜਾਂਦੇ ਤਾਂ ਸੁੱਖੀ ਦੀ ਕੈਨਰੀ ਵਿਚ ਕੰਮ ਕਰਨ ਆ ਜਾਂਦੀ ਤੇ ਆਪਣੇ ਨਾਲ ਕਿਸੇ ਨਾ ਕਿਸੇ ਵਾਕਫ਼-ਕਾਰ ਨੂੰ ਮੁਫ਼ਤ ਦੀ ਰਾਈਡ ਲੈਣ ਲਈ ਕੰਮ 'ਤੇ ਲਗਵਾ ਲੈਂਦੀ।

ਇਕ ਵੀਕ ਐਂਡ ਉਸਨੇ ਸੁੱਖੀ ਕੋਲ ਦੋ ਐਸੀਆਂ ਜਨਾਨੀਆਂ ਨੂੰ ਕੰਮ 'ਤੇ ਲਗਵਾਉਣ ਲਈ ਭੇਜਿਆ ਜੋ ਰੰਗ ਰੂਪ ਤੇ ਨੈਣ ਨਕਸ਼ਾਂ ਤੋਂ ਜਾਂ ਤਾਂ ਈਰਾਨਣਾਂ ਜਾਪਦੀਆਂ ਸਨ ਜਾਂ ਅਫ਼ਗਾਨਿਸਤਾਨਣਾਂ ਪਰ, ਬੋਲ ਚਾਲ ਪੰਜਾਬੀ ਸੀ। ਉਨ੍ਹਾਂ ਦੋਹਾਂ ਦੇ ਨੈਣ-ਨਕਸ਼ ਆਪਸ ਵਿਚ ਐਨੇ ਮਿਲਦੇ ਸਨ ਕਿ ਉਨ੍ਹਾਂ ਨੂੰ ਜੌੜੀਆਂ ਵੀ ਕਿਹਾ ਜਾ ਸਕਦਾ ਸੀ। ਪਰ, ਕੱਦ ਕਾਠ ਤੇ ਬੋਲੀ ਦੇ ਲਹਿਜੇ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ। ਭਾਵੇਂ ਉਨ੍ਹਾਂ ਨੇ ਪੈਂਟ ਬਲਾਉਜ਼ ਪਾਏ ਹੋਏ ਸਨ ਪਰ, ਉਨ੍ਹਾਂ ਦੇ ਸਿਰ ਢੱਕਣ ਦਾ ਅੰਦਾਜ਼ ਬਿਲਕੁਲ ਹੀ ਵੱਖਰਾ ਸੀ। ਇਕ ਨੇ ਹਜਾਬ ਪਾਇਆ ਹੋਇਆ ਸੀ ਤੇ ਦੂਜੀ ਨੇ ਸਿਰ 'ਤੇ ਗੋਲ ਪੱਗ ਬੰਨ੍ਹੀ ਹੋਈ ਸੀ। ਪੱਗ ਵਾਲੀ ਦੇ ਬਲਾਉਜ਼ ਵਿੱਚੀਂ, ਕਾਲਾ ਗਾਤਰਾ ਸਾਫ਼ ਦਿਖਾਈ ਦੇ ਰਿਹਾ ਸੀ।

ਸੁੱਖੀ ਨੇ ਉਨ੍ਹਾਂ ਨੂੰ ਅੰਦਰ ਆਉਣ ਤੇ ਸੋਫਿਆਂ 'ਤੇ ਬੈਠਣ ਦਾ ਸੱਦਾ

ਦਿੱਤਾ। ਜਦੋਂ ਉਹ ਬੈਠ ਰਹੀਆਂ ਸੀ ਤਾਂ ਸੁੱਖੀ ਨੇ ਬਿਨਾਂ ਜਾਣ ਪਛਾਣ ਕੀਤਿਆਂ, ਮੇਜ਼ਬਾਨ ਦੇ ਤੌਰ 'ਤੇ ਉਨ੍ਹਾਂ ਨੂੰ ਕੁਝ ਠੰਡਾ ਜਾਂ ਤੱਤਾ ਪੀਣ ਦੀ ਪੇਸ਼ਕਸ਼ ਕੀਤੀ ਤਾਂ ਉਨ੍ਹਾਂ ਦੋਹਾਂ ਨੇ ਸਿਰਫ਼ ਸਾਦੇ ਪਾਣੀ ਦਾ ਗਲਾਸ ਗਲਾਸ ਲੈਣ ਦੀ ਬੇਨਤੀ ਕੀਤੀ।

ਸੁੱਖੀ ਨੂੰ ਉਨ੍ਹਾਂ ਦੋਹਾਂ ਦੇ ਆਉਣ ਦੇ ਮੰਤਵ ਦਾ ਤਾਂ ਪਤਾ ਸੀ ਪਰ, ਪੱਗ ਤੇ ਹਜਾਬ ਵਾਲੀ ਨੂੰ ਦੇਖ ਕੇ ਪਿਛਲੇ ਸਾਲ ਕੈਂਮ 'ਤੇ ਇਸੇ ਸਰੂਪ ਵਿਚ ਰੱਖੀਆਂ, ਦਸ਼ਮਿੰਦਰ ਕੌਰ ਤੇ ਸ਼ਹਿਨਾਜ਼ ਅਲੀ ਨਾਂ ਦੀਆਂ ਦੋ ਜਨਾਨੀਆਂ ਦਾ ਵਾਕਿਆ ਯਾਦ ਆ ਗਿਆ।

ਹਾਲੇ ਦਸ਼ਮਿੰਦਰ ਤੇ ਸ਼ਹਿਨਾਜ਼ ਨੂੰ ਕੈਂਮ ਸ਼ੁਰੂ ਕੀਤਿਆਂ ਦੋ ਕੁ ਦਿਨ ਹੀ ਹੋਏ ਸਨ ਕਿ ਲੰਚ ਰੂਮ ਵਿਚ ਉਨ੍ਹਾਂ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਪਈਆਂ।

ਕੋਈ ਕਹਿੰਦੀ, "ਇਸ ਦਾ ਆਦਮੀ ਇੱਥੇ ਦੇ ਖਾੜਕੂ ਲੀਡਰ ਦਾ ਚਮਚਾ। ਇਹ ਵੀ ਉਸਦੀ ਰਖੇਲ ਆ ਤੇ ਉਸਦੀ ਤੀਵੀਂ ਦੇ ਅੱਗੇ ਪਿੱਛੇ ਕਤੂਰੇ ਵਾਂਗ ਪੂਛ ਹਲਾਈ ਫਿਰਦੀ ਰਹਿੰਦੀ ਆ। ਜਿੱਥੇ ਉਹ, ਉੱਥੇ ਇਹ।"

ਕੋਈ ਕਹਿੰਦੀ, "ਇਹ ਭੇਖਣਾਂ, ਸਰੂਪ ਸਭ ਦਖਾਵਾ। ਜੋ ਹਰਾਮ ਪੁਣਾ ਇਹ ਕਰਦੀਆਂ ਜਹਾਨ ਵਿਚ ਸ਼ੈਦ ਈ ਕੋਈ ਕਰਦਾ ਹੋਵੇ।"

ਕੋਈ ਕਹਿੰਦੀ, "ਉੱਦਾਂ ਤਮਾਖੂ ਨੂੰ ਹੱਥ ਨਈਂ ਲਾਉਂਦੀਆਂ ਪਰ, ਇਹ ਤੇ ਇਹ ਦੀਆਂ ਭੈਣਾਂ ਭਰਜਾਈਆਂ, ਦਫ਼ਤਰਾਂ ਦੀ ਸਫ਼ਾਈ ਕਰਦੀਆਂ, ਗੋਰਿਆਂ ਦੀਆਂ ਜੂਠੀਆਂ ਸਿਗਟਾਂ, ਡੱਬੀਆਂ ਤੇ ਐਸ਼-ਟਰੇਆਂ ਸਾਫ ਕਰਦੀਆਂ।"

ਇਕ ਨੇ ਤਾਂ ਬੜੀ ਸਿਰੇ ਦੀ ਗੱਲ ਕੀਤੀ, "ਇਹ ਪੱਗਾਂ ਵਾਲੀਆਂ, ਤੜਕ ਸਾਰ ਸਿਮਰਨ ਦੇ ਪੱਜ ਗੁਰਦੁਆਰੀਂ ਜਾਂਦੀਆਂ। ਸਿਮਰਨ ਤੋਂ ਬਾਅਦ ਲੰਗਰ ਵਿਚ ਘਿਉ ਵਿਚ ਨੁੱਚੜਦੀਆਂ ਪਰੌਂਠੀਆਂ ਬਣਾ ਬਣਾ ਖਾਂਦੀਆਂ। ਰਾਤ ਦੇ ਜਮਾਏ 'ਫੁੱਲ ਕਰੀਮ' ਦੁੱਧ ਦੇ ਦਹੀਂ ਤੇ ਵਨਸਵੰਨੇ ਅਚਾਰਾਂ ਨਾਲ, ਆਪ ਛਕਦੀਆਂ ਤੇ ਹੱਥ ਵਿਚ ਫੜੀ ਪਰੌਂਠੀ ਭਾਈਆਂ ਨੂੰ ਛਕਾਉਣ ਲਈ ਆਖਦੀਆਂ, "ਭਾਈ ਜੀ ਆਹ ਮੇਰੀ ਲਓ, ਗਰਮ ਗਰਮ। ਇਹ ਪਹਿਲੀ ਨਾਲੋਂ ਵੀ ਵੱਧ ਸੁਆਦ ਆ।"

ਤੇ ਦੂਜੀ ਉੱਪਰਦੀਂ ਆ ਕੇ ਕਹੋਗੀ, "ਭਾਜੀ, ਇਹਦੀ ਛੱਡੋ, ਮੇਰੀ ਲਓ" ਆਖ ਕੇ ਮੱਲੋ ਜੋਰੀ ਪਰੌਂਠੀ ਉਸਦੀ ਥਾਲੀ ਵਿਚ ਰੱਖ ਦੇਊਗੀ।" "ਦੁਪਹਿਰ ਨੂੰ ਭਾਂਤ ਸੁਭਾਂਤ ਦੀਆਂ ਸਬਜ਼ੀਆਂ, ਰੈਤਾ, ਪਨੀਰ, ਸਲਾਦ, ਫਰੂਟ ਸਲਾਦ ਤੇ ਡਿਜ਼ਰਟ ਲਈ, ਖ਼ੀਰ, ਕੜਾਹ, ਜਲੇਬੀਆਂ ਤੇ ਗੁਲਾਬ ਜਾਮਣਾਂ ਖਾਂਦੀਆਂ। ਆਪ ਤਾਂ ਟਮਕਾਂ ਵਰਗੇ ਢਿੱਡ ਕੱਢੀ ਫਿਰਦੀਆਂ ਪਰ ਇਨ੍ਹਾਂ ਦੇ ਆਦਮੀ ਘਰਾਂ ਵਿਚ, ਗੁਰਦੁਆਰਿਉਂ ਲਿਆ ਕੇ ਰੱਖੀਆਂ ਤਿੰਨ ਤਿੰਨ ਦਿਨ ਦੀਆਂ ਪੁਰਾਣੀਆਂ ਬਾਸੀ ਦਾਲਾਂ ਸਬਜ਼ੀਆਂ ਖਾ ਕੇ ਡੰਗ ਟਪਾਉਂਦੇ ਆ।"

"ਕਿਉਂ ਇਨ੍ਹਾਂ ਦੇ ਆਦਮੀ ਗੁਰਦੁਆਰੀਂ ਨਈਂ ਜਾਂਦੇ?" ਕਿਸੇ ਨੇ

ਪੁੱਛਿਆ।

"ਜਾਂਦੇ ਆ।" ਉਹ ਬੋਲੀ, "ਪਰ ਇਹ ਘਰ ਵਿਚ ਰੋਟੀ ਬਣਾਉਣ ਦੀਆਂ ਮਾਰੀਆਂ ਘਰ ਵਾਲਿਆਂ ਨੂੰ 'ਗੁਰੂ ਕਾ ਲੰਗਰ' ਦੱਸ ਕੇ ਖਾਣ 'ਤੇ ਮਜਬੂਰ ਕਰਦੀਆਂ।"

"ਇਹ ਮੁਸਲਮਾਨਣੀਆਂ" ਕਿਸੇ ਨੇਂ ਮੁਸਲਮਾਨਣੀਆਂ ਬਾਰੇ ਕਿਹਾ, "ਉਦਾਂ ਸੂਰ ਨਈਂ ਖਾਂਦੀਆਂ, ਨਾ ਸੂਰ ਖਾਣ ਵਾਲਿਆਂ ਕੋਲ ਬੈਠਦੀਆਂ ਪਰ, ਸੂਰ ਦੀ ਚਰਬੀ ਦੀਆਂ ਬਣੀਆਂ ਲਪਿਸਟਿਕਾਂ, ਬੁੱਲ੍ਹਾਂ 'ਤੇ ਥੋਬਾ ਥੋਬਾ ਥੱਪ ਲੈਂਦੀਆਂ।"

"ਬਾਹਰ ਨਿਕਲਦੀਆਂ ਤਾਂ ਹਜਾਬ ਪਾ ਜਾਂ ਲੰਬਾ ਚੋਗਾ ਪਾ ਕੇ" ਕਿਸੇ ਨੇ ਕਿਹਾ, "ਉੱਦਾਂ ਘਰਾਂ ਵਿਚ ਬਕਿੰਨੀਆਂ ਤੇ 'ਸੀ ਥਰੂ' ਪਾ ਕੇ ਫਿਰਦੀਆਂ।"

ਜਦੋਂ ਸੁੱਖੀ ਪਾਣੀ ਲੈ ਕੇ ਆਈ ਤਾਂ ਉਹ ਇਕ ਦੂਜੇ ਨੂੰ ਭੈਣ ਭੈਣ ਕਹਿ ਕੇ ਗੱਲਾਂ ਕਰ ਰਹੀਆਂ ਸਨ। ਉਨ੍ਹਾਂ ਦੋਹਾਂ ਦੀ ਆਪਸ ਵਿਚ ਬੜੀ ਜੋਟੀ ਲਗਦੀ ਸੀ। ਸੁੱਖੀ ਸਮਝੀ ਕਿ ਇਹ ਦੋਵੇਂ ਪਹਿਲਾਂ ਕਿਤੇ ਇਕੱਠੀਆਂ ਕੰਮ ਕਰਦੀਆਂ ਹੋਣੀਆਂ, ਇਕ ਦੂਜੇ ਨਾਲ ਵਾਕਫ਼ੀਅਤ ਹੋ ਗਈ ਹੋਣੀ ਐਂ। ਕੰਮ 'ਤੇ ਹੋਰ ਕੋਈ ਵਾਕਿਫ਼ ਨਾ ਹੋਣ ਕਾਰਨ ਆਪਸੀ ਮੇਲ ਮਿਲਾਪ ਵੱਧ ਗਿਆ ਹੋਣਾ ਤੇ ਦੋਸਤੀ ਪੈ ਗਈ ਹੋਣੀ ਐਂ। ਨੇੜਤਾ ਜਤਾਉਣ ਲਈ ਇਕ ਦੂਜੇ ਨੂੰ 'ਭੈਣ ਭੈਣ' ਕਹਿ ਕੇ ਬੁਲਾਉਣ ਲੱਗ ਪਈਆਂ ਹੋਣੀਆਂ।

ਸੁੱਖੀ ਕੋਲੋਂ ਪਾਣੀ ਦਾ ਗਲਾਸ ਫੜਦੀ ਹਜਾਬ ਵਾਲੀ ਬੋਲੀ, "ਭੈਣ, ਮੇਰਾ ਨਾਓਂ ਨਕਹਤ ਖ਼ੁਰਸ਼ੀਦ ਵੇ।" ਫਿਰ ਪਗੜੀ ਵਾਲੀ ਵੱਲ ਹੱਥ ਕਰ ਕੇ ਬੋਲੀ, "ਇਹ ਮੇਰੀ ਭੈਣ ਸਿਮਰਨਜੀਤ ਕੌਰ ਵੇ। ਰਿਸ਼ਤਿਉਂ, ਮਾਮੇ ਦੀ ਧੀ।" ਉਹ ਅਟਕ ਕੇ ਬੋਲੀ, "ਸਾਨੂੰ ਤੁਹਾਡੀ ਭਰਜਾਈ ਸਾਹਿਬਾ ਨੇ ਭੇਜਿਆ ਵੇ।"

ਜਦੋਂ ਨਕਹਤ ਨੇ, "ਇਹ ਮੇਰੀ ਭੈਣ ਸਿਮਰਨਜੀਤ ਕੌਰ ਵੇ। ਰਿਸ਼ਤਿਉਂ, ਮਾਮੇ ਦੀ ਧੀ।" ਕਿਹਾ ਤਾਂ ਸੁੱਖੀ ਦੀਆਂ ਹੈਰਾਨੀ ਭਰੀਆਂ ਨਜ਼ਰਾਂ ਸਿਮਰਨਜੀਤ ਕੌਰ 'ਤੇ ਜਾ ਟਿਕੀਆਂ। ਉਸ ਦੀਆਂ ਨਜ਼ਰਾਂ ਵਿਚ ਇਕ ਸ਼ੰਕੇ ਭਰਿਆ ਸਵਾਲ ਸੀ, "ਇਹ ਤੇਰੀ ਮਾਮੇ ਦੀ ਧੀ ਕਿਵੇਂ ਹੋ ਸਕਦੀ ਹੈ? ਤੂੰ, ਹਜਾਬ ਪਾਉਣ ਵਾਲੀ, ਮੁਸਲਮਾਨ ਤੇ ਇਹ ਅੰਮ੍ਰਿਤ ਧਾਰੀ, ਸਿੱਖ!" "ਦੋਵੇਂ ਅੱਗ ਦੀਆਂ ਨਾਲਾਂ।"

ਸੁੱਖੀ ਦੀਆਂ ਹੈਰਾਨਕੁਨ ਤੇ ਸਵਾਲੀ ਅੱਖਾਂ ਨੂੰ ਦੇਖ ਕੇ ਨਕਹਤ ਮਾੜਾ ਜਿਹਾ ਮੁਸਕਰਾ ਕੇ ਬੋਲੀ, "ਅੜੀਏ, ਇਸ ਵਿਚ ਹੈਰਾਨੀ ਵਾਲੀ ਕਹਿ ਗੱਲ ਵੇ। ਧਰਮਾਂ ਤੇ ਪਹਿਰਾਵਿਆਂ ਨਲ ਖ਼ੂਨ ਦੇ ਰਿਸ਼ਤੇ ਥੋੜ੍ਹੀ ਟੁੱਟ ਜਾਂਵਦੇ।" (ਨਕਹਤ ਨੇ ਆਪਣੇ ਇਲਾਕੇ ਦੇ ਲਹਿਜੇ ਮੁਤਾਬਿਕ ਨਾਲ ਨੂੰ ਨਲ ਕਿਹਾ।) "ਮੈਂ ਇਸ ਵਿਚਲਾ ਰਾਜ਼ ਬਿਆਨ ਕਰਦੀ ਵਾਂ।" ਨਕਹਤ ਨੇ ਪਾਣੀ ਦਾ ਘੁੱਟ ਭਰਿਆ ਤੇ ਬੋਲੀ, "ਵੰਡ ਵੇਲੇ ਮੇਰਾ ਨਾਨਾ ਭੋਂ ਖਾਤਰ ਪਾਕਿਸਤਾਨ ਰਹਿ ਗਿਆ। ਪਿੰਡ ਦੇ ਕੁਝ ਤਗੜੇ ਜ਼ਮੀਂਦਾਰਾਂ, ਨਾਨੇ ਦੀ ਭੋਂ ਹੜੱਪਣ ਖਾਤਰ, ਦਿਨ ਦਿਹਾੜੇ ਟੱਬਰ ਸਮੇਤ ਉਸਦਾ ਕਤਲ ਕਰਵਾ ਦਿੱਤਾ। ਮੇਰੀ ਅੰਮਾਂ ਉਦੋਂ ਬਾਲੜੀ ਸੀ। ਸਬੱਬੋਂ,

ਮੇਰੀ ਭੂਆ ਨਾਲ ਖੇਡਣ ਆਈ ਬਚ ਗੀ। ਮੇਰੇ ਦਾਦੇ ਨੇ ਉਸ ਨੂੰ ਆਪਣੀ ਧੀ ਵਾਂਗ ਪਨਾਹ ਦਿੱਤੀ।" ਆਖ ਕੇ ਸੁੱਖੀ ਵੱਲ ਦੇਖਿਆ ਤੇ ਬੋਲੀ, "ਅਸੀਂ ਛੋਟੇ ਕਿਰਸਾਨ ਸਾਂ। ਮੇਰਾ ਦਾਦਾ, ਮੇਰੇ ਨਾਨੇ ਤੋਂ ਅੱਧ 'ਤੇ ਭੋਂ ਲੈ ਕੇ, ਕਿਰਸਾਨੀ ਕਰਦਾ ਸੀ। ਜਦੋਂ ਪਿੰਡ ਵਾਲਿਆਂ ਨੂੰ ਮੇਰੀ ਅੰਮਾਂ ਦੇ ਜ਼ਿੰਦਾ ਹੋਣ ਦਾ ਪਤਾ ਚੱਲਿਆ ਤਾਂ ਉਨ੍ਹਾਂ ਮੇਰੇ ਦਾਦੇ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਜ਼ਮੀਨ ਖੋਹਣ ਦੀਆਂ ਧਮਕੀਆਂ ਦੇ ਕੇ ਜ਼ੋਰ ਪਾਉਣ ਲੱਗ ਪਏ ਕਿ, ਜਾਂ ਤਾਂ ਕਾਫ਼ਰਾਂ ਦੀ ਧੀ ਨੂੰ ਮਰਵਾਉਣ ਲਈ ਸਾਨੂੰ ਦੇ ਦੇ। ਨਹੀਂ ਤਾਂ ਮੁਸਲਮਾਨ ਬਣਾ, ਆਪ ਨਹੀਂ ਤਾਂ ਆਪਣੇ ਕਿਸੇ ਸ਼ੋਰ੍ਹੇ ਨਲ ਨਿਕਾਹ ਕਰ।"

"ਮੇਰੇ ਦਾਦੇ ਨੇ ਆਪ ਤਾਂ ਨਿਕਾਹ ਨਾ ਕੀਤਾ ਕਿਉਂਕਿ ਮੇਰੀ ਅੰਮਾਂ, ਮੇਰੀ ਭੂਆ ਦੀ ਹਮਉਮਰ ਸੀ। ਉਸਦਾ ਨਾਮ, ਚਰਨ ਕੌਰ ਤੋਂ ਬਦਲ ਕੇ ਚਰਾਗ਼ ਬੀਬੀ ਰੱਖ ਦਿੱਤਾ ਤੇ ਆਪਣੇ ਛੋਟੇ ਪੁੱਤਰ, ਮੇਰੇ ਅੱਬਾ ਨਾਲ, ਜੋ ਮੇਰੀ ਮਾਂ ਤੋਂ ਸਾਲ ਛੋਟਾ ਸੀ, ਮੌਲਵੀ ਨੂੰ ਸੱਦ ਕੇ ਨਿਕਾਹ ਕਰ ਦਿੱਤਾ।"

ਇੰਨਾ ਆਖ ਉਸਨੇ ਪਾਣੀ ਦਾ ਘੁੱਟ ਭਰਿਆ ਤੇ ਬੋਲੀ, "ਮੇਰਾ ਨਾਨਾ, ਇਸ ਦੇ ਦਾਦੇ ਦਾ ਸੱਕਾ ਤੇ ਵੱਡਾ ਭਰਾ ਸੀ।"

"ਨਾ ਫੇ ਤੁਹਾਨੂੰ ਕਿੱਦਾਂ ਪਤਾ ਲੱਗਿਆ ਕਿ ਤੁਸੀਂ ਭੈਣਾਂ?" ਸੁੱਖੀ ਨੇ ਜਾਨਣ ਦੀ ਉਕਸੁਕਤਾ ਨਾਲ ਪੁੱਛਿਆ।

"ਇਹ ਇਕ ਲੰਬੀ ਕਹਾਣੀ ਵੇ।" ਨਕਹਤ ਨੇ ਪਾਣੀ ਦਾ ਘੁੱਟ ਭਰਦੀ ਨੇ ਕਿਹਾ, "ਤੁਸੀਂ ਸਿੱਖ ਇਕ ਚੌਰਾਸੀ ਨੂੰ ਰੋਈ ਜਾਂਦੇ ਹੋ, ਅਸਾਂ 'ਤੇ ਪਤਾ ਨਈ ਕਿੰਨੀਆਂ ਚੌਰਾਸੀਆਂ ਕੱਟੀਆਂ ਨੇ।" "ਸਾਡੇ ਨਲ ਦਿੱਲੀ ਸਿੱਖ ਕਤਲ-ਇ-ਤਾਮ ਵਰਗੇ ਕਈ ਵਾਕਿਆਤ ਹੋਏ ਨੇ।" ਇਹ ਆਖ ਉਸ ਨੇ ਆਪਣਾ ਹਜਾਬ ਦਰੁਸਤ ਕੀਤਾ ਤੇ ਸੁੱਖੀ ਵੱਲ ਦੇਖਿਆ ਜੋ ਉਸਦੇ ਕੰਬਦੇ ਹੱਥਾਂ ਵੱਲ ਦੇਖ ਰਹੀ ਸੀ ਤੇ ਬੋਲੀ, "ਮੈਂ ਮੁਖ਼ਤਸਰ ਵਿਚ ਬਿਆਨ ਕਰਦੀ ਆਂ।" ਉਸਨੇ ਪਾਣੀ ਦਾ ਇਕ ਹੋਰ ਘੁੱਟ ਭਰਿਆ ਤੇ ਬੋਲੀ, "ਅਸੀਂ ਅਹਿਮਦੀਏ ਮੁਸਲਮਾਨ ਹਾਂ। ਸਨ ਉੱਨੀ ਸੌ ਤਰਵੰਜਾ ਵਿਚ, ਸੁੰਨੀ ਤੇ ਸ਼ੀਆ ਫਿਰਕਿਆਂ ਵੱਲੋਂ ਸਾਡੀ ਜਮਾਤ 'ਤੇ ਬਹੁਤ ਤਸ਼ੱਦਦ ਹੋਇਆ ਵੇ। ਜਿਸ ਵਿਚ ਸਾਡਾ ਜਾਨੀ ਤੇ ਮਾਲੀ ਨੁਕਸਾਨ ਵੀ ਹੋਇਆ ਵੇ ਜਿਵੇਂ ਤੁਹਾਡਾ ਚੌਰਾਸੀ ਵਿਚ ਹੋਇਆ। ਸੰਨ 1974 ਵਿਚ ਜ਼ੁਲਫ਼ਕਾਰ ਅਲੀ ਭੁੱਟੋ ਨੇ ਸਾਨੂੰ ਗ਼ੈਰ-ਮੁਸਲਮ ਐਲਾਨ ਦਿੱਤਾ। ਜਿਸ ਨਲ ਸਾਡੀ ਹੋਂਦ ਹੀ ਗ਼ਾਇਬ ਹੋ ਗਈ। ਸਨ 84 ਵਿਚ, ਜ਼ਿਆ ਉਲਹੱਕ ਨੇ, ਸਾਨੂੰ, ਗ਼ੈਰ ਮੁਸਲਿਮ ਕਰਾਰ ਦੇ ਕੇ ਆਈਨ ਵਿੱਚੋਂ ਹੀ ਖਾਰਜ ਕਰ ਸੁਟਿਆ। ਇਕ ਕਾਨੂੰਨ ਵੀ ਬਣਾ ਛੱਡਿਆ ਕਿ ਜੇ ਕੋਈ ਆਪਣੇ ਆਪ ਨੂੰ ਅਹਿਮਦੀਆ ਆਖੇ, ਦੱਸੇ ਜਾਂ ਲਿਖੇ ਤਾਂ ਉਸ ਨੂੰ ਗਿ੍ਫ਼ਤਾਰ ਕਰਕੇ ਤਿੰਨ ਸਾਲ ਦੀ ਕੈਦ ਬਾਮੁਸ਼ੱਕਤ ਕਰ ਦਿਉ। ਇਸ ਕਾਨੂੰਨ ਦੀਆਂ ਕੁਛ ਧਾਰਾਵਾਂ ਮੁਤਾਬਿਕ, ਅਹਿਮਦੀਏ, ਆਪਣੀਆਂ ਮਸਜਦਾਂ ਵਿਚ ਆਜ਼ਾਨ ਨਹੀਂ ਸਨ ਦੇ ਸਕਦੇ। ਆਪਣੇ ਮਜ਼ਹਬੀ ਰਸਮ-ਓ-ਰਵਾਜ, ਸ਼ਾਦੀਆਂ, ਤਹਿਵਾਰ ਵਗ਼ੈਰਾ, ਅਸਲਾਮੀ ਸ਼ਰ੍ਹਾ ਨਲ ਨਹੀਂ ਸਨ ਕਰ

ਸਕਦੇ। ਇੱਥੋਂ ਤਕ ਕਿ ਅਸੀਂ ਕਿਸੇ ਨੂੰ 'ਅਸਲਾਮਾ ਲੈਕੁਮ' ਵੀ ਨਹੀਂ ਸਾਂ ਕਹਿ ਸਕਦੇ। ਜੇ ਕਿਸੇ ਨੂੰ ਸਲਾਮ ਕਹਿੰਦੇ ਤਾਂ ਗ੍ਰਿਫ਼ਤਾਰ ਕਰ ਲੀਤੇ ਜਾਂਦੇ।"

ਉਹ ਰੁਕ ਕੇ ਬੋਲੀ, "ਸਿਤਮ ਵਾਲੀ ਗੱਲ ਤਾਂ ਇਹ ਵੇ ਕਿ ਪਾਕਿਸਤਾਨ ਦੀ ਹੱਦ ਬਣਾਉਣ ਵਾਲਾ ਸਰ ਜ਼ਫ਼ਰਉੱਲਾ ਖ਼ਾਨ ਅਹਿਮਦੀਆ ਸੀ।"

ਉਹ ਇਹ ਆਖ ਕੇ ਚੁੱਪ ਹੋ ਗਈ ਜਿਵੇਂ ਉਹ ਕੋਈ ਗੱਲ ਦੱਸਣ ਤੋਂ ਝਿਜਕ ਰਹੀ ਹੋਵੇ। ਫਿਰ ਜਿਵੇਂ ਹੌਸਲਾ ਕਰ ਕੇ ਬੋਲੀ, "ਮੇਰੇ ਦਾਦੇ ਦਾ ਇਕ ਵੱਡਾ ਭਰਾ ਸੀ ਜੋ ਚੌਰਾਸੀ ਸਾਲਾਂ ਦਾ ਸੀ। ਉਸਦੇ ਘਰ ਸਾਡੀ ਜਮਾਤ ਦੇ ਲੋਕ ਆਇਆ ਜਾਇਆ ਕਰਦੇ ਸਨ। ਉਹ ਜਮ੍ਹਾਂ ਹੋ ਕੇ ਨਮਾਜ਼ ਅਦਾ ਕਰ ਲੈਂਦੇ ਸਨ। ਕਿਸੇ ਨੇ ਸ਼ਕਾਇਤ ਕਰ ਦਿੱਤੀ। ਉਸ ਨੂੰ ਗ੍ਰਿਫ਼ਤਾਰ ਕਰ ਲਿੱਤਾ ਗਿਆ ਤੇ ਸ਼ਰੇ ਆਮ ਪਿੰਡ ਦੇ ਚੌਰਸਤੇ ਵਿਚ ਉਸਦੇ ਕੋੜੇ ਮਾਰੇ ਗਏ। ਪੁਲਸੀਏ ਉਸਨੂੰ ਅੱਧ ਮੋਇਆ ਕਰ ਕੇ ਛੱਡ ਗਏ। ਉਹ ਉਨ੍ਹਾਂ ਦੀ ਮਾਰ ਦੀ ਤਾਬ ਨਾ ਝਲ ਸਕਿਆ ਤੇ ਉੱਥੇ ਹੀ ਦਮ ਤੋੜ ਗਿਆ।"

ਉਸ ਨੇ ਇਕ ਲੰਬਾ ਸਾਰਾ ਸਾਹ ਲਿਆ ਤੇ ਬੋਲੀ, " ਇੱਥੇ ਹੀ ਬਸ ਨਹੀਂ, ਮੇਰੇ ਅੱਬਾ ਨੇ ਮੇਰੀ ਸ਼ਾਦੀ ਦੇ ਦਾਅਵਤਨਾਮੇ ਛਪਵਾਏ। ਕਾਰਡਾਂ ਉੱਤੇ, 'ਬਿਸਮਿੱਲਾ ਉੱਲ ਰਹਿਮਾਨ' ਲਖਵਾ ਦਿੱਤਾ। ਕਾਰਡ ਵੰਡੇ ਤਾਂ ਕਿਸੇ ਨੇ ਥਾਣੇ ਸ਼ਕਾਇਤ ਕਰ ਦਿੱਤੀ। ਪੁਲਸ ਮੇਰੇ ਅੱਬਾ, ਦਾਦੇ ਤੇ ਤਾਏ ਨੂੰ ਫੜ ਕੇ ਲੇ ਗਈ। ਤਿੰਨੇ ਸਾਲ ਸਾਲ ਦੀ ਸਜ਼ਾ ਕੱਟ ਕੇ ਆਏ। ਮੇਰੀ ਸ਼ਾਦੀ ਮੇਰੇ ਫੁੱਫੜ ਨੇ ਕੀਤੀ। ਇਸ ਬਾਅਦ ਮੇਰਾ ਅੱਬਾ ਭਰੌਂਡਾ ਹੋ ਗਿਆ। ਪਹਿਲੋਂ ਜਰਮਨੀ ਗਿਆ। ਉੱਥੇ ਪਨਾਹ ਨਾ ਮਿਲੀ ਤਾਂ ਐਥੇ ਆ ਗਿਆ। ਐਥੇ ਸਿਆਸੀ ਪਨਾਹਗ਼ਜ਼ੀਨਾ ਦੀ ਪਨਾਹ ਮਿਲੀ ਤਾਂ ਸਾਨੂੰ ਮੰਗਵਾ ਲਿਆ।"

ਇੰਨਾ ਆਖ ਉਹ ਚੁੱਪ ਹੋ ਗਈ।

ਉਸਨੂੰ ਚੁੱਪ ਦੇਖ ਕੇ ਸਿਮਰਨਜੀਤ ਬੋਲੀ, "ਇਹ ਬੜੀ ਜਜ਼ਾਬਤਣ ਆ। ਭਾਵੇਂ ਲਹੌਰ ਰਹਿ ਕੇ ਪੜ੍ਹੀ, ਪਰ ਅਪਣੀ ਪਿਛੋਕੜ ਬਾਰੇ ਸੋਚਣਾ ਨਈਂ ਛੱਡਦੀ।"

"ਨਾ ਤੁਸੀਂ ਮਿਲੀਆਂ ਕਿੱਦਾਂ?" ਸੁੱਖੀ ਨੇ ਪੁੱਛਿਆ।

"ਜਦੋਂ ਇਹ ਪਾਕਿਸਤਾਨੋਂ ਆਏ ਤਾਂ ਆ ਕੇ ਸਾਡੀ ਬੇਸਮੈਂਟ ਵਿਚ ਰਹਿਣ ਲੱਗੇ ਸੀ। ਉਦੋਂ ਅਸੀਂ ਟਰਾਂਟੋ ਵੱਲ ਰਹਿੰਦੇ ਸੀ। ਮੇਰੇ ਪਿਤਾ ਜੀ, ਚੁਰਾਸੀ ਦੇ ਦੰਗਿਆਂ ਬਾਅਦ ਇੱਥੇ ਆਏ ਤੇ ਸਿਆਸੀ ਰਫ਼ਿਊਜੀ ਬਣ ਕੇ ਫ੍ਰੀ ਹੋਣ ਲਈ ਅਪਲਾਈ ਕੀਤਾ। ਪਰ ਗੱਲ ਨਾ ਬਣੀ ਤੇ ਉੱਥੇ ਕਿਸੇ ਗੁਰਦੁਆਰੇ ਵਿਚ ਪਾਠੀ ਬਣ ਗਏ। ਗਾਉਣ ਦਾ ਬਚਪਨ ਤੋਂ ਹੀ ਸ਼ੌਕ ਸੀ ਫਿਰ ਰਾਗੀ ਬਣ ਗਏ। ਫਿਰ ਵੀ ਗੱਲ ਨਾ ਬਣੀ ਤਾਂ ਕਿਸੇ ਨੇ ਸਲਾਹ ਦਿੱਤੀ ਕਿ ਕਿਉਂ ਨਾ ਮੈਨੂੰ ਵਿਜ਼ਟਰ ਮੰਗਵਾ ਕੇ ਮੇਰਾ ਵਿਆਹ ਇੱਥੇ ਕਿਸੇ ਨਾਲ ਕਰ ਦਿੱਤਾ ਜਾਵੇ। ਮੈਂ ਆਵਾਂ ਤੇ ਉਨ੍ਹਾਂ ਨੂੰ ਸਪੌਂਸਰ ਕਰ ਕੇ ਰੱਖ ਲਵਾਂ। ਆਪ ਉਹ ਉੱਨਾਂ ਚਿਰ 'ਅੰਡਰ ਗਰਾਉਂਡ' ਹੋ ਜਾਣ ਜਾਂ ਰਾਗੀ ਵੀਜ਼ੇ 'ਤੇ ਕੰਮ ਕਰਦੇ ਰਹਿਣ। ਮੇਰੇ ਪਿਤਾ ਜੀ ਨੇ ਇਵੇਂ

ਹੀ ਕੀਤਾ। ਮੈਂ ਉਨ੍ਹਾਂ ਦੀ ਇੱਕੋ ਇਕ ਧੀ ਆਂ। ਮੇਰਾ ਭਰਾ, ਚੁਰਾਸੀ ਵਿਚ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਮੈਂ ਆਈ ਤਾਂ ਮੇਰਾ ਵਿਆਹ ਇਕ ਅੰਮ੍ਰਿਤ ਧਾਰੀ ਸਿੱਖ ਨਾਲ ਕਰ ਦਿੱਤਾ। ਵਿਆਹ ਲਈ ਮੈਨੂੰ ਵੀ ਅੰਮ੍ਰਿਤ ਛਕਣਾ ਪਿਆ। ਮੇਰਾ ਮਨ ਤਾਂ ਨਹੀਂ ਸੀ ਕਰਦਾ ਪਰ ਕੀ ਕਰਦੀ। ਪਿਉ ਲਈ ਬਲੀ ਦਾ ਬੱਕਰਾ ਜਿਉਂ ਸੀ। ਮੈਂ ਅੰਮ੍ਰਿਤ ਛੱਕ ਲਿਆ। ਵਿਆਹ ਹੋ ਗਿਆ ਤਾਂ ਮੈਂ ਆਪਣੇ ਪਿਤਾ ਜੀ ਨੂੰ ਸਪੌਂਸਰ ਕਰ ਦਿੱਤਾ। ਉਨਾ ਚਿਰ ਉਹ ਰਾਗੀ ਵੀਜ਼ੇ 'ਤੇ, ਕੰਮ ਕਰਦੇ ਰਹੇ ਤੇ ਕੈਨੇਡਾ ਵਿਚ ਰਹਿਣ ਲਈ ਥਾਂ ਕੁੱਥਾਂ ਧੱਕੇ ਖਾਂਦੇ ਰਹੇ।। ਜਦੋਂ ਉਹ ਫ਼ੀ ਹੋ ਗਏ ਤਾਂ ਉਨ੍ਹਾਂ ਨੇ ਮੇਰੀ ਬੀਜੀ ਨੂੰ ਸੱਦ ਲਿਆ ਜੋ ਮੇਰੇ ਮਾਮੇ ਕੋਲ ਰਹਿੰਦੇ ਸੀ।"

ਉਹ ਰੁਕ ਕੇ ਬੋਲੀ, "ਇਕ ਦਿਨ ਮੇਰੇ ਪਿਤਾ ਜੀ ਰਿਆਜ਼ ਕਰ ਰਹੇ ਸੀ ਕਿ ਭੂਆ ਜੀ ਆਏ।"

ਜਿਵੇਂ ਹੀ ਸਿਮਰਨ ਨੇ 'ਭੂਆ ਜੀ' ਕਿਹਾ ਤਾਂ ਸੁੱਖੀ ਦੇ ਕੰਨ ਖੜ੍ਹੇ ਹੋ ਗਏ। ਉਹ ਉਸ ਨੂੰ ਹੈਰਾਨੀਜਨਕ ਨਜ਼ਰਾਂ ਨਾਲ ਇੰਝ ਤੱਕਣ ਲੱਗੀ ਜਿਵੇਂ ਸਿਮਰਨ ਦਾ ਨਿੱਕਹਤ ਦੀ ਮਾਂ ਨਾਲ ਆਪਣਾ ਸਾਕ ਦੱਸਣਾ ਕੋਈ ਅਚੰਭੇ ਵਾਲੀ ਗੱਲ ਹੋਵੇ।

ਸੁੱਖੀ ਨੂੰ ਹੈਰਾਨਜਨਕ ਨਿਗਾਹਾਂ ਨਾਲ ਆਪਣੀ ਵੱਲ ਤਕਦੀ ਦੇਖ ਕੇ ਸਿਮਰਨ ਬੋਲੀ, "ਮੇਰਾ ਮਤਲਬ ਨਕਹਤ ਦੇ ਮੰਮੀਂ ਆਏ। ਮੇਰੇ ਬੀਜੀ ਨੇ ਉਨ੍ਹਾਂ ਨੂੰ ਅੰਦਰ ਲਿਆਂਦਾ ਤੇ ਉਹ ਸੋਫ਼ੇ 'ਤੇ ਬੈਠ ਕੇ ਮੇਰੇ ਪਿਤਾ ਜੀ ਨੂੰ ਪੁੱਛਣ ਲੱਗੀ, "ਵੇ ਸਰਦਾਰਾ, ਪਿੱਛਾ ਕਿੱਥੋਂ ਵੇ?

"ਜ਼ਿਲਾ ਜਲੰਧਰ।"

"ਵੇ ਅੜਿਆ ਜੱਦੀ ਪੁਸ਼ਤੀ ਪਹਿਲੋਂ ਤੋਂ ਇੱਧਰ ਜਾਂ ਦੂਜੇ ਪਾਰੋਂ?"

"ਨਈਂ।" ਮੇਰੇ ਪਿਤਾ ਜੀ ਕੁਝ ਸੋਚ ਕੇ ਬੋਲੇ, "ਘੁੰਮਨ, ਸਿਆਲਕੋਟੋਂ।"

"ਅੜਿਆ ਕਿਹੜਾ ਘੁੰਮਨ?" "ਸਿਆਲਕੋਟ ਦੇ ਮਸ਼ਹੂਰ ਨਾਲੇ ਵਾਲਾ?"

"ਹਾਂ ਉਹੀ।"

"ਕਿਸੇ ਬੜੇ ਵਡੇਰੇ ਦਾ ਨਾਂ ਦੱਸ ਸੇਂ?"

"ਦੀਦਾਰ ਸਿੰਘ ਮੇਰਾ ਪਿਤਾ ਸੀ।" ਉਹ ਰੁਕ ਕੇ ਬੋਲੇ, "ਪਿਤਾ ਜੀ ਮੁਤਾਬਿਕ, ਇਕ ਉਨ੍ਹਾਂ ਦਾ ਵੱਡਾ ਭਰਾ ਸੀ ਮੁਖ਼ਤਿਆਰ ਸਿੰਘ। ਉਹ ਉੱਧਰ ਰਹਿ ਗਿਆ ਸੀ। ਵੰਡੋਂ ਬਾਅਦ ਨਾ ਉਸਦੀ ਉੱਘ ਮਿਲੀ ਨਾ ਸੁੱਘ, ਨਾ ਖ਼ਬਰ ਸਾਰ।"

"ਵੇ ਅੜਿਆ ਕਦੀ ਮੋਈਆਂ ਦੀਆਂ ਕਬਰਾਂ ਵੀ ਖ਼ਬਰਾਂ ਭੇਜੀਆਂ?" ਉਹ ਤਾਂ ਬਸ ਸੱਦ ਦੀਆਂ।"

ਇਹ ਆਖ ਚਰਾਗ਼ ਬੀਬੀ ਨੇ ਮੂੰਹ 'ਤੇ ਹੱਥ ਰੱਖ ਲਿਆ। ਦੇਖਣ ਨੂੰ ਇੰਜ ਲਗਦਾ ਸੀ ਜਿਵੇਂ ਉਹ ਮਨ ਵਿਚ ਉੱਠੇ ਕਿਸੇ ਗ਼ੁਬਾਰ ਨੂੰ ਦਬਾ ਰਹੀ ਹੋਵੇ। ਫਿਰ ਉਸਨੇ ਦੋ ਕੁ ਪਲ ਚੁੱਪ ਰਹਿ ਕੇ ਸਿਰ ਦਾ ਕਨਾਰੀ ਵਾਲਾ ਚਿੱਟਾ

ਦੁਪੱਟਾ ਉਤਾਰਿਆ। ਹੱਥ ਨਾਲ ਮਹਿੰਦੀ ਰੰਗੇ ਵਾਲ ਸੰਵਾਰੇ। ਦੁਪੱਟਾ ਸਿਰ 'ਤੇ ਲਿਆ ਤੇ ਇਕ ਪੱਲੂ ਨਾਲ ਅੱਖਾਂ ਦਾ ਨਮ ਚੂਸ ਕੇ ਬੋਲੀ, "ਕੀ ਤੂੰ ਪੀਤਾ ਵੇਂ ਅੜਿਆ, ਜਿੜ੍ਹਾ ਛੋਟਾ ਹੁੰਦਾ ਗਾਉਂਦਾ ਹੁੰਦਾ ਸੀ, "ਇੱਥੋਂ ਉਡ ਜਾ ਭੋਲਿਆ ਪੰਛੀਆ, ਵੇ ਤੂੰ ਅਪਣੀ ਜਾਨ ਬਚਾ?"

"ਹਾਂ।" "ਪਰ ਮੈਂ ਤੈਨੂੰ ਪਛਾਣਿਆਂ ਨਈਂ ਚਰਾਗ਼ ਬੀਬੀ?"

"ਵੇ ਅੜਿਆ ਤੂੰ ਕਿਵੇਂ ਪਛਾਣੇਗਾ, ਤੂੰ ਉਦੋਂ ਛੋਟਾ ਸੇਂ। ਚਾਰ ਕੁ ਸਾਲਾਂ ਦਾ ਮਸ਼ੋਰ। ਮੈਂ ਤੈਨੂੰ ਖਡਾਉਂਦੀ ਹੁੰਦੀ ਸੇਂ।"

"ਮੈਂ ਐਨਾ ਵੀ ਛੋਟਾ ਨਈਂ ਸੀਂ ਚਰਾਗ਼ ਬੀਬੀ, ਮੈਨੂੰ ਸਭ ਚੇਤੇ ਆ।"

"ਵੇ ਪੀਤਿਆ ਮੈਂ ਚਰਾਗ਼ ਬੀਬੀ ਨਹੀਂ। ਮੈਂ ਵਾਂ ਤੇਰੇ ਤਾਏ ਦੀ ਧੀ, ਚਰਨੋਂ।" "ਦਾਰੇ ਚਾਚੇ ਦੀ ਚਰਨੋਂ ਝੱਕਰੀ, ਚਰਨੋ ਚਾਟੀ।" "ਚਾਚੀ ਬੰਤੋ ਦੀ ਭੁੱਚਰੀ।"

ਜਦੋਂ ਚਰਾਗ਼ ਬੀਬੀ ਨੇ, "ਦਾਰੇ ਚਾਚੇ ਦੀ ਚਰਨੋ ਝੱਕਰੀ, ਚਰਨੋ ਚਾਟੀ ਤੇ ਚਾਚੀ ਬੰਤੋ ਦੀ ਭੁੱਚਰੀ" ਕਿਹਾ ਤਾਂ ਪਤਾ ਨਹੀਂ ਮੇਰੇ ਪਿਤਾ ਜੀ ਨੂੰ ਕੀ ਹੋਇਆ। ਉਹ ਇਕ ਦਮ ਉੱਠੇ ਤੇ ਵਾਜੇ ਦੇ ਉੱਪਰਦੀ ਟੱਪ ਕੇ ਚਰਾਗ਼ ਬੀਬੀ ਵੱਲ ਵੱਧੇ।

ਮੇਰੇ ਪਿਤਾ ਨੂੰ ਦੇਖ ਕੇ ਚਰਾਗ਼ ਬੀਬੀ ਵੀ ਉੱਠੀ। ਉਹ ਇਕ ਦੂਜੇ ਵੱਲ ਵਧੇ। ਗਲ਼ ਲੱਗ ਕੇ ਮਿਲੇ। ਰੋਏ। ਫਿਰ ਦੋਹਾਂ ਨੇ ਬੈਠ ਕੇ ਪਤਾ ਨਹੀਂ ਕੀ ਕੀ ਗੱਲਾਂ ਕੀਤੀਆਂ। ਕਿਹਨੂੰ ਕਿਹਨੂੰ ਯਾਦ ਕਰ ਕਰ ਕੇ ਰੋਏ। ਢਾਹਾਂ ਤੇ ਭੁੱਬਾਂ ਮਾਰੀਆਂ। ਕੀਰਨੇ ਪਾਏ।"

ਸ਼ਾਇਦ ਹੋਰ ਵੀ ਦਿਲ ਦਹਿਲਾਉਣ ਵਾਲੀਆਂ ਗੱਲਾਂ ਹੁੰਦੀਆਂ ਪਰ, ਟੈਲੀਫੋਨ ਦੀ ਘੰਟੀ ਨੇ ਗੱਲਾਂ ਦਾ ਇਹ ਸਿਲਸਿਲਾ ਤੋੜ ਦਿੱਤਾ। ਸੁੱਖੀ ਨੇ ਫੋਨ ਚੁੱਕ ਕੇ ਹੈਲੋਅ ਕਹੀ ਤਾਂ ਅੱਗੋਂ ਪੁੱਛਣ ਵਾਲੇ ਦੇ ਜਵਾਬ ਵਿਚ ਸੁੱਖੀ ਬੋਲੀ, "ਨਈਂ ਉਹ ਹਾਲੇ ਇੱਥੇ ਈ ਨੇ।"

"ਮੈਂ ਇਨ੍ਹਾਂ ਨੂੰ ਕੰਮ 'ਤੇ ਆ ਕੇ ਅਰਜ਼ੀ ਭਰਨ ਲਈ ਕਹਿ ਦਿਆਂਗੀ।"

"ਕੰਮ ਤੇ ਰੱਖਵਾ ਵੀ ਦਿਆਂਗੀ।" ਸੁੱਖੀ ਬੋਲੀ, "ਹੋਰ ਦੱਸੋ।"

"ਅੱਛਾ ਮੈਂ ਤੁਹਾਨੂੰ ਫੇਰ ਫੋਨ ਕਰਦੀ ਆਂ।" ਸੁੱਖੀ ਨੇ ਆਖ ਕੇ ਫੋਨ ਰੱਖ ਦਿੱਤਾ।

ਹਾਲੇ ਸੁੱਖੀ ਨੇ ਫੋਨ ਰੱਖਿਆ ਹੀ ਸੀ ਕਿ ਨਕਹਤ ਨੇ ਪਰਸ ਖੋਲ੍ਹਿਆ, ਇਕ ਲਫਾਫਾ ਕੱਢਿਆ, ਮੇਜ਼ 'ਤੇ ਰੱਖਿਆ ਤੇ "ਅਸੀਂ ਹੁਣ ਚਲਦੀਆਂ" ਆਖ ਕੇ ਉੱਠੀ। ਪਰਸ ਮੋਢੇ 'ਤੇ ਲਟਕਾਇਆ ਤੇ "ਰੱਬ ਰਾਖਾ" ਆਖ ਦਰ ਖੋਲ੍ਹਿਆ ਤੇ ਦਰੋਂ ਬਾਹਰ ਹੋ ਗਈ। ਉਸਦੇ ਪਿੱਛੇ ਸਿਮਰਨ ਵੀ।

13

ਸੁੱਖ ਨਾਲ, ਸੁੱਖੀ ਦਾ ਭਤੀਜਾ ਮਨਿੰਦਰ ਜਵਾਨ ਹੋ ਗਿਆ ਸੀ। ਬਾਰਾਂ ਕਰ ਕੇ ਇੱਥੋਂ ਦੇ ਸਥਾਨਿਕ ਟੈਕਨੀਕਲ ਕਾਲਜ ਤੋਂ "ਬੁੱਕ ਕੀਪਿੰਗ" ਅਰਥਾਤ 'ਮਨੀਮੀ' ਦਾ ਕੋਰਸ ਕਰ ਕੇ ਆਮਦ-ਦਰਾਮਦ ਦੀ ਇਕ ਕੰਪਨੀ ਨਾਲ ਕੰਮ ਕਰਨ ਲੱਗ ਪਿਆ ਸੀ। ਦੇਖਣ ਨੂੰ ਪਿਓ ਵਰਗਾ ਸੁਹਣਾ ਪਰ ਬਹੁਤਾ ਖਾਣ ਦਾ ਸ਼ੌਕੀਨ ਹੋਣ ਕਾਰਨ ਸ਼ਰੀਰ ਦਾ ਭਾਰਾ ਸੀ। ਘਰ ਵਾਲੇ ਲਾਡ ਨਾਲ ਉਸ ਨੂੰ ਮਨੂੰ ਕਹਿੰਦੇ ਪਰ ਲੋਕ 'ਮਣੂੰ'। ਭਾਵੇਂ ਉਹ ਮਨੂੰ ਸੀ ਜਾਂ ਮਣੂੰ, ਉਹ ਕੰਮ ਮਨ ਲਾ ਕੇ ਕਰਦਾ ਸੀ।

ਸੁੱਖੀ ਦੇ ਕੰਮ 'ਤੇ ਕੱਚੇ ਕਾਮੇ ਵੱਧ ਜਾਣ ਕਾਰਨ, ਲੰਚ ਰੂਮ ਵਿਚ ਹੁਣ ਸੁੱਖੀ ਹੁਣਾ ਵਾਲਾ ਮੇਜ਼ ਵੀ ਖੱਚਾ ਖੱਚ ਭਰ ਜਾਂਦਾ। ਉਹ ਜਿਵੇਂ ਫਾਰਸੀ ਦੀ ਕਹਾਵਤ ਹੈ ਨਾ, "ਕਬੂਤਰ ਬਾ ਕਬੂਤਰ, ਬਾਜ਼ ਬਾ ਬਾਜ਼ः ਕੁੰਦ ਹਮਜਿੰਸ, ਹਮਜਿੰਸ ਪਰਵਾਜ।" ਵਾਂਗ, ਸੁੱਖੀ ਹੁਣਾਂ ਦੇ ਮੇਜ਼ 'ਤੇ ਉਹ ਹੀ ਜਨਾਨੀਆਂ ਲੰਚ ਜਾਂ ਕਾਫੀ ਬਰੇਕ ਵਿਚ ਆ ਕੇ ਬੈਠਦੀਆਂ ਜਿਨ੍ਹਾਂ ਨੂੰ ਉਨ੍ਹਾਂ ਵਰਗੀਆਂ ਗੱਲਾਂ ਕਰਨ ਦਾ ਸ਼ੌਕ ਜਾਂ ਸੁਣਨ ਵਿਚ ਦਿਲਚਸਪੀ ਹੁੰਦੀ। ਉਨ੍ਹਾਂ ਤੋਂ ਇਲਾਵਾ ਉਹ ਕੱਚੇ ਕਾਮੇ ਵੀ ਹੁੰਦੇ ਜਿਨ੍ਹਾਂ ਦੀ ਕੋਸ਼ਿਸ਼, ਕਿਸੇ ਨਾ ਕਿਸੇ ਤਰੀਕੇ ਨਾਲ ਸੁੱਖੀ ਦੀ ਨੇੜਤਾ ਪ੍ਰਾਪਤ ਕਰਨੀ ਹੁੰਦੀ ਤਾਂ ਜੋ ਉਹ ਪੱਕੇ ਹੋ ਸਕਣ ਜਿਸ ਲਈ ਉਹ ਕਈ ਤਰਾਂ ਦੇ ਹੱਥਕੰਡੇ ਵਰਤਦੇ।

ਇਕ ਦਿਨ ਕਿਸ਼ਨੋ ਨਾਂ ਦੀ ਇਕ ਕੱਚੀ ਕਾਮੀ ਨੇ ਸੁੱਖੀ ਨੂੰ ਕਿਹਾ, "ਸੁੱਖੀ ਭੈਣ ਜੀ, ਸਾਡਾ ਇਕ ਰਿਸ਼ਤੇਦਾਰ ਆ। ਇਨ੍ਹਾਂ ਦੇ ਮਾਮੇ ਦਾ ਪੁੱਤ। ਉਨ੍ਹਾਂ ਦੀ ਇੱਕੋ ਇਕ ਧੀ ਆ। ਉੱਚੀ, ਸਾਫ਼ ਰੰਗ ਤੇ ਅਕਹਿਰੇ ਸਰੀਰ ਦੀ। ਜੇ ਤੂੰ ਕਹੇਂ ਤਾਂ ਤੇਰੇ ਭਤੀਜੇ ਲਈ ਸਾਕ ਲੈ ਆਵਾਂ?"

"ਪਰ ਉਹਦੀ ਤਾਂ ਜ਼ਿੱਦ ਆ ਕਿ ਵਿਆਹ ਐਥੇ ਦੀ ਜੰਮੀ ਪਲੀ ਕੁੜੀ ਨਾਲ ਹੀ ਕਰਵਾਉਣਾ ਨਹੀਂ ਤਾਂ ਨਹੀਂ।"

"ਭੈਣ ਜੀ, ਗੁੱਸਾ ਨਾ ਕਰਿਉ।" ਕਿਸ਼ਨੋ ਬੋਲੀ, "ਉਹ ਕਿਹੜਾ ਐਥੇ ਦਾ ਜੰਮਿਆ।"

"ਉਹ ਤਾਂ ਠੀਕ ਆ" ਸੁੱਖੀ ਨੇ ਜਵਾਬ ਦਿੱਤਾ, "ਉਹ ਹੀ ਨਈਂ, ਉਹਦਾ ਪਿਉ ਵੀ ਨਹੀਂ ਮੰਨਦਾ।" ਸੁੱਖੀ ਰੁਕ ਕੇ ਬੋਲੀ, "ਕਹਿੰਦਾ, "ਮੁੰਡਾ ਦੇਸ ਵਿਆਹੁਣਾ ਕੁੜੀ ਦੇ ਸਾਰੇ ਟੱਬਰ ਨਾਲ ਨਕਾਹ ਕਰਨਾ।" ਉਹ ਰੁਕ ਕੇ ਬੋਲੀ, "ਦੇਸੋਂ ਬਹੁਤ ਰਿਸ਼ਤੇ ਆਏ, ਉਨ੍ਹੇ ਸਭ ਠੁਕਰਾ ਦਿੱਤੇ।"

"ਕਿਨ੍ਹੇ? ਮੁੰਡੇ ਨੇ।"

"ਨਈਂ ਪਿਓ ਨੇ।" ਸੁੱਖੀ ਨੇ ਕਿਸ਼ਨੋਂ ਦੀ ਗੱਲ ਟੋਕਦੀ ਨੇ ਕਿਹਾ, "ਉਹ ਕਹਿੰਦਾ ਪਹਿਲਾਂ ਕੁੜੀ ਮੰਗਵਾਓ ਫਿਰ ਉਸਦਾ ਸਾਰਾ ਲਾਣਾ। ਲਾਣੇ ਨੂੰ ਮੰਗਵਾਉਣ ਲਈ, ਮੁੰਡਾ ਦਿਨ ਰਾਤ ਖੋਤੇ ਵਾਂਗੂੰ ਕੰਮ ਕਰੇ। ਪਹਿਲਾਂ ਆਇਆਂ

ਨੂੰ ਸਾਂਭੋ। ਫਿਰ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰੋ, ਚਾਹੇ ਆਪਣੀ ਬੇਸਮੈਂਟ ਵਿਚ ਹੀ ਕਿਉਂ ਨਾ ਹੋਵੇ ਜਿੰਨਾ ਚਿਰ ਉਹ ਥਾਹੋਂ ਥਾਹੀਂ ਨਹੀਂ ਹੋ ਜਾਂਦੇ।"

"ਹੈਨਾ ਕੁ ਤਾਂ ਕਰਨਾ ਈ ਪੈਂਦਾ ਨਵੇਂ ਆਇਆਂ ਲਈ ਭੈਣ ਜੀ।" ਕਿਸ਼ਨੋ ਬੋਲੀ।

"ਉਹ ਤਾਂ ਠੀਕ ਆ ਪਰ ਮੇਰਾ ਭਰਾ ਕਹਿੰਦਾ, "ਜਦੋਂ ਉਹ ਸੈੱਟ ਹੋ ਜਾਣ ਤਾਂ ਫਿਰ ਉਨ੍ਹਾਂ ਦੀਆਂ ਨਹੋਰੇ ਭਰੀਆਂ ਗੱਲਾਂ ਸੁਣੋ। ਪਹਿਲਾਂ, ਕੈਨੇਡਾ ਵਿਚ ਆਇਆਂ ਬਾਰੇ, ਫਿਰ ਆਪਣੇ ਖ਼ਿਲਾਫ਼ ਤੇ ਫਿਰ ਕੈਨੇਡਾ ਵਿਰੁੱਧ।"

ਕਿਸ਼ਨੋ ਨੇ ਕੋਈ ਹੁੰਗਾਰਾ ਨਾ ਭਰਿਆਂ ਤਾਂ ਸੁੱਖੀ ਸਾਹ ਲੈ ਕੇ ਬੋਲੀ, "ਉਹ ਕਹਿੰਦਾ, "ਨਵੇਂ ਆਏ ਕਹਿੰਦੇ ਆ "ਕੈਨੇਡਾ ਵਾਲੇ ਨਮੋਹਰੇ ਆ। ਕਿਸੇ ਨਾਲ ਮਿਲਦੇ ਵਰਤਦੇ ਨਈ। ਨਿਆਣੇ ਬਗਾੜਿਉ ਆ। ਪਾਲਣੇ ਨਈਂ ਆਉਂਦੇ। ਇਹ ਵੀ ਕੋਈ ਦੇਸ ਆ ਰਹਿਣ ਵਾਲਾ, ਇੱਥੇ ਹਰ ਗੱਲ ਕਨੂੰਨ 'ਚ ਕਰਨੀ ਪੈਂਦੀ ਆ। ਨਾ ਨਿਆਣੇ ਨੂੰ ਝਿੜਕਣ ਦੀ ਆਗਿਆ ਨਾ ਮਾਰਨ ਦੀ।"

"ਕਨੂੰਨ ਤਾਂ ਕਨੂੰਨ ਆ ਭੈਣ ਜੀ।"

ਆਹੋ" ਸੁੱਖੀ ਬੋਲੀ, "ਜਦੋਂ ਫੇ ਉਹ ਆਪਣਾ ਘਰ ਲੈ ਲੈਂਦੇ ਆ ਤਦ ਮਿਲਣਾ ਤਾਂ ਇਕ ਪਾਸੇ ਬੋਲਣ ਦਾ ਭਾਅ ਵੀ ਨਹੀਂ ਰਹਿੰਦਾ। ਜਿੱਦਾਂ ਉਨ੍ਹਾਂ ਨੇ ਕੁੜੀ ਵਿਆਹ ਕੇ ਤੁਹਾਡੇ ਸਿਰ ਅਸਾਨ ਕੀਤਾ ਹੋਵੇ।" ਸੁੱਖੀ ਨੇ ਆਪਣੇ ਭਰਾ ਦੀ ਦਲੀਲ ਦਾ ਭੋਗ ਪਾਉਂਦੀ ਨੇ ਕਿਹਾ।

"ਹੈ ਤਾਂ ਤੇਰੇ ਭਰਾ ਦੀ ਦਲੀਲ ਠੀਕ ਭੈਣ ਜੀ।" ਕਿਸ਼ਨੋ ਬੋਲੀ, "ਲੋਕ ਕਰਦੇ ਵੀ ਤਾਂ ਇੱਦਾਂ ਈ ਆਂ।" "ਆਹ ਦੇਖ ਲਿਉ, ਜੇ ਮਨ ਬਣਿਆਂ ਤਾਂ।" ਉਸਨੇ ਪਰਸ ਵਿੱਚੋਂ ਕੁੜੀ ਦੀ ਤਸਵੀਰ ਕੱਢ ਕੇ ਸੁੱਖੀ ਨੂੰ ਦਿੰਖਾਉਂਦੀ ਨੇ ਕਿਹਾ।

"ਕੁੜੀ ਤਾਂ ਸੁਹਣੀ ਆਂ।" ਸੁੱਖੀ ਨੇ ਤਸਵੀਰ ਦੇਖ ਕੇ ਕਿਹਾ, "ਮੇਰਾ ਖਿਆਲ ਨਈਂ ਉਹ ਮੰਨਣ।" ਸੁੱਖੀ ਰੁਕ ਕੇ ਬੋਲੀ, "ਮੈਂ ਫੇ ਵੀ 'ਟਰਾਈ' ਕਰ ਕੇ ਦੇਖੂੰਗੀ।"

ਹੁਣ ਸੁੱਖੀ ਦੇ ਭਤੀਜੇ ਮਨਿੰਦਰ ਲਈ ਦੂਰੋਂ ਦੂਰੋਂ ਰਿਸ਼ਤੇ ਆਉਣ ਲੱਗੇ। ਹਰ ਸਾਕ ਲਿਆਉਣ ਵਾਲਾ ਸੁੱਖੀ ਨਾਲ ਹੀ ਗੱਲ ਕਰਦਾ। ਸ਼ਾਇਦ ਸੁੱਖੀ ਰਾਹੀਂ ਰਿਸ਼ਤੇ ਦੀ ਗੱਲ ਕਰਨੀ ਸੌਖੀ ਸੀ ਕਿਉਂਕਿ ਸੁੱਖੀ ਦੇ ਸਾਰੇ ਰਿਸ਼ਤੇਦਾਰ ਉਸ ਦੀ ਮੁੱਠ ਵਿਚ ਸਨ ਸਵਾਏ ਛੋਟੀ ਭੈਣ ਨਿੰਦਰ ਤੋਂ, ਉਹ ਵੀ ਸ਼ਾਇਦ ਬੇਗੇ ਕਾਰਨ। ਕਿਉਂਕਿ ਬੇਗਾ ਹਾਲੇ ਵੀ ਚੋਰੀ ਛਿੱਪੀ ਸੁੱਖੀ ਨੂੰ ਮਿਲਣ ਆਉਂਦਾ ਸੀ। ਉਹ ਐਨੀ ਵੀ ਬਾਗ਼ੀ ਨਹੀਂ ਸੀ ਕਿ ਉਸਦੀ ਗੱਲ ਨਹੀਂ ਸੀ ਮੰਨਦੀ। ਜਿੱਦਾਂ ਸੁੱਖੀ ਕਹਿੰਦੀ ਉਵੇਂ ਹੀ ਕਰਦੀ ਪਰ ਕਰਦੀ ਆਪਣੀ ਮਰਜ਼ੀ ਤੇ ਦਲੀਲ ਨਾਲ।

ਜਿੰਨੇ ਵੀ ਰਿਸ਼ਤੇ ਆਏ, ਦੇਸ ਵਸਦੀਆਂ ਕੁੜੀਆਂ ਦੇ ਹੀ ਆਏ।

ਫਿਰ ਇਕ ਰਿਸ਼ਤਾ ਸਰੀਟਾ ਨਾਂ ਦੀ ਕੁੜੀ ਦਾ ਐਡਮਿੰਨਟਨ ਤੋਂ ਆਇਆ। ਸਰੀਟਾ ਦੇਸ ਜੰਮੀ ਸੀ ਪਰ ਪਲੀ ਤੇ ਪੜ੍ਹੀ ਅਲਬਰਟਾ ਵਿਚ ਸੀ। ਸੁੱਖੀ ਆਪਣੇ ਭਰਾ ਕੁਲਤਾਰ ਕੋਲ ਗਈ ਜਿੱਥੇ ਉਸਦੇ ਬਿਰਧ ਮਾਤਾ ਪਿਤਾ

ਜੁਰਿੰਦਰ ਕੌਰ ਤੇ ਨੱਥਾ ਸਿੰਘ ਵੀ ਰਹਿੰਦੇ ਸਨ। ਸੁੱਖੀ ਨੇ ਰਿਸ਼ਤੇ ਦੀ ਗੱਲ ਛੇੜਦੀ ਨੇ ਕਿਹਾ, "ਭਾਜੀ, ਤੁਸੀਂ ਕਿੰਨਾ ਕੁ ਚਿਰ ਆਏ ਰਿਸ਼ਤੇ ਠੁਕਰਾਉਂਦੇ ਰਹੋਂਗੇ? ਅੰਤ ਕਿਤੇ ਤਾਂ ਹਾਂ ਕਰਨੀ ਪੈਣੀ ਆਂ।"

"ਉਹ ਤਾਂ ਠੀਕ ਆ ਪਰ ਮੁੰਡਾ ਵੀ ਤਾਂ ਮੰਨੇ।"

"ਤੂੰ ਮੰਨੇਗਾਂ ਤਾਂ ਮੁੰਡਾ ਮੰਨੂੰ।" ਨੱਥਾ ਸਿੰਘ ਬੋਲਿਆ, "ਆਹ ਕੁੜੀ ਦੀ ਗੱਲ ਸੁਣ ਇਹ ਠੀਕ ਕਹਿੰਦੀ ਆ।"

"ਕਾਕਾ ਜੇ ਤੂੰ ਹਾਂ ਕਰੇਂਗਾ ਤਾਂ ਮੁੰਡਾ ਕਰੂ।" ਜੋਰਿੰਦਰ ਕੌਰ ਬੋਲੀ, "ਅਸੀਂ ਵੀ ਜੀਂਦੇ ਜੀਅ ਕੋਈ ਖ਼ੁਸ਼ੀ ਦੇਖ ਲਈਏ।"

ਕੁਲਤਾਰ ਨੇ ਮਨਿੰਦਰ ਨੂੰ ਬੁਲਾ ਕੇ ਆਏ ਰਿਸ਼ਤੇ ਬਾਰੇ ਪੁੱਛਿਆ। ਮਨਿੰਦਰ ਨਾ ਮੰਨਿਆਂ ਪਰ ਦਾਦੇ ਦੇ ਕਹਿਣ 'ਤੇ ਬੋਲਿਆ, "ਮੈਂ ਪਹਿਲਾਂ ਕੁੜੀ ਦੇਖਣੀ ਆ।"

"ਪਰ ਕੁੜੀ ਦੇਖਣ ਐਡਮਿਨਟਨ ਜਾਣਾ ਪੈਣਾ।" ਸੁੱਖੀ ਬੋਲੀ।

"ਕੋਈ ਗੱਲ ਨਈਂ ਆਂਟੀ।" ਮਨਿੰਦਰ ਨੇ ਜਵਾਬ ਦਿੱਤਾ, "ਮੈਂ ਜਾ ਆਊਂਗਾ।"

ਸੁੱਖੀ ਨੇ ਉੱਥੋਂ ਬੈਠੀ ਨੇ ਸਿੱਧਾ ਸਰੀਟਾ ਦੇ ਪਿਉ ਫੌਜੀ ਅਜਮੇਰ ਸਿੰਘ ਨੂੰ ਫੋਨ ਕੀਤਾ। ਫਤਹੇ ਫਤੂਹੀ ਤੋਂ ਬਾਅਦ ਸੁੱਖੀ ਬੋਲੀ, "ਭਾ ਜੀ, ਮਨਿੰਦਰ ਕੁੜੀ ਦੇਖਣੀ ਚਾਹੁੰਦਾ।"

"ਉਹ ਤਾਂ ਠੀਕ ਆ।" ਫੌਜੀ ਅਜਮੇਰ ਸਿੰਘ ਬੋਲਿਆ, "ਪਰ, ਕੁੜੀ ਦੇਖ ਕੇ ਹਾਂ ਕਰਨੀ ਪੈਣੀ ਆ। ਨਹੀਂ ਤਾਂ ਮੈਂ ਕੁੜੀ ਨਹੀਂ ਦਿਖਾਉਣੀ।"

"ਅੱਛਾ ਮੈਂ ਤੁਹਾਨੂੰ ਸਲਾਹ ਕਰ ਕੇ ਦੱਸਦੀ ਆਂ।" ਸੁੱਖੀ ਨੇ ਆਖ ਕੇ ਫੋਨ ਰੱਖ ਦਿੱਤਾ।

ਕੁੜੀ ਦੇਖ ਕੇ ਹਾਂ ਕਰਨ ਵਾਲੀ ਗੱਲ ਸਾਰੇ ਟੱਬਰ ਨੂੰ ਚੰਗੀ ਲੱਗੀ। ਉਹ ਵੀ ਨਹੀਂ ਸੀ ਚਾਹੁੰਦੇ ਕਿ ਕਿਸੇ ਦੀ ਕੁੜੀ ਦੇਖ ਕੇ ਨਾਂਹ ਕੀਤੀ ਜਾਵੇ ਤੇ ਕਿਸੇ ਦੇ ਧੀਂ ਪੁੱਤ ਦੀ ਐਵੇਂ ਹੋਏ ਹੋਏ ਹੋਵੇ।

"ਹੁਣ ਤੂੰ ਸੋਚ ਕੀ ਕਰਨਾ।" ਸੁੱਖੀ ਨੇ ਮਨਿੰਦਰ ਨੂੰ ਕਿਹਾ, "ਕੁੜੀ ਦੇਖਣੀ ਜਾਂ।"

"ਕੁੜੀ ਦੇਖਣੀ ਤਾਂ ਹਾਂ ਕਰਨੀ ਪੈਣੀ।" ਕੁਲਤਾਰ ਨੇ ਆਪਣਾ ਨਿਰਨਾ ਦਿੱਤਾ।

"ਜੇ ਨਾ ਪਸੰਦ ਆਈ ਤਾਂ?" ਸੁੱਖੀ ਦੀ ਭਰਜਾਈ ਨਿਰਦੀਪ ਬੋਲੀ।

"ਇਹ ਹੁਣ ਤੁਸੀਂ ਸੋਚ ਲਓ।" ਸੁੱਖੀ ਬੋਲੀ, "ਇਹ ਕੁੜੀ ਵਾਲਿਆਂ ਦੀ ਸ਼ਰਤ ਆ।"

ਮਨਿੰਦਰ, ਕੁਲਤਾਰ ਦੇ ਕਹਿਣ 'ਤੇ ਮਨ ਗਿਆ ਤਾਂ ਸੁੱਖੀ ਨੇ ਆਉਣ ਵਾਲਾ ਵੀਕਐਂਡ ਕੁੜੀ ਦੇਖਣ ਲਈ ਨਿਸਚਿਤ ਕਰ ਦਿੱਤਾ। ਸੁੱਖੀ ਵੀ ਨਾਲ ਜਾਣਾ ਚਾਹੁੰਦੀ ਸੀ ਪਰ ਕਿਸੇ ਕਾਰਨ ਨਾ ਜਾ ਸਕੀ।

ਮਨਿੰਦਰ ਤੇ ਮਨਿੰਦਰ ਦੀ ਮਾਂ ਨਿਰਦੀਪ ਕੁੜੀ ਨੂੰ ਦੇਖਣ ਗਏ। ਮਾਂ ਨੂੰ ਸਰੀਟਾ ਦੀ ਮੇਕਅੱਪ ਤੇ ਨਾਜ਼ ਨਖਰੇ ਪਸੰਦ ਨਾ ਆਏ। ਪਰ, ਮੁੰਡੇ ਨੇ ਪਿਉ ਤੋਂ ਡਰਦੇ ਨੇ ਹਾਂ ਕਰ ਦਿੱਤੀ। ਵਿਆਹ ਹੋ ਗਿਆ। ਵਿਆਹ ਵਿਚ ਸਰੀਟਾ ਨੂੰ ਖੂਬ ਗਹਿਣੇ ਪਾਏ ਗਏ। ਭਾਰੀਆਂ ਭਾਰੀਆਂ ਸਾੜ੍ਹੀਆਂ ਤੇ ਇੱਧਰ ਦੀਆਂ ਕੀਮਤੀ ਕੀਮਤੀ ਡਰੈਸਾਂ ਲੈ ਕੇ ਦਿੱਤੀਆਂ ਗਈਆਂ।

ਰਿਸੈਪਸ਼ਨ ਦਾ ਇਕ ਬੜੇ ਹਾਲ ਵਿਚ ਪ੍ਰਬੰਧ ਕੀਤਾ ਗਿਆ। ਦੂਰੋਂ ਨੇੜਿਉਂ ਸਭ ਰਿਸ਼ਤੇਦਾਰ ਤੇ ਦੋਸਤ ਮਿੱਤਰ ਸ਼ਾਮਿਲ ਹੋਣ ਲਈ ਆਏ। ਉਨ੍ਹਾਂ ਨਾਲ ਕੁਝ ਉਹ ਲੋਕ ਵੀ ਆਏ ਜਿਨ੍ਹਾਂ ਨੂੰ ਬੁਲਾਇਆ ਤਾਂ ਨਹੀਂ ਸੀ ਗਿਆ ਪਰ ਉਹ ਸ਼ਾਮਿਲ ਹੋਣ ਵਾਲਿਆਂ ਨੂੰ ਮਿਲਣ ਆਇਉ ਸੀ।

ਸਰੀਟਾ ਨੇ, ਰਿਸੈਪਸ਼ਨ 'ਤੇ ਜਾਣ ਵੇਲੇ, ਬਜਾਰੂ ਤੀਮੀਆਂ ਵਰਗੀ ਮੇਕਅੱਪ ਕਰ ਕੇ, ਆਪਣੀ ਹੀ ਮਰਜ਼ੀ ਦੀ ਲਿਆਂਦੀ ਬਿਨਾਂ ਬਰਾ ਤੋਂ ਉਹ ਕਾਲੀ ਡਰੈੱਸ ਪਾਈ ਜਿਸ ਵਿੱਚੀਂ, ਅੱਗਿਉਂ ਉਸਦੀਆਂ ਛਾਤੀਆਂ ਤੇ ਪਿੱਛੋਂ ਪੱਟਾਂ ਤੋਂ ਉੱਪਰ ਉਸਦੀ ਚੱਢੀ ਦਿਸਦੀ ਸੀ।"

ਜਦੋਂ ਕੁਲਤਾਰ ਨੇ ਸਰੀਟਾ ਨੂੰ ਦੇਖਿਆ ਤਾਂ ਉਹ ਹੱਕਾ ਬੱਕਾ ਰਹਿ ਗਿਆ। ਉਸਨੇ ਬੜੇ ਪਿਆਰ ਨਾਲ ਸਰੀਟਾ ਨੂੰ ਸਮਝਾਇਆ, "ਪੁੱਤਰ, ਅੱਜ ਸ਼ਗਨਾਂ ਦਾ ਦਿਨ ਆਂ। ਸ਼ਗਨਾਂ ਦੇ ਦਿਨ ਇੱਦਾਂ ਦੇ ਕੱਪੜੇ ਪਾ ਕੇ ਨਹੀਂ ਜਾਈਦਾ। ਜੇ ਤੈਨੂੰ ਸਾੜ੍ਹੀ ਬੰਨ੍ਹਣੀ ਨਹੀਂ ਆਉਂਦੀ ਤਾਂ ਕੋਈ ਲਾਲ ਜਾਂ ਗੁਲਾਬੀ ਰੰਗ ਦਾ ਸੂਟ ਪਾ ਲੈ। ਸਾਡੇ ਰਵਾਜਾਂ ਮੁਤਾਬਕ ਅੱਜ ਦੇ ਦਿਨ ਲਾਲ ਜਾਂ ਗੁਲਾਬੀ ਰੰਗ ਦੇ ਕੱਪੜੇ ਹੀ ਪਾਏ ਜਾਂਦੇ ਆ। ਕਾਲੇ ਨਈਂ।"

"ਪਰ, ਮੇਰਾ ਤਾਂ ਡੈਡ ਕਹਿੰਦਾ ਸੀ ਕਿ ਮੈਂ ਵਿਆਹ ਤੋਂ ਬਾਅਦ ਜੋ ਜੀ ਕਰਦਾ ਕਰ ਸਕਦੀ ਆਂ। ਜਿੱਦਾਂ ਦੇ ਕੱਪੜੇ ਪਾਉਣੇ ਚਾਹਾਂ ਪਾ ਸਕਦੀ ਆਂ। ਜਿੱਦਾਂ ਦੀ ਮੇਕਅੱਪ ਕਰਨੀ ਚਾਹਾਂ ਕਰ ਸਕਦੀ ਆਂ ਤੇ ਮਰਜ਼ੀ ਦੇ ਵਾਲ ਰੰਗ ਤੇ ਬਣਾ ਸਕਦੀ ਆਂ।" ਸਰੀਟਾ ਨੇ ਅੰਗਰੇਜ਼ੀ ਵਿਚ ਕਿਹਾ।

"ਅੱਜ ਨਈਂ। ਅੱਜ ਤੋਂ ਬਾਅਦ।"

"ਮੈਂ ਤਾਂ ਅੱਜ ਇਹ ਹੀ ਡਰੈਸ ਪਾ ਕੇ ਜਾਣਾ, ਨਹੀਂ ਤਾਂ ਨਹੀਂ ਜਾਣਾ।" ਸਰੀਟਾ ਨੇ ਨਿਰਨਾ ਦਿੱਤਾ ਤੇ ਲਿਵਿੰਗ ਰੂਮ ਵਿਚ "ਲੱਵ ਸਵੀਟ" 'ਤੇ, ਸਹੁਰੇ ਵੱਲ ਨੂੰ ਲੱਤਾਂ ਪਸਾਰ ਕੇ ਲੰਮੀ ਪੈ ਗਈ।

ਜਦੋਂ ਕੁਲਤਾਰ ਨੇ ਉਸ ਦੀਆਂ ਨੰਗੀਆਂ ਲੱਤਾਂ 'ਤੇ ਛਾਤੀਆਂ ਦੇਖੀਆਂ ਤਾਂ ਆਪ ਹੀ ਸ਼ਰਮ ਦਾ ਮਾਰਾ ਉੱਠ ਕੇ ਕਿਚਨ ਵਿਚ ਜਾ ਬੈਠਾ। ਮੇਜ਼ 'ਤੇ ਦੋਵੇਂ ਕੂਹਣੀਆਂ ਟਿਕਾ ਕੇ ਸਿਰ ਨੂੰ ਇੰਜ ਫੜ ਲਿਆ ਜਿਵੇਂ ਆਪਣੀ ਜ਼ਿੱਦ 'ਤੇ ਪਛਤਾਅ ਰਿਹਾ ਹੋਵੇ।

ਘਰ 'ਚ ਖ਼ੁਸ਼ੀ ਦੀ ਬਜਾਏ ਸੋਗ ਪੈ ਗਿਆ। ਮੁੰਡੇ ਨੇ ਸਮਝਾਇਆ। ਸੁੱਖੀ ਦੀ ਭਰਜਾਈ ਨਿਰਦੀਪ ਨੇ ਧੀ ਪੁੱਤ ਕਰ ਕੇ ਮਿੰਨਤ ਤਰਲਾ ਕੀਤਾ। ਪਰ ਸਰੀਟਾ ਟਸ ਤੋਂ ਮਸ ਨਾ ਹੋਈ। ਅੰਤ ਤੰਗ ਆ ਕੇ ਕੁਲਤਾਰ ਨੇ ਸੁੱਖੀ ਨੂੰ ਫ਼ੋਨ

ਕੀਤਾ। ਸੁੱਖੀ ਆ ਗਈ। ਸੁੱਖੀ ਨੇ ਜਦੋਂ ਸਰੀਟਾ ਨੂੰ ਦੇਖਿਆ ਤਾਂ ਉਸਨੇ ਪਹਿਲਾਂ ਵਿਚੋਲੇ ਨੂੰ ਫੋਨ ਕੀਤਾ ਤੇ ਫਿਰ ਸਰੀਟਾ ਦੇ ਪਿਉ ਨੂੰ ਜੋ ਰਸੈਪਸ਼ਨ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ ਤੇ ਸਰੀਟਾ ਦੇ ਮਾਮੇ ਕੋਲ ਠਹਿਰੇ ਹੋਏ ਸੀ। ਸਰੀਟਾ ਦੀ ਮਾਂ, ਪਿਉ, ਵਿਚੋਲਾ ਤੇ ਵਚੋਲਣ ਆ ਗਏ। ਸਰੀਟਾ ਨਾਲ ਗੱਲ ਕੀਤੀ। ਪਤਾ ਨਈਂ ਸਰੀਟਾ ਦੀ ਮਾਂ ਨੇ ਉਸਨੂੰ ਅੰਦਰ ਵੜ ਕੇ ਕੀ ਸਮਝਾਇਆ ਕਿ ਸਰੀਟਾ ਨੇ ਡਰੈਸ ਲਾਹ ਕੇ ਸਾੜ੍ਹੀ ਪਾ ਲਈ ਤੇ ਰਸੈਪਸ਼ਨ'ਤੇ ਚਲੇ ਗਈ।

ਨੱਥਾ ਸਿੰਘ ਤੇ ਜੁਗਿੰਦਰ ਕੌਰ ਦੀ ਧਰਤੀ ਨਾਲ ਅੱਡੀ ਨਹੀਂ ਸੀ ਲੱਗ ਰਹੀ। ਸਭ ਨੇ ਬੜਾ ਮੌਜ ਮੇਲਾ ਕੀਤਾ। ਖ਼ੂਬ ਧੂੰਮ ਧੜੱਕਾ ਹੋਇਆ। ਸ਼ਰਾਬ ਦੀ ਸ਼ਬੀਲ ਲਾਈ ਗਈ। ਭੰਗੜਾ ਪਾਇਆ ਗਿਆ। ਨਾਚ 'ਤੇ ਗਿੱਧਾ ਅੱਧੀ ਰਾਤ ਤੋਂ ਬਾਅਦ ਵੀ ਪੈਂਦਾ ਰਿਹਾ ਜਦੋਂ ਤਕ ਸਾਰੇ ਥੱਕ ਨਾ ਗਏ।

ਮਨਿੰਦਰ ਨੇ 'ਹਨੀ ਮੂਨ' ਲਈ ਹੋਟਲ ਬੁੱਕ ਕੀਤੀ ਹੋਈ ਸੀ। ਉਹ ਖਾਣੇ ਤੋਂ ਬਾਅਦ ਸਰੀਟਾ ਨੂੰ ਲੈ ਕੇ ਹੋਟਲ ਚਲਾ ਗਿਆ।

ਤੜਕ ਸਾਰ ਕੁਲਤਾਰ ਦੇ ਫੋਨ ਦੀ ਘੰਟੀ ਵੱਜੀ ਤਾਂ ਕੁਲਤਾਰ ਨੇ ਫੋਨ ਚਕਿਆ ਤੇ ਹੈਲੋ ਕਿਹਾ।

"ਪਾਪਾ, ਕੀ ਸਰੀਟਾ ਹੈਥੇ ਆ?" ਅੱਗੋਂ ਮਨਿੰਦਰ ਨੇ ਅੰਗਰੇਜ਼ੀ ਵਿਚ ਪੁੱਛਿਆ।

"ਨਹੀਂ।" "ਕੀ ਗੱਲ?"

"ਉਹ ਰਾਤੀਂ ਆ ਕੇ ਤ੍ਰਕਾਲਾਂ ਵਾਲੀ ਡਰੈਸ ਪਾ ਕੇ ਲੌਬੀ ਨੂੰ ਗਈ ਸੀ। ਹਾਲੇ ਤਕ ਵਾਪਸ ਨਹੀਂ ਆਈ।"

"ਕੀ ਤੂੰ ਉਹਨੂੰ ਪੁੱਛਿਆ ਸੀ, ਕਿੱਥੇ ਚੱਲੀ ਆਂ?"

"ਪੁੱਛਿਆ ਸੀ।" ਉਹ ਰੁਕ ਕੇ ਬੋਲਿਆ, "ਕਹਿੰਦੀ ਸੀ ਮੈਂ ਇਹ ਡਰੈਸ ਖਾਸ ਕਰਕੇ ਰਸੈਪਸ਼ਨ 'ਤੇ ਪਾਉਣ ਲਈ, ਲਈ ਸੀ। ਪਾ ਕੇ ਅਪਣਾ ਚਾਅ ਪੂਰਾ ਕਰਨਾ ਚਾਹੁੰਦੀ ਆਂ। ਲੌਬੀ ਵਿਚ ਘੁੰਮਣ ਫਿਰਨ ਚੱਲੀ ਆਂ।"

"ਕੀ ਤੂੰ ਲੌਬੀ 'ਚ ਜਾ ਕੇ ਦੇਖਿਆ?"

"ਦੇਖਿਆ। ਰਸੈਪਸ਼ਨ ਡੈਸਕ ਤੋਂ ਵੀ ਪੁੱਛਿਆ। ਕਿਸੇ ਨੇ ਉਸ ਨੂੰ ਆਉਂਦੀ ਜਾਂਦੀ ਨਹੀਂ ਦੇਖਿਆ।"

"ਤਾਂ ਤੂੰ ਹੁਣ ਉਸਦਾ ਵੇਟ ਕਰ।"

ਮਨਿੰਦਰ ਦੀ ਗੱਲ ਸੁਣ ਕੇ ਕੁਲਤਾਰ ਨੂੰ ਨੀਂਦ ਨਾ ਆਈ ਤਾਂ ਉਸਨੇ ਸੁੱਖੀ ਨੂੰ ਫੋਨ ਕਰ ਕੇ ਜਗਾ ਲਿਆ ਤੇ ਉਹ ਵੀ ਦਿਨ ਚੜਦੇ ਨਾਲ ਆ ਗਈ।

ਹੁਣ ਮਨਿੰਦਰ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ। ਕਿੱਥੇ ਜਾਵੇ। ਕਿਸ ਨੂੰ ਪੁੱਛੇ। ਐਡੇ ਵੱਡੇ ਹੋਟਲ ਵਿਚ ਕਿਸ ਦਾ ਦਰ ਖੜਕਾਵੇ। ਅੰਤ ਉਸਨੇ 'ਮਿੰਨੀ ਬਾਰ' ਖੋਲ੍ਹਿਆ, ਸ਼ਰਾਬ ਦੀਆਂ ਦੋ ਤਿੰਨ ਛੋਟੀਆਂ ਸ਼ੀਸ਼ੀਆਂ ਕੱਢੀਆਂ। ਖੋਲ੍ਹੀਆਂ। ਗਲਾਸ ਵਿਚ ਉਲੱਦੀਆਂ ਤੇ ਚੀਂਡ ਲਾ ਕੇ ਇੱਕੋ ਸਾਹੇ ਨੀਟ ਹੀ ਪੀ ਗਿਆ। ਸ਼ਰਾਬ ਚੜ੍ਹੀ ਤਾਂ ਸੌਂ ਗਿਆ। ਸਵੇਰੇ ਜਦੋਂ ਉਸਨੂੰ ਜਾਗ

ਆਈ ਤਾਂ ਦੇਖਿਆ, ਸਰੀਟਾ ਉਸ ਨਾਲ ਅਲਫ਼ ਨੰਗੀ ਪਈ ਸੀ। ਬਸੁਰਤ। ਸਾਰੀ ਮੇਕਅੱਪ ਉਤਰਿਓ। ਮੂੰਹ ਪੀਲਾ ਭੂਕ।

ਉਸਨੇ ਸਿਰ ਚੁੱਕ ਕੇ ਦਰਵਾਜ਼ੇ ਵੱਲ ਦੇਖਿਆ। ਦਰਵਾਜਾ ਬੰਦ ਸੀ ਤੇ ਡਰੈਸ ਭੁੰਜੇ ਫ਼ਰਸ਼ 'ਤੇ ਪਈ ਸੀ। ਮਨਿੰਦਰ ਨੇ ਸਰੀਟਾ ਨੂੰ ਹਲਾ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਪਰ, ਉਹ ਨਾ ਜਾਗੀ। ਮਨਿੰਦਰ ਨੂੰ ਇੰਝ ਲਗਾ ਜਿਵੇਂ ਉਹ ਕਿੱਤਿਉਂ ਕੋਈ ਨਸ਼ਾ ਖਾ ਕੇ ਆਈ ਹੋਵੇ।

ਦੁਪਹਿਰੋਂ ਬਾਅਦ ਜਦੋਂ ਮਨਿੰਦਰ ਤੇ ਸਰੀਟਾ ਘਰ ਆਏ ਤਾਂ ਸੁੱਖੀ ਨੇ ਮਨਿੰਦਰ ਨੂੰ ਪੁੱਛਿਆ, "ਪਤਾ ਲੱਗਿਆ, ਇਹ ਰਾਤੀਂ ਕਿੱਥੇ ਸੀ?"

"ਇਹਦੇ ਨਾਲ। ਹੋਰ ਕਿੱਥੇ।" ਸਰੀਟਾ ਨੇ, ਮਨਿੰਦਰ ਦੇ ਬੋਲਣ ਤੋਂ ਪਹਿਲਾਂ ਪਟੱਕ ਦੇਣੀ ਅੰਗਰੇਜ਼ੀ ਵਿਚ ਕਿਹਾ, "ਇਹ ਤਾਂ ਸ਼ਰਾਬੀ ਸੀ। ਇਹ ਨੇ ਤਾਂ ਸਾਰੀ ਰਾਤ ਮੈਨੂੰ ਉਂਗਲ ਤਕ ਵੀ ਨਹੀਂ ਲਾਈ।" ਉਹ ਬੈੱਡ ਰੂਮਜ਼ ਦੇ ਹਾਲ ਵੇ ਵੱਲ ਨੂੰ ਵੱਧਦੀ ਬੋਲੀ, "ਇਹ ਐਨਾ ਬਸੁਰਤ ਸੀ ਕਿ ਇਹ ਮੇਰੇ ਚੁੰਮਣ ਚੱਟਣ 'ਤੇ ਵੀ ਨਹੀਂ ਜਾਗਿਆ।"

"ਪਰ ਇਹ ਨੇ ਤਾਂ ਤੜਕ ਸਾਰ, ਸਾਨੂੰ ਫੋਨ ਕਰ ਕੇ ਤੇਰੇ ਬਾਰੇ ਪੁੱਛਿਆ ਸੀ!" ਨਿਰਦੀਪ ਨੇ ਵਿਚ ਦਖ਼ਲ ਦਿੰਦੀ ਨੇ ਕਿਹਾ।

"ਮੈਂ ਉਦੋਂ ਵਾਸ਼ ਰੂਮ 'ਚ ਸੀ।" ਸਰੀਟਾ ਨੇ ਜਵਾਬ ਦਿੱਤਾ ਤੇ ਆਪਣੇ ਕਮਰੇ ਨੂੰ ਚਲੇ ਗਈ।

ਸਰੀਟਾ ਦੇ ਜਾਣ ਮਗਰੋਂ ਮਨਿੰਦਰ ਨੇ ਮਾਂ ਪਿਉ ਤੇ ਭੂਆ ਨੂੰ ਆਪਣੀ ਸਫਾਈ ਪੇਸ਼ ਕੀਤੀ। ਮਾਂ ਨੇ ਤਾਂ ਮੰਨ ਲਈ ਪਰ ਪਿਉ ਤੇ ਭੂਆ ਨਾ ਮੰਨੇਂ ਕਿਉਂਕਿ, ਮਨਿੰਦਰ ਦੇ ਮੂੰਹ 'ਚੋਂ ਹਾਲੇ ਵੀ ਸ਼ਰਾਬ ਦੀ ਬੋ ਆ ਰਹੀ ਸੀ।

ਅਗਲੇ ਦਿਨ ਮੁੰਡਾ ਕੁੜੀ ਘਰ ਹੀ ਸੁੱਤੇ। ਪਰ ਰਾਤ ਨੂੰ ਦੋ ਢਾਈ ਵਜੇ ਦੇ ਕਰੀਬ ਕੁਲਤਾਰ ਦੇ ਬੈਡ ਰੂਮ ਦਾ ਦਰ ਖੜਕਿਆ। "ਕੌਣ?" ਕੁਲਤਾਰ ਨੇ ਪੁੱਛਿਆ।

"ਮੈਂ ਮਨਿੰਦਰ। ਕੀ ਤੁਸੀ ਸਰੀਟਾ ਨੂੰ ਦੇਖਿਆ?"

"ਤੂੰ ਵਾਸ਼ਰੂਮ ਦੇਖਿਆ?"

"ਮੈਂ ਵਾਸ਼ਰੂਮ ਜਾਣ ਲਈ ਹੀ ਤਾਂ ਉੱਠਿਆ ਸੀ।"

ਸਵੇਰ ਨੂੰ ਫਿਰ ਪਿਛਲੀ ਰਾਤ ਵਾਲਾ, "ਨੰਗੀ ਸੌਣ ਦਾ" ਨਾਟਕ ਹੋਇਆ। ਇਸ ਵਾਰ ਸਰੀਟਾ ਨੇ ਮਨਿੰਦਰ ਦੇ ਘੁਰਾੜਿਆਂ ਕਾਰਨ ਬੇਸਮੈਂਟ ਵਿਚ ਸੌਣ ਦਾ ਬਹਾਨਾ ਲਾਇਆ।

ਕਈ ਦਿਨ ਤਾਂ ਇਹ ਨਾਟਕ ਚਲਦਾ ਰਿਹਾ। ਕਦੀ ਕੋਈ ਬਹਾਨਾ ਬਣਦਾ ਰਿਹਾ 'ਤੇ ਕਦੀ ਕੋਈ। ਕਦੀ ਇਹ ਪੱਜ ਕਿ ਜਦੋਂ ਮੈਨੂੰ ਨੀਂਦ ਨਹੀਂ ਆਉਂਦੀ ਤਾਂ ਮੈਂ ਬਾਹਰ ਸੈਰ ਕਰਨ ਚਲੇ ਜਾਂਦੀ ਆਂ।

ਅੰਤ ਨੂੰ ਤੰਗ ਆ ਕੇ ਇਕ ਰਾਤ ਕੁਲਤਾਰ ਜਾਗਦਾ ਰਿਹਾ। ਉੱਦਾਂ ਵੀ ਉਹ ਚੌਕੀਦਾਰੇ ਦਾ ਰਾਤਾਂ ਦਾ ਕੰਮ ਕਰਨ ਕਾਰਨ, ਰਾਤ ਨੂੰ ਜਾਗਣ ਦਾ

ਆਦੀ ਸੀ। ਬਾਹਰ ਸੜਕ 'ਤੇ ਕਾਰ ਖੜ੍ਹੀ ਕੀਤੀ ਤੇ ਉਸ ਵਿਚ ਬੈਠ ਗਿਆ। ਜਦੋਂ ਬਾਰਾਂ ਕੁ ਵੱਜੇ ਤਾਂ ਕੀ ਦੇਖਿਆ ਕਿ ਸਰੀਟਾ ਉਹੀ ਕੰਜਰੀਆਂ ਵਰਗੀ ਡਰੈੱਸ ਪਾਈ, ਹੱਥ ਵਿਚ ਉੱਚੀ ਅੱਡੀ ਦੇ ਸੈਂਡਲ ਫੜੀ ਸਾਈਡ ਵਾਕ 'ਤੇ ਆਈ ਤੇ ਖੜ੍ਹ ਕੇ ਜੁੱਤੀ ਪਾਈ। ਇੰਨੇ ਨੂੰ ਇਕ ਟੈਕਸੀ ਆਈ ਤੇ ਉਹ ਉਸ ਵਿਚ ਬੈਠ ਕੇ ਚਲੇ ਗਈ। ਉਸਨੇ ਟੈਕਸੀ ਦਾ ਪਿੱਛਾ ਕੀਤਾ ਤਾਂ ਕੀ ਦੇਖਿਆ ਕਿ ਉਹ ਡਾਊਨ ਟਾਊਨ ਉੱਥੇ ਜਾ ਕੇ ਉੱਤਰੀ ਜਿੱਥੇ ਰੰਡੀਆਂ ਪੇਸ਼ਾ ਕਰਦੀਆਂ। ਪਹਿਲਾਂ ਉਸ ਨੇ ਕਿਸੇ ਕੋਲੋਂ ਕੁਛ ਮੁੱਲ ਲਿਆ। ਫਿਰ ਸਾਈਡ ਵਾਕ 'ਤੇ ਖੜ੍ਹੀ ਹੋ ਕੇ ਉਸ ਨੇ ਇਕ ਸਿਗਰਟ ਪੀਤੀ। ਹਾਲੇ ਉਹ ਸਿਗਰਟ ਪੀ ਹੀ ਰਹੀ ਸੀ ਇਕ ਕਾਰ ਆਈ ਤੇ ਉਸਦੇ ਨਾਲ ਦੀ ਕੁੜੀ ਨੂੰ ਬਠਾਲ ਕੇ ਚਲੇ ਗਈ।

ਕੁਲਤਾਰ ਨੇ ਸਰੀਟਾ ਨੂੰ ਇਕੱਲੀ ਦੇਖ ਕੇ ਕਾਰ ਉਸ ਕੋਲ ਜਾ ਖਲ੍ਹਾਰੀ। ਸਰੀਟਾ ਕਾਰ ਰੁਕਦੀ ਦੇਖ ਅੱਗੇ ਵੱਧੀ ਤੇ "ਹਾਏ" ਆਖ ਕੇ ਪੁੱਛਿਆ, "ਕਿੱਥੇ, ਕਾਰ ਵਿਚ ਕਿ ਤੇਰੇ ਅੱਡੇ?"

ਇਹ ਸੁਣ ਕੇ ਕੁਲਤਾਰ ਨੇ ਸਰੀਟਾ ਵੱਲ ਮੂੰਹ ਕੀਤਾ ਤਾਂ ਸਰੀਟਾ ਆਪਣੇ ਸਹੁਰੇ ਨੂੰ ਦੇਖ ਕੇ ਘਬਰਾ ਗਈ। ਘਬਰਾ ਕੇ ਪਰੇ ਨੂੰ ਜਾਣ ਲੱਗੀ ਤਾਂ ਕੁਲਤਾਰ ਬੋਲਿਆ, "ਸਰੀਟਾ, ਚੁੱਪ ਚਾਪ ਕਾਰ ਵਿਚ ਬੈਠ ਜਾ। ਨਹੀਂ ਤਾਂ ਮੈਂ ਤੇਰੇ ਮਾਂ ਪਿਓ ਨੂੰ ਹੁਣੇ ਬੁਲਾ ਕੇ ਤੇਰਾ ਪੋਲ ਖੋਲ੍ਹ ਦੇਣਾ।"

ਸਰੀਟਾ ਨੂੰ ਪਤਾ ਸੀ ਕਿ ਉਸਦੇ ਮਾਂ ਬਾਪ, ਉਸ ਨੂੰ ਕੱਲ੍ਹ ਨੂੰ ਮਿਲਣ ਲਈ, ਅੱਜ ਇੱਥੇ, ਉਸਦੇ ਮਾਮੇ ਕੋਲ ਆਏ ਹੋਏ ਹਨ।

ਸਰੀਟਾ ਪਿਓ ਤੋਂ ਡਰਦੀ ਕਾਰ ਵਿਚ ਬੈਠ ਗਈ। ਘਰ ਆ ਕੇ ਕੁਲਤਾਰ ਨੇ ਸਰੀਟਾ ਦੇ ਮਾਪੇ ਤੇ ਨਾਲ ਹੀ ਸੁੱਖੀ ਨੂੰ ਸੱਦ ਲਿਆ। ਅੱਧੀ ਰਾਤ ਨੂੰ ਘਰ 'ਚ ਡਰਾਮਾ ਹੋਣ ਲੱਗ ਪਿਆ। ਕੁੜੀ ਆਪਣੇ ਸਹੁਰੇ ਤੇ ਇਲਜ਼ਾਮ ਲਾਵੇ ਕਿ ਇਹ ਕੰਜਰ ਬਜਾਰ ਜਾਂਦਾ ਤੇ ਸਹੁਰਾ ਕੁੜੀ 'ਤੇ ਕਿ ਇਹ ਪੇਸ਼ਾ ਕਰਦੀ ਆ। ਕੁੜੀ ਆਪਣੇ ਮਾਂ ਪਿਉ ਨੂੰ ਕਹੇ ਕਿ ਮੈਂ ਆਪਣੇ ਸਹੁਰੇ ਦਾ ਪਿੱਛਾ ਕਰਨ ਲਈ ਟੈਕਸੀ 'ਚ ਗਈ ਸੀ ਤੇ ਸਹੁਰਾ ਕਹੇ ਕਿ ਮੈਂ ਨੂੰਹ ਦਾ ਪਿੱਛਾ ਕਰਦਾ ਉੱਥੇ ਗਿਆ ਸੀ।

ਫੌਜੀ ਅਜਮੇਰ ਸਿੰਘ ਨੂੰ ਪਤਾ ਸੀ ਕਿ ਅਸਲੀਅਤ ਕੀ ਹੈ। ਅੰਤ ਉਹ ਬੋਲਿਆ, "ਇਨਸਪੈਕਟਰ ਸਾ'ਬ੍ਹ, ਸਾਡੀ ਕੁੜੀ ਡਰੱਗ ਲੈਂਦੀ ਸੀ, ਡਰੱਗ ਖਰੀਦਣ ਲਈ ਪੇਸ਼ਾ ਕਰਦੀ ਸੀ। ਅਸੀਂ ਇਸ ਦਾ ਵਿਆਹ ਅਲਬਰਟਾ ਤੋਂ ਬਾਹਰ ਇਸੇ ਕਰਕੇ ਕੀਤਾ ਸੀ ਕਿ ਸ਼ਾਇਦ ਵਿਆਹੋਂ ਬਾਅਦ ਇਸ ਦੀ ਸੰਗਤ ਬਦਲ ਜਾਏਗੀ ਤੇ ਡਰੱਗ ਲੈਣੋਂ ਹੱਟ ਜਾਊਗੀ।" ਉਹ ਰੁਕ ਕੇ ਬੋਲਿਆ, "ਮੇਰਾ ਖਿਆਲ ਸੀ ਕਿ ਵਿਆਹ ਤੋਂ ਬਾਅਦ ਮੁੰਡਾ ਕੁੜੀ ਨੂੰ ਸੰਭਾਲ ਲਵੇਗਾ। ਘਰ ਗਰਹਿਸਤੀ 'ਚ ਪੈ ਕੇ ਪੇਸ਼ਾ ਕਰਨਾ ਛੱਡ ਦੇਵੇਗੀ ਪਰ ਮੇਰਾ ਖਿਆਲ ਗਲਤ ਨਿਕਲਿਆ।" ਐਨਾ ਆਖ ਫੌਜੀ ਉੱਠਿਆ, ਆਪਣੀ ਧੀ ਨੂੰ ਬਾਹੋਂ ਫੜਿਆ ਤੇ ਅੱਗੇ ਤੋਰ ਕੇ ਬਾਹਰ ਨਿਕਲ ਗਿਆ।

ਅਗਲੇ ਦਿਨ ਉਹ ਫਿਰ ਕੁੜੀ ਨੂੰ ਲੈ ਕੇ ਆਏ। ਕੁੜੀ ਦਾ ਸਮਾਨ ਲਿਆ। ਮਨਿੰਦਰ ਨੂੰ ਤਲਾਕ ਦੇ ਕਾਗ਼ਜ਼ ਕਚਹਿਰੀ ਰਾਹੀਂ ਭੇਜਣ ਲਈ ਕਿਹਾ ਤੇ ਚਲੇ ਗਏ।

ਮੁੰਡੇ ਦੇ ਤਲਾਕ ਨੂੰ ਸਮਾਂ ਲੱਗ ਗਿਆ। ਇਸ ਦੌਰਾਨ ਪਹਿਲਾਂ ਨੱਥਾ ਸਿੰਘ ਫਿਰ ਜੁਗਿੰਦਰ ਕੌਰ ਅਕਾਲ ਚਲਾਣਾ ਕਰ ਗਈ। ਕਈਆਂ ਦਾ ਕਹਿਣਾ ਸੀ ਕਿ ਨੱਥਾ ਸਿੰਘ ਤੇ ਜੁਗਿੰਦਰ ਕੌਰ, ਆਪਣੇ ਪੋਤੇ ਦੇ ਤਲਾਕ ਦੀ ਨਮੋਸ਼ੀ ਕਾਰਨ ਮਰ ਗਏ ਤੇ ਕਈਆਂ ਦਾ ਕਹਿਣਾ ਸੀ ਕਿ ਆਪਣੀ ਉਮਰ ਭੋਗ ਕੇ। ਕੀ ਸੱਚ ਸੀ ਕੀ ਝੂਠ ਇਹ ਤਾਂ ਉਹ ਹੀ ਜਾਣ ਦੇ ਸਨ।

ਤਲਾਕ ਹੋਣ ਤਕ ਸੁੱਖੀ 'ਤੇ ਕੁਲਤਾਰ ਦੀ ਆਪਸੀ ਖਟਪਟੀ ਹੋ ਗਈ। ਕੁਲਤਾਰ ਮੁੰਡੇ ਦੇ ਵਿਆਹ ਤੇ ਤਲਾਕ ਦਾ ਭਾਂਡਾ ਸੁੱਖੀ ਸਿਰ ਭੰਨ੍ਹਦਾ ਤੇ ਸੁੱਖੀ ਆਪਣੀ ਭਰਜਾਈ ਨੂੰ ਦੋਸ਼ ਦਿੰਦੀ ਕਹਿੰਦੀ, "ਜੇ ਇਹ ਨੂੰ ਕੁੜੀ ਪਸੰਦ ਨਹੀਂ ਸੀ ਤਾਂ ਨਾਂਹ ਕਿਉਂ ਨਾ ਕੀਤੀ।"

ਇਸ ਖਟਪਟੀ ਵਿਚ ਨਿੰਦਰ ਨੇ ਵੀ ਆਪਣੇ ਵੱਡੇ ਭਰਾ ਦਾ ਪੱਖ ਪੂਰਿਆ ਪਰ ਬੇਰੋ ਨੇ ਸੁੱਖੀ ਦਾ ਸਾਥ ਦਿੱਤਾ।

ਤਲਾਕ ਤੋਂ ਬਾਅਦ ਕੁਲਤਾਰ ਮਨਿੰਦਰ ਨੂੰ ਵਿਆਹੁਣ ਲਈ ਇੰਡੀਆ ਲੈ ਗਿਆ। ਉੱਥੇ ਗਿਆ ਤਾਂ ਜਿਵੇਂ ਉਹ ਕਹਿੰਦੇ ਆ ਨਾ ਕਿ, "ਦੁੱਧ ਦਾ ਜਲਿਆ ਲੱਸੀ ਨੂੰ ਵੀ ਫੂਕਾਂ ਮਾਰਦਾ" ਵਾਂਗ, ਜੋ ਰਿਸ਼ਤਾ ਆਉਂਦਾ ਉਸਦੀ ਪੂਰੀ ਛਾਣ ਬੀਣ ਕਰਦਾ। ਮਾੜਾ ਜਿਹਾ ਵੀ ਸ਼ੱਕ ਪੈਂਦਾ ਤਾਂ ਨਾਂਹ ਕਰ ਦਿੰਦਾ। ਜੇ ਕੋਈ ਰਿਸ਼ਤੇਦਾਰ ਰਿਸ਼ਤਾ ਲਿਆਉਂਦਾ ਤਾਂ ਉਹਨੂੰ ਕੋਰਾ ਜਵਾਬ ਦੇ ਦਿੰਦਾ।

ਅੰਤ ਇਕ ਰਿਸ਼ਤਾ ਆਇਆ। ਕੁੜੀ ਦਾ ਨਾਂ ਨੇਤ੍ਰੀ ਕੌਰ ਸੀ। ਹਿਸਟਰੀ ਦੀ ਐਮ. ਏ. ਕਰਦੀ ਦੱਸੀ ਗਈ। ਕੁੜੀ ਦੀਆਂ ਦੋ ਛੋਟੀਆਂ ਭੈਣਾ ਤੇ ਦੋ ਛੋਟੇ ਭਰਾ ਸੀ। ਨੇਤ੍ਰੀ ਦੇਖਣ ਪਰਖਣ ਨੂੰ ਕੋਈ ਐਨੀ ਸੋਹਣੀ ਸੁਨੱਖੀ ਨਹੀਂ ਸੀ। ਕੁੜੀਆਂ ਵਰਗੀ ਕੁੜੀ ਸੀ। ਜੋ ਵੀ ਸੀ ਠੀਕ ਸੀ। ਪੁੱਛ ਗਿੱਛ ਵਿਚ ਸਭ ਨੇ ਨੇਤ੍ਰੀ ਨੇਕ ਚਲਨ ਦੱਸੀ।

ਕੁਲਤਾਰ ਨੇ ਕਾਲਜ ਦੀ ਪ੍ਰਿੰਸਪਲ ਤੋਂ ਪੁੱਛਿਆ। ਉਸਨੇ ਵੀ ਨੇਤ੍ਰੀ ਦੀ ਸ਼ਾਹਦੀ ਭਰੀ। ਘਰ ਵਾਲਿਆ ਵੀ ਉਨ੍ਹਾਂ ਨੂੰ ਕੈਨੇਡਾ ਦਾ ਕੋਈ ਲਾਲਚ ਨਾ ਦੱਸਿਆ। ਪਿਉ ਦੀ ਛੋਟੀ ਕਿਰਸਾਨੀ ਸੀ, ਠੀਕ ਸੀ।

ਵਿਆਹ ਹੋ ਗਿਆ। ਨੇਤ੍ਰੀ ਇੱਥੇ ਆ ਗਈ। ਮਨਿੰਦਰ ਦੇ ਕਹਿਣ 'ਤੇ ਕੋਈ ਕੋਰਸ ਕਰਨ ਲਈ ਰਾਜੀ ਹੋ ਗਈ ਪਰ, ਦਾਖਲ ਹੋਣ ਤੋਂ ਪਹਿਲਾਂ ਹੀ ਪੈਰ ਭਾਰਾ ਹੋ ਜਾਣ ਕਾਰਨ ਦਾਖਲ ਨਾ ਹੋਈ। ਸਾਲ ਦੇ ਵਿਚ ਵਿਚ ਮੁੰਡਾ ਹੋ ਗਿਆ। ਸਾਰੇ ਖੁਸ਼।

ਹਾਲੇ ਮੁੰਡਾ ਸਵਾ ਕੁ ਸਾਲ ਦਾ ਹੀ ਹੋਇਆ ਸੀ ਕਿ ਪੈਰ ਫਿਰ ਭਾਰਾ ਹੋ ਗਿਆ। ਇਸ ਵਾਰ ਕੁੜੀ ਹੋਈ। ਸਾਰੇ ਖੁਸ਼, ਕਿ ਮਨਿੰਦਰ ਦਾ ਟੱਬਰ ਪੂਰਾ ਹੋ ਗਿਆ।

ਮਨਿੰਦਰ ਦੇ ਸੱਸ ਸਹੁਰੇ ਦਾ ਵਰ੍ਹੇ ਤੁ੍ਕਾਲੀਂ ਖ਼ਤ ਆਉਂਦਾ ਤਾਂ ਉਸ ਵਿਚ ਸਵਾਏ ਰਾਜ਼ੀ ਖੁਸ਼ੀ ਤੋਂ ਹੋਰ ਕੁਝ ਨਾ ਲਿਖਿਆ ਹੁੰਦਾ। ਉਨ੍ਹਾਂ ਨੂੰ ਮੰਗਵਾਉਣ ਦਾ ਜ਼ਿਕਰ ਤਕ ਨਾ ਹੁੰਦਾ। ਕੁਲਤਾਰ ਉਨ੍ਹਾਂ ਦੀਆਂ ਸਿਫ਼ਤਾਂ ਕਰਦਾ ਨਾ ਥੱਕਦਾ। ਆਪਣੇ ਮੁੰਡੇ ਨੂੰ, ਨੂੰਹ ਦੀ ਹਰ ਤਰ੍ਹਾਂ ਦੀ ਦੇਖ ਭਾਲ ਤੇ ਹਰ ਗੱਲ ਪੂਰੀ ਕਰਨ ਤੇ ਮੰਨਣ ਮਨਾਉਣ ਦੀਆਂ ਹਿਦਇਤਾਂ ਵੀ ਕਰਦਾ।

ਉਹ ਹੁੱਬ ਹੁੱਬ ਕੇ ਲੋਕਾਂ ਨੂੰ ਕਹਿੰਦਾ, "ਸਾਨੂੰ ਤਾਂ ਬਹੁਤ ਹੀ ਚੰਗੇ ਕੁੜਮ ਮਿਲੇ ਆ। ਮੇਰੇ ਵਰਗੇ ਕੁੜਮ ਰੱਬ ਸਾਰਿਆਂ ਨੂੰ ਦੇਵੇ।" ਤੇ ਪਹਿਲੇ ਕੁੜਮਾਂ ਨਾਲ ਸੁੱਖੀ ਦੀ ਨਿੰਦਿਆ ਵੀ ਕਰਦਾ।

ਸੁੱਖੀ ਜਦੋਂ ਆਪਣੀ ਨਿੰਦਿਆ ਸੁਣਦੀ ਤਾਂ ਕਹਿੰਦੀ, "ਪਤਾ ਲੱਗੂ ਜਦੋਂ ਕੁੜੀ ਨੇ ਸਭ ਕੁਛ ਲੈ ਕੇ ਚਿਤੜਾਂ 'ਤੇ ਲੱਤ ਮਾਰੀ।"

ਜਦੋਂ ਕੁਲਤਾਰ ਦਾ ਪੋਤਾ ਚਾਰ ਕੁ ਸਾਲ ਦਾ 'ਕਿੰਡਰ ਗਾਰਡਨ' ਜਾਣ ਲੱਗ ਪਿਆ ਤੇ ਪੋਤੀ ਤੀਜੇ ਸਾਲ ਵਿਚ ਹੋ ਗਈ ਤਾਂ ਇਕ ਦਿਨ ਨਿਰਦੀਪ ਨੇ ਨੂੰਹ ਨੂੰ ਕਿਹਾ, "ਸਾਰਾ ਜਹਾਨ ਕੰਮ ਕਰਦਾ, ਤੂੰ ਵੀ ਕਿਤੇ ਕੋਈ ਕੰਮ ਦੇਖ ਲਾ। ਥੋੜ੍ਹਾ ਮੁੰਡੇ ਦਾ ਭਾਰ ਹਲਕਾ ਹੋ ਜਾਊਗਾ। ਮੈਂ ਨਿਆਣੇ ਸਾਂਭ ਲਊਂਗੀ।"

ਨੇਤ੍ਰੀ ਨੇ "ਅੱਛਾ ਜੀ" ਆਖ ਕੇ ਸੱਸ ਨੂੰ ਹਾਂ ਕਰ ਦਿੱਤੀ। ਹੁਣ ਉਹ ਸੱਸ ਨੂੰ ਖੁਸ਼ ਕਰਨ ਲਈ, ਕੰਮ ਟੋਲਣ ਦੇ ਬਹਾਨੇ, ਘਰੋਂ ਬਾਹਰ ਚਲੇ ਜਾਂਦੀ। ਸਵੇਰ ਨੂੰ ਨਿਕਲ ਜਾਂਦੀ ਸ਼ਾਮ ਨੂੰ ਮੁੜਦੀ। ਜਦੋਂ ਉਸਨੇ ਹਫ਼ਤਾ ਦੋ ਹਫ਼ਤੇ ਇਦਾਂ ਕਰਦੀ ਨੂੰ ਹੋ ਗਏ ਤਾਂ ਨਿਰਦੀਪ ਨੂੰ ਪਹਿਲੀ ਨੂੰਹ ਦਾ ਪੇਸ਼ਾ ਯਾਦ ਆ ਗਿਆ। ਪਹਿਲੀ ਨੂੰਹ ਦਾ ਪੇਸ਼ਾ ਚੇਤਾ ਆਉਂਦੀ ਹੀ ਉਹ ਡਰ ਗਈ ਕਿ ਕਿਤੇ ਇਹ ਵੀ ਨਾ ਉਹੀ ਕਾਰਾ ਕਰਨ ਲੱਗ ਪਈ ਹੋਵੇ ਤਾਂ ਉਸ ਨੇ ਨੇਤ੍ਰੀ ਦੀਆਂ ਮਿੰਨਤਾਂ ਕਰ ਕੇ ਉਸਨੂੰ ਕੰਮ ਟੋਲ੍ਹਣ ਦੀ ਬਜਾਏ ਘਰ ਰਹਿ ਕੇ ਨਿਆਣੇ ਸਾਂਭਣ ਦਾ ਤਰਲਾ ਕੀਤਾ। ਨੇਤ੍ਰੀ ਸ਼ਾਇਦ ਇਹ ਹੀ ਚਾਹੁੰਦੀ ਸੀ।

ਮਨਿੰਦਰ ਜਿਸ ਕੰਪਨੀ ਵਿਚ ਕੰਮ ਕਰਦਾ ਸੀ ਉਨ੍ਹਾਂ ਨੇ ਇਕ ਬਰਾਂਚ ਕੈਲਗਰੀ ਖੋਲ੍ਹੀ। ਨੇਤ੍ਰੀ ਨੇ ਮਨਿੰਦਰ ਨੂੰ ਚੁੱਕ ਚਕਾ ਕੇ ਉਸਦੀ ਬਦਲੀ ਉੱਥੇ ਦੀ ਕਰਵਾ ਲਈ ਤੇ ਘਰ ਲੈ ਲਿਆ। ਘਰ ਲੈ ਕੇ ਆਪਣੇ ਸੱਸ ਸਹੁਰੇ ਨੂੰ ਦੱਸੇ ਬਿਨਾਂ ਮਾਂ ਪਿਉ ਲਈ ਅਪਲਾਈ ਕਰ ਦਿੱਤਾ। ਮਨਿੰਦਰ ਨੇ ਸਭ ਦੀ ਫੀਸ ਭਰੀ। ਵੀਜ਼ਾ ਮਿਲਣ 'ਤੇ ਛੇ ਜੀਆਂ ਦਾ ਕਰਾਇਆ ਰੱਖਿਆ। ਨੇਤ੍ਰੀ ਦੇ ਮਾਂ ਪਿਉ ਆ ਗਏ।

ਹਾਲੇ ਨੇਤ੍ਰੀ ਦੇ ਮਾਂ ਪਿਉ ਨੂੰ ਆਇਆਂ ਦੋ ਕੁ ਮਹੀਨੇ ਵੀ ਨਹੀਂ ਸੀ ਹੋਏ ਕਿ ਇਕ ਦਿਨ ਮਨਿੰਦਰ ਨੂੰ ਕੰਮ 'ਤੇ ਕਿਸੇ ਵਕੀਲ ਵਲੋਂ ਕੋਰੀਅਰ ਰਾਹੀਂ ਭੇਜੀ ਇਕ ਚਿੱਠੀ ਮਿਲੀ। ਉਸ ਨੇ ਚਿੱਠੀ ਖੋਲ੍ਹੀ ਤਾਂ ਕੀ ਦੇਖਿਆ ਇਹ ਨੇਤ੍ਰੀ ਵੱਲੋਂ ਭੇਜੇ ਤਲਾਕ ਦੇ ਕਾਗ਼ਜ਼ ਸੀ। ਮਨਿੰਦਰ ਨੇਤ੍ਰੀ ਵੱਲੋਂ ਤਲਾਕ ਦੀ ਅਰਜ਼ੀ ਦੇਖ ਕੇ ਹੈਰਾਨ ਤੇ ਪਰੇਸ਼ਾਨ ਹੋ ਗਿਆ। ਘਰ ਆ ਕੇ ਨੇਤ੍ਰੀ ਨੂੰ ਪੁੱਛਿਆ, "ਆਹ ਤਲਾਕ ਦੇ ਕਾਗ਼ਜ਼, ਕਿਹਾ ਮਜ਼ਾਕ ਆ? ਕਿਸ ਗੱਲ 'ਤੇ?"

"ਕੀ ਤੂੰ ਪੜ੍ਹੇ ਨਈਂ?"

"ਪੜ੍ਹੇ।" ਉਹ ਰੁਕ ਕੇ ਬੋਲਿਆ, "ਇਹ ਤੈਨੂੰ ਪੰਜਾਂ ਸਾਲਾਂ ਬਾਅਦ ਯਾਦ ਆਇਆ ਕਿ ਮੈਂ ਸ਼ਰਾਬ ਤੇ ਸਿਗਰਟਾਂ ਪੀਂਦਾ। ਬਿਨਾਂ ਤੇਰੀ ਮਰਜ਼ੀ ਤੋਂ ਤੇਰੇ ਨਾਲ ਸੰਭੋਗ ਕਰਦਾਂ?"

"ਉਦੋਂ ਮੇਰਾ ਮਕਸਦ ਪੂਰਾ ਨਈਂ ਸੀ ਹੋਇਆ।"

"ਕਿਹੜਾ?"

"ਆਪਣੇ ਮਾਂ ਪਿਉ ਤੇ ਭੈਣ ਭਰਾ ਮੰਗਵਾਉਣ ਦਾ।"

"ਜੇ ਹਾਅ ਗੱਲ ਸੀ ਤਾਂ ਨਿਆਣੇ ਕਿਉਂ ਜੰਮੇ?" "ਪਹਿਲਾਂ ਈਂ ਮੰਗਵਾ ਕੇ ਤਲਾਕ ਦੇ ਸਕਦੀ ਸੀ?"

"ਉਦੋਂ ਮੈਨੂੰ ਤੇਰੇ ਕੋਲੋਂ ਕੀ ਮਿਲਣਾ ਸੀ?" "ਤੂੰ ਆਪ ਤਾਂ ਮਾਂ ਪਿਉ ਵਿਚ ਰਹਿੰਦਾ ਸੀ।"

"ਹੁਣ?"

"ਹੁਣ ਆਹ ਘਰ।" ਉਸਨੇ ਘਰ ਵੱਲ ਹੱਥ ਕਰਦੀ ਨੇ ਕਿਹਾ, "ਨਿਆਣਿਆਂ ਦੇ ਪਾਲਣ ਪੋਸਣ ਦਾ ਖਰਚ। ਮੇਰਾ ਖਰਚ। ਸਭ ਕੁਛ।" ਉਹ ਰੁਕ ਕੇ ਬੋਲੀ, "ਤੂੰ ਕੀ ਸਮਝਦਾਂ, ਤੇਰੀ ਸਿਗਰਟਾਂ ਦੀ ਬੋਅ ਤੇ ਸ਼ਰਾਬ ਦੀ ਹਵਾੜ ਤੇ ਤੇਰਾ ਦੋ ਮਣ ਦਾ ਭਾਰ ਮੈਂ ਆਪਣੇ ਉੱਤੇ ਐਨੇ ਸਾਲ ਐਵੇਂ ਸਹਿੰਦੀ ਰਹੀ?"

ਮਨਿੰਦਰ ਨੇ "ਉਹ ਅੱਛਾ" ਜਿਹਾ ਕਹਿੰਦੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ ਪਰ ਮੂੰਹੋਂ ਕੁਝ ਨਾ ਬੋਲਿਆ।

ਜਦੋਂ ਉਹ ਕੁਝ ਨਾ ਬੋਲਿਆ ਤਾਂ ਨੇਤ੍ਰੀ ਬੋਲੀ, "ਤੂੰ ਕੀ ਸੋਚਿਆ ਸੀ ਕਿ ਨੇਤ੍ਰੀ, 'ਮੋਟੀਆਂ ਮੋਟੀਆਂ ਅੱਖਾਂ ਵਾਲੀ' ਸਿਰਫ਼ ਬਿਸਤਰੇ ਜੋਗੀ ਹੀ ਆ?" ਉਸ ਨੇ ਆਪਣੇ ਲੱਕ 'ਤੇ ਹੱਥ ਰੱਖਕੇ ਹੁਕਮਰਾਨਾ ਅੰਦਾਜ਼ ਵਿਚ ਅੱਖਾਂ ਦਿਖਾਉਂਦੀ ਨੇ ਕਿਹਾ, "ਤੈਨੂੰ ਪਤਾ, ਮੇਰਾ ਨਾਂ ਨੇਤ੍ਰੀ ਆ। ਨੇਤ੍ਰੀ, ਹੋਰਨਾ ਨੂੰ ਪਿੱਛੇ ਲਾਉਣ ਵਾਲੀ। ਸਰਦਾਰਨੀ।"

ਸੁੱਖਾ ਜਦੋਂ ਇਹ ਸਤਰਾਂ ਪੜ੍ਹ ਰਿਹਾ ਸੀ ਤਾਂ ਉਸ ਨੂੰ ਦਰ ਦੀਆਂ ਝੀਤਾਂ ਥਾਣੀ ਲੰਘਦੀ ਚੀਕਦੀ ਹਵਾ ਨੇਤ੍ਰੀ ਦੇ ਬੋਲਾਂ ਵਰਗੀ ਲੱਗੀ। ਉਹ ਪੜ੍ਹਦਾ ਪੜ੍ਹਦਾ ਇਕ ਦਮ ਰੁਕ ਗਿਆ। ਤ੍ਰਬਕ ਕੇ ਸਿਰ ਘੁਮਾਇਆ ਤੇ ਦਰਾਂ ਵੱਲ ਦੇਖਿਆ। ਉੱਥੇ ਕੋਈ ਨਹੀਂ ਸੀ। ਹਵਾ ਆਪਣੇ ਜ਼ੋਰ ਨਾਲ ਜਿੰਨੀ ਕੁ ਅੰਦਰ ਆ ਸਕਦੀ ਸੀ ਆ ਚੁੱਕੀ ਸੀ।

ਉਸ ਨੇ ਤਾਕੀਆਂ ਥਾਣੀ ਬਾਹਰ ਦੇਖਿਆ। ਸੜਕ 'ਤੇ ਕੋਈ ਨਹੀਂ ਸੀ। ਰੇਣ ਵਰਗੀ ਸਨੌ ਵੀ ਪੈਣ ਲੱਗ ਪਈ ਸੀ ਜਿਸ ਵਿਚ ਕਈ ਤੇ ਕਿਤੇ ਕਿਤੇ ਮੋਟੇ ਮੋਟੇ ਦਹੀਂ ਦੇ ਫੁੱਟਾਂ ਵਰਗੇ ਫੰਬੇ ਵੀ ਡਿਗਣ ਲੱਗ ਪਏ ਸਨ। ਜੋ ਹਵਾ ਨਾਲ ਉੱਡ ਕੇ ਕਦੀ ਸੜਕ ਦੇ ਇਕ ਕੰਢੇ ਜਾ ਲਗਦੇ ਤੇ ਕਦੀ ਦੂਜੇ। ਸੜਕ 'ਤੇ ਘਰ ਸਾਹਮਣਲੀ ਬੱਤੀ, ਉਸਦੇ ਦੇਖਦਿਆਂ ਦੇਖਦਿਆਂ ਜਗ ਪਈ ਸੀ। ਉਸਦਾ ਧਿਆਨ ਕੰਧ 'ਤੇ ਲੱਗੀ ਘੜੀ ਵੱਲ ਗਿਆ, ਤਿੰਨ ਵੱਜ ਰਹੇ ਸਨ।

"ਅੱਗੇ ਤਾਂ ਇਹ ਬੱਤੀ ਸਾਢੇ ਤਿੰਨ ਜਗਦੀ ਹੁੰਦੀ ਸੀ, ਅੱਜ ਤਿੰਨ ਵਜੇ ?" ਉਸਨੇ ਆਪਣੇ ਆਪ ਨੂੰ ਸਵਾਲ ਕੀਤਾ ਤੇ ਆਪ ਹੀ ਜਵਾਬ ਦੇ ਲਿਆ, "ਅੱਜ ਘੁਸਮੁਸਾ ਪਹਿਲਾਂ ਹੋ ਗਿਆ, ਸ਼ਾਇਦ ਇਸ ਕਰਕੇ।"

"ਹਾਲੇ ਤਾਂ ਸੁੱਖੀ ਦੇ ਕੰਮ ਛੱਡਣ 'ਚ ਡੇਢ ਘੰਟਾ ਪਿਆ। ਆਉਣ ਨੂੰ ਪਤਾ ਨਈਂ ਕਿੰਨਾ ਸਮਾਂ ਲੱਗੂ ?" ਉਸਨੇ ਆਪਣੇ ਆਪ ਨੂੰ ਕਿਹਾ ਤੇ ਘੜੀ ਵੱਲ ਦੇਖਿਆ। ਘੜੀ ਵੱਲ ਦੇਖ ਕੇ ਉਸਨੇ, ਕਿਤਾਬ ਵੀਲ੍ਹਚੇਅਰ ਦੀ ਬਾਂਹ ਤੇ ਸੀਟ ਵਿਚਕਾਰ ਫਸਾਈ। ਵੀਲ੍ਹ-ਚੇਅਰ ਰੋੜ੍ਹੀ, ਪਹਿਲਾਂ ਕਮਰੇ ਦੀ ਬੱਤੀ ਜਗਾਈ ਤੇ ਫਿਰ ਜਾ ਕੇ ਹਾਲ ਵੇ ਦੀ। ਆਪ ਵਾਸ਼ਰੂਮ ਗਿਆ। ਆ ਕੇ ਥਰਮੋਸ 'ਚੋਂ ਚਾਹ ਪਾਈ। ਚਾਹ ਪੀਂਦੇ ਨੇ ਰਮੋਟ ਨਾਲ ਟੀ.ਵੀ. ਚਾਲੂ ਕੀਤਾ ਪਰ ਉਸਦਾ ਮਨ ਟੀ.ਵੀ. ਵਿਚ ਨਾ ਲੱਗਾ। ਐਵੇਂ ਚੈਨਲਾਂ ਬਦਲ ਬਦਲ ਕੇ ਦੇਖਦਾ ਰਿਹਾ। ਸ਼ਾਇਦ ਉਸਨੂੰ ਸੁੱਖੀ ਦੇ ਆਉਣ ਦੀ ਉਡੀਕ ਸੀ ਤੇ ਇਸ ਝੱਖੜ ਵਿਚ ਘਰ ਆਉਣ ਦਾ ਫਿਕਰ। ਜਾਂ ਫਿਰ, ਮਨ 'ਤੇ ਸਵੇਰ ਦੀ ਆਈ ਫ਼ੋਨ ਕਾਲ ਦਾ ਭਾਰ! ਜਾਂ ਦੋਵੇਂ!

ਉਸਨੇ ਵੀਲ੍ਹਚੇਅਰ ਦੀ ਬਾਂਹ ਵਿਚ ਫਸਾਈ ਕਿਤਾਬ ਕੱਢੀ, ਟੀ.ਵੀ. ਚਾਲੂ ਰਹਿਣ ਦਿੱਤਾ ਪਰ ਆਵਾਜ਼ ਬੰਦ ਕਰ ਦਿੱਤੀ ਤੇ ਆਪ ਫਿਰ ਪੜ੍ਹਨ ਲਈ ਵਰਕੇ ਉਲੱਦਣ ਲੱਗ ਪਿਆ।

14

ਬਾਹਰ, ਸ਼ੂਕਦੀ ਤੇ ਤਾਕੀਆਂ ਦਰਵਾਜ਼ਿਆਂ ਦੀਆਂ ਝੀਥਾਂ ਥਾਣੀ ਸਾਂ ਸਾਂ ਕਰਦੀ ਹਵਾ ਦੇ ਡਰਾਉਣੇ ਸ਼ੋਰ ਵਿਚ ਸੁੱਖੇ ਦਾ ਮਨ ਪੜ੍ਹਨ ਵਿਚ ਨਹੀਂ ਸੀ ਲੱਗ ਰਿਹਾ। ਉਹ ਵੈਸੇ ਵੀ ਪਾੜ੍ਹਾ ਨਹੀਂ ਸੀ। ਅੱਜ ਤਾਂ ਉਹ, ਇਸ ਕਿਤਾਬ ਦੇ ਲਿਖਣ, ਛਪਣ 'ਤੇ ਪੰਜਾਬ ਵਿਚ ਕਿਸੇ ਯੂਨੀਵਰਸਿਟੀ ਵਿਚ ਲੱਗਣ ਦੀ ਪਿੱਠ ਭੂਮੀ ਕਾਰਨ ਸਵੇਰੇ ਆਈ ਫੋਨ ਕਾਲ ਦੇ ਆਧਾਰ 'ਤੇ ਹੀ ਇਹ ਕਿਤਾਬ ਪੜ੍ਹ ਰਿਹਾ ਸੀ।

ਸੁੱਖਾ ਕਿੰਨੀਂ ਦੇਰ ਐਵੀਂ ਵਰਕੇ ਉਲੱਦਦਾ ਰਿਹਾ। ਉਸਦਾ, ਚਾਲੂ ਕਾਂਡ ਪੜ੍ਹਨ ਨੂੰ ਵੀ ਜੀਅ ਨਹੀਂ ਸੀ ਕਰ ਰਿਹਾ ਕਿਉਂਕਿ ਉਸ ਨੇ ਇਹ ਕਹਾਣੀ, ਕਿਤਾਬ ਵਿੱਚੋਂ ਪੜ੍ਹਨ ਦੀ ਬਜਾਏ ਆਪਣੀਆਂ ਅੱਖਾਂ ਸਾਹਮਣੇ ਵਾਪਰਦੀ ਦੇਖੀ ਸੀ। ਉਸ ਨੂੰ ਪਤਾ ਸੀ ਕਿ ਨੇਤ੍ਰੀ ਨੂੰ ਕੈਲਗਿਰੀ ਜਾਣ, ਘਰ ਤੋਂ ਬਾਅਦ ਤਲਾਕ ਲੈਣ ਲਈ ਸੁੱਖੀ ਤੋਂ ਬਿਨਾਂ ਕਿਸੇ ਨੇ ਹੋਰ ਸਿੱਖਿਆ ਨਹੀਂ ਸੀ ਦਿੱਤੀ ਤੇ ਉਕਸਾਇਆ।

ਤਲਾਕ ਤੋਂ ਬਾਅਦ ਨੇਤ੍ਰੀ ਇੰਡੀਆ ਗਈ, ਵਿਆਹ ਕਰਵਾ ਕੇ ਆਈ ਤਾਂ ਉਸ ਨਾਲ ਉਹ ਹੀ ਕੁਝ ਹੋਇਆ ਜੋ ਉਸਨੇ ਮਨਿੰਦਰ ਨਾਲ ਕੀਤਾ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਕਿਤਾਬ ਦੇ ਅਗਲੇ ਕਾਂਡ ਤੇ ਅੰਤਿਕਾ ਵਿਚ ਕੀ ਲਿਖਿਆ ਹੈ।

ਭਾਵੇਂ ਵੀਲ੍ਹਚੇਅਰ ਤੇ ਮੰਜਾ, ਉਸਦੇ ਦਿਨ ਰਾਤ ਦੇ ਸਾਥੀ ਸਨ, ਫਿਰ ਵੀ ਉਹ ਚੇਅਰ ਵਿਚ ਬੈਠਾ ਤੇ ਮੰਜੇ 'ਤੇ ਲਿਟਿਆ ਅੱਕ ਜਾਂਦਾ ਤੇ ਐਵੇਂ ਟੀ.ਵੀ. ਲਾ ਕੇ ਆਰਾਮ ਕੁਰਸੀ ਵਿਚ ਲਿਟਿਆ ਰਹਿੰਦਾ।

ਉਹ ਸਵੇਰ ਦਾ ਵੀਲ੍ਹਚੇਅਰ ਵਿਚ ਬੈਠਾ ਥੱਕ ਗਿਆ ਸੀ। ਉਸਦਾ ਕੁਝ ਕਰਨ ਨੂੰ ਜੀਅ ਨਹੀਂ ਸੀ ਕਰ ਰਿਹਾ। ਕਿਉਂਕਿ ਉਹ ਆਪਣੇ ਆਪ ਕੁਝ ਕਰ ਵੀ ਨਹੀਂ ਸੀ ਸਕਦਾ। ਲੱਤਾਂ, ਬਹੁਤਾ ਭਾਰ ਨਹੀਂ ਸਨ ਝੱਲਦੀਆਂ। ਹੱਥ ਵੀ ਉੱਨਾਂ ਕੁ ਕਰਦੇ ਸਨ ਜਿਸ ਨਾਲ ਉਹ ਆਪਣੀ ਕਾਇਆ ਸੰਵਾਰ ਲੈਂਦਾ ਸੀ।

ਉਸ ਨੇ ਕਿਤਾਬ ਬੰਦ ਕਰ ਕੇ ਮੇਜ਼ 'ਤੇ ਰੱਖੀ। ਮੰਜੇ ਕੋਲ ਗਿਆ। ਮੰਜੇ 'ਤੇ ਚੜ੍ਹਨ ਤੇ ਕੁਰਸੀ ਵਿਚ ਬੈਠਣ ਉੱਠਣ ਵਾਸਤੇ ਸਹਾਰਾ ਲੈਣ ਲਈ, ਕਮਰੇ ਵਿਚ ਲਾਏ ਪੋਲ ਕੋਲ ਗਿਆ। ਉਸ ਨੂੰ ਫੜਿਆ। ਵੀਲ੍ਹਚੇਅਰ, ਆਰਾਮ ਕੁਰਸੀ ਦੇ ਬਰਾਬਰ ਕੀਤੀ ਤੇ ਵੀਲ੍ਹਚੇਅਰ ਵਿਚ ਬੈਠਾ ਬੈਠਾ ਮਾੜਾ ਮਾੜਾ ਖਿਸਕ ਕੇ

ਆਰਾਮ ਕੁਰਸੀ 'ਤੇ ਬੈਠ ਗਿਆ। ਬਸ, ਆਪਣੇ ਆਪ ਐਨਾ ਕੁ ਉੱਦਮ ਕਰਨ ਨਾਲ ਸਾਹ ਚੜ੍ਹ ਗਿਆ ਤਾਂ ਉਸ ਨੇ ਇਕ ਦੋ ਲੰਬੇ ਲੰਬੇ ਸਾਹ ਲਏ। ਸਾਹ ਲੈ ਕੇ ਕੁਰਸੀ ਦਾ ਬਟਣ ਦਬਾਇਆ ਤੇ ਪਿੱਛੇ ਨੂੰ ਝੁਕਾ ਕੇ ਲਿਟ ਗਿਆ। ਢਿੱਡ 'ਤੇ ਸਿਰ ਟਿਕਾਇਆ ਤੇ ਅੱਖਾਂ ਬੰਦ ਕਰ ਲਈਆਂ। ਅੱਖਾਂ ਬੰਦ ਕੀਤੀਆਂ ਤਾਂ ਉਸਦੇ ਦਿਮਾਗ਼ ਵਿਚ ਉਹ ਹਾਦਸੇ ਚੱਕਰ ਲਾਉਣ ਲੱਗੇ ਜੋ ਉਸ ਨਾਲ ਸੰਬੰਧਤ ਸਨ ਤੇ ਕਿਤਾਬ ਦੇ ਅਗਲੇ ਕਾਂਡਾਂ ਵਿਚ ਦਰਜ ਸਨ।

ਪਤਝੜ ਦੀ ਰੁੱਤ ਆਪਣੇ ਪੂਰੇ ਜੋਬਨ 'ਤੇ ਸੀ। ਹਰ ਪਾਸੇ ਕੈਨੇਡੀਅਨ ਮੇਪਲ ਤੇ ਜਾਪਾਨੀ ਚਨਾਰਾਂ ਦੇ ਲਾਲ ਸੁਰਖ਼, ਚੈਰੀਆਂ ਹਿਰਮਚੀ ਤੇ ਵਿਚ ਵਿਚ ਚਿੱਟੇ ਐਲਡਰ ਦੇ ਪੀਲੇ ਪੱਤੇ, ਜਿਵੇਂ ਜਵਾਲਾ ਮੁੱਖੀ ਫੱਟ ਕੇ ਇਕ ਥਾਂ ਰੁਕ ਗਿਆ ਹੋਵੇ। ਜਾਂ ਕੁਦਰਤ, ਫੁਲਕਾਰੀ ਦੀ ਬੁੱਕਲ ਮਾਰ, ਸੀਤ ਫਜ਼ਾ ਵਿਚ, ਚੁੱਪ ਚਾਪ ਖੜ੍ਹੀ ਕਿਸੇ ਦੀ ਉਡੀਕ ਕਰ ਰਹੀ ਹੋਵੇ। ਕਿਸ ਦੀ ? ਇਹ ਤਾਂ ਸ਼ਾਇਦ ਕੁਦਰਤ ਹੀ ਦੱਸ ਸਕੇ। ਪਰ ਲੋਕ, ਦੂਰੋਂ ਦੂਰੋਂ ਇਹ ਦ੍ਰਿਸ਼ ਦੇਖਣ ਆਉਂਦੇ। ਖਾਸ ਕਰ ਕੇ ਦੱਖਣੀ ਅਮਰੀਕਾ, ਯੌਰਪ, ਆਸਟ੍ਰੇਲੀਆ, ਚੀਨ, ਜਾਪਾਨ।

ਨਵੰਬਰ ਦਾ ਆਰੰਭ। ਝੱਖੜਾਂ ਦਾ ਮਹੀਨਾ ਤੇ ਤੂਫਾਨਾਂ ਦਾ ਮੌਸਮ। ਜਿਸ ਵਿਚ ਤੇਜ਼ ਹਵਾਵਾਂ ਨਾਲ ਰੁੱਖਾਂ ਦੇ ਸੁੱਕੇ ਪੱਤੇ, ਝੜ ਕੇ ਜੜ੍ਹਾਂ 'ਤੇ ਡਿਗਣ ਦੀ ਬਜਾਏ ਦੂਰ ਦੂਰ ਤਕ ਉੱਡ ਜਾਂਦੇ ਹਨ। ਯਤੀਮ ਤੇ ਨਿਰਬਲਾਂ ਵਾਂਗੂੰ, ਆਪਣੀਆਂ ਜਨਣੀਆਂ ਤੋਂ ਦੂਰ, ਬਹੁਤ ਦੂਰ।

ਸੁੱਖਾ ਕਿਸੇ ਨਵੇਂ ਘਰ ਦੀ ਛੱਤ ਪਾ ਰਿਹਾ ਸੀ। ਛੱਤ ਪੂਰੀ ਹੋਣ ਵਿਚ ਅਜੇ ਇਕ ਦਿਨ ਦਾ ਕੰਮ ਬਾਕੀ ਸੀ। ਉਸ ਨੂੰ ਇਹ ਛੱਤ ਨਿਬੇੜਨ ਦੀ ਕਾਹਲੀ ਸੀ ਕਿਉਂਕਿ ਘਰ 'ਤੇ ਛੱਤ ਨਾ ਹੋਣ ਕਾਰਨ, ਬਿਲਡਰ ਦੇ ਅਗਲੇ ਸਾਰੇ ਕੰਮ, ਜਿਵੇਂ ਬਿਜਲੀ ਲਾਉਣੀ, ਦਰਵਾਜ਼ੇ ਤਾਕੀਆਂ ਜੜਨੇ ਤੇ ਪਲੰਮਿੰਗ ਆਦਿ ਸਭ ਰੁਕੇ ਪਏ ਸਨ ਤੇ ਬਿਲਡਰ ਨੇ ਕੱਲ੍ਹ ਤਕ ਛੱਤ ਮੁਕੰਮਲ ਹੋਣ 'ਤੇ ਉਸ ਦਾ ਪੂਰਾ ਭੁਗਤਾਨ ਕਰਨ ਦਾ ਵਾਇਦਾ ਵੀ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਉਸਨੇ ਪਰਸੋਂ ਨੂੰ, ਮੌਸਮ ਠੀਕ ਰਹਿਣ 'ਤੇ ਕਿਸੇ ਹੋਰ ਘਰ ਦੀ ਛੱਤ ਸ਼ੁਰੂ ਕਰਨ ਦਾ ਵਚਨ ਵੀ ਦਿੱਤਾ ਹੋਇਆ ਸੀ।

ਛੱਤਾਂ ਪਾਉਣ ਵਾਲੇ, ਸ਼ਾਮ ਨੂੰ ਹੋਰ ਕੁਝ ਕਰਨ ਜਾਂ ਨਾ ਕਰਨ, ਇਕ ਦੋ ਪੱਕੀ ਦੇ ਪੈਗ ਤੇ ਟੀ. ਵੀ. 'ਤੇ ਅਗਲੇ ਦਿਨ ਦਾ ਮੌਸਮ ਜ਼ਰੂਰ ਦੇਖਦੇ ਹਨ।

ਸੁੱਖੇ ਨੇ ਜਦੋਂ ਸ਼ਾਮ ਨੂੰ, ਅਗਲੇ ਦਿਨ ਦਾ ਮੌਸਮ, "ਦੁਪਹਿਰ ਤਕ ਖ਼ੁਸ਼ਕ ਪਰ ਤੇਜ਼ ਹਵਾਵਾਂ ਨਾਲ ਬੱਦਲ ਸੰਘਣੇ ਹੋਣ ਦੀ ਸੰਭਾਵਨਾ, ਦਿਨ ਢੱਲਦੇ ਸਾਰ ਸ਼ਾਮ ਤਕ ਤੂਫ਼ਾਨੀ ਹਵਾਵਾਂ ਚੱਲਣ ਤੇ ਰਾਤ ਨੂੰ ਝੱਖੜ ਝੁੱਲਣ" ਦੀ ਘੋਸ਼ਨਾ ਸੁਣੀ ਤਾਂ ਉਸ ਨੇ ਛੱਤ ਨਿਬੇੜਨ ਲਈ ਰਾਤ ਨੂੰ ਹੀ ਦੋ ਵਾਧੂ ਕਾਮੇਂ ਸਵੇਰ ਲਈ ਨਕਦ ਵੇਤਨ 'ਤੇ ਬੁਲਾ ਲਏ। ਭਾਵੇਂ ਉਹ ਨਕਦ ਉਜਰਤ ਦੇਣ ਦੇ ਹੱਕ ਵਿਚ ਨਹੀਂ ਸੀ ਫਿਰ ਵੀ ਉਸਨੇ ਉਨ੍ਹਾਂ ਨੂੰ ਨਕਦ ਮਿਹਨਤਾਨਾ ਦੇਣ ਦਾ ਪ੍ਰਬੰਧ ਕਰ ਲਿਆ ਕਿਉਂਕਿ, ਆਪਣੇ ਬਹੁਤ ਸਾਰੇ ਲੋਕ, ਨਕਦ ਪੈਸਿਆਂ

'ਤੇ ਹੀ ਕੰਮ ਕਰਦੇ ਹਨ। ਨਕਦ ਪੈਸਿਆਂ 'ਤੇ ਕੰਮ ਨਾ ਕਰਵਾਉਣ ਬਾਰੇ ਜੇ ਕੋਈ ਸੁੱਖੇ ਨੂੰ ਪੁੱਛਦਾ ਤਾਂ ਉਹ ਕਹਿੰਦਾ ਕਿ ਨਕਦ ਤਨਖ਼ਾਹ ਦੇਣ ਨਾਲ ਸਰਕਾਰ ਨੂੰ ਘਾਟਾ ਪੈਂਦਾ। ਪਰ ਉਸ ਨੂੰ ਸਰਕਾਰ ਦੇ ਘਾਟੇ ਨਾਲੋਂ ਵੱਧ ਆਪਣਾ, ਹੇਰਾ-ਫੇਰੀ ਕਰਨ ਦੇ ਚੱਕਰ ਵਿਚ ਫਸਣ ਤੇ ਫੜੇ ਜਾਣ ਦਾ ਬਹੁਤਾ ਡਰ ਸੀ। ਸ਼ਾਇਦ ਉਹ ਇੰਗਲੈਂਡ ਦਾ ਡਰਿਆ ਹੋਇਆ ਸੀ। ਉਸ ਨੇ ਕੰਮ ਦੀ ਨਿਰਵਿਘਨ ਸਮਾਪਤੀ ਦੀ ਖ਼ੁਸ਼ੀ ਵਿਚ ਸ਼ਾਮ ਦੇ ਜਸ਼ਨ ਦਾ ਪ੍ਰਬੰਧ ਵੀ ਕਰ ਲਿਆ।

ਦੋ ਢਾਈ ਵਜੇ ਤਕ ਕਰੀਬਨ ਕਰੀਬਨ ਸਾਰੀ ਛੱਤ ਨਿੱਬੜ ਗਈ ਸੀ। ਛੋਟੇ ਛੋਟੇ ਕੰਮ ਰਹਿ ਗਏ ਸਨ। ਜਿਵੇਂ ਕੈਪਾਂ ਦੇ ਬੰਦ ਲਾਉਣੇ, ਛੱਤ 'ਤੋਂ ਮੇਖ਼ਾਂ ਦੀ ਸਫਾਈ ਕਰਨੀ, ਘਰ ਦੁਆਲੇ ਖਿਲਰੇ ਕਿੱਲ ਤੇ ਹੋਰ ਸ਼ੇਕਾਂ ਦੇ ਟੋਟੇ ਇਕੱਠੇ ਕਰਨੇ ਜੋ ਆਮ ਤੌਰ 'ਤੇ ਆਪਣੇ ਠੇਕੇਦਾਰ ਨਹੀਂ ਸਨ ਕਰਦੇ ਪਰ, ਸੁੱਖਾ ਕਰਦਾ ਸੀ। ਸਫ਼ਾਈ ਦਾ ਉਸਨੂੰ ਬਹੁਤ ਖਿਆਲ ਰਹਿੰਦਾ ਸੀ। ਇਸੇ ਕਰਕੇ ਉਸ ਨੂੰ ਗੋਰੇ ਬਿਲਡਰ ਕੰਮ ਦਿੰਦੇ ਸਨ ਤੇ ਇਸ ਮਕਾਨ ਦਾ ਬਿਲਡਰ ਵੀ ਗੋਰਾ ਸੀ।

ਹੁਣ ਹਵਾ ਚੱਲਣ ਲੱਗ ਪਈ। ਉਂਝ 'ਤੇ ਠੰਡੀ ਹਵਾ ਸਵੇਰ ਦੀ ਹੀ ਚੱਲ ਰਹੀ ਸੀ ਪਰ ਮੱਠੀ ਸੀ। ਹੁਣ ਇਕ ਦਮ ਤੇਜ਼ ਹੋ ਜਾਣ ਨਾਲ ਠੰਡੀ ਹਵਾ ਸਰੀਰ ਨੂੰ ਚੀਰ ਕੇ ਲੰਘਣ ਲੱਗ ਪਈ ਸੀ ਤੇ ਵਿਚ ਵਿਚ, ਮੋਟੀਆਂ ਮੋਟੀਆਂ ਕਣੀਆਂ ਵੀ ਡਿੱਗਣ ਲੱਗ ਪਈਆਂ ਸਨ ਜੋ ਦੇਖਦਿਆਂ ਦੇਖਦਿਆਂ ਤੇਜ਼ ਹੋਣ ਲੱਗ ਪਈਆਂ ਤੇ ਕੁਝ ਹੀ ਮਿੰਟਾਂ ਵਿਚ ਹਲਕੇ ਮੀਂਹ ਵਿਚ ਬਦਲ ਗਈਆਂ। ਠੰਡੀਆਂ ਕਣੀਆਂ ਤੇ ਸੀਤ ਹਵਾ ਨਾਲ ਹੱਥ ਸੁੰਨ ਹੋਣ ਲੱਗ ਪਏ। ਮੀਂਹ ਨਾਲ ਸੀਡਰ ਸ਼ੇਕ ਗਿੱਲੇ ਹੋ ਕੇ ਤਿਲਕਣੇ ਹੋ ਗਏ। ਚਾਰ ਪੰਜ ਕਾਮਿਆਂ ਨੇ ਫਟਾ ਫੱਟ ਬੰਦ ਖ਼ਤਮ ਕੀਤੇ ਤੇ ਸਾਰਾ ਸੰਦ ਸਮਾਨ, ਕਾਹਲੀ ਕਾਹਲੀ ਵਿਚ ਇਕੱਠਾ ਕੀਤਾ ਤੇ ਮੀਂਹ ਦੇ ਤੇਜ਼ ਹੋਣ ਨਾਲ ਛੱਤ ਤੋਂ ਥੱਲੇ ਉਤਰ ਆਏ।

ਸੰਦ ਸਾਜ਼ ਸਾਂਭਦਿਆਂ, ਠੰਡ ਨੂੰ ਦੂਰ ਕਰਨ ਲਈ ਕਿਸੇ ਨੇ ਬੀਅਰ ਦਾ ਬੱਤਾ ਨਾ ਲਿਆ ਬਸ ਪੱਕੀ ਦਾ ਹੀ ਹਾੜਾ ਲਾਇਆ। ਹੁਣ ਹਨੇਰਾ ਵੱਧ ਗਿਆ ਸੀ। ਘਰ ਨੂੰ ਦਰਵਾਜੇ ਤਾਕੀਆਂ ਨਾ ਲੱਗੇ ਹੋਣ ਕਾਰਨ ਘਰ ਅੰਦਰ ਗਰਮਾਇਸ਼ (ਹੀਟ) ਦਾ ਕੋਈ ਪ੍ਰਬੰਧ ਨਹੀਂ ਸੀ। ਹਾਂ ਲੋਅ ਲਈ ਇਕ ਬਲਬ ਘਰ ਦੇ ਇਕ ਕਮਰੇ ਵਿਚ ਲਾਇਆ ਹੋਇਆ ਸੀ। ਸੜਕ ਦੀ ਬੱਤੀ ਤੇ ਬਲਬ ਦੀ ਲੋਅ 'ਚ ਬੈਠ ਕੇ ਸਾਰੇ ਕਾਮੇ ਛੱਤ ਨਿਬੜਨ ਦਾ ਜਸ਼ਨ ਮਨਾ ਰਹੇ ਸੀ। ਦੋ ਕੁ ਪੱਕੀ ਦੇ ਗੇੜੇ ਆਏ। ਖਾਣ ਲਈ ਪੀਜ਼ਾ ਆ ਗਿਆ। ਸਭ ਨੇ ਦੋ ਦੋ ਪੈਗ ਲਾਏ, ਪੀਜ਼ਾ ਖਾਧਾ ਤੇ ਆਪੋ ਆਪਣੇ ਘਰਾਂ ਨੂੰ ਤੁਰ ਗਏ ਸਵਾਏ ਸੁੱਖੇ ਤੋਂ, ਕਿਉਂਕਿ ਬਿਲਡਰ ਨੇ ਉਸਨੂੰ ਇੱਥੇ ਹੀ ਮਿਲਣ ਲਈ ਕਿਹਾ ਹੋਇਆ ਸੀ।

ਸੁੱਖਾ ਬਿਲਡਰ ਦੀ ਉਡੀਕ ਕਰਨ ਲਈ ਟਰੱਕ ਵਿਚਲਾ ਸਾਮਾਨ ਠੀਕ ਕਰਨ ਲੱਗ ਪਿਆ। ਸਾਮਾਨ ਠੀਕ ਕਰਦੇ ਨੇ ਦੇਖਿਆ ਕਿ, ਸੇਫ਼ਟੀ ਹਾਰਨੈਸ (ਸੁਰੱਖਿਆ ਪੇਟੀਆਂ) ਗ਼ਾਇਬ ਹਨ। ਤਾਂ ਉਸਨੂੰ ਯਾਦ ਆਇਆ ਕਿ ਉਹ ਤਾਂ ਘਰ ਦੀ ਪਿਛਲੀ ਛੱਤ 'ਤੇ, ਲੂੰਬੀ ਕੋਲ ਪਈ ਸੀ ਤੇ ਕਾਮਿਆਂ ਨੇ

ਮੀਂਹ ਕਾਰਨ, ਛੱਤ ਤੋਂ ਛੇਤੀਂ ਉਤਰਨ ਦੀ ਕਾਹਲ ਵਿਚ, ਪਿਛਲੀ ਛੱਤ ਨਹੀਂ ਦੇਖੀ ਤੇ ਸੇਫ਼ਟੀ ਹਾਰਨੈੱਸ ਉਤਾਰਨਾ ਭੁੱਲ ਗਏ।

ਮੀਂਹ ਤੇ ਝੱਖੜ ਨੂੰ ਦੇਖ ਕੇ ਪਹਿਲਾਂ ਤਾਂ ਉਸਦੇ ਮਨ ਵਿਚ ਆਇਆ ਕਿ ਉਹ ਸਵੇਰ ਨੂੰ ਆ ਕੇ ਲੈ ਲਵੇਗਾ। ਪਰ ਜਦੋਂ ਉਸ ਨੂੰ ਉਨ੍ਹਾਂ ਦੀ ਅਹਿਮੀਅਤ ਤੇ ਕੀਮਤ ਦੇ ਨਾਲ ਇਹ ਖਿਆਲ ਆਇਆ ਕਿ ਕੱਲ੍ਹ ਨੂੰ ਤਾਂ ਉਹ ਇਸ ਪਾਸੇ ਦੇ ਬਿਲਕੁਲ ਉਲਟ ਕੰਮ ਕਰਨ ਜਾ ਰਿਹਾ ਤਾਂ ਉਸਨੂੰ ਬਹੁਤ ਗੁੱਸਾ ਆਇਆ। ਪਰ ਉਹ ਗੁੱਸਾ ਕੱਢਦਾ ਤਾਂ ਕੱਢਦਾ ਕਿਸ 'ਤੇ? ਦੋ ਕੁ ਵਾਰ 'ਸ਼ਿੱਟ, ਸ਼ਿੱਟ' ਕਿਹਾ ਤੇ ਫਿਰ "ਫੱਕ" ਆਖ ਕੇ ਗਾਰਬੇਜ ਬੈਗ ਵਿਚ ਜ਼ੋਰ ਨਾਲ ਪੈਰ ਮਾਰਿਆ। ਗਾਰਬੇਜ ਬੈਗ ਪਾਟਾ ਤਾਂ ਨਾ ਪਰ ਘਿਸੜ ਕੇ ਇਕ ਖੂੰਜੇ ਜਾ ਲੱਗਾ।

ਦਿਮਾਗ਼ ਕੁਝ ਠੰਢਾ ਹੋਇਆ ਤਾਂ ਉਸਨੇ, ਜੈਕਟ ਲਾਹ ਕੇ, ਮੀਂਹ ਤੋਂ ਬਚਣ ਲਈ ਟਰੱਕ ਵਿੱਚੋਂ, ਟੋਪੀ ਵਾਲੀ ਬਰਸਾਤੀ ਪਾਈ। ਟਰੱਕ ਦੀ ਛੱਤ ਤੋਂ ਅਠਾਈ ਫੁੱਟੀ ਪੌੜੀ ਉਤਾਰੀ ਤੇ ਘਰ ਦੇ ਪਿਛਲੇ ਪਾਸੇ ਜਾ ਕੇ ਛੱਤ ਨੂੰ ਲਾਈ ਜਿੱਥੇ ਸੁਰੱਖਿਆ ਪੇਟੀਆਂ ਪਈਆਂ ਸਨ।

ਉਸ ਨੂੰ ਪਤਾ ਸੀ ਕਿ ਮੀਂਹ ਵਿਚ ਛੱਤ 'ਤੇ ਚੜ੍ਹਨਾ ਖ਼ਤਰੇ ਤੋਂ ਖਾਲੀ ਨਹੀਂ ਤਾਂ ਉਸ ਨੇ ਇਕ ਲੰਬੀ ਸਾਰੀ 'ਵੰਨ ਬਾਈ ਸਿੱਕਸ' (1 X 6) ਦੀ ਫੱਟੀ ਲਈ, ਉਸ ਦੇ ਇਕ ਸਿਰੇ ਵਿਚ ਦੋ ਲੰਬੇ ਕਿੱਲ ਠੋਕੇ ਤਾਂ ਜੋ ਉਨ੍ਹਾਂ ਵਿਚ ਪੇਟੀਆਂ ਫਸਾ ਕੇ ਥੱਲੇ ਨੂੰ ਖਿੱਚ ਸਕੇ। ਉਹ ਪੌੜੀ ਕੋਲ ਆਇਆ। ਤੇਜ਼ ਹਵਾ ਤੇ ਮੀਂਹ ਨੂੰ ਦੇਖ ਕੇ ਉਸ ਨੇ ਆਪਣਾ ਇਰਾਦਾ ਬਦਲਣਾ ਚਾਹਿਆ ਪਰ, ਪੇਟੀਆਂ ਤੇ ਕੱਲ੍ਹ ਨੂੰ ਇੱਥੋਂ ਉਲਟੇ ਪਾਸੇ ਕੰਮ ਦੇ ਖਿਆਲ ਨੇ ਉਸ ਨੂੰ ਪੇਟੀਆਂ ਲਾਹੁਣ ਲਈ ਮਜਬੂਰ ਕਰ ਦਿੱਤਾ। ਉਸ ਨੇ ਪੌੜੀ 'ਤੇ ਚੜ੍ਹਨ ਤੋਂ ਪਹਿਲਾਂ, ਪੌੜੀ ਦੇ ਹੇਠਲੇ ਡੰਡੇ 'ਤੇ ਪੈਰ ਮਾਰਿਆ ਤੇ ਫਿਰ ਪੈਰ ਰੱਖ ਕੇ ਆਪਣਾ ਪੂਰਾ ਭਾਰ ਪਾ ਕੇ ਦਬਾਇਆ ਤਾਂ ਜੋ ਪੌੜੀ ਦੇ ਪੈਰ ਥੱਲੇ ਪੋਲੀ ਮਿੱਟੀ ਵਿਚ ਧੱਸ ਜਾਣ 'ਤੇ ਉੱਤੇ ਚੜ੍ਹਿਆਂ, ਥੱਲੇ, ਗਾਰੇ ਵਿਚ ਨਾ ਧੁਸੇ ਤੇ ਖਿਸਕੇ। ਜਦੋਂ ਪੌੜੀ ਪੋਲੀ ਮਿੱਟੀ ਵਿਚ ਧੁੱਸ ਗਈ ਤਾਂ ਉਸ ਨੇ ਪੌੜੀ ਨੂੰ ਇਕ ਦੋ ਵਾਰ, ਇਹ ਦੇਖਣ ਲਈ ਹਿਲਾਇਆ ਕਿ ਪੌੜੀ ਕਿਸੇ ਪਾਸੇ ਨੂੰ ਖਿਸਕ ਤਾਂ ਨਹੀਂ ਰਹੀ।

ਉਸਨੇ ਇਕ ਹੱਥ ਵਿਚ ਫੱਟੀ ਦੇ ਨਾਲ ਪੌੜੀ ਦੀ ਬਾਹੀ ਤੇ ਦੂਜੇ ਨਾਲ ਇਕ ਇਕ ਡੰਡਾ ਕਰ ਕੇ ਪੌੜੀ 'ਤੇ ਚੜ੍ਹਨਾ ਸ਼ੁਰੂ ਕੀਤਾ। ਤੇਜ਼ ਹਵਾ ਦੇ ਜ਼ੋਰ ਨਾਲ ਪੌੜੀ ਡੋਲਣ ਨਾਲ ਝੋਲ ਵੀ ਮਾਰ ਰਹੀ ਸੀ ਪਰ ਉਹ ਇਕ ਇਕ ਡੰਡਾ ਚੜ੍ਹ ਕੇ ਛੱਤ ਕੋਲ ਜਾ ਪਹੁੰਚਿਆ। ਜਦੋਂ ਉਹ ਪੌੜੀ ਦੇ ਉਸ ਡੰਡੇ 'ਤੇ ਪਹੁੰਚਿਆ ਜਿੱਥੋਂ ਉਹ ਖੜ੍ਹਾ ਹੋ ਕੇ ਫੱਟੀ ਨਾਲ ਪੇਟੀਆਂ ਤਕ ਆਸਾਨੀ ਨਾਲ ਪਹੁੰਚ ਸਕਦਾ ਸੀ ਤਾਂ ਉਸ ਨੇ, ਅੱਗੇ ਨੂੰ ਝੁੱਕ ਕੇ ਆਪਣੇ ਸਰੀਰ ਦਾ ਸਾਰਾ ਭਾਰ ਪੌੜੀ 'ਤੇ ਪਾਇਆ ਤੇ ਦੋਹਾਂ ਹੱਥਾ ਨਾਲ ਫੱਟੀ ਨੂੰ ਸਹਿਜੇ ਸਹਿਜੇ ਉੱਪਰ ਨੂੰ ਲਿਆਂਦਾ। ਫਿਰ ਪਿਛਲੇ ਸਿਰੇ ਤੋਂ ਫੜ ਕੇ ਪੇਟੀਆਂ ਵਿਚ ਕਿੱਲ ਫਸਾ ਕੇ ਥੱਲੇ ਨੂੰ ਖਿੱਚਿਆ। ਪੇਟੀਆਂ ਖਿਸਕ ਪਈਆਂ। ਜਦੋਂ ਉਹ ਐਨ ਸਿਰੇ ਕੋਲ ਆ ਗਈਆਂ ਤਾਂ ਉਸੇ

ਨੇ ਪੇਟੀਆਂ ਨੂੰ ਥੱਲੇ ਸੁਟਣ ਦੇ ਯਤਨ ਲਈ ਇਕ ਜ਼ੋਰਦਾਰ ਹਝੋਕਾ ਮਾਰਿਆ।

ਉਸਦੇ ਹਝੋਕਾ ਮਾਰਨ ਦੇ ਸਮੇਂ ਹਵਾ ਦਾ ਇਕ ਬਹੁਤ ਜ਼ੋਰਦਾਰ ਬੁੱਲਾ ਆਇਆ ਜਿਸ ਨਾਲ ਹਵਾ ਉਸ ਦੀ ਬਰਸਾਤੀ ਵਿਚ ਭਰ ਗਈ ਤੇ ਭੁਕਾਨੇ ਵਾਂਗ ਫੁਲ ਕੇ ਉਤਾਂਹ ਨੂੰ ਚੜ੍ਹਾ ਦਿੱਤਾ। ਹਝੋਕੇ ਤੇ ਬਰਸਾਤੀ ਦਾ ਭਕਾਨੇ ਵਾਂਗ ਫੁੱਲ ਕੇ ਉਤਾਂਹ ਨੂੰ ਚੜ੍ਹਨ ਨਾਲ ਉਸਦਾ ਸੰਤੁਲਨ ਜਾਂਦਾ ਰਿਹਾ ਤਾਂ ਉਸ ਨੇ ਡਿਗਣ ਤੋਂ ਬਚਣ ਲਈ ਪੌੜੀ ਦੇ ਡੰਡੇ ਨੂੰ ਘੁੱਟ ਕੇ ਫੜ ਲਿਆ ਪਰ ਪੌੜੀ ਹਵਾ ਦੇ ਜ਼ੋਰ ਤੇ ਹਝੋਕੇ ਕਾਰਨ ਕੁਝ ਇਸ ਤਰ੍ਹਾਂ ਪਿੱਛੇ ਨੂੰ ਉਲਟੀ ਕਿ ਉਹ ਪੌੜੀ ਸਮੇਤ, ਪੇਟੀਆਂ ਦੇ ਡਿੱਗਣ ਤੋਂ ਪਹਿਲਾਂ, ਥੱਲੇ ਚਿੱਕੜ ਵਿਚ ਜਾ ਡਿੱਗਿਆ।

ਅਲਮੀਨੀਅਮ ਦੀ ਪੌੜੀ ਦਾ ਜ਼ਮੀਨ 'ਤੇ ਵੱਜਣ ਨਾਲ ਇਕ ਬੜੇ ਜ਼ੋਰ ਦਾ ਖੜਾਕ ਹੋਇਆ ਪਰ, ਕਿਸੇ ਨੂੰ ਇਹ ਖੜਾਕ ਨਾ ਸੁਣਿਆਂ ਕਿਉਂਕਿ ਉੱਥੇ ਸੁਣਨ ਵਾਲਾ ਕੋਈ ਨਹੀਂ ਸੀ। ਆਲੇ ਦੁਆਲੇ ਦੇ ਸਭ ਘਰ ਨਵੇਂ ਤੇ ਖਾਲੀ ਸਨ। ਇਨ੍ਹਾਂ ਨਵੇਂ ਘਰਾਂ ਦੇ ਵਸਨੀਕ ਹਾਲੇ ਇਨ੍ਹਾਂ ਵਿਚ ਨਹੀਂ ਸਨ ਆਏ। ਅੱਜ ਤਾਂ ਇਨ੍ਹਾਂ ਘਰਾਂ ਵਿਚ ਕੰਮ ਕਰਨ ਵਾਲੇ ਕਿੱਤਾਕਾਰ ਵੀ, ਖ਼ਰਾਬ ਮੌਸਮ ਕਾਰਨ ਕਦੋਂ ਦੇ ਚਲੇ ਗਏ ਸਨ।

ਉਹ ਕੁਝ ਚਿਰ ਬੇਸੁਰਤ ਜਿਹਾ, ਪੌੜੀ ਥੱਲੇ ਚਿੱਕੜ ਵਿਚ ਸਪਾਟ ਲੰਮਾ ਪਿਆ, ਮੀਂਹ ਵਿਚ ਭਿਜਦਾ ਰਿਹਾ। ਕਿਉਂਕਿ ਡਿੱਗਣ ਤੋਂ ਪਹਿਲਾਂ, ਡਿੱਗ ਕੇ ਮਰ ਜਾਣ ਦੇ ਡਰ ਨਾਲ ਉਸਦਾ ਸਾਹ ਸੂਤਿਆ ਗਿਆ ਸੀ ਤੇ ਜਦੋਂ ਉਸ ਨੂੰ ਇਹ ਅਹਿਸਾਸ ਹੋਇਆ ਕਿ ਉਹ ਜੀਂਦਾ ਹੈ ਤਾਂ ਉਸ ਨੇ ਬਿਨਾਂ ਹਿੱਲਿਆਂ ਜੁੱਲਿਆਂ ਲੰਮੇ ਲੰਮੇ ਸਾਹ ਲੈਣੇ ਸ਼ੁਰੂ ਕਰ ਦਿੱਤੇ। ਜਦੋਂ ਮੂੰਹ ਅੱਡ ਕੇ ਸਾਹ ਲਏ ਤਾਂ ਉਸਨੂੰ ਆਪਣੇ ਮੂੰਹ ਵਿਚ ਕੁਝ ਲੂਣਕਾ ਲੂਣਕਾ ਜਿਹਾ ਪੈਂਦਾ ਮਹਿਸੂਸ ਹੋਇਆ। ਉਸ ਨੇ ਆਪਣੇ ਬੁੱਲ੍ਹ ਚੂਸੇ ਤਾਂ ਉਸ ਨੂੰ ਆਪਣੇ ਮੱਥੇ, ਨੱਕ ਤੇ ਬੁੱਲ੍ਹਾਂ 'ਤੇ ਪੌੜੀ ਵੱਜ ਕੇ ਜ਼ਖ਼ਮ ਹੋਣ ਦਾ ਅਹਿਸਾਸ ਹੋਇਆ ਜਿਨ੍ਹਾਂ ਵਿੱਚੋਂ ਖ਼ੂਨ ਨਿਕਲ ਕੇ, ਮੀਂਹ ਦੇ ਪਾਣੀ ਨਾਲ ਉਸਦੇ ਮੂੰਹ ਵਿਚ ਪੈ ਰਿਹਾ ਸੀ।

ਜਦੋਂ ਸਾਹ ਤੇ ਦਿਲ ਦੀ ਧੜਕਨ ਬਰਾਬਰ ਹੋਈ ਤਾਂ ਉਸ ਨੇ, ਲੱਤਾਂ ਤੇ ਬਾਹਾਂ ਨਾਲ ਆਪਣੇ ਸਰੀਰ ਤੋਂ ਪੌੜੀ ਹਟਾਉਣ ਤੇ ਉੱਠਣ ਦਾ ਯਤਨ ਕੀਤਾ ਤਾਂ ਨਾ ਹੱਥ ਚੁੱਕ ਹੋਏ ਤੇ ਨਾ ਲੱਤਾਂ ਨੇ ਸਾਥ ਦਿੱਤਾ। ਫਿਰ ਉਸਨੇ ਆਪਣੇ ਮੂੰਹ ਨੂੰ ਸਾਫ਼ ਕਰਨ ਲਈ ਸੱਜਾ ਹੱਥ ਚੁੱਕਿਆ ਪਰ ਚੁੱਕ ਨਾ ਹੋਇਆ ਤਾਂ ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸਦਾ ਧੌਣ ਤੋਂ ਥੱਲੇ ਦਾ ਧੜ ਹੀ ਨਾ ਹੋਵੇ। ਉਸ ਨੇ ਫਿਰ ਉੱਠਣ ਦੀ ਕੋਸ਼ਿਸ਼ ਕੀਤੀ ਪਰ ਉੱਠ ਨਾ ਹੋਇਆ। ਹੁਣ ਉਸਨੂੰ ਗਿਆਨ ਹੋ ਗਿਆ ਕਿ ਜਾਂ ਤਾਂ ਉਸਦਾ ਚੂਲਾ ਟੁੱਟ ਗਿਆ ਹੈ ਜਾਂ ਉਸਦੇ ਕੋਈ ਐਸੀ ਗੁੱਝੀ ਸੱਟ ਵੱਜੀ ਹੈ ਜਿਸ ਨਾਲ ਉਹ ਆਪਣੇ ਆਪ ਉੱਠ ਨਹੀਂ ਸਕਦਾ।

ਜਦੋਂ ਉਹ ਉੱਠਣ ਦਾ ਯਤਨ ਕਰ ਰਿਹਾ ਸੀ ਤਾਂ ਸਬੱਬ ਨਾਲ ਉਸ ਕੁ ਵੇਲੇ ਬਿਲਡਰ ਵੀ ਆ ਗਿਆ। ਉਹ ਕੰਨ ਨੂੰ ਸੈੱਲ ਫੋਨ ਲਾਈ ਘਰ ਅੰਦਰ ਘੁੰਮਦਾ ਕਿਸੇ ਨੂੰ ਅੰਗਰੇਜੀ ਵਿਚ ਦੱਸ ਰਿਹਾ ਸੀ, "ਉਸਦਾ ਟਰੱਕ ਤਾਂ ਖੜ੍ਹਾ

ਪਰ ਆਪ ਕਿਤੇ ਨਜ਼ਰ ਨਹੀਂ ਆਉਂਦਾ।"

ਫਿਰ ਉਹ ਅਟਕ ਕੇ ਬੋਲਿਆ, "ਉਹ ਸੈਲ ਫ਼ੋਨ ਵੀ ਨਹੀਂ ਚੁੱਕਦਾ।"

"ਮੈਂ ਫ਼ਲੈਸ਼ ਲਾਈਟ ਲੈ ਕੇ ਪਿੱਛੇ ਦੇਖਦਾਂ।"

ਜਦੋਂ ਬਿਲਡਰ ਨੇ, "ਉਹ ਸੈਲ ਫ਼ੋਨ ਵੀ ਨਹੀਂ ਚੁੱਕਦਾ।" ਕਿਹਾ ਤਾਂ ਸੁੱਖੇ ਨੂੰ ਆਪਣੇ ਸੈੱਲ ਫ਼ੋਨ ਦਾ ਖਿਆਲ ਆਇਆ। "ਉਸ ਨੇ ਤਾਂ ਕੋਈ ਘੰਟੀ ਵਜਦੀ ਨਹੀਂ ਸੁਣੀ।" ਉਸ ਨੇ ਆਪਣੇ ਮਨ ਵਿਚ ਕਿਹਾ ਤੇ ਆਪਣੇ ਸੱਜੇ ਚੂਕਣੇ ਨੂੰ ਹੱਥ ਲਾਉਣ ਲਈ ਹੱਥ ਚੁੱਕਿਆ ਪਰ ਚੁੱਕ ਨਾ ਹੋਇਆ।

"ਹੋ ਸਕਦਾ ਜਦੋਂ ਉਹ ਡਿੱਗਿਆ, ਫ਼ੋਨ ਹੋਲਸਟਰ 'ਚੋ ਨਿਕਲ ਕੇ ਦੂਰ ਗਾਰੇ ਵਿਚ ਜਾ ਡਿੱਗਿਆ ਹੋਵੇ ਜਾਂ ਉਸਦੇ ਥੱਲੇ ਆ ਕੇ ਟੁੱਟ ਗਿਆ ਹੋਵੇ।" ਉਸ ਨੇ ਆਪਣੇ ਆਪ ਨੂੰ ਕਿਹਾ ਤੇ ਉਸ ਨੂੰ ਪਹਿਲੀ ਨਾਲੋਂ ਪਿਛਲੀ ਸੰਭਾਵਨਾ ਜ਼ਿਆਦਾ ਸਾਰਥਕ ਲੱਗੀ।

ਸੁੱਖੇ ਨੇ ਬਿਲਡਰ ਨੂੰ, ਪਹਿਲੋਂ ਉਸਦਾ ਨਾਂ ਤੇ ਫਿਰ 'ਹੈਲਪ' ਕਹਿ ਕੇ ਆਵਾਜਾਂ ਮਾਰੀਆਂ ਪਰ ਉਸਦੀ ਆਪਣੀ ਆਵਾਜ਼, ਉਸਦੇ ਆਪਣੇ ਕੰਨਾਂ ਤਕ ਵੀ ਨਾ ਆਈ। ਉਸਨੇ ਫਿਰ ਕੋਸ਼ਿਸ਼ ਕੀਤੀ ਪਰ ਬੇਕਾਦ।

ਆਪਣੀ ਲਾਚਾਰੀ ਦੇਖ ਕੇ ਉਸਦਾ ਮਨ ਭਰ ਆਇਆ। ਉਸਨੇ ਮਨ 'ਤੇ ਕਾਬੂ ਪਾਉਣ ਤੇ ਸੰਭਲਣ ਦਾ ਯਤਨ ਕੀਤਾ ਪਰ ਨਾ ਸੰਭਲ ਹੋਇਆ। ਸ਼ਾਇਦ ਸੰਭਲ ਜਾਂਦਾ ਜੇਕਰ ਉਹ ਇਕੱਲਾ ਹੁੰਦਾ ਪਰ ਹੁਣ ਉਸਨੂੰ ਬਿਲਡਰ ਦਾ ਉੱਥੇ ਹੋਣ ਦਾ ਬਹੁਤ ਹੌਸਲਾ ਸੀ ਸ਼ਾਇਦ ਇਸੇ ਕਾਰਨ ਉਹ ਫਿੱਸ ਪਿਆ ਸੀ। ਰੋਣ ਨਾਲ ਉਸਦੀ ਆਵਾਜ਼ ਵਾਪਸ ਆ ਗਈ ਜਾਪਦੀ ਸੀ।

ਸੁੱਖੇ ਨੇ ਹਾਲੇ ਇਕ ਦੋ ਭੁੱਬਾਂ ਹੀ ਮਾਰੀਆਂ ਸਨ ਕਿ ਫ਼ਲੈਸ਼ ਲਾਈਟ ਉਸਦੇ ਮੂੰਹ 'ਤੇ ਪਈ ਤੇ ਉਸਦੇ ਕੰਨਾਂ ਵਿਚ ਅੰਗ੍ਰੇਜ਼ੀ ਦੇ ਇਹ ਬੋਲ ਪਏ, "ਕੀ ਇਹ ਤੂੰ ਆਂ ਸੁੱਖੇ?" "ਇੱਥੇ ਕਿੰਨੇ ਚਿਰ ਦਾ ਪਿਆਂ?"

ਫ਼ਲੈਸ਼ ਲਾਈਟ ਦੀ ਲੋਅ ਵਿਚ ਬਿਲਡਰ ਨੂੰ, ਸੁੱਖੇ ਦੇ ਹੰਝੂ ਘੱਟ ਪਰ ਤੇਜ਼ ਮੀਂਹ ਦੀਆਂ ਧਾਰਾਂ ਵੱਧ ਨਜ਼ਰ ਆਈਆਂ। ਉਹ ਸੁੱਖੇ 'ਤੇ ਝੁਕਿਆ ਤੇ ਪੁੱਛਿਆ, "ਕੀ ਤੂੰ ਹਿਲਜੁਲ ਸਕਦਾਂ?"

ਸੁੱਖੇ ਨੇ ਨਾਹ ਵਿਚ ਸਿਰ ਹਲਾਇਆ।

"ਤਾਂ ਕੋਸ਼ਿਸ਼ ਵੀ ਨਾ ਕਰੀਂ।" " ਮੈਂ ਐਂਬੂਲੈਂਸ ਨੂੰ ਫ਼ੋਨ ਕਰਦਾਂ।"

ਉਸ ਨੇ ਫ਼ਲੈਸ਼ ਲਾਈਟ ਬੁਝਾਈ ਤੇ ਆਪਣੀ ਹੋਲਸਟਰ ਵਿੱਚੋਂ ਸੈੱਲ ਫ਼ੋਨ ਕੱਢ ਕੇ 911 ਡਾਇਲ ਕੀਤਾ। ਅੱਗੋਂ ਓਪਰੇਟਰ ਦੇ ਪੁੱਛਣ 'ਤੇ ਜਵਾਬ ਦਿੱਤਾ, "ਐਂਬੂਲੈਂਸ ਪਲੀਜ਼"

ਫਿਰ ਰੁਕ ਕੇ ਕਿਹਾ, "ਘਰ ਦੇ ਪਿਛਲੇ ਪਾਸੇ।"

ਫਿਰ ਉਸਨੇ ਓਪਰੇਟਰ ਨੂੰ ਹਾਦਸੇ ਵਾਲੀ ਥਾਂ ਤੇ ਜ਼ਖ਼ਮੀ ਬੰਦੇ ਦੀ ਹਾਲਤ ਦੱਸ ਕੇ ਕਿਹਾ, "ਹੁਣ ਮੈਂ ਉਸਦੇ ਕੋਲ ਹਾਂ। ਐਂਬੂਲੈਂਸ ਦੀ ਸਹੂਲਤ ਲਈ ਮੈਂ ਅੱਗੇ ਆ ਜਾਵਾਂਗਾ।"

ਉਸ ਨੇ ਓਪਰੇਟਰ ਦਾ ਧੰਨਵਾਦ ਕਰ ਕੇ ਫੋਨ ਬੰਦ ਕੀਤਾ, ਸੁੱਖੇ ਨੂੰ ਦਿਲਾਸਾ ਦਿੱਤਾ ਤਾਂ ਸੁੱਖੇ ਨੇ ਉਸ ਨੂੰ ਆਪਣੀ ਪਤਨੀ ਨੂੰ ਫੋਨ ਕਰਨ ਦੀ ਬੇਨਤੀ ਕੀਤੀ ਤਾਂ ਉਹ ਬੋਲਿਆ, "ਉਹ ਮੈਂ ਤਾਂ ਭੁੱਲ ਹੀ ਗਿਆ। ਮੈਂ ਤੈਨੂੰ ਲਭਦਾ ਉਸੇ ਨਾਲ ਗੱਲਾਂ ਕਰ ਰਿਹਾ ਸੀ।"

ਹਾਲੇ ਉਸ ਨੇ ਐਨਾ ਕਿਹਾ ਹੀ ਸੀ ਕਿ ਉਸਦੇ ਸੈੱਲ ਫ਼ੋਨ ਦੀ ਘੰਟੀ ਵੱਜੀ। ਦੂਜੇ ਪਾਸੇ ਸੁੱਖੀ ਸੀ। ਬਿਲਡਰ ਨੇ ਸੁੱਖੀ ਨੂੰ ਹਾਦਸੇ ਬਾਰੇ ਦੱਸ ਕੇ ਕਿਹਾ, "ਫਿਕਰ ਵਾਲੀ ਕੋਈ ਗੱਲ ਨਹੀਂ, ਐਂਬੂਲੈਂਸ ਆ ਰਹੀ ਹੈ। ਮੈਂ ਆਪ ਘਰ ਆ ਕੇ ਚੈੱਕ ਦੇ ਜਾਵਾਂਗਾ।"

ਸੁੱਖੀ ਨੂੰ ਫ਼ੋਨ ਕਰਦੇ ਬਿਲਡਰ ਨੇ ਫਾਇਰ ਬਰਗੇਡ ਤੇ ਐਂਬੂਲੈਂਸ ਦੇ ਸਾਇਰਨ ਸੁਣੇ ਤਾਂ ਉਸਨੇ ਟੌਰਚ ਜਗਾਈ, ਘਰ ਵਿੱਚੀਂ ਭੱਜ ਕੇ ਸੜਕ 'ਤੇ ਆ ਖੜ੍ਹਾ ਹੋਇਆ। ਚੰਦ ਮਿੰਟਾਂ ਵਿਚ ਪਹਿਲਾਂ ਫ਼ਾਇਰ ਵਾਲੇ ਆ ਗਏ। ਉਨ੍ਹਾਂ ਸੁੱਖੇ ਨੂੰ ਸਾਂਭ ਲਿਆ। ਫਿਰ ਐਂਬੂਲੈਂਸ ਤੇ ਪੁਲੀਸ ਆ ਗਈ।

ਐਂਬੂਲੈਂਸ ਦੇ ਆਉਣ 'ਤੇ ਫ਼ਾਇਰ ਵਾਲੇ ਚਲੇ ਗਏ ਤੇ ਪੁਲਸੀਏ ਨੇ ਹਾਦਸੇ ਦਾ ਜਾਇਜ਼ਾ ਲਿਆ। ਘਰ ਦੇ ਅੰਦਰ ਘੁੰਮ ਕੇ ਦੇਖਿਆ। ਗਾਰਬੇਜ ਵੀ ਫਰੋਲਿਆ। ਜਦੋਂ ਪੈਰਾਮੈਡਕ ਸੁੱਖੇ ਨੂੰ ਹਸਪਤਾਲ ਲੈ ਜਾਣ ਲਈ ਸਟਰੈਚਰ 'ਤੇ ਪਾ ਰਹੇ ਸਨ ਤਾਂ ਪੁਲਸੀਏ ਨੇ ਉਸ ਨੂੰ ਪੀਣ ਬਾਰੇ ਪੁੱਛਿਆ ਤੇ ਉਸਦੇ ਮੂੰਹ ਕੋਲ ਮੂੰਹ ਕਰ ਕੇ ਸੁੰਘਿਆ। ਪਰ ਉਸ ਨੂੰ ਸ਼ਰਾਬ ਦੀ ਕੋਈ ਬੋ ਨਾ ਆਈ। ਕੰਮ 'ਤੇ ਨਾ ਪੀਣ ਤੇ ਸਫਾਈ ਰੱਖਣ ਦੀ ਆਦਤ ਉਸਦੇ ਇਸ ਆੜੇ ਸਮੇਂ ਸਹਾਈ ਹੋਈ। ਕਿਉਂਕਿ ਉਸ ਨੇ ਖਾਲੀ ਬੋਤਲਾਂ ਤੇ ਪੀਜ਼ੇ ਦੇ ਖਾਲੀ ਡੱਬੇ ਕੂੜੇ ਦੇ ਬੈਗ ਵਿਚ ਪਾ ਕੇ ਟਰੱਕ ਵਿਚ ਰੱਖ ਲਏ ਸਨ। ਇਹ ਸਭ ਕੁਛ ਮੁਹਲਾਧਾਰ ਪੈਂਦੀ ਬਾਰਿਸ਼ ਵਿਚ ਹੋ ਰਿਹਾ ਸੀ। ਪੈਰਾਮੈਡਿਕਸ, ਸੁੱਖੇ ਨੂੰ ਹਸਪਤਾਲ ਲੈ ਗਏ।

ਲਾਇਨ'ਜ਼ ਗੇਟ ਹਸਪਤਾਲ ਦਾ ਐਮਰਜੈਂਸੀ ਵਾਰਡ। ਐੱਕਸਰੇ ਰੂਮ। ਓਪਰੇਸ਼ਨ ਥੀਏਟਰ। ਫਿਰ ਜਨਰਲ ਵਾਰਡ ਦੇ ਕਿਸੇ ਕਮਰੇ ਵਿਚ। ਦੂਸਰੇ ਦਿਨ ਜਦੋਂ ਸੁੱਖੇ ਨੂੰ ਸੁਰਤ ਆਈ ਤਾਂ ਉਸ ਨੂੰ ਦੇਖਣ ਆਏ ਡਾਕਟਰ ਨੇ ਸੁੱਖੇ ਨੂੰ ਦਿਲਾਸਾ ਦਿੰਦਿਆਂ ਕਿਹਾ, "ਤੂੰ ਬਹੁਤ ਕਿਸਮਤ ਵਾਲਾਂ। ਸ਼ੁਕਰ ਆ, ਤੇਰੀ ਧੋਣ ਦਾ ਤੀਜ਼ਾ ਮਣਕਾ ਨਹੀਂ ਟੁੱਟਿਆ, ਨਹੀਂ ਤਾਂ ਤੇਰੀ ਮੌਤ ਹੋ ਜਾਣੀ ਸੀ।"

"ਤੇ ਹੁਣ?"

"ਤੇਰੀ ਕੰਗਰੋੜ ਦੇ, ਪੰਜਵੇਂ ਤੇ ਛੇਵੇਂ ਮਣਕੇ ਨਾਲ ਸੁਖਮਨਾ ਨਾੜੀ ਘੁੱਟੀ ਗਈ ਹੈ।"

"ਜਿਸ ਨਾਲ...?"

"ਤੂੰ ਫ਼ਿਲਹਾਲ, ਹੱਥ ਪੈਰ ਹਿਲਾ ਤੇ ਤੁਰ-ਫਿਰ ਨਹੀਂ ਸਕਦਾ।"

"ਇਸ ਦਾ ਮਤਲਬ ਇਹ ਸਦਾ ਲਈ...?" ਕੋਲ ਖੜ੍ਹੀ ਸੁੱਖੀ ਨੇ ਪੁੱਛਿਆ।

"ਕੁਆਡਰਾਪਲੀਜਕ?" "ਕੁਝ ਕਿਹਾ ਨਹੀਂ ਜਾ ਸਕਦਾ।" ਡਾਕਟਰ

ਕੁਝ ਸੋਚ ਕੇ ਬੋਲਿਆ, "ਅਗਲੇ ਦੋ ਤਿੰਨਾਂ ਦਿਨਾ ਵਿਚ ਪਤਾ ਲੱਗੇਗਾ।" ਡਾਕਟਰ ਫਿਰ ਰੁਕ ਕੇ ਬੋਲਿਆ, "ਜੇ ਇੱਥੇ ਤਕ ਨੌਬਤ ਆਈ ਤਾਂ ਸਾਡੇ ਕੋਲ ਰੀਹੈਬੀਟੇਸ਼ਨ ਸੈਂਟਰ ਹੈ। ਉਹ ਇਸ ਦੀ ਮਦਦ ਕਰ ਸਕਦੇ ਆ।"

ਲਾਇਨਜ਼ਗੇਟ ਹਸਪਤਾਲ ਤੋਂ ਵੈਨਕੂਵਰ ਦਾ ਰੀਹੈਬੀਟੇਸ਼ਨ ਸੈਂਟਰ, ਸੈਂਟਰ 'ਤੋਂ ਵੀਲ੍ਹਚੇਅਰ ਵਿਚ ਘਰ ਆਉਂਦੇ ਨੂੰ ਤਿੰਨ ਮਹੀਨੇ ਲੰਘ ਗਏ। ਕੰਮਪੈਨੇਸ਼ਨ ਵਾਲਿਆਂ ਦੀ ਮਾਲੀ ਮਦਦ ਨਾਲ ਮਕੈਨੀਕਲ ਬੈਡ, ਰੀਕਲਾਈਨਿੰਗ ਕੁਰਸੀ ਆਦਿ ਚੀਜ਼ਾਂ ਲਈਆਂ ਗਈਆਂ। ਰੀਹੈਬ ਵਿਚ ਥੋੜ੍ਹੇ ਬਹੁਤੇ ਹੱਥ ਚੱਲਣ ਲੱਗ ਪਏ ਸਨ ਜਿਸ ਨਾਲ ਆਪਣੇ ਆਪ ਖਾਣ ਪੀਣ ਤੇ ਵਾਸ਼ ਰੂਮ ਜਾਣ ਦੀ ਆਸਾਨੀ ਹੋ ਗਈ ਨਹੀਂ ਤਾਂ ਸਭ ਕੁਛ ਦੂਜਿਆਂ 'ਤੇ ਨਿਰਭਰ ਸੀ ਤੇ ਸੁੱਖੀ, ਬਿਨਾਂ ਨਰਸ ਦਾ ਕੋਰਸ ਕੀਤਿਆਂ, ਨਰਸ ਬਣ ਗਈ ਸੀ।

ਸੁੱਖੇ ਨੂੰ ਘਰ ਆਇਆਂ ਹਾਲੇ ਮਹੀਨਾ ਕੁ ਹੀ ਹੋਇਆ ਸੀ ਕਿ ਅਪਰੈਲ ਦੀ ਇਕ ਸ਼ਾਮ ਨੂੰ, ਜਦੋਂ ਸਕੂਲ ਕਾਲਜ ਬਸੰਤ ਰੁੱਤ ਦੀਆਂ ਛੁੱਟੀਆਂ ਲਈ ਬੰਦ ਹੁੰਦੇ ਹਨ ਤਾਂ, ਆਰ. ਸੀ. ਐਮ. ਪੀ. ਦੇ ਦੋ ਅਫ਼ਸਰਾਂ ਨੇ ਘਰ ਦਾ ਦਰ ਖੜਕਾਇਆ। ਸੁੱਖੇ ਨੇ ਸੁੱਖੀ ਵੱਲ ਦੇਖਿਆ ਤੇ ਸੁੱਖੀ ਉਨ੍ਹਾਂ ਨੂੰ ਤਾਕੀ ਥਾਣੀ ਦੇਖਕੇ, ਕਿਸੇ ਅਣਹੋਣੀ ਹੋਣ ਦੇ ਡਰ ਨਾਲ ਘਬਰਾ ਗਈ।

"ਪੁ'ਲੀਸ!" "ਸਾਡੇ ਘਰ!" "ਉਹ ਵੀ ਐਸ ਵੇਲੇ?" ਸੁੱਖੀ ਨੇ ਕੰਧ ਤੇ ਲੱਗੀ ਘੜੀ ਵੱਲ ਦੇਖਦੀ ਨੇ ਕਿਹਾ। ਸ਼ਾਮ ਦੇ ਅੱਠ ਵੱਜ ਰਹੇ ਸੀ। "ਇਹ ਕੀ ਕਰਨ ਆਏ ਆ?" "ਕਿਤੇ?" ਸੁੱਖੀ ਦੇ ਮਨ ਵਿਚ ਇਕ ਤੌਖਲਾ ਜਿਹਾ ਉੱਠਿਆ। ਉਹ ਉੱਠੀ ਤੇ ਡਰਦੀ ਡਰਦੀ ਨੇ ਜਾ ਕੇ ਦਰ ਖੋਲ੍ਹਿਆ।

ਦਰ ਦੇ ਇਕ ਪੱਟ ਨੂੰ ਥੋੜ੍ਹਾ ਜਿਹਾ ਖੋਲ੍ਹ ਕੇ ਦੋਹਾਂ ਅਫ਼ਸਰਾਂ ਵੱਲ, ਸਵਾਲੀਆ ਨਜ਼ਰਾਂ ਨਾਲ ਦੇਖਿਆ ਤੇ "ਯੱਸ" ਕਿਹਾ। ਅਗਲੇ ਅਫ਼ਸਰ ਨੇ, "ਗੁੱਡ ਈਵਨਿੰਗ" ਆਖ ਕੇ ਆਪਣਾ ਨਾਂ ਤੇ ਫਿਰ ਆਪਣੇ ਸਾਥੀ ਦਾ ਨਾਂ ਦੱਸ ਕੇ ਅੰਗਰੇਜ਼ੀ ਵਿਚ ਪੁੱਛਿਆ, "ਆਰ ਯੂ ਮਿੱਸਜ਼ ਸੁੱਖਵਿੰਡਰਪੌਲ ਕਾਉਰ?" ਉਹ, ਸੁੱਖੀ ਦਾ ਪੁਰਖੀ ਨਾਂ, ਉਚਾਰਨ ਲਈ ਹੱਥ ਵਿਚ ਫੜੇ ਕਾਗ਼ਜ਼ ਤੋਂ ਪੜ੍ਹਨ ਲਈ ਰੁਕ ਗਿਆ।

"ਯੈਸ, ਦੈਟ'ਸ ਮੀ।"

"ਇਜ਼ ਸਾ'ਨਾਹ'ਮੈਨ ਸਿੰਘ ਐਲਿਅਸ ਸੰਨੀ ਯੂਅਰ ਸਨ?"

"ਯੈਸ।"

ਸੁੱਖੀ ਨੇ ਹਾਂ ਕਹਿਣ ਤੋਂ ਬਾਅਦ ਇਕ ਦਮ "ਚੋਰ ਨੂੰ ਆਪਣਾ ਪਾਲਾ" ਅਨੁਸਾਰ ਮਨ ਵਿਚ ਉੱਠੇ ਤੌਖ਼ਲੇ ਨੂੰ ਲੈ ਕੇ ਸੋਚਿਆ ਕਿ ਇਹ ਕਿਤੇ ਇੰਮੀਗ੍ਰੇਸ਼ਨ ਵਾਲੇ ਤਾਂ ਨਹੀਂ ਜੋ ਸੰਨੀ ਦੇ ਮੁਆਮਲੇ ਨੂੰ ਲੈ ਕੇ ਮੇਰੀ ਪੁੱਛ ਗਿੱਛ ਕਰਨ ਆਏ ਆ। ਕਿਉਂਕਿ ਉਸਨੇ ਬੇਗੇ ਨੂੰ ਫ਼ ਕਰਵਾਉਣ ਲਈ ਸੰਨੀ ਨੂੰ ਉਸ ਦਾ ਮੁੰਡਾ ਲਿਖਵਇਆ ਸੀ।

ਉਹ ਕੁਝ ਚੌਕੰਨੀ ਹੋ ਗਈ। ਬੇਗੇ ਨੂੰ ਕਿਸ ਤਰ੍ਹਾਂ ਤਲਾਕ ਦਿੱਤਾ? ਅਸਲ ਵਿਚ ਇਹ ਮੁੰਡਾ ਬੇਗੇ ਦਾ ਜਾਂ ਸੁੱਖੇ ਦਾ? ਉਸ ਕੋਲੋਂ ਕਿੰਨੇ ਪੈਸੇ ਮੁੰਡੇ ਦੀ ਪਰਵਰਿਸ਼ ਲਈ ਲੈਂਦੀ ਰਹੀ? ਸੰਨੀ ਐਥੇ ਕਿਉਂ ਰਹਿੰਦਾ? ਬੇਗੇ ਕੋਲ ਕਿਉਂ ਨਹੀਂ ਜਾਂਦਾ? ਉਸ ਨਾਲ ਤੇ ਇੰਮੀਗੇਸ਼ਨ ਸੰਬੰਧੀ ਹੋਰ ਕਈ ਸਵਾਲਾਂ ਦੇ ਜਵਾਬ ਮਨ ਵਿਚ ਸੋਚਦੀ ਸੋਚਦੀ ਅੰਗਰੇਜ਼ੀ ਵਿਚ ਬੋਲੀ, "ਉਸ ਦੀ ਕੀ ਗੱਲ ਆ?"

"ਕੋਈ ਗੱਲ ਨਹੀਂ।" ਪਹਿਲਾ ਅਫ਼ਸਰ ਬੋਲਿਆ, "ਐਸ ਵੇਲੇ ਤਾਂ ਉਹ ਠੀਕ ਹੈ। ਪਰ ਹੈ ਹਸਪਤਾਲ ਵਿਚ।"

"ਹੈਂ!" "ਹਸਪਤਾਲ ਵਿਚ!" "ਹਾਏ ਮੈਂ ਮਰ ਗਈ।" ਉਸ ਨੇ ਪੰਜਾਬੀ ਵਿਚ ਕਿਹਾ ਤੇ ਦਰ ਦਾ ਪੱਟ ਚੌਪੱਟ ਖੋਲ੍ਹ ਕੇ ਬਾਹਰ ਨੂੰ ਇਸ ਤਰ੍ਹਾਂ ਨਿਕਲੀ ਜਿਵੇਂ ਪੁਲਸ ਦੀ ਕਾਰ ਲੈ ਕੇ ਭੱਜ ਜਾਣਾ ਹੋਵੇ।

ਜਦੋਂ ਉਹ ਬਾਹਰ ਨੂੰ ਭੱਜਣ ਲੱਗੀ ਤਾਂ ਦੂਜੇ ਅਫ਼ਸਰ ਦਾ ਹੱਥ, ਫੱਟ ਦੇਣੀ ਆਪਣੇ ਮੋਢੇ 'ਤੇ ਗਿਆ। 'ਕਲਿੱਕ' ਦੀ ਆਵਾਜ਼ ਆਈ ਤਾਂ ਉਹ ਅੰਗਰੇਜ਼ੀ ਵਿਚ ਇਕ ਕੋਡ ਨੰਬਰ ਬੋਲ ਕੇ ਅੱਗੇ ਬੋਲਿਆ, "ਲੁਕ'ਸ, ਟਰੌਮਾ ਸੱਚੂਏਸ਼ਨ ਔਨ ਹੈਂਡਜ਼। ਉਵਰ।"

ਐਨੇ ਨੂੰ ਅੱਗੇ ਖੜ੍ਹੇ ਅਫ਼ਸਰ ਨੇ ਅੱਗੇ ਵੱਧ ਕੇ ਸੁੱਖੀ ਦਾ ਰਾਹ ਰੋਕ ਲਿਆ ਤੇ ਉਸ ਦੀ ਬਾਂਹ ਨੂੰ ਹੱਥ ਲਾ ਕੇ ਅੰਗਰੇਜ਼ੀ ਵਿਚ ਬੋਲਿਆ, "ਰੀਲੈਕਸ ਮੈਮ। ਐਵਰੀ ਥਿੰਗ ਇਜ਼ ਫ਼ਾਈਨ।"

ਫਿਰ 'ਕਿਰ ਕਿਰ' ਦੀ ਆਵਾਜ਼ ਕਿਸੇ ਔਰਤ ਦੇ ਕੁਝ ਪੁੱਛਣ 'ਤੇ ਦੂਜੇ ਅਫ਼ਸਰ, ਮੋਢੇ 'ਤੇ ਲੱਗੇ ਮਾਈਕਰੋਫੋਨ ਦਾ ਬਟਣ ਦਬਾ ਕੇ ਬੋਲਿਆ, "ਅੰਡਰ ਕੰਟਰੋਲ। ਸਟੈਂਡ ਬਾਈ। ਉਵਰ।"

ਸੁੱਖੀ ਨੇ, "ਓ ਮਾਈ ਗੌਡ!" ਆਖ ਕੇ ਪੁੱਛਿਆ, "ਕੀ ਹੋਇਆ ਮੇਰੇ ਸੰਨੀ ਨੂੰ?" ਤੇ ਦੋਵੇਂ ਹੱਥ ਸਿਰ ਵਿਚ ਮਾਰੇ।

"ਕੀ ਹੋਇਆ ਸੰਨੀ ਨੂੰ?" ਪਰੇ ਬੈਠੇ ਸੁੱਖੇ ਨੇ ਵੀ ਪੁੱਛਿਆ, ਪਰ ਕਿਸੇ ਨੇ ਉਸਦੀ ਗੱਲ ਨਾ ਗੌਲੀ ਤੇ ਕੋਈ ਜਵਾਬ ਨਾ ਦਿੱਤਾ।

ਅਗਲੇ ਅਫ਼ਸਰ ਨੇ ਸੁੱਖੀ ਨੂੰ ਹੱਥ ਨਾਲ ਸਰਦਲ ਦੇ ਅੰਦਰ ਹੋਣ ਦਾ ਇਸ਼ਾਰਾ ਕੀਤਾ। ਜਦੋਂ ਉਹ ਦਰਾਂ ਅੰਦਰ ਹੋ ਗਈ ਤਾਂ ਪਿਛਲੇ ਅਫ਼ਸਰ ਨੇ ਅੰਦਰ ਵੜ ਕੇ ਦਰ ਬੰਦ ਕਰ ਦਿੱਤਾ ਤਾਂ ਸੁੱਖੀ ਨੇ ਫਿਰ ਪੁੱਛਿਆ, "ਸੰਨੀ ਨੂੰ ਕੀ ਹੋਇਆ?" ਤਾਂ ਅਗਲਾ ਅਫ਼ਸਰ ਬੋਲਿਆ, "ਕੁਝ ਨਹੀਂ, ਉਹ ਠੀਕ ਹੈ।" ਫਿਰ ਹੱਥ ਨਾਲ ਸੁੱਖੀ ਨੂੰ ਸੋਫ਼ੇ 'ਤੇ ਬੈਠਣ ਦਾ ਇਸ਼ਾਰਾ ਕਰ ਕੇ ਬੋਲਿਆ, "ਬੈਠ, ਅਸੀਂ ਤੈਨੂੰ ਵਿਸਥਾਰ ਨਾਲ ਦੱਸਦੇ ਹਾਂ।"

ਜਦੋਂ ਉਹ ਬੈਠ ਗਈ ਤਾਂ ਉਸ ਨੇ ਸੁੱਖੇ ਨੂੰ, ਗੁੱਡ ਈਵਨਿੰਗ ਸਰ।" ਆਖ ਕੇ ਪੁੱਛਿਆ, "ਕੀ ਤੂੰ ਸੰਨੀ ਦਾ ਪਿਤਾ ਏਂ?"

"ਨਹੀਂ" ਸੁੱਖੀ ਸੁੱਖੇ ਦੇ ਬੋਲਣ ਤੋਂ ਪਹਿਲਾਂ ਹੀ ਬੋਲੀ, "ਮਤਰੇਆ ਪਿਉ।"

"ਤੁਹਾਡਾ ਵੱਡਾ ਮੁੰਡਾ ਕੀ ਕੰਮ ਕਰਦਾ?"

"ਪੜ੍ਹਦਾ ਨਾਲੇ ਕਿਸੇ ਵੈਅਰਹਾਉਸ 'ਚ ਪਾਰਟ ਟਾਈਮ ਕੰਮ ਕਰਦਾ।" ਸੁੱਖੀ ਰੁਕ ਕੇ ਬੋਲੀ, "ਡੇ ਟਾਈਮ ਯੂਨੀਵਰਸਿਟੀ ਜਾਂਦਾ।"

"ਕਿਹੜੀ?"

"ਆਹ ਪਹਾੜੀ ਵਾਲੀ।"

"ਐਸ. ਐਫ਼. ਯੂ?"

ਸੁੱਖੀ ਨੇ ਹਾਂ ਵਿਚ ਸਿਰਫ਼ ਸਿਰ ਹਲਾਇਆ।

"ਤੇ ਸੰਨੀ?"

"ਉਹ ਕਾਲਜ।"

"ਕਿਹੜੇ?"

"ਨਿਊ-ਵੈਸਟ ਵਾਲੇ।"

"ਮੈਮ" ਆਖ ਕੇ ਪਹਿਲਾ ਅਫ਼ਸਰ ਕੁਝ ਸੰਜੀਦਾ ਜਿਹਾ ਹੋਇਆ ਤੇ ਫਿਰ ਸੁੱਖੀ ਤੇ ਸੁੱਖੇ, ਦੋਹਾਂ ਵੱਲ ਦੇਖ ਕੇ ਬੋਲਿਆ, "ਮੈਨੂੰ ਬਹੁਤ ਦੁੱਖ ਨਾਲ ਦੱਸਣਾ ਪੈਂਦਾ ਕਿ ਅੱਜ, ਕਾਲਜ ਖ਼ਤਮ ਹੋਣ ਤੋਂ ਬਾਅਦ, ਕਾਲਜ ਦੇ ਕੁਝ ਮੁੰਡੇ ਕੁੜੀਆਂ ਨੇ ਰਲ ਕੇ ਸੰਨੀ ਨੂੰ ਕੁੱਟਿਆ ਤੇ ਫਿਰ ਝਾੜੀਆਂ ਵਿਚ ਕਰੀਕ ਦੇ ਕੰਢੇ ਪਾਣੀ ਵਿਚ ਸੱਟ ਕੇ ਭੱਜ ਗਏ।"

"ਕਿੱਥੇ ?"

"ਪਟੂਲੋ ਪੁਲ ਦੇ ਦੱਖਣੀ ਸਿਰੇ ਥੱਲੇ।"

"ਉਹ ਲੱਭਿਆ ਕਿੱਦਾਂ।"

"ਰੱਬੋਂ ਉੱਥੇ ਇਕ ਬੰਦਾ, ਕੁੱਤੇ ਨੂੰ ਸੈਰ ਕਰਵਾਉਂਦਾ ਆ ਗਿਆ" ਕੁੱਤਾ ਸੰਨੀ ਨੂੰ ਦੇਖ ਕੇ ਭੌਂਕਣ ਲੱਗ ਪਿਆ ਤਾਂ ਉਸ ਬੰਦੇ ਨੇ ਸੰਨੀ ਨੂੰ ਪਾਣੀ ਚੋਂ ਕੱਢਿਆ। ਨਬਜ਼ ਚਲਦੀ ਦੇਖ ਕੇ ਉਸਨੇ 911 ਡਾਇਲ ਕਰ ਕੇ ਐਮਰਜੈਂਸੀ ਸੇਵਾਵਾਂ ਮੰਗਵਾ ਲਈਆਂ।"

"ਤੇ ਹਣ ?" ਸੱਖੀ ਨੇ ਰੋਣੀ ਜਿਹੀ ਆਵਾਜ਼ ਵਿਚ ਪੁੱਛਿਆ।

"ਰੌਇਲ ਕੁਲੰਬੀਆ ਦੇ ਡਾਕਟਰਾਂ ਅਨੁਸਾਰ ਉਂਝ ਠੀਕ ਹੈ ਪਰ ਹਾਲਤ ਗੰਭੀਰ ਹੈ। ਖ਼ਤਰੇ ਤੋਂ ਬਾਹਰ ਨਹੀਂ। ਜੇ ਤੁਸੀਂ ਦੇਖਣਾ ਚਾਹੋਂ ਤਾਂ ਦੇਖ ਸਕਦੇ ਹੋ।"

"ਤੁਸੀਂ ਕਿਸੇ ਨੂੰ ਫੜਿਆ ?"

"ਨਹੀਂ, ਹਾਲੇ ਬਹੁਤ ਅਗੇਤਾ। ਤਫ਼ਤੀਸ਼ ਸ਼ੁਰੂ ਕਰ ਰਹੇ ਹਾਂ।"

"ਤਫ਼ਤੀਸ਼ ਲਟਕ ਵੀ ਸਕਦੀ ਹੈ।" ਦੂਜਾ ਅਫ਼ਸਰ ਬੋਲਿਆ।

ਪਹਿਲੇ ਅਫ਼ਸਰ ਨੇ ਆਪਣੀ ਜੇਬ 'ਚੋਂ ਆਪਣਾ ਕਾਰਡ ਕੱਢ ਕੇ ਸੁੱਖੀ ਨੂੰ ਫੜਾਉਂਦੇ ਨੇ ਕਿਹਾ, "ਨਾਲੇ ਹੁਣ ਛੁੱਟੀਆਂ। ਕਾਲਜ ਬੰਦ ਨੇ। ਵਿਦਿਆਰਥੀਆਂ ਦਾ ਪਤਾ ਕਰਨਾ ਵੀ ਔਖਾ ਜਿੰਨਾ ਚਿਰ ਸੰਨੀ ਨਹੀਂ ਬੋਲਦਾ।"

"ਜੇ ਤੂੰ ਦੇਖਣ ਜਾਣਾਂ ਚਾਹੁੰਦੀ ਹੈਂ ਤਾਂ ਅਸੀਂ ਤੈਨੂੰ ਰਾਈਡ ਦੇ ਸਕਦੇ ਹਾਂ।" ਦੂਜਾ ਅਫ਼ਸਰ ਬੋਲਿਆ।

"ਨਹੀਂ ਧੰਨਵਾਦ। ਮੈਂ ਆਪੇ ਚਲੀ ਜਾਉਂਗੀ।" "ਮੈਂ ਮੁੜ ਕੇ ਵੀ ਤਾਂ ਆਉਣਾ।" ਉਹ ਰੁਕ ਕੇ ਬੋਲੀ ਤੇ ਉੱਠੀ। ਤਾਂ ਪਹਿਲਾ ਅਫ਼ਸਰ ਬੋਲਿਆ, "ਜਦੋਂ ਹੀ ਕੋਈ ਗ੍ਰਿਫ਼ਤਾਰੀ ਹੋਈ ਅਸੀਂ ਤੁਹਾਨੂੰ ਪਤਾ ਦਿਆਂਗੇ।"

ਦੋਹਾਂ ਅਫ਼ਸਰਾਂ ਨੇ ਇਕ ਵਾਰ ਫਿਰ, ਸੁੱਖੀ ਤੇ ਸੁੱਖੇ ਨੂੰ, ਦੁੱਖ ਦੇ ਪ੍ਰਗਟਾਅ ਨਾਲ ਹੌਸਲਾ ਦਿੱਤਾ ਤੇ ਦਰ ਖੋਲ੍ਹ ਕੇ ਘਰੋਂ ਬਾਹਰ ਨਿਕਲ ਗਏ ਤੇ ਸੁੱਖੀ, ਆਪਣੀ ਕਾਰ ਵਿਚ ਹਸਪਤਾਲ ਜਾ ਪਹੁੰਚੀ।

ਸੁੱਖੀ ਨੇ, 'ਮਰੀਜ਼ਾਂ ਦੀ ਜਾਣਕਾਰੀ' ਤੋਂ, 'ਗੰਭੀਰ ਦੇਖ-ਭਾਲ ਦੇ ਵਾਰਡ' ਵਿਚ ਸੰਨੀ ਦੇ ਬੈੱਡ ਦਾ ਪਤਾ ਕੀਤਾ, ਐਲੀਵੇਟਰ ਲਿਆ ਤੇ ਮਿੰਟਾਂ ਸਕਿੰਟਾਂ ਵਿਚ ਸੰਨੀ ਦੇ ਬੈੱਡ ਕੋਲ ਜਾ ਪਹੁੰਚੀ। ਨਰਸ ਨੇ ਸੁੱਖੀ ਨੂੰ ਦੱਸਿਆ

ਕਿ ਸੰਨੀ 'ਕੌਮੇ' ਵਿਚ ਹੈ ਤੇ ਗੱਲਾਂ ਨਹੀਂ ਕਰ ਸਕਦਾ ਤਾਂ ਸੁੱਖੀ ਚੁੱਪ ਚਾਪ ਉਸ ਦੇ ਮੰਜੇ ਕੋਲ ਬੈਠ ਗਈ। ਉਸਦੇ ਹੱਥ ਨੂੰ ਆਪਣੇ ਹੱਥ ਵਿਚ ਲੈ ਕੇ ਪੋਲਾ ਪੋਲਾ ਸਹਿਲਾਉਂਦੀ ਸਹਿਲਾਉਂਦੀ ਉਸਨੂੰ ਟਿਕਟਿਕੀ ਬੰਨ੍ਹ ਕੇ ਦੇਖਣ ਲੱਗ ਪਈ।

ਇਕ ਦਿਨ।

ਦੋ ਦਿਨ।

ਤਿੰਨ ਦਿਨ।

ਜਦੋਂ ਤਿੰਨਾਂ ਦਿਨਾਂ ਬਾਅਦ ਵੀ ਸੰਨੀ ਨੂੰ ਹੋਸ਼ ਨਾ ਆਇਆ, ਨਾ ਹਾਲਤ ਸੁਧਰੀ ਤੇ ਨਾ ਹੀ ਉਸ ਨੇ ਅੱਖ ਪੁੱਟ ਕੇ ਮਾਂ ਨੂੰ ਦੇਖਿਆ ਤਾਂ ਸੁੱਖੀ ਦੀਆਂ ਅੱਖਾਂ ਵਿੱਚੋਂ ਨੀਰ ਵਹਿ ਤੁਰਿਆ, ਧਰਤ ਦੇ ਵੱਖੋ ਵੱਖ ਖਿੱਤਿਆਂ ਦੀਆਂ ਉਹਨਾਂ ਨਦੀਆਂ ਵਾਂਗ ਜੋ ਉਸ ਨੂੰ ਸਿੰਜਦੀਆਂ ਹਨ। ਜਿਨ੍ਹਾਂ ਨਾਲ ਉਸ ਖਿੱਤੇ ਦੀ ਸੱਭਿਅਤਾ ਜੁੜੀ ਹੁੰਦੀ ਹੈ। ਕੁਝ ਖਿੱਤਿਆਂ ਦੇ ਵਾਸੀ ਉਨ੍ਹਾਂ ਨੂੰ, ਸਤਿਕਾਰ ਨਾਲ ਬੁਲਾਉਂਦੇ 'ਮਾਤਾ' ਵੀ ਕਹਿੰਦੇ ਹਨ।

ਕੁਝ ਦਿਨਾਂ ਬਾਅਦ ਸੰਨੀ ਨੂੰ, ਫੇਫੜਿਆਂ ਵਿਚ ਪਾਣੀ ਭਰ ਜਾਣ ਕਾਰਨ, ਨਮੂਨੀਆ ਹੋ ਗਿਆ ਤੇ ਉਹ।

ਲੋਕ ਵਿਸਾਖੀ ਮਨਾ ਰਹੇ ਸਨ ਤੇ ਸੁੱਖੀ ਜਵਾਨ ਮੁੰਡੇ ਦਾ ਸਸਕਾਰ ਕਰ ਰਹੀ ਸੀ।

ਸਸਕਾਰ ਵਾਲੇ ਦਿਨ ਸੁੱਖੀ ਦੇ ਸਾਹਮਣੇ ਇਹ ਸਮੱਸਿਆ ਆ ਖੜ੍ਹੀ ਹੋਈ ਕਿ ਸੰਨੀ ਦੇ ਸਰੀਰ ਨੂੰ ਅੱਗ ਕੌਣ ਦੇਵੇ? ਬੇਗਾ ਜਾਂ ਸੁੱਖਾ?

ਬੇਗਾ ਨਹੀਂ ਸੀ ਚਾਹੁੰਦਾ ਕਿ ਸੁੱਖੀ ਤੇ ਉਸਦਾ ਸੰਬੰਧ ਜੱਗ ਜ਼ਾਹਰ ਹੋਵੇ ਪਰ ਅੰਦਰੋਂ ਅੰਦਰੀ ਉਹ ਸੰਨੀ ਦੇ ਸਰੀਰ ਨੂੰ ਅੱਗ ਦੇਣੀ ਚਾਹੁੰਦਾ ਸੀ। ਸੁੱਖਾ ਇਸ ਗੱਲ ਨੂੰ ਸਮਝਦਾ ਸੀ। ਜਦੋਂ ਉਹ ਭੱਠੀ ਵਿਚ ਰੱਖੇ ਸੰਨੀ ਦੇ ਸਰੀਰ ਨੂੰ ਅੱਗ ਦੇਣ ਲਈ ਬਟਣ ਦਬਾਉਣ ਲੱਗਾ ਤਾਂ ਉਸਨੇ ਬੇਗੇ ਨੂੰ ਵਾਜ਼ ਮਾਰ, "ਬੇਗਿਆ, ਆਈਂ। ਆਹ ਬਟਣ ਤਾਂ ਦਬਾਈਂ। ਮੇਰੇ ਹੱਥ ਨਹੀਂ ਕਰਦਾ।"

ਸੰਨੀ ਦੇ ਪੂਰਾ ਹੋਣ ਤੋਂ ਮਹੀਨੇ ਕੁ ਬਾਅਦ ਉਹ ਪੁਲੀਸ ਅਫ਼ਸਰ ਫਿਰ ਆਇਆ ਜਿਸ ਨੇ ਸੁੱਖੀ ਨੂੰ ਆਪਣਾ ਕਾਰਡ ਦਿੱਤਾ ਸੀ ਤੇ ਉਨ੍ਹਾਂ ਨੂੰ ਦੱਸਿਆ, "ਅਸੀਂ, ਤਿੰਨ ਮੁੰਡੇ 'ਤੇ ਦੋ ਕੁੜੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ ਸੰਨੀ ਨੂੰ ਕੁੱਟਿਆ ਸੀ ਤੇ ਬਾਅਦ ਵਿਚ ਕਰੀਕ ਵਿਚ ਡਬੋਇਆ ਸੀ। ਉਨ੍ਹਾਂ ਦੀ ਪੁੱਛ ਗਿੱਛ ਤੋਂ ਪਤਾ ਲੱਗਿਆ ਕਿ ਉਨ੍ਹਾਂ ਦਾ ਸੰਨੀ ਨੂੰ ਜਾਨੋ ਮਾਰਨ ਦਾ ਕੋਈ ਇਰਾਦਾ ਨਹੀਂ ਸੀ। ਉਹ ਤਾਂ ਐਵੇਂ ਫੰਨ ਕਰ ਰਹੇ ਸਨ ਤੇ ਉਸ ਦਿਨ ਐਵੇਂ ਕਿਸੇ ਨੂੰ ਕੁੱਟਣ ਦੀ ਰੌ ਵਿਚ ਸੰਨੀ ਨੂੰ ਕੁੱਟ ਸੁੱਟਿਆ। ਲਗਦਾ ਅੱਲ੍ਹੜਾਂ, ਬਿਨਾਂ 'ਉੱਨੀ ਇੱਕੀ' ਸੋਚਿਆਂ ਮੰਡਲੀ ਖਸਲਤ ਅਧੀਨ ਉਸ ਨੂੰ ਕੁੱਟਿਆ।"

"ਪਰ ਤੁਸੀਂ ਸਾਰਿਆਂ ਨੂੰ ਚਾਰਜ ਤਾਂ ਨਹੀਂ ਕਰ ਸਕਦੇ?" ਸੁੱਖੀ ਬੋਲੀ।

"ਨਹੀਂ। ਪਰ ਅਸੀਂ ਇਕ ਮੁੰਡੇ ਤੇ ਕੁੜੀ ਨੂੰ 'ਸੈਕੰਡ ਡਿਗਰੀ ਮਰਡਰ' 'ਚ ਚਾਰਜ ਕੀਤਾ ਹੈ।" ਉਹ ਸੁੱਖੀ ਤੇ ਸੁੱਖੇ ਦੇ ਚਿਹਰਿਆਂ ਦਾ ਪਰਭਾਵ ਦੇਖਦਾ

ਬੋਲਿਆ, "ਇਹ ਉਹ ਦੋ ਜਣੇ ਹਨ ਜਿਨ੍ਹਾਂ ਨੇ ਮੁੜ ਕੇ ਆ ਕੇ ਸੰਨੀ ਨੂੰ ਘੜੀਸ ਕੇ, ਉਸਦਾ ਸਿਰ ਪਾਣੀ ਵਿਚ ਡਬੋਇਆ ਸੀ ਤੇ ਕੁੱਤੇ ਦੇ ਭੌਂਕਣ 'ਤੇ ਭੱਜ ਗਏ ਸਨ।"

"ਸਾਡੀ ਵਲੋਂ ਕਿਸੇ ਡਿਗਰੀ 'ਚ ਕਰੋ, ਚਾਹੇ ਨਾ ਕਰੋ, ਸਾਨੂੰ ਕੀ ਫਰਕ ਪੈਂਦਾ। ਸਾਡੇ ਸੰਨੀ ਤਾਂ ਵਾਪਸ ਨਹੀਂ ਆਉਣਾ।" ਪੁਲੀਸ ਅਫ਼ਸਰ ਦੀ ਗੱਲ ਸੁਣ ਕੇ ਸੁੱਖੀ ਦਾ ਮਨ ਕਹਿਣ ਨੂੰ ਕੀਤਾ ਪਰ, "ਅੱਛਾ" ਕਹਿ ਕੇ ਚੁੱਪ ਹੋ ਗਈ।

ਸੰਨੀ ਦੀ ਮੌਤ ਤੋਂ ਬਾਅਦ ਸੁੱਖੀ ਨੂੰ ਇੰਝ ਲੱਗਾ ਜਿਵੇਂ ਉਸਦੀ ਸੋਨੇ ਦੀ ਲੰਕਾ ਵਿਚ ਇਸ ਸਾਲ ਬਸੰਤ ਰੁੱਤ ਤੇ ਗਰਮੀਆਂ ਆਈਆਂ ਹੀ ਨਾ ਹੋਣ। ਬਸ ਪੱਤਝੜ ਹੀ ਪੱਤਝੜ ਰਹੀ ਹੋਵੇ ਜਾਂ ਯੱਖ ਸਰਦ ਸਿਆਲ।

ਪੱਤਝੜ ਸ਼ੁਰੂ ਹੋਈ। ਕਾਲਜ ਤੇ ਯੂਨੀਵਰਸਿਟੀਆਂ ਖੁੱਲੀਆਂ। ਮਨੀ ਵੀ ਯੂਨੀਵਰਸਿਟੀ ਜਾਣ ਲੱਗਾ। ਗਰਮੀਆਂ ਵਿਚ ਉਸ ਨੇ ਇਕ ਲਾਲ ਰੰਗ ਦੀ ਨਵੀਂ ਸਪੋਰਟਸ ਕਾਰ ਖਰੀਦੀ ਸੀ ਜਿਸ ਨੂੰ ਉਹ ਸਾਰਾ ਸਾਰਾ ਦਿਨ, ਵਹੁਟੀ ਵਾਂਗ ਸ਼ਿੰਗਾਰਦਾ ਸਆਰਦਾ ਰਹਿੰਦਾ।

ਰਾਤ ਨੂੰ ਯੂਨੀਵਰਸਿਟੀ ਤੋਂ ਕਾਫ਼ੀ ਲੇਟ ਆਉਂਦਾ। ਇਕ ਦੋ ਵਾਰ ਸੁੱਖੀ ਤੇ ਸੁੱਖੇ ਦੇ ਪੁੱਛਣ 'ਤੇ ਉਸ ਨੇ ਕਿਹਾ, "ਘਰ ਪੜ੍ਹ ਨਹੀਂ ਹੁੰਦਾ। ਸੰਨੀ ਯਾਦ ਆਉਂਦਾ ਰਹਿੰਦਾ। ਉਹ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਹੀ ਬੈਠ ਕੇ ਪੜ੍ਹ ਲੈਂਦਾ।" ਮਾਂ ਨੇ ਤਾਂ ਯਕੀਨ ਕਰ ਲਿਆ ਪਰ ਪਿਓ ਨੇ ਯਕੀਨ ਨਾ ਕੀਤਾ ਕਿਉਂਕਿ ਉਸ ਨੇ ਮਨੀ ਨੂੰ ਕਈ ਵਾਰ ਘਰ ਦੇ ਬਾਹਰ ਕਦੀ ਚੀਨਿਆਂ, ਕਦੀ ਫ਼ਿਲਪੀਨੋ, ਕਦੀ ਈਰਾਨੀ ਤੇ ਕਦੀ ਆਪਣੇ ਮੁੰਡਿਆ ਨਾਲ ਖੜ੍ਹਾ ਗੱਲਾਂ ਕਰਦਾ ਦੇਖਿਆ ਸੀ।

ਇਕ ਦਿਨ ਰਾਤ ਨੂੰ ਹਾਲੇ ਮਨੀ ਘਰ ਨਹੀਂ ਸੀ ਆਇਆ ਕਿ ਗਿਆਰਾਂ ਕੁ ਵਜੇ 'ਤੜ, ਤੜ, ਤੜ' ਗੋਲੀਆਂ ਚੱਲਣ ਦੀ ਆਵਾਜ਼ ਆਈ। ਗੋਲੀਆਂ ਦੀ ਆਵਜ਼ ਵਿਚ ਸੁੱਖੀ ਹੁਣਾ ਦੇ ਦਰਵਾਜ਼ੇ ਦਾ ਸ਼ੀਸ਼ਾ, ਕੀਚਰਾਂ ਕੀਚਰਾਂ ਹੋ ਕੇ ਘਰ ਦੇ ਅੰਦਰ ਖ਼ਿੱਲਰ ਗਿਆ। ਇਕ ਗੋਲੀ ਸੁੱਖੇ ਦੇ ਬੌਂਡ ਵਾਲੀ ਤਾਕੀ ਥਾਣੀ ਲੰਘ ਕੇ ਸਾਹਮਣੇ ਅੰਗੀਠੀ ਤੇ ਪਈ ਮਨੀ ਦੀ ਤਸਵੀਰ ਵਿਚ ਜਾ ਲੱਗੀ। ਸ਼ੀਸ਼ੇ ਨਾਲ਼ ਫਰੇਮ ਵੀ ਚੂਰਾ ਚੂਰਾ ਹੋ ਗਿਆ। "ਕਿਤੇ ਮਨੀ ?" ਸੁੱਖੇ ਦੇ ਮਨ ਵਿਚ ਇਕ ਭਰਮ ਜਾਗਿਆ ਤਾਂ ਉਸਨੇ ਪੁਲੀਸ ਸੱਦ ਲਈ।

ਪੁਲੀਸ ਆਈ। ਘਰ ਦਾ ਜਾਇਜ਼ਾ ਲਿਆ। ਚੱਲੇ ਰੌਂਦ ਇਕੱਠੇ ਕੀਤੇ ਤੇ ਚਲੇ ਗਏ।

ਇਸ ਹਾਦਸੇ ਤੋਂ ਕੋਈ ਮਹੀਨਾ ਕੁ ਬਾਅਦ, ਦਸੰਬਰ ਦੀ ਇਕ ਸੀਤ ਰਾਤ ਨੂੰ ਮਨੀ ਘਰ ਨਾ ਆਇਆ। ਸਵੇਰ ਨੂੰ ਸੁੱਖੀ ਨੇ ਉਸਦੇ ਸੈੱਲ 'ਤੇ ਫ਼ੋਨ ਕੀਤਾ, ਅੱਗੋਂ ਕੋਈ ਜਵਾਬ ਨਾ ਮਿਲਿਆ ਤਾਂ ਉਸਨੇ ਯੂਨੀਵਰਸਿਟੀ ਫੋਨ ਕਰ ਕੇ ਪਤਾ ਕੀਤਾ। ਉਹ ਉੱਥੇ ਵੀ ਨਾ ਮਿਲਿਆ ਤਾਂ ਸੁੱਖੀ ਨੇ ਪੁਲੀਸ ਵਿਚ, 'ਗੁੰਮਸ਼ੁਦਾ' ਦੀ ਰਿਪੋਰਟ ਦਰਜ ਕਰਵਾਉਣ ਲਈ ਫੋਨ ਕੀਤਾ ਪਰ, ਪੁਲੀਸ ਨੇ

ਇਸ ਬਿਨਾਅ 'ਤੇ ਦਰਖਾਸਤ ਨਾ ਲਈ ਕਿ ਗੁੰਮਸ਼ੁਦਾ ਨੂੰ ਗੁੰਮ ਹੋਇਆਂ ਹਾਲੇ ਚੌਵੀ ਘੰਟੇ ਨਹੀਂ ਹੋਏ। ਜਦੋਂ ਮਨੀ ਨੂੰ ਗੁਆਚੇ ਅਠਤਾਲੀ ਘੰਟੇ ਹੋ ਗਏ ਤਾਂ ਪੁਲੀਸ ਨੇ ਰੀਪੋਰਟ ਦਰਜ ਕਰ ਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ।

ਸਭ ਤੋਂ ਪਹਿਲਾਂ ਪੁਲੀਸ ਨੂੰ, ਬਾਰਨੱਟ ਬੀਚ ਦੇ ਕਾਰ ਪਾਰਕ ਵਿੱਚੋਂ ਮਨੀ ਦੀ ਕਾਰ ਮਿਲੀ। ਜਾਂਚ 'ਤੇ ਪਤਾ ਲੱਗਿਆ ਕਿ ਇਹ ਕਾਰ ਉੱਥੇ ਦੋ ਤਿੰਨ ਦਿਨ ਦੀ ਖੜ੍ਹੀ ਹੈ ਤੇ ਉਸ ਵਿੱਚੋਂ ਕਿਸੇ ਨੇ ਕੋਈ ਚੀਜ਼ ਚੋਰੀ ਨਹੀਂ ਕੀਤੀ। ਫਿਰ, ਬੀਚ ਦੇ ਚੜ੍ਹਦੇ ਸਿਰੇ, ਪੋਰਟਮੂਡੀ ਵਾਲੇ ਪਾਸੇ, ਗੱਡੀ ਦੀ ਲਾਈਨ ਤੇ ਬੀਚ ਦੀਆਂ ਝਾੜੀਆਂ ਵਿਚ ਮਨੀ ਦੀ ਅੱਧ ਜਲੀ ਲਾਸ਼ ਮਿਲੀ।

ਲਾਸ਼ ਦੀ ਸ਼ਨਾਖ਼ਤ ਲਈ ਸੁੱਖੀ ਨੂੰ ਲਿਆਂਦਾ ਗਿਆ। ਸੁੱਖੀ ਨੇ ਅੱਧ-ਜਲੀ ਲਾਸ਼ ਨੂੰ, ਮਨੀ ਦੀ ਮ੍ਰਿਤਕ ਦੇਹ ਮੰਨਣ ਤੋਂ ਇਨਕਾਰ ਕਰ ਦਿੱਤਾ। ਇੱਥੋਂ ਤਕ ਕਿ ਜਦੋਂ 'ਫੋਰੈਂਜ਼ਕ ਸ਼ਨਾਖ਼ਤ' ਵਾਲਿਆਂ, ਮਨੀ ਦੇ ਦੰਦ, ਅੱਧ ਜਲੀ ਲਾਸ਼ ਨਾਲ ਮਿਲਾਏ ਤੇ ਕਿਹਾ ਕਿ ਇਹ ਮਨੀ ਹੈ, ਉਹ ਤਾਂ ਵੀ ਨਾ ਮੰਨੀ।

ਸੁੱਖੀ, ਮਨੀ ਦੇ ਸਸਕਾਰ ਤੋਂ ਬਾਅਦ ਵੀ ਇਹ ਹੀ ਕਹਿੰਦੀ ਰਹੀ ਕਿ ਪੁਲੀਸ, ਕਿਸੇ ਹੋਰ ਦੀ ਲਾਸ਼ ਨੂੰ ਮੇਰੇ ਮੁੰਡੇ ਦੀ ਲਾਸ਼ ਦੱਸ ਕੇ ਸਾਡੇ ਗੱਲ ਮੜ੍ਹ ਗਈ ਤੇ ਮੇਰੇ ਮੁੰਡੇ ਸਿਰ, ਮਲੋ-ਮੱਲੀ ਡਰੱਗ ਤੇ ਗੈਂਗ ਵਿਚ ਸ਼ਾਮਿਲ ਹੋਣ ਦਾ ਇਲਜ਼ਾਮ ਥੱਪ ਕੇ ਆਪ ਸੁਰਖਰੂ ਹੋ ਗਈ। ਜਦਕਿ ਹਕੀਕਤ ਇਹ ਸੀ, ਕਿ ਮਨੀ ਜਦੋਂ ਦਾ ਮਕਡੌਨਲਡ ਵਿਚ ਕੰਮ ਕਰਨ ਲੱਗਾ ਸੀ, ਉਦੋਂ ਦਾ ਹੀ ਡਰੱਗ ਵੇਚਣ ਲੱਗ ਪਿਆ ਸੀ ਕਿਉਂਕਿ ਉਸਨੂੰ ਘਰੋਂ ਜੇਬ ਖਰਚ ਨਹੀਂ ਸੀ ਮਿਲਦਾ। ਉਹ ਦੂਜੇ ਮੁੰਡਿਆਂ ਦੀ ਰੀਸੀ ਡਰੱਗ ਵੇਚਣ ਲਈ ਆਪਣੇ ਮੁੰਡਿਆਂ ਦੀ ਗੈਂਗ ਵਿਚ ਵੀ ਸ਼ਾਮਿਲ ਹੋ ਗਿਆ ਸੀ। ਕਈ ਵਾਰ ਉਨ੍ਹਾਂ ਦੀ ਚੀਨੇ ਤੇ ਵੀਅਤਨਾਮੀ ਮੁੰਡਿਆਂ ਦੀਆਂ ਗੈਂਗਾਂ ਨਾਲ ਟਾਕਰਾ ਵੀ ਹੋਇਆ। ਆਪਸ ਵਿਚ ਗਾਲੀ ਚਲੌਚ ਤੇ ਕੁੱਟ ਮਾਰ ਤੋਂ ਇਲਾਵਾ ਘਰਾਂ ਵਿਚ ਗੋਲੀਆਂ ਮਾਰਨ ਮਰਾਉਣ ਤਕ ਨੌਬਤ ਵੀ ਆਈ ਪਰ, ਜਾਨੋਂ ਮਾਰ ਦੇਣ ਦੀ ਇਹ ਪਹਿਲੀ ਵਾਰਦਾਤ ਸੀ।

ਮਨੀ ਦੀ ਮੌਤ ਤੋਂ ਬਾਅਦ ਸੁੱਖਾ ਤਾਂ ਸਮੇਂ ਦੀ ਗਰਦਿਸ਼ ਨਾਲ ਨਿਬਾਹ ਕਰਨ ਲੱਗ ਪਿਆ ਸ਼ਾਇਦ ਇਹ ਸੋਚ ਕੇ ਕਿ ਉਸਦੀ ਵਰਤਮਾਨ ਹਾਲਤ ਵਿਚ ਮੌਤ ਤੋਂ ਵੱਧ ਉਸਨੂੰ ਹੋਰ ਕੀ ਦੁੱਖ ਹੋ ਸਕਦਾ ਪਰ, ਸੁੱਖੀ ਵੱਧ ਦਿਲਗੀਰ ਜਿਹੀ ਰਹਿਣ ਲੱਗ ਪਈ। ਹਰ ਵੇਲੇ ਕਮਲਿਆਂ ਵਾਂਗੂੰ ਆਪਣੇ ਨਾਲ ਗੱਲਾਂ ਕਰਦੀ ਰਹਿੰਦੀ। ਉੱਠਦੀ ਬੈਠਦੀ, ਤੁਰਦੀ ਫਿਰਦੀ ਮੁੰਡਿਆਂ ਨੂੰ ਯਾਦ ਕਰ ਕਰ ਕੇ ਰੋਂਦੀ ਰਹਿੰਦੀ। ਸਟੋਰ ਗਈ ਨੂੰ ਜੇ ਕੋਈ ਵਾਕਿਫ਼ਕਾਰ ਮਿਲ ਜਾਂਦਾ ਤੇ ਉਸਦੀ ਸੁੱਖ ਸਾਂਦ ਪੁੱਛਦਾ ਤੇ ਉਹ 'ਹੂੰ ਹਾਂ' ਕਰ ਕੇ ਅੱਗੇ ਤੁਰ ਜਾਂਦੀ। ਕਿਨਾ ਚਿਰ ਕੰਮ 'ਤੇ ਨਾ ਗਈ। ਅੰਤ "ਦਵਾਈਆਂ ਤੇ ਥੈਰੇਪੀ" ਨਾਲ ਜਦੋਂ ਉਹ ਠੀਕ ਹੋਈ ਤੇ ਕੰਮ 'ਤੇ ਜਾਣ ਲੱਗ ਪਈ।

ਮਨੀ ਦੀ ਮੌਤ ਤੋਂ ਪਹਿਲਾਂ ਜੇ ਕਿਸੇ ਨੇ ਸੁੱਖੀ ਨੂੰ ਕਹਿਣਾ, "ਤੇਰੇ ਵੱਡੇ ਮੁੰਡੇ ਦੀ ਸੁਹਬਤ ਠੀਕ ਨਹੀਂ, ਉਹ ਆਵਾਰਾ ਮੁੰਡਿਆਂ ਨਾਲ ਫਿਰਦਾ।" ਤਾਂ

ਉਹ ਕਹਿੰਦੀ, "ਮੇਰਾ ਮੁੰਡਾ ਇੱਥੇ ਦੇ ਤੌਰ ਤਰੀਕੇ ਨਾਲ ਰਹਿ ਰਿਹਾ। ਇੱਥੇ ਦੀ ਸੁਸਾਇਟੀ ਵਿਚ ਆਪਣਾ ਯੋਗਦਾਨ ਪਾ ਰਿਹਾ। ਤੁਸੀਂ ਮੇਰੇ ਮੁੰਡੇ ਨੂੰ ਦੇਖ ਕੇ ਜਲਦੇ ਉਂ।"

ਸੁੱਖਾ, ਸੁੱਖੀ ਦੇ ਉਕਤ ਬੋਲ ਯਾਦ ਆਉਂਦੇ ਹੀ ਅੱਭੜਵਾਹੇ ਉੱਠਿਆ ਤੇ ਸਿਰ ਘੁੰਮਾ ਕੇ ਬਾਹਰ ਨੂੰ ਦੇਖਿਆ। ਹਵਾ ਬੰਦ ਹੋ ਚੁੱਕੀ ਸੀ। ਸਨੋ ਦੇ ਮੋਟੇ ਮੋਟੇ ਫੰਬੇ, ਲੜੀ ਦਰ ਲੜੀ ਡਿੱਗ ਰਹੇ ਸੀ। ਸੜਕ ਵਿਚ ਦੋ ਦੋ ਤਿੰਨ ਤਿੰਨ ਇੰਚ ਤੋਂ ਵੱਧ ਸਨੋ ਪੈ ਚੁੱਕੀ ਸੀ। ਸਾਹਮਣਲੇ ਸਿੰਬਲ ਦੇ ਰੁੱਖ ਦੀਆਂ ਕਾਲੀਆਂ ਭੂਸਲੀਆਂ ਨੰਗੀਆਂ ਟਹਿਣਾਂ 'ਤੇ ਸਨੋ, ਰੂੰ ਦੇ ਤੂੰਬੀਆਂ ਵਾਂਗ ਇਸ ਤਰ੍ਹਾਂ ਅਟਕੀਆਂ ਹੋਈ ਸੀ ਜਿਵੇਂ ਉਹ ਆਪਣਾ ਨੰਗੇਜ ਢੱਕਣ ਦਾ ਯਤਨ ਕਰ ਰਹੀਆਂ ਹੋਣ। ਪਰ ਸੁੱਖੀ ਦੇ ਆਉਣ ਦਾ ਕਿਤੇ ਕੋਈ ਨਾਮੋ ਨਸ਼ਾਨ ਨਹੀਂ ਸੀ। ਪਰੇ, ਸ਼ਾਹਰਾਹ 'ਤੇ ਕਾਰਾਂ, ਜੂੰ ਦੀ ਚਾਲੇ ਲੰਘ ਰਹੀਆਂ ਸਨ।

ਸੁੱਖੇ ਨੇ ਘੜੀ ਵੱਲ ਦੇਖਿਆ, ਸਾਢੇ ਪੰਜ ਵੱਜ ਚੁੱਕੇ ਸੀ।

"ਸੁੱਖੀ ਨੂੰ ਕੰਮ ਛੱਡਿਆਂ ਘੰਟੇ ਤੋਂ ਉੱਤੇ ਹੋ ਗਿਆ। ਉਹ ਹਾਲੇ ਤਕ ਨਈਂ ਆਈ। ਮੈਂ ਕਰਾਂ ਤਾਂ ਕੀ ਕਰਾਂ?"

"ਉਡੀਕ। ਹੋਰ ਕੀ।" ਉਸਦੀ ਬੇਬਸੀ ਨੇ ਜਵਾਬ ਦਿੱਤਾ।

"ਉਡੀਕ!"

"ਹਾਂ ਉਡੀਕ" ਉਸ ਨੇ ਆਪਣੀ ਬੇਬਸੀ ਨੂੰ ਹੱਸ ਕੇ ਕਿਹਾ, "ਉਡੀਕਣ ਤੋਂ ਬਿਨਾਂ ਹੋਰ ਮੈਂ ਕਰ ਵੀ ਕੀ ਸਕਦਾਂ।"

ਵਾਸ਼ਰੂਮ ਜਾਣ ਦੀ ਜ਼ਰੂਰਤ ਉਸ 'ਤੇ ਹਾਵੀ ਸੀ। ਪਹਿਲੋਂ ਤਾਂ ਸੁੱਖੀ ਇਸ ਕੁ ਵੇਲੇ ਤਕ ਕਦੋਂ ਦੀ ਆ ਜਾਂਦੀ ਸੀ ਤੇ ਉਸ ਨੂੰ ਸਹਾਰਾ ਦੇ ਕੇ ਵੀਲ੍ਹ ਚੇਅਰ ਵਿਚ ਬਠਾ ਦਿੰਦੀ ਸੀ। ਪਰ ਅੱਜ ਉਸ ਨੂੰ ਆਪਣੇ ਆਪ ਹਿੰਮਤ ਕਰਨੀ ਪੈਣੀ ਸੀ।

ਉਸ ਨੇ ਸਿਰ ਘੁਮਾਇਆ, ਸਿੱਧਾ ਬੈਠਣ ਲਈ ਆਰਾਮ ਕੁਰਸੀ ਦਾ ਬਟਨ ਦਬਾਇਆ। ਕੁਰਸੀ ਸਿੱਧੀ ਹੋਣ ਤੇ ਉਸਨੇ ਸਹਿਜੇ ਸਹਿਜੇ ਹੱਥ ਵਧਾ ਕੇ ਵੀਲ੍ਹਚੈਅਰ ਨੂੰ ਇਸ ਤਰ੍ਹਾਂ ਕੋਲ ਕੀਤਾ ਜਿਸ ਨਾਲ ਉਹ ਕੁਰਸੀ ਦੀਆਂ ਬਾਹਾਂ ਨੂੰ ਫੜ ਕੇ, ਹੱਥਾਂ ਦੇ ਬੱਲ ਉੱਠ ਕੇ, ਕੁਰਸੀ ਵਿਚ ਬੈਠ ਸਕੇ। ਪਹਿਲੀ ਕੋਸ਼ਿਸ਼ ਵਿਚ ਉਸ ਤੋਂ ਪੂਰਾ ਨਾ ਉੱਠਿਆ ਗਿਆ। ਦੂਜੀ ਕੋਸ਼ਿਸ਼ ਕੀਤੀ ਤਾਂ ਕੁਰਸੀ ਦੀ ਬਾਂਹ ਵਿਚਕਾਰ ਅਟਕ ਗਿਆ। ਪਰ ਉਸ ਨੇ ਸਾਹਸ ਨਾ ਛੱਡਿਆ। ਕੰਬਦੀਆਂ ਬਾਹਾਂ ਨਾਲ ਆਪਣੇ ਮੁਰਦਾ ਸਰੀਰ ਨੂੰ ਕੁਝ ਇਸ ਤਰ੍ਹਾਂ ਝਟਕਿਆ ਕਿ ਉਹ ਕੁਰਸੀ ਵਿਚ ਜਾ ਡਿੱਗਿਆ। ਬਸ ਐਨੇ ਵਿਚ ਹੀ ਉਹ ਸਾਹੋ ਸਾਹੀ ਹੋ ਗਿਆ। ਫਿਰ ਬਿੰਦ ਕੁ ਸਾਹ ਲਿਆ ਤੇ ਵਾਸ਼ਰੂਮ ਚਲਾ ਗਿਆ।

ਵਾਸ਼ਰੂਮ ਤੋਂ ਵਾਪਸ ਆ ਕੇ ਉਸ ਨੇ ਟੀ. ਵੀ. ਦੀ ਆਵਾਜ਼ ਉੱਚੀ ਕੀਤੀ ਤੇ ਸਥਾਨਿਕ ਖ਼ਬਰਾਂ ਸੁਣ ਲੱਗ ਪਿਆ। ਉਹ ਟੀ.ਵੀ. ਘੱਟ ਪਰ ਸ਼ਾਹਰਾਹ ਵੱਲ ਵੱਧ ਦੇਖਦਾ। ਹਾਲੇ ਉਸ ਨੂੰ ਟੀ.ਵੀ. ਲਾਇਆਂ ਪੰਜ ਕੁ ਮੰਟ ਹੀ ਹੋਏ ਸਨ

ਕਿ ਉਸਦਾ ਧਿਆਨ ਕੌਫ਼ੀ ਟੇਬਲ 'ਤੇ ਰੱਖੇ ਟੈਲੀਫੋਨ 'ਤੇ ਪਿਆ ਤਾਂ ਉਸ ਨੂੰ ਸਵੇਰ ਵਾਲੀ ਕਾਲ ਯਾਦ ਆ ਗਈ ਤੇ ਉਸ ਬੰਦੇ ਦੇ ਬੋਲ ਵੀ, "ਤੂੰ ਮੇਰੇ ਭਤੀਜੇ ਨਾਲ ਵਾਅਦਾ ਕੀਤਾ ਸੀ। ਤੂੰ ਕਿਹਾ, "ਪਹਿਲਾਂ ਪੀ. ਐੱਚਡੀ. ਕਰ, ਸੱਦਣ ਦਾ ਬਾਅਦ ਵਿਚ ਦੇਖਾਂਗੇ।""

ਜਦੋਂ ਇਹ ਬੋਲ, "ਪਹਿਲਾਂ ਪੀ.ਐੱਚਡੀ. ਕਰ, ਸੱਦਣ ਦਾ ਬਾਅਦ ਵਿਚ ਦੇਖਾਂਗੇ।" ਉਸਦੇ ਦਿਮਾਗ਼ ਵਿਚ ਆਏ ਤਾਂ ਉਸਦਾ ਧਿਆਨ ਪਰੇ ਮੇਜ਼ 'ਤੇ ਪਈ ਕਿਤਾਬ ਵੱਲ ਗਿਆ। ਕਿਤਾਬ ਨੂੰ ਦੇਖ ਕੇ ਉਸ ਨੂੰ ਉਸਦੇ ਲੇਖਕ ਬਾਰੇ ਖਿਆਲ ਆਇਆ ਤਾਂ ਉਹ ਵਿਅੰਗਮਈ ਅੰਦਾਜ਼ ਵਿਚ ਹੱਸ ਕੇ ਬੁੜਬੜਾਇਆ, "ਇਹ ਮੈਨੂੰ ਕਿਵੇਂ ਲੇਖਕ ਸਮਝਦੇ ਆ?"

"ਹੋ ਸਕਦਾ ਸਾਡੇ ਦੋਹਾਂ ਦੇ ਨਾਂ ਇੱਕੋ ਹੋਣ ਕਾਰਨ?"

"ਨਈਂ ਨਈਂ।" ਸੁੱਖਾ ਫਿਰ ਬੁੜਬੁੜਾਇਆ ਜਦੋਂ ਉਸ ਨੂੰ ਵਿਆਹ ਤੋਂ ਬਾਅਦ ਆਪਣੇ ਬਾਰੇ ਪਿੰਡਾਂ ਵਿਚ ਗਰਮ ਹੋਈ ਅਫ਼ਵਾਹ, "ਵਲੈਤੋਂ ਪੜ੍ਹ ਕੇ ਆਏ ਮੁੰਡੇ ਦਾ ਵਿਆਹ ਬੀ.ਏ. ਪੜ੍ਹੀ ਕੁੜੀ ਨਾਲ ਹੋਇਆ।" ਯਾਦ ਆਈ, "ਮੈਂ ਵਲੈਤ ਕਿੱਥੇ ਪੜ੍ਹਿਆਂ। ਸਕੂਲ 'ਚ ਮਸਾਂ ਅੰਗਰੇਜ਼ੀ ਪੜ੍ਹਨੀ ਬੋਲਣੀ ਸਿੱਖੀ ਤਾਂ ਭੂਆ ਨੇ ਕੰਮ 'ਤੇ ਲਾ ਦਿੱਤਾ, 'ਅੱਖੇ ਪਿੱਛੇ ਘਰ 'ਚ ਤਾਂ ਪੈਸਿਆਂ ਦੀ ਲੋੜ ਆ ਤੂੰ ਪੜ੍ਹ ਕੇ ਕੀ ਕਰਨਾ'।"

"ਦੇਸ ਦਾ ਨੌਵੀਂ ਫੇਲ੍ਹ, ਕਿਤਾਬ ਕਿਵੇਂ ਲਿਖ ਸਕਦਾਂ! ਤੇ ਉਹ ਵੀ ਪੰਜਾਬੀ 'ਚ! ਜਿਸ ਦਾ ਊੜਾ ਮੈਂ ਘਮਾਂ ਵਿਚ ਪਾਉਂਦਾਂ।" ਸੁੱਖਾ ਫਿਰ ਬੁੜਬੁੜਾਇਆ।

"ਸੁੱਖੇ, ਤੂੰ ਆਪਣੀ ਜੀਵਨੀ ਕਿਉਂ ਨਈ ਲਿਖਦਾ?" "ਮੈਂ ਜੂਨੀਵਸਟੀ (ਯੂਨੀਵਿਰਸਟੀ) ਵਿਚ ਕਿਸੇ ਕੋਰਸ ਵਿਚ ਲੁਆ ਦੇਊਂਗਾ।" ਉਸਨੂੰ ਆਪਣੇ ਸਾਲੇ ਦੇ ਮਿੱਤਰ ਸ਼ਰਾਬੀ ਹੋਏ ਪ੍ਰੋਫ਼ੈਸਰ ਦੇ ਬੋਲ ਯਾਦ ਆਏ, "ਉੱਥੇ ਇਨ੍ਹਾਂ ਕਿਤਾਬਾਂ ਦੀ ਬੜੀ ਲੋੜ ਆ।"

"ਕਿਸੇ ਸਟਯੂਡੈਂਟ (ਸਟੂਡੈਂਟ) ਤੋਂ ਇਸ 'ਤੇ ਐਮ. ਫਿੱਲ. ਜਾਂ ਪੀ. ਐਚ.ਡੀ. ਕਰਵਾਉਣੀ ਤਾਂ ਆਪਣੇ ਖੱਬੇ ਹੱਥ ਦਾ ਕੰਮ ਆ।"

"ਤੂੰ ਲਿਖ ਤਾਂ ਸਈ, ਬਾਅਦ ਦੀ ਗੱਲ ਬਾਅਦ 'ਚ ਕਰਾਂਗੇ।"

"ਬਾਅਦ ਦੀ ਗੱਲ ਬਾਅਦ ਵਿਚ।" ਸੁੱਖਾ ਨੇ ਮਨ ਵਿਚ ਸੋਚਿਆ। "ਮਤਲਬ" - "ਸਪੌਂਸਰਸ਼ਿਪ।"

"ਹੂੰ" ਸੁੱਖਾ ਬੁੜਬੜਾਇਆ, "ਇਹ ਉਸ ਕੰਜਰ ਪ੍ਰੋਫ਼ੈਸਰ ਦਾ ਮੁੰਡੇ ਨੂੰ ਚਕਮਾ ਦਿੱਤਾ ਲਗਦਾ। ਅਸਲ ਗੱਲ ਤਾਂ 'ਸਪੌਂਸਰਸ਼ਿਪ' ਦੀ ਆ। ਕੈਨੇਡਾ ਆਉਣ ਦਾ ਚੱਕਰ। ਹੈ ਲੋਕੀ (ਕੈਨੇਡਾ) ਆਉਣ ਲਈ ਨਵੀਆਂ ਨਵੀਆਂ ਕਾਢਾਂ ਕਿੱਦਾਂ ਕੱਢ ਲੈਂਦੇ ਆ!"

ਜਦੋਂ ਉਹ ਕਿਤਾਬ ਦੀ ਆੜ ਵਿਚ ਛੁੱਪੀ ਅਸਲੀਅਤ 'ਸਪੌਂਸਰਸ਼ਿਪ' ਬਾਰੇ ਸੋਚ ਰਿਹਾ ਸੀ ਤਾਂ ਇਕ ਕਾਰ ਦੀਆਂ ਲਾਈਟਾਂ ਉਸਦੇ ਕਮਰੇ ਵਿਚ

ਪਈਆਂ। ਸੁੱਖੇ ਦਾ ਧਿਆਨ ਇਕ ਦਮ ਸ਼ਾਹ ਰਾਹ ਦੇ ਚੌਕ ਵੱਲ ਗਿਆ। ਇਕ ਕਾਰ ਉਨ੍ਹਾਂ ਦੇ ਕਲਟਾ ਡੀ ਸੈਕ ਵੱਲ ਮੁੜ ਰਹੀ ਸੀ। ਉਸ ਦਾ ਦਿਲ ਕਿਸੇ ਉਤਸੁਕਤਾ ਨਾਲ ਉਛਲਿਆ ਤੇ ਜ਼ੋਰ ਜ਼ੋਰ ਨਾਲ ਧੱਕ ਧੱਕ ਕਰਨ ਲੱਗਾ। ਕਾਰ ਦੀਆਂ ਹੈਡ ਲਾਈਟਾਂ ਔਨ ਹੋਣ ਕਾਰਨ ਉਹ ਕਾਰ ਨਾ ਪਛਾਣ ਸਕਿਆ ਤਾਂ ਛਿਣ ਭਰ ਲਈ ਉਦਾਸ ਹੋ ਗਿਆ।

ਹੁਣ ਜਦੋਂ ਕਾਰ, ਘਰ ਦੇ ਬਰਾਬਰ ਆ ਕੇ 'ਡਰਾਈਵ ਵੇਏ' ਵਿਚ ਮੁੜੀ ਤੇ ਗਰਾਜ ਦੀ ਮੋਟਰ ਦੀ "ਘੂੰ ਘੂੰ" ਨਾਲ ਡੋਰ 'ਖੜ ਖੜ' ਕਰ ਕੇ ਖੁੱਲਣ ਲੱਗਾ ਤਾਂ ਉਸ ਦਾ ਮਨ ਖਿੜ ਉੱਠਿਆ। ਉਸ ਦੇ ਕੰਨ ਤੇ ਅੱਖਾਂ, ਗਰਾਜ ਨੂੰ ਜਾਂਦੇ ਦਰਵਾਜ਼ੇ ਨੂੰ ਜਾ ਲੱਗੀਆਂ।

ਕਾਰ ਦੀ 'ਘੁਰ ਘੁਰ' ਬੰਦ। "ਘੂੰ, ਘੂੰ, ਘੂੰ" ਗਰਾਜ ਡੋਰ ਦੀ ਮੋਟਰ ਚੱਲੀ। "ਖਰੜ ਖਰੜ ਖਰੜ" ਗਰਾਜ ਡੋਰ ਥੱਲੇ ਨੂੰ ਉਤਰਨ ਲੱਗਾ। 'ਠੱਕ' ਕਾਰ ਦਾ ਦਰਵਾਜਾ ਬੰਦ।

ਜਦੋਂ ਗਰਾਜ ਡੋਰ ਦੀ ਖੜ ਖੜ ਵਿਚ ਠੱਕ ਦੀ ਆਵਾਜ਼ ਆਈ ਤਾਂ ਸੁੱਖੇ ਦੀਆਂ ਨਜ਼ਰਾਂ ਗਰਾਜ 'ਚੋਂ ਘਰ ਵਿਚ ਪਰਵੇਸ਼ ਕਰਨ ਵਾਲੇ ਦਰਵਾਜ਼ੇ 'ਤੇ ਜਾ ਟਿਕੀਆਂ।

ਗਰਾਜ ਮੋਟਰ ਦੀ ਘੂੰ ਘੂੰ ਬੰਦ ਹੋਈ ਨੂੰ ਵੀ ਮਿੰਟ ਤੋਂ ਉੱਤੇ ਹੋ ਗਿਆ ਪਰ, ਦਰਵਾਜ਼ਾ ਨਾ ਖੁੱਲ੍ਹਿਆ।

"ਕਿਤੇ ਕੋਈ ਹਾਦਸਾ ਕਰ ਕੇ ਸੱਟ ਸੁੱਟ ਤਾਂ ਨਹੀਂ ਲੁਆ ਆਈ?" ਸੁੱਖੇ ਦੇ ਮਨ ਵਿਚ ਤੌਖ਼ਲਾ ਉੱਠਿਆ।

ਛਿਣ ਭਰ ਉਡੀਕਣ ਤੋਂ ਬਾਅਦ ਉਸ ਨੇ, ਵੀਲ੍ਹ ਚੇਅਰ ਨੂੰ ਡਿਉੜ੍ਹੀ ਵੱਲ ਰੋੜ੍ਹਨ ਲਈ ਬਰੇਕ ਦੇ ਹੱਥੇ ਨੂੰ ਹੱਥ ਪਾ ਕੇ ਬਰੇਕ ਖੋਲ੍ਹਣ ਹੀ ਲੱਗਾ ਸੀ ਕਿ ਦਰਵਾਜ਼ਾ ਖੁੱਲ੍ਹਿਆ। ਸੁੱਖੀ ਡਿਉੜ੍ਹੀ ਵਿਚ ਦਾਖਲ਼ ਹੋਈ ਤਾਂ ਪਿੱਛੇ ਦਰ ਆਪਣੇ ਆਪ ਬੰਦ ਹੋ ਗਿਆ। ਉਸਦੇ ਪੈਰੀਂ ਬੂਟਾਂ ਤੋਂ ਸਿਵਾ ਸਰੀਰ 'ਤੇ ਉਹ ਸਾਰੇ ਕੱਪੜੇ ਸਨ ਜੋ ਉਹ ਸਵੇਰੇ ਜਾਣ ਵੇਲੇ ਪਾ ਕੇ ਗਈ ਸੀ। ਉਸ ਨੇ ਪੌੜੀਆਂ ਵਿਚ ਹੈਂਡ ਬੈਗ ਟਿਕਾਇਆ। ਕੋਟ ਦੀਆਂ ਜੇਬਾਂ ਵਿਚ ਦਸਤਾਨੇ ਫਸਾਏ। ਸ਼ਾਇਦ ਉਸ ਨੇ ਦਸਤਾਨੇ ਗਰਾਜ ਵਿਚ ਬੂਟ ਉਤਾਰਨ ਲਈ ਉਤਾਰ ਲਏ ਸੀ। ਫਿਰ ਸਵੇਰੇ ਪਹਿਨਣ ਦੀ ਕਿਰਿਆ ਦੇ ਉਲਟ, ਕੱਪੜੇ ਉਤਾਰਨੇ ਸ਼ੁਰੂ ਕੀਤੇ। ਪਹਿਲਾਂ ਕੋਟ ਦੇ ਬਟਣ ਖੋਲ੍ਹੇ। ਗਲ 'ਚੋਂ ਮਫ਼ਲਰ ਉਤਾਰਿਆ। ਫਿਰ ਕੋਟ ਤੇ ਸਿਰ ਦੀ ਟੋਪੀ। ਜਦੋਂ ਉਹ ਸਭ ਨੂੰ ਕੋਟ ਕਲੌਜ਼ਿਟ ਵਿਚ ਟੰਗ ਤੇ ਟਕਾ ਰਹੀ ਸੀ ਤਾਂ ਸੁੱਖੇ ਨੇ ਪੁੱਛਿਆ, "ਕਿੱਦਾਂ, ਆ ਗਈ?"

"ਹਾਂ ਆ ਗਈ।" ਸੁੱਖੀ ਨੇ ਕਲੌਜ਼ਿਟ ਬੰਦ ਕਰ ਕੇ ਸ਼ੀਸ਼ੇ ਵਿਚ ਆਪਣੇ ਅਕਸ ਨੂੰ ਦੇਖ ਕੇ ਵਾਲ ਸੰਵਾਰਦੀ ਨੇ ਕਿਹਾ, "ਸੜਕਾਂ ਦੀ ਤਾਂ ਬੁਰੀ ਹਾਲਤ ਆ। ਥਾਂ ਤਾਂ ਕਾਰਾਂ ਤਿਲਕ ਕੇ ਡਿੱਚਾਂ ਵਿਚ ਡਿਗੀਆਂ ਪਈਆਂ।" ਫਿਰ ਪਿੱਛੇ ਨੂੰ ਮੁੜ ਕੇ ਬੈਗ ਚੁੱਕਦੀ ਨੇ ਸੁੱਖੇ ਵੱਲ ਦੇਖਿਆ ਤੇ ਬੋਲੀ, "ਕੀ ਗੱਲ! ਅੱਜ ਸ਼ੇਵ ਵੀ ਨਹੀਂ ਕੀਤੀ?"

"ਉਂਦਾ ਈਂ।"

"ਉਂਦਾ ਈਂ!" "ਕੀ ਮਤਲਬ?"

"ਬੱਸ ਐਵੇਂ, ਘੌਲ।" ਸੁੱਖਾ ਅਟਕ ਕੇ ਬੋਲਿਆ।, "ਜੀਅ ਨਹੀਂ ਕੀਤਾ।"

"ਨਾਲੇ ਮੈਨੂੰ ਕਿਹੜਾ ਕੋਈ ਮਿਲਣ ਆਉਂਦਾ।" ਉਸਦਾ ਕਹਿਣ ਨੂੰ ਜੀਅ ਕੀਤਾ ਪਰ ਨਾ ਕਿਹਾ।

ਸੀ ਤਾਂ ਸੁੱਖੇ ਦੀ ਗੱਲ ਠੀਕ। ਜਦੋਂ ਦਾ ਮਨੀ ਪੂਰਾ ਹੋਇਆ ਸੀ, ਵਾਕਫਕਾਰ, ਦੋਸਤ ਮਿੱਤਰ ਤਾਂ ਕੀ ਸਕੇ ਸੰਬੰਧੀ ਵੀ ਆਉਣੋਂ ਹਟ ਗਏ ਸੀ। ਕੁਝ ਸੁੱਖੀ ਦੇ ਵਰਤਾਓ ਕਾਰਨ ਤੇ ਕੁਝ ਮਨੀ ਦੇ ਡਰੱਗ ਤੇ ਗੈਂਗ ਵਿਚ ਹੋਣ ਕਾਰਨ ਕੋਈ ਵੀ ਉਨ੍ਹਾਂ ਨਾਲ ਨਾਤਾ ਨਹੀਂ ਸੀ ਰੱਖਣਾ ਚਾਹੁੰਦਾ। ਹਰ ਕੋਈ ਉਨ੍ਹਾਂ ਤੋਂ ਦੂਰ ਹੀ ਰਹਿਣ ਲੱਗ ਪਿਆ ਸੀ। ਹਾਂ, ਬੇਗਾ ਆਉਂਦਾ ਸੀ, ਆਪਣੇ ਸੁਆਰਥ ਲਈ, ਸੁੱਖੇ ਨੂੰ ਦੇਖਣ।

"ਚੱਲ ਕੱਲ੍ਹ ਨੂੰ ਕਰ ਲਈਂ ਨਾਲੇ ਨਹਾ ਲ਼ਵੀਂ।" ਸੁੱਖੀ ਬੋਲੀ, "ਮੂਹਰੇ ਵੀਕਐਂਡ ਆ।"

ਸੁੱਖੀ ਦੇ ਮੂੰਹੋਂ ਵੀਕਐਂਡ ਦਾ ਸੁਣ ਕੇ ਸੁੱਖੇ ਦੀ ਨਜ਼ਰ ਇਕ ਦਮ ਕੰਧ 'ਤੇ ਲੱਗੇ ਕਲੰਡਰ 'ਤੇ ਗਈ। ਸ਼ੁਕਰਵਾਰ ਤੇਰਾਂ ਤਰੀਕ। "ਇਹ ਸਾਲੇ ਸ਼ੁਕਰਵਾਰ ਤੇ ਤੇਰਾਂ ਤਰੀਕ ਨੇ ਮਾਰ ਲਿਆ।" ਸੁੱਖੇ ਨੇ ਮਨ ਵਿਚ ਕਿਹਾ।

"ਮੈਂ ਕੱਪੜੇ ਬਦਲ ਕੇ ਚਾਹ ਲੈ ਕੇ ਆਈ। ਫੇ ਬੈਠਕੇ ਪੀਂਦੇ ਆਂ।" ਸੁੱਖੀ ਦੇ ਬੋਲ ਉਸਦੇ ਕੰਨਾਂ ਵਿਚ ਪਏ ਤਾਂ ਉਸਨੇ 'ਅੱਛਾ' ਕਿਹਾ। ਪਰ, ਉਸਦਾ ਧਿਆਨ ਹਾਲੇ ਵੀਕਐਂਡ ਵਿਚ ਹੀ ਸੀ, "ਕੱਲ੍ਹ ਨੂੰ ਬੇਗਾ ਆਵੇਗਾ, ਮੈਨੂੰ ਨਹਾਉਣ 'ਚ ਮਦਦ ਕਰਨ। ਕੱਪੜੇ ਉਤਾਰ ਕੇ ਟੱਬ 'ਚ ਬਠਾਲ੍ਹੂ, ਹੱਥ ਵਾਲੇ ਸ਼ਾਵਰ ਨਾਲ ਮੇਰੇ ਪਿੰਡੇ 'ਤੇ ਪਾਣੀ ਪਾਊ। ਸਾਬਣ ਲਾਊ। ਧੋਊ। ਤੌਲੀਏ ਨਾਲ ਪੂੰਝੂ। ਫਿਰ ਕਪੜੇ ਬਦਲੂ ਤੇ ਵੀਲ੍ਹ ਚੇਅਰ 'ਚ ਬਠਾਲੂ। ਫਿਰ ਉੱਪਰ ਆਪਣੀ ਭਾਬੀ ਨਾਲ...।" ਹਾਲੇ ਉਸਨੇ ਐਨਾ ਸੋਚਿਆ ਹੀ ਸੀ ਕਿ ਉਸਦਾ ਧਿਆਨ ਟੀ.ਵੀ. 'ਤੇ ਕਾਰ ਹਾਦਸੇ ਦੀ ਖ਼ਬਰ ਵੱਲ ਚਲਾ ਗਿਆ।

ਸੁੱਖੀ ਨੇ ਮੂੰਹ ਹੱਥ ਧੋ ਕੇ ਕੱਪੜੇ ਬਦਲੇ। ਚਾਹ ਬਣਾ ਕੇ ਲਿਆਈ। ਸੁੱਖਾ ਹਾਲੇ ਵੀ ਸਥਾਨਿਕ ਖ਼ਬਰਾਂ ਦੇਖ ਰਿਹਾ ਸੀ। ਹਰ ਪਾਸੇ ਬਰਫ਼ਬਾਰੀ ਹੁੰਦੀ ਦਿਖਾਈ ਜਾ ਰਹੀ ਸੀ। ਥਾਂ ਥਾਂ ਕਾਰਾਂ ਟਰੱਕਾਂ ਦੇ ਹਾਦਸੇ। ਕਿਹੜੇ ਰਾਹ ਠੀਕ ਹਨ ਤੇ ਕਿਹੜੇ ਨਹੀਂ, ਖਾਸ ਕਰ ਕੇ ਫਰੇਜ਼ਰ ਦਰਿਆ ਦੇ ਵੱਡੇ ਪੁੱਲ 'ਤੇ 'ਘੀਂ ਘੀਂ' ਕਰ ਕੇ ਚੜ੍ਹਦੀਆਂ ਕਾਰਾਂ।

ਘਿਸੜ ਘਿਸੜ ਕੇ ਚੜ੍ਹਦੀਆਂ ਕਾਰਾਂ ਨੂੰ ਦੇਖ ਕੇ ਸੁੱਖੀ ਬੋਲੀ, "ਮੈਨੂੰ ਹੈਥੇ ਈ ਦੇਰ ਲੱਗੀ" ਸੁੱਖੀ ਨੇ ਸੁੱਖੇ ਨੂੰ ਚਾਹ ਦਾ ਮੱਗ ਫੜਾਉਂਦੀ ਨੇ ਕਿਹਾ, "ਪਤਾ ਨਈਂ ਲੋਕੀ ਕਿਉਂ ਮਾੜੀਆਂ ਕਾਰਾਂ ਸਨੋ ਵਿਚ ਲਈ ਫਿਰਦੇ ਆ? ਆਪ ਵੀ ਤੰਗ ਹੁੰਦੇ ਆ, ਹੋਰਨਾ ਨੂੰ ਵੀ ਪਰੇਸ਼ਾਨ ਕਰਦੇ ਆ।"

"ਤੇਰੇ ਵਾਂਗੂੰ ਮੱਲਾਂ ਨਈ ਮੱਲੀਆਂ ਉਨ੍ਹਾਂ ਨੇ।" ਸੁੱਖੇ ਦਾ ਕਹਿਣ ਨੂੰ ਜੀਅ ਕੀਤਾ ਪਰ, "ਘੱਟ ਉਜਰਤ 'ਤੇ ਕੰਮ ਕਰਨ ਵਾਲਿਆਂ ਗੁਜ਼ਾਰਾ ਵੀ ਤਾਂ

ਕਰਨਾ।" ਰੁਕ ਕੇ ਜਵਾਬ ਦਿੱਤਾ।

ਸੁੱਖੀ ਨੇ ਚਾਹ ਖ਼ਤਮ ਕਰ ਕੇ ਖਾਲੀ ਮੱਗ ਕੌਫੀ ਟੇਬਲ 'ਤੇ ਰੱਖਿਆ ਤਾਂ ਉਸਦਾ ਧਿਆਨ ਕਿਤਾਬ 'ਤੇ ਪਿਆ। ਕਿਤਾਬ ਦੇ ਸਰਵਰਕ ਥੱਲੇ ਲੇਖਕ ਦਾ ਨਾਂ 'ਸੁਖਵਿੰਦਰ ਪਾਲ' ਦੇਖਕੇ ਖੁਸ਼ ਹੋਈ। ਕਿਤਾਬ ਚੁੱਕੀ 'ਤੇ ਬੋਲੀ, "ਇਹ ਅੱਜ ਇੱਥੇ ਕੀ ਕਰਦੀ ਆ?"

"ਮੈਂ ਪੜ੍ਹਦਾ ਸੀ।"

"ਤੂੰ ਪੜ੍ਹਦਾ ਸੀ!" ਸੁੱਖੀ ਬੋਲੀ, "ਕੀ ਅੱਜ ਕੋਈ ਖਾਸ ਗੱਲ ਹੋਈ?"

ਸੁੱਖਾ, ਸੁੱਖੀ ਦਾ ਸਵਾਲ ਸੁਣ ਕੇ ਦੁਚਿੱਤੀ ਵਿਚ ਪੈ ਗਿਆ। ਇਕ ਜੀਅ ਕੀਤਾ ਕਿ ਸਾਫ ਸਾਫ਼ ਦੱਸ ਦੇਵੇ ਕਿ ਤੇਰੀ ਇਸ ਕਿਤਾਬ ਨੇ ਅੱਜ ਸਵੇਰ ਦਾ ਕੀ ਪੁਆੜਾ ਪਾਇਆ ਹੋਇਆ। ਲੋਕ ਸਪੌਂਸਰਸ਼ਿਪ ਲਈ ਉਸਨੂੰ ਕਿਵੇਂ ਤੰਗ ਕਰਦੇ ਆ। ਫਿਰ, "ਜੇ ਸੁੱਖੀ ਨੇ ਸਵੇਰ ਵਾਲੀ ਫੋਨ ਕਾਲ ਬਾਰੇ ਪੁੱਛਿਆ ਤਾਂ ਦੱਸ ਦੇਵੇਗਾ ਨਹੀਂ ਤਾਂ ਨਹੀਂ" ਸੋਚ ਕੇ ਬੋਲਿਆ, "ਵੈਸੇ ਈ।"

"ਨਾ ਕਦੀ ਅੱਗੇ ਨਾ ਪਿੱਛੇ, ਅੱਜ ਕਿਵੇਂ?"

"ਟਾਈਮ ਪਾਸ ਕਰਨ ਲਈ।"

ਸੁੱਖੀ ਨੇ ਸੁੱਖੇ ਦੇ ਬੋਲ "ਟਾਈਮ ਪਾਸ ਕਰਨ ਲਈ ਸੁਣ ਕੇ ਟੀ. ਵੀ. ਵੱਲ ਦੇਖਿਆ ਤਾਂ ਸੁੱਖਾ ਬੋਲਿਆ, "ਬਾਹਰ ਝੱਖੜ, ਟੀ.ਵੀ. 'ਤੇ ਵੀ ਕੋਈ ਖਾਸ (ਸ਼ੋਅ) ਨਈਂ ਸੀ।"

ਸੁੱਖੀ ਨੇ ਕਿਤਾਬ ਚੁੱਕੀ ਤੇ ਜਾ ਕੇ ਡੈਸਕ 'ਤੇ ਪਏ ਬੁੱਕ-ਰੈਕ ਵਿਚ ਸਭ ਤੋਂ ਅੱਗੇ ਕਰ ਕੇ ਟਿਕਾ ਦਿੱਤੀ। ਵਾਪਸ ਆਈ, ਕੌਫ਼ੀ ਟੇਬਲ ਤੋਂ ਮੱਗ ਚੁੱਕਣ ਲੱਗੀ ਦੀ ਨਜ਼ਰ ਫੋਨ 'ਤੇ ਪਈ। ਫੋਨ ਨੂੰ ਦੇਖਿਆ ਤਾਂ ਉਸਨੂੰ ਸਵੇਰੇ ਆਈ ਫੋਨ ਕਾਲ ਦਾ ਖਿਆਲ ਆ ਗਿਆ ਤੇ ਬੋਲੀ, ਸੁੱਖੇ, ਸਵੇਰੇ ਫੋਨ ਕਿਸ ਦਾ ਸੀ?"

"ਬਰੈਮਪਟਨ ਤੋਂ ਉਸ ਮੁੰਡੇ ਦੇ ਚਾਚੇ ਦਾ ਜਿਸ ਨੇ ਤੇਰੀ ਕਿਤਾਬ 'ਤੇ ਪੀ.ਐਚ.ਡੀ. ਕੀਤੀ ਆ।"

"ਕੀ ਕਹਿੰਦਾ ਸੀ?"

"ਕਹਿੰਦਾ ਸੀ ਕਿ ਮੈਂ ਉਸਦੇ ਭਤੀਜੇ ਨੂੰ ਸਪੌਂਸਰ ਕਰਨ ਦਾ ਵਾਇਦਾ ਕੀਤਾ ਸੀ ਜਦੋਂ ਉਹ ਮੇਰੀ ਕਿਤਾਬ 'ਤੇ ਪੀ. ਅੱਚਡੀ. ਕਰ ਲਊਗਾ।"

"ਨਾ ਤੂੰ ਕਿਸੇ ਨੂੰ ਹੈਦਾਂ ਕਿਹਾ?"

"ਨਾ ਮੈਂ ਕਿਸੇ ਨੂੰ ਜਾਣਦਾ ਨਾ ਬੁਝਦਾ।" ਸੁੱਖਾ ਬੋਲਿਆ, "ਨਾ ਮੈਨੂੰ ਪਤਾ ਕੋਈ ਕਿਤਾਬ 'ਤੇ ਪੀ. ਐਚ.ਡੀ. ਕਰ ਰਿਹਾ ਕਿ ਨਹੀਂ।"

"ਤਾਂ ਹੋ ਸਕਦਾ ਭਾਜੀ ਦੇ ਪ੍ਰੋਫ਼ੈਸਰ ਦੋਸਤ ਨੇ ਕਿਸੇ ਨੂੰ ਕਹਿ ਰੱਖਿਆ ਹੋਵੇ।"

"ਹੋਵੇ ਨਈਂ, ਹੋਇਆ।"

"ਕੀ ਮਤਲਬ?"

"ਉਸਦਾ ਚਾਚਾ ਕਹਿੰਦਾ ਸੀ ਕਿ ਪ੍ਰੋਫ਼ੈਸਰ ਨੇ ਮੇਰੇ ਭਤੀਜੇ ਨੂੰ ਕਿਹਾ

ਸੀ ਕਿ ਜੇ ਉਹ ਇਸ ਕਿਤਾਬ 'ਤੇ ਪੀ. ਐੱਚ.ਡੀ. ਜਾਂ ਐਮ.ਫਿੱਲ. ਕਰੂਗਾ ਤਾਂ ਲੇਖਕ ਉਸਨੂੰ ਨੈਨੀ ਦੇ ਤੌਰ 'ਤੇ ਸਪੌਂਸਰ ਕਰ ਕੇ ਕੈਨੇਡਾ ਮੰਗਵਾ ਲਵੇਗਾ, ਕਿਉਂਕਿ ਉਹ ਅਪਾਹਜ ਆ।"

"ਚੱਲ ਆਪਾਂ ਸਪੌਂਸਰ ਕਰ ਦਿੰਦੇ ਆਂ।" ਸੁੱਖੀ ਕੁਝ ਸੋਚ ਕੇ ਬੋਲੀ, "ਕਿਸੇ ਦਾ ਭਲਾ ਈ ਹੋ ਜਾਊ।"

"ਪਰ ਸਾਡੀ ਤਾਂ ਸਪੌਂਸਰ ਕਰਨ ਜੋਗੀ ਆਮਦਨ ਵੀ ਨਈਂ।" ਸੁੱਖਾ ਬੋਲਿਆ, "ਤੇਰੀ ਤਨਖਾਹ ਈ ਆ।"

"ਮੈਂ ਆਮਦਨ ਆਪੇ ਕਰ ਲਉਂਗੀ।"

"ਕਿੱਥੋਂ ?"

"ਮਨੀ ਦੇ ਪੇਸੇ ਆ। ਆਹ ਘਰ ਫ੍ਰੀ ਆ। ਕਰਾਏ ਵਾਲਾ ਘਰ।"

"ਕਿਤੇ ਐਵੇਂ ਨਾ ਫਸ ਜਾਈਂ।"

"ਤੂੰ ਐਵੇਂ ਨਾ ਡਰਿਆ ਕਰ।" ਸੁੱਖੀ ਬੋਲੀ, "ਕਿਤੇ ਕੁਛ ਨਈਂ ਹੁੰਦਾ।" ਉਹ ਅਟਕ ਕੇ ਬੋਲੀ, "ਇੱਥੇ ਤਾਂ ਵੱਡੇ ਵੱਡੇ (ਲੋਕ) ਪਤਾ ਨਈ ਕੀ ਕੀ ਝੂਠ ਬੋਲ ਕੇ ਲੰਘ ਆਏ ਤੇ ਫਿਰ ਐਮ. ਪੀ. ਬਣ ਗਏ।"

"ਉਹ ਕੁਝ ਹੋਰ ਵੀ ਕਹਿੰਦਾ ਸੀ।"

"ਕੀ ?"

"ਕਹਿੰਦਾ ਸੀ ਕਿ ਜੇ ਮੈਂ ਸਪੌਂਸਰਸ਼ਿਪ ਲਈ ਹਾਂ ਕਰ ਦਿਆਂ ਤਾਂ ਮੁੰਡਾ ਪੰਦਰਾਂ ਲੱਖ ਰੁਪਈਆ ਪਹਿਲਾਂ ਦੇ ਸਕਦਾ।"

"ਕੀ ਈ!"

"ਆਹੋ, ਪੰਦਰਾਂ ਲੱਖ।"

"ਉਹਦਾ ਨਾਂ ਕੀ ਆ?" ਸੁੱਖੀ ਮੇਜ਼ ਤੋਂ ਫੋਨ ਚੁਕਦੀ ਬੋਲੀ।

"ਤੂੰ ਕੀ ਲੈਣਾ ਨਾਂ ਤੋਂ?"

"ਫੋਨ ਤੇ ਪੰਦਰਾਂ ਲੱਖ।" ਸੁੱਖੀ ਬੋਲੀ, "ਤੂੰ ਮਸੇਇਆ ਤਾਂ ਨਈਂ?" ਸੁੱਖੀ ਨੇ ਕਾਹਲੀ ਵਿਚ ਕਾਲਰ ਲਿਸਟ ਦਾ ਬਟਨ ਦਬਾਉਂਦੀ ਨੇ ਕਿਹਾ।

ਜਦੋਂ ਸੁੱਖੀ ਨੇ "ਪੰਦਰਾਂ ਲੱਖ" ਆਖ "ਮਸੇਆ ਤਾਂ ਨਈਂ?" ਪੁੱਛਿਆ ਤਾਂ ਸੁੱਖੇ ਨੇ ਸੁੱਖੀ ਦੇ ਮੂੰਹ ਵੱਲ ਦੇਖਿਆ। ਇਕ ਅਜੀਬ ਕਿਸਮ ਦੀ ਲਾਲਸਾ ਭਰੀ ਗੰਭੀਰਤਾ ਉਸਦੇ ਚਿਹਰੇ 'ਤੇ ਸੀ। ਸੁੱਖਾ ਉਸ ਨੂੰ ਦੇਖਕੇ ਬੋਲਿਆ, "ਨਹੀਂ ਨਹੀਂ, ਅਸੀਂ ਨੀ ਲੈਣਾ ਪੰਦਰਾਂ ਲੱਖ।"

"ਤੇਰੀ ਮੱਤ ਤਾਂ ਨਈਂ ਮਾਰੀ ਗਈ?" ਸੁੱਖੀ ਨੇ ਕੁਝ ਉੱਚੇ ਬੋਲ ਵਿਚ ਕਿਹਾ। ਦਿਮਾਗ਼ ਵਿਚ ਪੰਦਰਾਂ ਲੱਖ ਦੇ ਡਾਲਰ ਬਣਾਏ ਤੇ ਬੋਲੀ, "ਅੱਧਾ ਲੱਖ ਡਾਲਰ ਮੁਫ਼ਤ 'ਚ ਆਉਂਦਾ, ਤੈਨੂੰ ਦੰਦੀਆਂ ਵੱਢਦਾ?"

ਉਹ ਰੁਕ ਕੇ ਬੋਲੀ, "ਤੇਰਾ ਕੀ ਲਗਦਾ? ਇਕ ਕਾਗ਼ਜ਼ 'ਤੇ ਦਸਤਖ਼ਤ ਤੇ ਦਸ ਵੀਹ ਡਾਲਰ?"

"ਨਾਲੇ ਜੇ ਕਿਸੇ ਦਾ ਇੰਨੇ ਵਿਚ ਭਲਾ ਹੁੰਦਾ ਹੋਵੇ ਤਾਂ ਕੀ ਮਾੜਾ?"

ਹੁਣ ਉਹ ਕੁਝ ਧੀਰਜ ਨਾਲ ਬੋਲੀ।" ਹੋ ਸ਼ਕਦਾ ਤੂੰ ਕਿਸੇ ਦੀ ਅਸੀਸ ਨਾਲ ਹੀ ਠੀਕ ਹੋ ਜਾਵੇਂ!"

ਸੁੱਖਾ, ਸੁੱਖੀ ਦੇ ਆਖ਼ਰੀ ਬੋਲ ਸੁਣ ਕੇ ਕੁਝ ਸੋਚਣ ਲੱਗ ਪਿਆ।"


ਐਨੇ ਵਿਚ ਸੁੱਖੀ ਨੇ, ਸਵੇਰ ਦੇ ਸੱਤ ਕੁ ਵਜੇ ਦੇ ਕਰੀਬ ਆਈ ਕਾਲ ਦਾ ਟੈਲੀਫੋਨ ਨੰਬਰ ਕੱਢ ਕੇ ਰੀਡਾਇਲ ਦਾ ਬਟਨ ਦਬਾਇਆ, ਫੋਨ ਕੰਨ ਨੂੰ ਲਾਇਆ ਤੇ ਖਾਲੀ ਮੱਗ ਚੁੱਕ ਕੇ ਪੌੜੀਆਂ ਵੱਲ ਨੂੰ ਤੁਰ ਪਈ। ਜਦੋਂ ਸੁੱਖੀ ਨੇ ਫੋਨ 'ਤੇ ਦੂਜੇ ਪਾਸਿਉਂ "ਹੈਲੋ" ਸੁਣੀ ਤਾਂ ਉਸਨੇ ਜਵਾਬ ਵਿਚ "ਸੱਤ ਸਿਰੀ ਅਕਾਲ" ਬੁਲਾਈ ਤੇ ਪੌੜੀਆਂ ਚੜ੍ਹਨ ਲੱਗ ਪਈ।

ਸੁੱਖੇ ਨੇ ਉਸਦੀ ਪੌੜੀਆਂ ਚੜ੍ਹਦੀ ਦੀ ਪਿੱਠ ਨਿਹਾਰੀ ਤੇ ਬੇਬਸੀ ਵਿਚ ਸਿਰ ਮਾਰਿਆ।

"ਤੂੰ ਕਿਸੇ ਨੂੰ ਸਪੌਂਸਰ ਕਰ ਕੇ ਕੀ ਲੈਣਾ?" ਸੁੱਖੇ ਨੇ ਆਪਣੇ ਚਿੱਤੋਂ ਬੜੇ ਜ਼ੋਰ ਨਾਲ ਕਿਹਾ, "ਨਾ ਕੋਈ ਅੱਗੇ ਨਾ...।" ਉਹ ਪਿੱਛੇ ਕਹਿੰਦਾ ਕਹਿੰਦਾ ਰੁਕ ਗਿਆ। ਪਰ, ਉਸਦੇ ਬੋਲ ਆਪਣੇ ਕੰਨਾਂ ਤਕ ਨਾ ਪਹੁੰਚੇ।

ਸੁੱਖੇ ਨੇ ਮਾਯੂਸੀ ਵਿਚ ਕੁਰਸੀ ਘੁਮਾ ਕੇ ਤਾਕੀ ਥਾਣੀ ਬਾਹਰ ਦੇਖਿਆ। ਸਾਹਮਣੇ, ਸਿੰਬਲ ਦਾ ਦਰਖ਼ਤ ਤੇ ਉਸ 'ਤੇ ਪਾਇਆ ਪੰਛੀਆਂ ਦਾ ਖ਼ਾਲੀ ਆਲ੍ਹਣਾ, ਰਾਤ ਦੇ ਹਨੇਰੇ ਤੇ ਡਿੱਗ ਰਹੀ ਬਰਫ਼ ਦੀ ਚਾਦਰ ਵਿਚ ਓਝਲ ਹੋ ਗਿਆ ਸੀ। ਸਿਰਫ਼ ਘਰ ਮੋਹਰਲੀ ਸੜਕ ਦੀ ਬੱਤੀ ਦੀ ਲੋਅ ਵਿਚ ਪੈਂਦੀ ਬਰਫ਼, ਇਕ ਕੋਨ ਦੀ ਸ਼ਕਲ ਵਿਚ ਦਿਖਾਈ ਦੇ ਰਹੀ ਸੀ।

☆☆☆



"ਜਦੋਂ ਮੌਸਮ-ਵਿਗਿਆਨੀ ਨੇ ਇਹ ਦੱਸਿਆ ਕਿ ਅੱਜ ਬਰਫ਼ ਪੈਣ ਦੀ ਕੋਈ ਸੰਭਾਵਨਾ ਨਹੀਂ ਜਾਂ ਘੱਟ ਹੈ ਤਾਂ ਉਸਨੇ ਫਟਾ-ਫਟ ਆਪਣਾ ਨਾਸ਼ਤਾ ਖਾਧਾ। ਚਾਹ, ਫੂਕਾਂ ਨਾਲ ਸੁੜਕੇ ਮਾਰ ਮਾਰ ਕੇ ਪੀਤੀ। ਆਪਣੇ ਬਰਤਨ ਚੁੱਕੇ ਤੇ ਭੱਜ ਕੇ ਪੌੜੀਆਂ ਚੜ੍ਹ ਗਈ। ਫਟਾ-ਫਟ ਡਿਸ਼-ਵਾਸ਼ਰ ਵਿਚ ਭਾਂਡੇ ਟਿਕਾਏ, ਆਪਣੀ ਲੰਚ-ਕਿੱਟ ਤੇ ਸੁੱਖੇ ਦਾ ਟਿਫਨ ਤੇ ਥਰਮੋਸ ਲਈ ਤੇ ਥੱਲੇ ਉਤਰ ਆਈ। ਲੰਚ-ਕਿੱਟ ਪੌੜੀਆਂ ਵਿਚ ਰੱਖੀ। ਸੁੱਖੇ ਦਾ ਟਿਫਨ ਤੇ ਥਰਮੋਸ ਕੌਫੀ ਟੇਬਲ 'ਤੇ ਟਿਕਾ ਦਿੱਤੇ। ਫਿਰ ਸੁੱਖੇ ਦਾ ਬੈਡ-ਟੇਬਲ ਟਰੇਅ ਸਮੇਤ ਚੁੱਕਿਆ ਤੇ ਫਰਸ਼ 'ਤੇ ਰੱਖ ਦਿੱਤਾ।

ਡਿਉੜ੍ਹੀ ਵਿਚ ਗਈ, ਕੋਟ ਕਲੌਜ਼ਿਟ ਖੋਲ੍ਹੀ, ਆਪਣਾ ਪਰਕਾ ਕੱਢਿਆ। ਪਾਇਆ। ਸਿਰ 'ਤੇ ਗਰਮ ਟੋਪੀ ਪਾਈ। ਗਲ਼ ਦੁਆਲੇ ਗਰਮ ਮਫ਼ਲਰ ਲਪੇਟਿਆ। ਪਰਕੇ ਦੀ ਜੇਬ 'ਚੋਂ ਦਸਤਾਨੇ ਕੱਢ ਕੇ ਲੰਚ-ਕਿੱਟ ਕੋਲ ਰੱਖ ਦਿੱਤੇ। ਸ਼ੂ-ਰੈਕ ਤੋਂ ਕੰਮ ਵਾਲੇ ਬੂਟ ਚੁੱਕੇ ਤੇ ਪੌੜੀਆਂ 'ਚ ਬੈਠ ਕੇ ਪਾਏ। ਪਰਸ ਵਿੱਚੋਂ ਲਿਪਸਟਿੱਕ ਕੱਢੀ, ਢੱਕਣ ਉਤਾਰਿਆ, ਯਾਂਤਰਿਕ ਘੁਮਾ ਕੇ ਲਿਪਸਟਿੱਕ ਦਾ ਸਿਰਾ ਉੱਚਾ ਕੀਤੀ ਤੇ ਕਲੌਜ਼ਿਟ ਦੇ ਸ਼ੀਸ਼ੇ ਅੱਗੇ ਖਲੋਅ ਕੇ ਬੁੱਲ੍ਹਾਂ ਉੱਤੇ ਲਾਈ। ਫਿਰ ਉਸਨੂੰ ਇਕ ਸਾਰ ਕਰਨ ਲਈ, 'ਪਟੱਕ' ਦੀ ਆਵਾਜ਼ ਨਾਲ ਆਪਣੇ ਹੀ ਬੁੱਲ੍ਹਾਂ ਦਾ ਚੁੰਮਣ ਲਿਆ। ਲਿਪਸਟਿੱਕ ਪਰਸ ਵਿਚ ਰੱਖੀ ਤੇ ਸ਼ੀਸ਼ੇ ਵਿਚ, ਪਹਿਲਾਂ ਖੱਬੇ ਤੇ ਫਿਰ ਸੱਜੇ ਪਾਸੇ ਨੂੰ ਪੋਜ਼ ਬਣਾ ਕੇ ਆਪਣੇ ਪੁੜੇ ਦੇਖੇ ਤੇ ਹੱਥ ਫੇਰ ਕੇ ਕੋਟ ਦੇ ਵੱਲ ਠੀਕ ਕੀਤੇ।"

-ਨਾਵਲ ਅੰਸ਼

ISBN 817883545-2

9 788178 835457

SPONSORSHIP

Rs. 160/-

Chetna Parkashan

Punjabi Bhawan, **Ludhiana**-141001
Ph. +91-161-2413613, 2404928
B.O. :Qila Road, Opp. Bus Stand,
Kotkapura. Ph. +91-1635-222651
web : www.chetnaparkashan.com